Published in Punjabi & English
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 12, ਅੰਕ-4, ਅਪ੍ਰੈਲ 2022 | Website: www.ppapmg.com
HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਕ ਰੋਜ਼ਾ ਪੁਸਤਕ ਮੇਲਾ 10 ਅਪ੍ਰੈਲ 2022 ਨੂੰ

ਸਥਾਨ : ਗਰੀਨ ਪਲਾਜ਼ਾ (ਡਾ. ਭੁੱਲਰ)
ਸਮਾਂ : ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ
ਦੇਖੋ : ਸਫ਼ਾ 40 ’ਤੇ

## ਇਸ ਅੰਕ ’ਚ

ਬਹੁਕੌਮੀ ਕੰਪਨੀਆਂ ਵੱਲੋਂ ਸਿਹਤ ਦੀ ਬਰਬਾਦੀ/2
ਸਿਰਦਾਰ ਕਪੂਰ ਸਿੰਘ ਦਾ ਕੂੜ-ਪ੍ਰਚਾਰ/3
ਯੂਕਰੇਨ ਦੀ ਤਬਾਹੀ ਦਾ ਜ਼ਿੰਮੇਵਾਰ ਕੌਣ ? ਰੂਸ ਜਾਂ ਅਮਰੀਕਾ/5
ਕਾਮਾ ਇਸਤਰੀਆਂ ਦੀ ਨਿੱਘਰ ਰਹੀ ਆਰਥਿਕ ਦਸ਼ਾ/9
ਸਮਾਜ ਵਿੱਚ ਔਰਤਾਂ ਦੀਆਂ ਸਥਿਤੀਆਂ ਨਾਲ ਸੰਬੰਧਤ 15 ਫਿਲਮਾਂ /10
ਮਨੁੱਖ ਉਤਪੰਨ ਕਰਨ ਵਾਲੇ ਬਾਂਦਰ ਅਜੇ ਤੱਕ ਕਿਉਂ ?/16
ਫਿਰਕੂ ਨਫਰਤ ਦੀ ਸੁਲਗਦੀ ਗਾਥਾ ‘ਕਸ਼ਮੀਰ ਫਾਈਲਜ਼’/20
ਡਿਜ਼ੀਟਲਾਈਜੇਸ਼ਨ: ਖੇਤੀ-ਖੇਤਰ ਨੂੰ ਕਾਰਪੋਰੇਟਾਂ ਹਵਾਲੇ ਕਰਨ ਦੀ ਇੱਕ ਹੋਰ ਚਾਲ/29

# ਕੀ ‘ਆਪ’ ਦੀ ਸਰਕਾਰ ਮੁੱਖ ਸਵਾਲਾਂ ਨੂੰ ਮੁਖਾਤਿਬ ਹੋਵੇਗੀ?

- ਬੂਟਾ ਸਿਘ ਨਵਾਂਸ਼ਹਿਰ -

ਪੰਜ ਰਾਜਾਂ ਵਿਚ ਨਵੀਂਆਂ ਸਰਕਾਰਾਂ ਬਣ ਗਈਆਂ ਹਨ। ਕੇਂਦਰੀ ਸੱਤਾ ਲਈ ਸਭ ਤੋਂ ਮਹੱਤਵਪੂਰਨ ਰਾਜ ਯੂ.ਪੀ. ਸਮੇਤ ਚਾਰ ਰਾਜਾਂ ਵਿਚ ਆਰ.ਐੱਸ.ਐੱਸ.-ਬੀ.ਜੇ.ਪੀ. ਮੁੜ ਸੱਤਾ ਉੱਪਰ ਕਾਬਜ਼ ਹੋ ਗਈ ਹੈ। ਚਾਰ ਰਾਜਾਂ ਦੇ ਨਤੀਜਿਆਂ ਨੇ ਇਸ ਕੌੜੀ ਹਕੀਕਤ ਉੱਪਰ ਮੋਹਰ ਲਾ ਦਿੱਤੀ ਹੈ ਕਿ ਲੋਕ ਰਾਇ ਨੂੰ ਕਾਲੇ ਧਨ, ਸੱਤਾ ਅਤੇ ਤਿਕੜਮਬਾਜੀ ਨਾਲ ਵੋਟਰਾਂ ਨੂੰ ਵੰਡ ਕੇ ਹੁਕਮਰਾਨ ਧਿਰ ਦੇ ਹੱਕ ’ਚ ਸਹਿਜੇ ਹੀ ਭੁਗਤਾਇਆ ਜਾ ਸਕਦਾ ਹੈ। ਮੋਦੀ ਹਕੂਮਤ ਦੀ ਦੂਜੀ ਪਾਰੀ ਹੇਠ ਪੂਰੇ ਮੁਲਕ ਨੇ ਕੋਰੋਨਾ ਵਾਇਰਸ ਨਾਲ ਨਜਿੱਠਣ ਦੀ ਮਹਾਂ-ਨਾਕਾਮੀ ਤੋਂ ਲੈ ਕੇ ਆਰਥਕ ਨੀਤੀਆਂ ਦੇ ਵੰਨ-ਸੁਵੰਨੇ ਹਮਲਿਆਂ ਅਤੇ ਭਗਵੇਂ ਦਹਿਸ਼ਤਵਾਦ ਦਾ ਸੰਤਾਪ ਝੱਲਿਆ। ਗੁਜਰਾਤ ਤੋਂ ਬਾਦ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਨੂੰ ਅੱਗੇ ਵਧਾਉਣ ਦੀ ਨਵੀਂ ਪ੍ਰਯੋਗਸ਼ਾਲਾ ਯੂ.ਪੀ. ਹੈ ਜਿੱਥੇ ਰਾਮ ਮੰਦਰ ਦੀ ਉਸਾਰੀ ਤੋਂ ਲੈ ਕੇ, ਧਰਮ-ਸੰਸਦ ਅਤੇ ਹੋਰ ਤਰੀਕਿਆਂ ਨਾਲ ਮੁਸਲਿਮ ਘੱਟਗਿਣਤੀਆਂ ਵਿਰੁੱਧ ਜ਼ਹਿਰੀਲੀ ਫਿਰਕੂ ਪਾਲਾਬੰਦੀ ਜ਼ੋਰਾਂ ’ਤੇ ਹੈ। ਯੂ.ਪੀ. ਵਿਚ ਅਦਿੱਤਿਆਨਾਥ ਹਕੂਮਤ ਦੀ ਘੋਰ ਪ੍ਰਸ਼ਾਸਨਿਕ ਬਦਇੰਤਜ਼ਾਮੀ, ਆਕਸੀਜਨ ਦੀ ਕਮੀ ਨਾਲ ਸੈਂਕੜੇ ਬੱਚਿਆਂ ਦੀਆਂ ਮੌਤਾਂ, ਗੰਗਾ ਵਿਚ ਤੈਰਦੀਆਂ ਲਾਸ਼ਾਂ ਦਾ ਭਿਆਨਕ ਮੰਜ਼ਰ, ਬਲਾਤਕਾਰੀਆਂ ਦੀ ਖੁੱਲ੍ਹੇਆਮ ਰਾਜਕੀ ਪੁਸ਼ਤਪਨਾਹੀ, ਕਿਸਾਨ ਅੰਦੋਲਨਕਾਰੀਆਂ,



ਮੀਡੀਆ ਅਤੇ ਹੋਰ ਇਨਸਾਫ਼ਪਸੰਦਾਂ ਦਾ ਦਮਨ, ਰਾਜ ਨੂੰ ਅਪਰਾਧ ਮੁਕਤ ਕਰਨ ਦੇ ਨਾਂ ਹੇਠ ਮੁੱਖ ਮੰਤਰੀ ਵੱਲੋਂ ਪੁਲਿਸ ਮੁਕਾਬਲਿਆਂ ਦੀ ਰਾਜਕੀ ਪੁਸ਼ਤਪਨਾਹੀ ਅਤੇ ਹੋਰ ਤਾਨਾਸ਼ਾਹ ਕਾਰਿਆਂ ਦੇ ਬਾਵਜੂਦ ਆਰ.ਐੱਸ-ਐੱਸ-ਬੀ.ਜੇ.ਪੀ. ਬੁਨਿਆਦੀ ਮੁੱਦਿਆਂ ਤੋਂ ਅਵਾਮ ਦਾ ਧਿਆਨ ਹਟਾਉਣ ਅਤੇ ਵੱਖ-ਵੱਖ ਜਾਤਾਂ ਦੇ ਵੋਟਰਾਂ ਨੂੰ ਵੰਡ ਕੇ ਸ਼ਰੀਕ ਹਾਕਮ ਜਮਾਤੀ ਪਾਰਟੀਆਂ ਤੋਂ ਜ਼ਿਆਦਾ ਵੋਟਾਂ ਹਾਸਲ ਕਰਨ ’ਚ ਕਾਮਯਾਬ ਰਹੀ। ਰੋਜ਼ਗਾਰ, ਖੇਤੀ ਸੰਕਟ, ਛੋਟੀ ਅਤੇ ਦਰਮਿਆਨੀ ਸਨਅਤ ਅਤੇ ਨਿੱਕੇ ਕਾਰੋਬਾਰਾਂ ਦਾ ਉਜਾੜਾ ਜੋ ਆਮ ਲੋਕਾਂ ਲਈ ਰੋਜ਼ਗਾਰ ਦੇ ਮੁੱਖ ਸਰੋਤ ਹਨ, ਸਰਕਾਰੀ ਰੋਜ਼ਗਾਰ ਢਾਂਚੇ ਦਾ ਖ਼ਾਤਮਾ, ਸਿੱਖਿਆ, ਸਿਹਤ ਸੇਵਾਵਾਂ ਆਦਿ ਵਿਰਾਟ ਮਸਲੇ ਚੋਣਾਂ ਵਿਚ ਮੁੱਦਾ ਹੀ ਨਹੀਂ ਬਣੇ। ਚੋਣ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਦੀ ਮੌਜੂਦਾ ਵਿਰੋਧੀ-ਧਿਰ ਕੋਲ ਸੱਤਾਧਾਰੀ ਧਿਰ ਨਾਲੋਂ ਵੱਖਰਾ, ਕੋਈ ਬਦਲਵਾਂ ਪ੍ਰੋਗਰਾਮ ਨਹੀਂ ਹੈ। ਹਕੂਮਤ ਵਿਰੁੱਧ ਸੜਕਾਂ ਉੱਪਰ ਲੜਾਈ ਲੜਦੇ ਹੋਏ ਸੰਘਰਸ਼ਾਂ ਰਾਹੀਂ ਆਮ ਜਨਤਾ ਦਾ ਰਾਜਨੀਤਕ ਚੇਤਨਾ ਪੱਧਰ ਉੱਚਾ ਚੁੱਕ ਕੇ ਭਗਵੇਂ ਦਹਿਸ਼ਤਵਾਦ ਨਾਲ ਟੱਕਰ ਲੈਣ ਅਤੇ ਅਵਾਮ ਨੂੰ ਰਾਜਨੀਤਕ ਤੌਰ ’ਤੇ ਲਾਮਬੰਦ ਕਰਨ ਦਾ ਦਮ ਇਨ੍ਹਾਂ ਪਾਰਟੀਆਂ ’ਚ ਨਹੀਂ ਹੈ। ਸਪਸ਼ਟ ਪ੍ਰੋਗਰਾਮ ਅਤੇ ਦ੍ਰਿੜ ਰਾਜਨੀਤਕ ਇੱਛਾ ਸ਼ਕਤੀ ਦੀ ਅਣਹੋਂਦ ’ਚ ਮਹਿਜ਼ ਚੋਣ ਮੁਹਿੰਮਾਂ ਰਾਹੀਂ ਅਵਾਮ ਨੂੰ ਲਾਮਬੰਦ ਕਰਨਾ ਅਤੇ ਫਾਸ਼ੀਵਾਦ ਨੂੰ ਸੱਤਾ ਤੋਂ ਲਾਹੁਣਾ ਸੰਭਵ ਨਹੀਂ ਹੈ। ਆਰ.ਐੱਸ.ਐੱਸ.-ਬੀ.ਜੇ.ਪੀ. ਨੇ ‘ਕਾਂਗਰਸ ਮੁਕਤ ਭਾਰਤ’ ਦਾ ਨਾਅਰਾ ਦੇ ਕੇ ਭਾਰਤ ਨੂੰ ਵਿਰੋਧੀ-ਧਿਰ ਤੋਂ ਮੁਕਤ ਬਣਾ ਲਿਆ ਹੈ। ਹੁਣ ਨੇੜ-ਭਵਿੱਖ ’ਚ 2024 ਤੱਕ ਆਰ.ਐੱਸ.ਐੱਸ-ਬੀ.ਜ਼ੇ.ਪੀ. ਲਈ ਚੋਣਾਂ ਦਾ ਕੋਈ ਗਿਣਨਯੋਗ ਦਬਾਓ ਨਹੀਂ ਹੈ। ਭਾਰਤ ਦੇ ਅਵਾਮ ਨੂੰ ਹੁਣ ਆਰਥਕ ਨੀਤੀਆਂ ਅਤੇ ਹਿੰਦੂ ਰਾਸ਼ਟਰਵਾਦ ਦੀ ਹੋਰ ਵੀ ਤਿੱਖੀ ਹਮਲਾਵਰ ਮੁਹਿੰਮ ਦਾ ਸਾਹਮਣਾ ਕਰਨਾ ਪਵੇਗਾ। ਆਰ.ਐੱਸ.ਐੱਸ. ਦੀ ਅਹਿਮਦਾਬਾਦ ਵਿਚ ਹੋਈ ਵਿਸ਼ੇਸ਼ ਬੈਠਕ ਨੇ ‘ਚਿੰਤਾ’ ਜ਼ਾਹਿਰ ਕੀਤੀ ਹੈ ਕਿ ਮੁਸਲਮਾਨ ਭਾਰਤ ਦੇ ਰਾਜ ਢਾਂਚੇ ਵਿਚ ਘੁਸਪੈਠ ਕਰ ਰਹੇ ਹਨ। ਜ਼ਾਹਿਰ ਹੈ, ਆਉਣ ਵਾਲੇ ਦਿਨਾਂ ’ਚ ਮੁਸਲਿਮ ਫਿਰਕੇ

(ਬਾਕੀ ਸਫ਼ਾ 37 ’ਤੇ)

CONGRATULATIONS
TEAM OVER 775 REALTORS
with in few months
HomeLife Silvercity
Realty Inc., Brokerage (Independently owned & operated)
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS MULTIPLE LISTING SERVICE®
urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE
Calgary AB T2E 6Z3

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

# ਬਹੁਕੌਮੀ ਕੰਪਨੀਆਂ ਵੱਲੋਂ ਸਿਹਤ ਦੀ ਬਰਬਾਦੀ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



1940 ਅਤੇ 1950 ਦੇ ਦਹਾਕੇ ਵਿੱਚ ਲਿਪਟਨ ਤੇ ਬਰੁੱਕਬਾਡ ਕੰਪਨੀਆਂ ਦੇ ਮੁਲਾਜਮ ਸਾਡੇ ਸ਼ਹਿਰਾਂ ਦੇ ਖਾਸ ਚੁਰਾਹਿਆਂ ਤੇ ਮੁਫ਼ਤ ਚਾਹ ਪਿਲਾ ਕੇ ਉਸ ਦੇ ਗੁਣਾਂ ਦੀ ਵਿਆਖਿਆ ਕਰਦੇ ਸਨ। ਠੀਕ ਉਵੇਂ ਹੀ 1970 ਦੇ ਦਹਾਕੇ ਚ ਨੈਸਲੇ ਕੰਪਨੀ ਮੈਗੀ ਦੇ ਪੈਕੇਟ ਮੁਫਤ ਵੰਡ ਕੇ ਬੱਚਿਆਂ ਨੂੰ ਉਸ ਦਾ ਚਸਕਾ ਲਾਉਣ ਦੀ ਜੁਗਤ ਕਰ ਰਹੀਆਂ ਸਨ। ਉਦੋਂ ਤੱਕ ਬੱਚੇ ਥੋੜ੍ਹੀ ਬਹੁਤੀ ਭੁੱਖ ਲਈ ਦਾਲ-ਸੇਬ, ਆਲੂ-ਚਾਟ, ਟਮਾਟਰ-ਚਾਟ, ਉਬਲੇ ਛੋਲੇ, ਮੱਠੀਆ ਤੇ ਭੁੰਨੀਆਂ ਹੋਈਆਂ ਦਾਲਾਂ ਆਦਿ ਚੀਜ਼ਾਂ ਖਾ ਕੇ ਤ੍ਰਿਪਤ ਹੋ ਜਾਂਦੇ ਸਨ। ਗਰਮੀਆਂ ਚ ਸੱਤੂ ਬੱਚਿਆਂ ਤੇ ਵੱਡਿਆਂ ਸਭ ਦੀ ਪਸੰਦ ਹੁੰਦਾ ਸੀ। ਲੱਸੀ ਸ਼ੁਰੂ 'ਚ ਨਾ ਵੱਡਿਆਂ ਨੂੰ ਪਸੰਦ ਆਈ ਤੇ ਨਾ ਬੱਚਿਆਂ ਨੂੰ ਪਰ ਮੈਗੀ ਦੇ ਹੋਰ ਸਾਰੀਆਂ ਪ੍ਰੋਸੈਸਡ ਖਾਣ ਪੀਣ ਦੀਆਂ ਵਸਤੂਆਂ ਨੇ 1980 ਦੇ ਦਹਾਕੇ ਚ ਟੈਲੀਵਿਜ਼ਨ ਦੀ ਘਰ ਘਰ ਚ ਵਧਦੀ ਪਸੰਦ ਦੇ ਨਾਲ ਨਾਲ ਹਮਲਾਵਰ ਅੰਦਾਜ਼ ਵਿੱਚ ਆਪਣੀ ਥਾਂ ਬਣਾ ਲਈ। ਮੈਗੀ ਵਾਗੂੰ ਹੀ ਕੈਚਅੱਪ ਦਾ ਨਾਮ ਹੇਠ ਮਿਲਣ ਵਾਲੀ ਟਮਾਟਰ ਦੀ ਮਿੱਠੀ ਚਟਨੀ ਵੀ ਸ਼ਹਿਰੀਆਂ ਔਰਤਾਂ ਦੀ ਪਸੰਦ ਨਹੀਂ ਆਈ ਪਰ ਇਸ਼ਤਿਹਾਰਬਾਜ਼ੀ ਨੇ ਮੈਗੀ ਦੀ ਹੀ ਤਰ੍ਹਾਂ ਕੈਚਅੱਪ ਪ੍ਰਤੀ ਬੱਚਿਆਂ ਨੂੰ ਆਪਣੇ ਵੱਲ ਖਿੱਚਿਆ ਅਤੇ ਫਿਰ ਉਸ ਦੇ ਨਾਲ ਜੈਮ ਵਰਗੀਆਂ ਚੀਜ਼ਾਂ ਵੀ ਬੱਚਿਆਂ ਦੇ ਨਾਸ਼ਤੇ ਚ ਪੱਕੇ ਤੌਰ 'ਤੇ ਸ਼ਾਮਲ ਹੋ ਗਈਆਂ। ਪੂੰਜੀਵਾਦੀ ਨਿਜ਼ਾਮ ਦੇ ਵਧਦੇ ਅਸਰ ਬਹੁਕੌਮੀ ਕੰਪਨੀਆਂ ਦਾ ਫੈਲਦਾ ਦਬਦਬਾ ਤੇ ਟੈਲੀਵੀਜ਼ਨ ਜ਼ਰੀਏ ਵੱਧਦਾ ਫੁਲ੍ਹਦਾ ਸੱਭਿਆਚਾਰ ਇੱਥੇ ਹੀ ਨਹੀਂ ਰੁਕਿਆ, ਉਸ ਸਾਡੇ ਰਵਇਤੀ ਪੀਣ ਵਾਲੇ ਪਦਾਰਥਾਂ ਤੇ ਵੀ ਉਸੇ ਤਰ੍ਹਾਂ ਹਮਲਾ ਕੀਤਾ ਤੇ ਅਸੀਂ ਠੰਡਿਆਈ, ਸਰਬੱਤ, ਆਮ ਤੇ ਇਮਲੀ ਦਾ ਪੱਤਾ, ਜਲਜੀਰਾ, ਲੱਸੀ, ਮੱਠਾ ਅਤੇ ਅੱਧ ਰਿੜਕਿਆ ਵਰਗੇ ਠੰਡਿਆਂ ਨੂੰ ਤਿਲਾਂਜਲੀ ਦੇ ਕੇ ਕੋਕਾ-ਕੋਲਾ, ਸੁਕੈਸ਼, ਡੱਬਾ ਬੰਦ ਫੁੱਲਾਂ ਦੇ ਰੱਸ ਦੇ ਮੁਰੀਦ ਹੁੰਦੇ ਚਲੇ ਗਏ ਅਤੇ ਸਾਨੂੰ ਪਤਾ ਹੀ ਲੱਗਿਆ ਕਿ ਕਦੋਂ ਅਸੀਂ ਆਪਣਾ ਸ਼ੁੱਧ ਸਾਫ ਸਿਹਤਮੰਦ ਪੌਸਟਿਕ ਖਾਣ ਤੇ ਪੀਣ ਦੀਆਂ ਵਸਤੂਆਂ ਛੱਡ ਬੈਠੇ ਅਤੇ ਕਦੋਂ ਟੈਲੀਵਿਜ਼ਨ ਦੇ ਪ੍ਰਚਾਰ ਰਾਹੀਂ ਮਸ਼ੀਨੀ ਖ਼ੁਰਾਕੀ ਚੀਜ਼ਾਂ ਨੂੰ ਆਪਣੀ ਖੁਰਾਕ ਦਾ ਹਿੱਸਾ ਬਣਾ ਲਿਆ। ਪਰ ਸਾਵਧਾਨ ਰਹੋ ਪੂਰੀ ਦੁਨੀਆਂ ਨੂੰ ਆਪਣਾ ਬਾਜ਼ਾਰ ਅਤੇ ਹਰ ਮੁੱਖ ਨੂੰ ਆਪਣਾ ਸਿਰਫ ਗਾਹਕ (ਖਪਤਕਾਰ) ਮੰਨ ਕੇ ਚੱਲਣ ਵਾਲੀਆਂ ਬਹੁਕੌਮੀ ਕੰਪਨੀਆਂ ਇਥੇ ਹੀ ਨਹੀਂ ਰੁੱਕਦੀਆਂ ਹਨ। ਖਾਣ ਪੀਣ ਦੀਆਂ ਆਦਤਾਂ ਤੇ ਪੂਰੇ ਸਮਾਜਕ ਜ਼ਾਇਕਿਆਂ ਤੇ ਕਬਜ਼ਾ ਕਰਨ ਪਿੱਛੋਂ ਹੁਣ ਉਹ ਪਾਣੀ ਦੇ ਬਾਜ਼ਾਰੀਕਰਨ (ਵਪਾਰੀਕਰਨ)ਦੀ ਮੁਨਾਫ਼ਾਖੋਰ ਮੁਹਿੰਮ ਵਿੱਚ ਜੁਟੀਆਂ ਹੋਈਆਂ ਹਨ। ਇਸ ਵਿੱਚ ਉਨ੍ਹਾਂ ਨੂੰ ਕਾਫੀ ਸਫਲਤਾ ਵੀ ਮਿਲ ਚੁੱਕੀ ਹੈ। ਛੋਟਾ ਮੋਟਾ ਬਾਬੂ ਤੇ ਥੋੜ੍ਹਾ ਪੜ੍ਹਿਆ ਲਿਖਿਆ ਨੌਜਵਾਨ ਵੀ ਬੋਤਲ ਬੰਦ ਪਾਣੀ ਨਾਲ ਲੈ ਕੇ ਚੱਲਣ ਦੀ ਆਦਤ ਬਣਾ ਚੁੱਕਿਆ ਹੈ। ਇਸ ਤਰ੍ਹਾਂ ਇਨ੍ਹਾਂ ਕੰਪਨੀਆਂ ਨੇ ਘਾਟ ਘਾਟ ਦਾ ਪਾਣੀ ਪੀਣ ਦੀ ਮਨੁੱਖ ਦੀ ਆਜ਼ਾਦੀ ਤੇ ਸਮਰੱਥਾ ਨੂੰ ਖੋਹ ਕੇ ਉਨ੍ਹਾਂ ਨੂੰ ਬੋਤਲ ਬੰਦ ਪਾਣੀ ਦੇ ਗੁਲਾਮ ਬਣਾ ਦਿੱਤਾ ਹੈ ਵੱਡੇ ਸ਼ਹਿਰਾਂ ਦੀ ਹਾਲਤ ਤਾਂ ਇਹ ਹੈ ਕਿ ਉੱਥੋਂ ਦਾ ਬਸ਼ਿੰਦਾ ਜੇ ਮਜਬੂਰੀ ਚ ਵੀ ਸਾਦਾ ਪਾਣੀ ਪੀ ਲਵੇ ਤਾਂ ਬੀਮਾਰ ਪੈ ਜਾਂਦਾ ਹੈ ਅਤੇ ਸਰੀਰ ਦੀ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਇਹ ਕੰਪਨੀਆਂ ਨਸ਼ਟ ਕਰਦੀਆਂ ਜਾ ਰਹੀਆਂ ਹਨ। ਇੱਥੇ ਇਹ ਜਾਨਣਾ ਰੋਚਕ ਹੋਵੇਗਾ ਕਿ ਅਮਰੀਕਾ ਦੇ ਸੈਨ ਫਰਾਂਸਿਸਕੋ ਚ ਬੋਤਲਬੰਦ ਪਾਣੀ ਦੀ ਵਿਕਰੀ ਤੇ ਪਾਬੰਦੀ ਲਾ ਦਿੱਤੀ ਗਈ ਹੈ। ਕਾਰਨ ਇਹ ਦਿੱਤਾ ਗਿਆ ਕਿ ਪਾਣੀ ਮਨੁੱਖ ਦੀ ਬੁਨਿਆਦੀ ਲੋੜ ਹੈ ਅਤੇ ਪਾਣੀ ਉੱਪਰ ਬਾਜਾਰ ਦੇ ਕਬਜ਼ੇ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਸਰੀਰਕ ਗਿਆਨੀਆਂ ਦਾ ਕਹਿਣਾ ਹੈ ਕਿ ਬ੍ਰਾਂਡੇਡ ਪਾਣੀ ਪੀਂਦੇ ਰਹਿਣ ਨਾਲ ਸਾਡੀ ਅਮੀਰੀ ਰੋਗ ਪ੍ਰਤੀਰੋਧਕ ਸਕਤੀ ਖਤਮ ਹੋ ਜਾਂਦੀ ਹੈ ਮੈਗੀ ਵਿੱਚ ਬਹੁਤ ਹਜ਼ਾਰਾਂ ਮਾਤਰਾ ਵਿੱਚ ਸ਼ੀਸ਼ਾ ਲੈੱਡ ਧਾਤੂ ਅਤੇ ਮੋਨੋ ਸੋਡੀਅਮ ਗਲਟਾਮੀਟ (ਐੱਮ ਐੱਸ ਡੀ) ਪਾਇਆ ਗਿਆ ਹੈ ਇਹ ਦੋਨੋਂ ਕੈਮੀਕਲ ਗੁਰਦੇ ਜਿਗਰ ਪਾਚਨ ਪ੍ਰਣਾਲੀ ਨੂੰ ਖਰਾਬ ਕਰਦੇ ਹਨ ਅਤੇ ਦਿਲ ਦੀ ਹੰਕਾਰੀਆਂ ਦੇ ਨਾਲ ਨਾਲ ਕੈਂਸਰ ਤੱਕ ਕਰ ਸਕਦੇ ਹਨ ਪਰ ਇਕੱਲੀ ਮੈਗੀ ਨੂੰ ਹੀ ਦੋਸ਼ ਕਿਉਂ ਤਰਾਂ ਤਰ੍ਹਾਂ ਦੇ ਨਿਊਡਲਜ਼ ਚਿਪਸ ਕੁਰਕਰੇ ਤੇ ਦੂਜੇ ਪੈਕਟ ਬੰਦ ਨਮਕੀਨ ਵੀ ਉਸੀ ਤਰ੍ਹਾਂ ਦੇ ਜ਼ਹਰੀਲੇ ਪਦਾਰਥ ਆਪਣੇ ਨਾਲ ਸਾਡੇ ਪੇਟ ਵਿੱਚ ਪਹੁੰਚਾਉਂਦੇ ਹਨ। ਸਮੱਸਿਆ ਇਥੋਂ ਤੱਕ ਹੀ ਸੀਮਤ ਨਹੀਂ ਹੈ। ਗਰੀਬਾਂ 'ਤੇ ਇਸ ਦੀ ਮਾਰ ਦੂਹਰੀ ਪੈਂਦੀ ਹੈ, ਉਨ੍ਹਾਂ ਨੂੰ ਚਿਪਸ ਕੁਰਕਰੇ ਤੇ ਨਿਊਡਲਸ ਵਰਗੀਆਂ ਚੀਜ਼ਾਂ ਬਹੁਤ ਘਟੀਆ ਕੁਆਲਿਟੀ ਦੀਆਂ ਮਿਲਦੀਆਂ ਹਨ। ਸਸਤੇ ਮਾਲ ਦੇ ਝਾਂਸੇ ਚ ਪਿੰਡ ਦੇ ਖਪਤਕਾਰ ਘੱਟ ਦਰਾਂ ਤੇ ਇਹ ਸਭ ਲੈਂਦੇ ਹਨ। ਅਤੇ ਉਨ੍ਹਾਂ ਤੇ ਕੋਈ ਕੁਆਕਟੀ ਕੰਟਰੋਲ ਨਹੀਂ ਹੁੰਦਾ ਅਤੇ ਨਾ ਹੀ ਕਦੀ ਜਾਂਚ ਹੁੰਦੀ ਹੈ। ਕਿਉਂਕਿ ਜਿਹਾ ਮਾਲ ਬਿਨਾਂ ਲਾਇਸੰਸ ਲਏ ਬਣਾਇਆ ਜਾਂਦਾ ਹੈ। ਇਸ ਦੇ ਬਾਵਜੂਦ ਕਸਬਿਆਂ ਤੇ ਪਿੰਡਾਂ ਚ ਇੱਕ ਪਾਸੇ ਨਵੀਂ ਪੀੜ੍ਹੀ ਆਪਣੀ ਰਵਾਇਤੀ ਖੁਰਾਕ ਤੇ ਤਰਲ ਪਦਾਰਥਾਂ ਤੋਂ ਨਾਤਾ ਤੋੜ ਰਹੀ ਹੈ ਤਾਂ ਦੂਜੇ ਪਾਸੇ ਉਹ ਦੂਸ਼ਿਤ ਤੇ ਜ਼ਹਿਰੀਲੀਆਂ ਚੀਜ਼ਾਂ ਨਾਲ ਰਿਸ਼ਤਾ ਬਣਾ ਰਹੀ ਹੈ। ਇਹ ਸਥਿਤੀ ਬਹੁਤ ਚਿੰਤਾਜਨਕ ਹੈ। ਉੱਧਰ ਵੱਡੇ ਸ਼ਹਿਰਾਂ ਚ ਪਾਣੀ ਦੇ ਨਾਲ ਨਾਲ ਹਵਾ ਵੀ ਇੰਨੀ ਪ੍ਰਦੂਸ਼ਿਤ ਹੋ ਗਈ ਹੈ ਕਿ ਜਲਦੀ ਉਪਾਅ ਨਾ ਹੋਏ ਤਾਂ ਸਾਨੂੰ ਆਕਸੀਜਨ ਦੇ ਸਿਲੰਡਰ ਨਾਲ ਲੈ ਕੇ ਚਲਣਾ ਪੈ ਸਕਦਾ ਹੈ। ਮਿਸਾਲ ਵਜੋਂ ਦਿੱਲੀ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਹਵਾ ਵਾਲੇ ਸ਼ਹਿਰਾਂ ਵਿੱਚ ਅੱਵਲ ਹੋ ਚੁੱਕੀ ਹੈ। ਬੈਂਗਲੌਰ ਤੇ ਪੁਣੇ ਦਾ ਹਾਲ ਵੀ ਬਹੁਤ ਖਰਾਬ ਹੈ। ਪੱਛਮ ਦੀ ਅੰਨ੍ਹੀ ਦੌੜ 'ਚ ਸ਼ਾਮਲ ਹੋ ਕੇ ਅਸੀਂ ਖੁਦ ਆਪਣੇ ਲਈ ਸਮੱਸਿਆਵਾਂ ਨੂੰ ਵਧਾ ਲਿਆ ਹੈ। ਸਨਅਤੀ ਕਰਨ ਤੇ ਤੁਰੰਤ (ਇੰਸਟੈਂਟ) ਸੱਭਿਆਚਾਰ ਨੂੰ ਅਪਣਾਉਣ ਦਾ ਸਿੱਟਾ ਹੈ ਇਹ ਸਭ ਕੁਝ। ਵਿਕਸਤ ਪੱਛਮੀ ਦੇਸ਼ ਲਗਾਤਾਰ ਦੂਸ਼ਿਤ ਹੁੰਦੇ ਵਾਯੂ ਮੰਡਲ ਦੇ ਪ੍ਰਦੂਸ਼ਣ ਕਾਰਨ ਗਰਮ ਹੁੰਦੀ ਧਰਤੀ ਬਾਰੇ ਵਿਸ਼ਵ ਸੰਮੇਲਨਾਂ 'ਚ ਗੰਭੀਰ ਚਰਚਾ ਕਰਦੇ ਹਨ, ਦੂਜੇ ਪਾਸੇ ਉਹ ਵੀ ਸਾਡੀ ਤੇ ਆਪਣੀ ਆਬੋ ਹਵਾ ਨੂੰ ਸਭ ਤੋਂ ਵੱਧ ਦੂਸ਼ਿਤ ਕਰਨ ਦੇ ਦੋਸ਼ੀ ਹਨ। ਪਰ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਐਸਾ ਕਰਨ ਦੀ ਛੋਟ ਮਿਲਦੀ ਰਹੇ ਅਤੇ ਚੀਨ-ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਤੇ ਹਵਾ ਪ੍ਰਦੂਸ਼ਣ ਘੱਟ ਕਰਨ ਦੀ ਜ਼ਿੰਮੇਵਾਰੀ ਪਾ ਦਿੱਤੀ ਜਾਵੇ। ਇਸ ਦਾ ਵਿਰੋਧ ਵੀ ਹੋ ਰਿਹਾ ਹੈ। ਪਰ ਤਾਕਤਵਰ ਦੇਸ਼ਾਂ ਦੇ ਸਾਹਮਣੇ ਗਰੀਬ ਤੇ ਘੱਟ ਵਿਕਸਤ ਦੇਸ਼ ਕਦੋਂ ਤੱਕ ਉਨ੍ਹਾਂ ਦੇ ਦਬਾਅ ਨੂੰ ਸਹਿੰਦੇ ਰਹਿਣਗੇ ? ਵਧਦੇ ਬਾਜ਼ਾਰੀਕਰਨ ਅਤੇ ਖਪਤ ਸੱਭਿਆਚਾਰ ਦਾ ਮੁਕਾਬਲਾ ਕਰਨਾ ਹੈ ਤਾਂ ਸਰਕਾਰ ਸਮਾਜ ਸ਼ਾਸਤਰੀਆਂ, ਵਿਗਿਆਨੀਆਂ ਅਤੇ ਨੇਤਾਵਾਂ ਤੋਂ ਪਹਿਲਾਂ ਲੋਕਾਂ ਨੂੰ ਸਮਝਣ ਦੀ ਲੋੜ ਹੈ। ਮਾਧੁਰੀ ਦੀਕਸ਼ਿਤ, ਪ੍ਰੀਤੀ ਜਿੰਟਾ, ਅਮਿਤਾਭ ਬੱਚਨ, ਹੇਮਾ ਮਾਲਨੀ, ਧੋਨੀ, ਸਚਿਨ ਤੇਂਦੂਲਕਰ ਦੇ ਭਰਮਾਊ ਝਾਂਸਿਆਂ ਤੋਂ ਬਚਣਾ ਚਾਹੀਦਾ ਹੈ। ਅਮੀਰ ਖਾਂ ਕਿਉਂ ਕਹਿੰਦਾ ਹੈ ਕਿ 'ਠੰਡਾ ਸੇਫ' ਹੈ। ਇਸ਼ਤਿਹਾਰਬਾਜ਼ੀ ਉਨ੍ਹਾਂ ਲੋਕਾਂ ਨੂੰ ਠੱਗਣ ਤੇ ਲੁੱਟ ਕਰਨ ਦੀ ਸ਼ਬਦਾਂ ਦੀ ਖੂਬਸੂਰਤ ਚਟਨੀ ਚਾਸ਼ਨੀ 'ਚ ਲਪੇਟ ਕੇ ਦਿੱਤੀ ਜਾਂਦੀ ਹੈ। ਗੋਰੇ ਬਣਨ ਦੀਆਂ ਕਰੀਮਾਂ, ਸੈਕਸ ਵਧਾਉਣ ਦੇ ਨੁਕਸੇ ਸਿੱਧੀ ਧੋਖਾਧੜੀ ਹੈ। ਇਨ੍ਹਾਂ ਨਾਲ ਸ਼ਰੀਰ ਰੋਗੀ ਹੋ ਜਾਂਦਾ ਹੈ। ਲੋਕਾਂ ਦੀਆਂ ਜੇਬਾਂ ਖਾਲੀ ਕਰਨ ਦੀ ਇਹ ਚਾਲਬਾਜ਼ੀ ਹੈ। ਵਾਲਾਂ ਨੂੰ ਸਫੈਦ ਹੋਣ ਤੋਂ ਰੋਕਣ, ਲੰਮਾ ਕਰਨ ਦੇ ਨਾਂ ਹੇਠ ਵੀ ਠੱਗੀ ਹੋ ਰਹੀ ਹੈ। ਲੋਕ ਦਬਾਅ ਪਾ ਕੇ ਇਨ੍ਹਾਂ ਗੈਰ ਵਿਗਿਆਨਕ ਇਸ਼ਤਿਹਾਰਾਂ ਤੇ ਪਾਬੰਦ ਲਵਾਉਣ। ਇਸ ਖਾਤਰ ਸਮਾਜਿਕ ਅੰਦੋਲਨ ਦੀ ਲੋੜ ਹੈ। 2008 ਚ ਮੈਗੀ ਦੇ ਉਸ ਕੰਪਨੀ ਦੇ ਇਸ਼ਤਿਹਾਰ ਤੇ ਫੌਰੀ ਰੋਕ ਜੇ ਬ੍ਰਿਟੇਨ ਲਾ ਸਕਦਾ ਹੈ, ਜਿਸ ਕੰਪਨੀ ਨੇ ਮੈਗੀ ਖਾਣ ਨਾਲ ਹੱਡੀਆਂ ਮਜ਼ਬੂਤ ਹੋਣ ਅਤੇ ਚਮੜੀ ਸੁੰਦਰ ਹੋਣ ਦਾ ਦਾਅਵਾ ਕੀਤਾ ਸੀ ਤਾਂ ਅਸੀਂ ਕਿਉਂ ਆਪਣੇ ਹੀ ਲੋਕਾਂ ਨੂੰ ਲੁੱਟਣ ਦੀ ਛੋਟ ਇਨ੍ਹਾਂ ਕੰਪਨੀਆਂ ਨੂੰ ਦੇ ਰਹੇ ਹਾਂ ?






**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

**ਜਿਹੜੇ ਆਖਦੇ ਹਨ ਭਗਤ ਸਿੰਘ ਆਪਣੇ ਆਖਰੀ ਸਮੇਂ ਰੋਣ ਲੱਗ ਗਿਆ ਸੀ, ਬੇਹੋਸ਼ ਹੋ ਗਿਆ ਸੀ, ਉਹਨਾਂ ਦੀਆਂ ਅੱਖਾਂ ਖੋਲ੍ਹਣ ਵਾਲਾ ਲੇਖ**

**ਅਕਤੂਬਰ ,2006 ਦੇ ਸਪੋਕਸਮੈਨ ਵਿੱਚ ਸਿਰਦਾਰ ਕਪੂਰ ਸਿੰਘ, ਗੁਰਪੁਰਵਾਸੀ ਦੇ ਨਾਮ 'ਤੇ ਇੱਕ ਲੇਖ ਪ੍ਰਕਾਸ਼ਿਤ ਹੋਇਆ ਹੈ। ਇਸ ਦਾ ਸਿਰਲੇਖ ਹੈ:**

## "ਸ਼ਹੀਦ ਸਰਦਾਰ ਭਗਤ ਸਿੰਘ ਦੇ ਅੰਤਮ ਦਿਨ। ਕੀ ਅੰਮ੍ਰਿਤ ਛੱਕ ਕੇ ਸਾਰੀ ਅਸਲੀਅਤ ਬਿਆਨ ਕਰਨਾ ਚਾਹੁੰਦਾ ਸੀ ?"

# ਸਿਰਦਾਰ ਕਪੂਰ ਸਿੰਘ ਦਾ ਕੂੜ-ਪ੍ਰਚਾਰ

**- ਹੇਮ ਰਾਜ ਸਟੈਨੋ**

ਇਸ ਤੋਂ ਜਿਹੜੇ ਗਲਤ ਪ੍ਰਭਾਵ ਜਾਂਦੇ ਹਨ, ਉਨ੍ਹਾਂ ਬਾਰੇ ਗੱਲ ਕਰਦੇ ਹਾਂ। ਪਹਿਲਾ ਤਾਂ ਇਸ ਤੋਂ ਇਹ ਪ੍ਰਭਾਵ ਜਾਂਦਾ ਹੈ ਕਿ ਜਿਵੇਂ ਕਿਤੇ ਸਿਰਦਾਰ ਕਪੂਰ ਸਿੰਘ, ਭਗਤ ਸਿੰਘ ਨੂੰ ਸਹੀਦ ਮੰਨਦਾ ਹੋਵੇ। ਜਦੋਂ ਕਿ ਉਸਨੇ ਸਾਫ ਲਿਖਿਆ ਹੈ ਕਿ "ਭਗਤ ਸਿੰਘ ਨੂੰ "ਸ਼ਹੀਦ" ਕਹਿਣਾ ਹੀ, ਬਿਲਕੁਲ ਅਯੋਗ ਤੇ ਅਗੀਆਨ-ਆਸ਼੍ਰਿਤ ਹੈ..." (ਸਾਚੀ ਸਾਕੀ ਪੰਨਾ 116) । ਸੋ ਕਿਸੇ ਦੀ ਕਿਰਤ ਨੂੰ ਤੋੜ-ਮਰੋੜ ਕੇ ਪੇਸ ਕਰਨਾ ਸਾਹਿਤਕ-ਅਨਿਆਂ ਵੀ ਹੈ ਅਤੇ ਲੋਕਾਂ ਵਿੱਚ ਭੰਬਲਭੂਸੇ ਪੈਦਾ ਕਰਨਾ ਵੀ ਹੈ।

ਦੂਸਰੀ ਗੱਲ ਸਾਇਮਨ ਕਮਿਸਨ ਬਾਰੇ। (ਅੰਗਰੇਜ਼) ਲਾਰਡ ਸਾਈਮਨ ਦੀ ਸਰਪ੍ਰਸਤੀ ਵਿੱਚ ਆਉਣ ਕਰਕੇ ਹੀ ਇਸ ਕਮਿਸਨ ਦਾ ਨਾਮ ਸਾਈਮਨ ਕਮਿਸਨ ਪਿਆ। ਇਸਨੇ ਸਾਡੇ ਦੇਸ ਦੇ ਸਾਸਨ ਸੁਧਾਰਾਂ ਦੀ ਜਾਂਚ ਕਰਕੇ ਇੰਗਲੈਂਡ ਦੀ ਸਰਕਾਰ ਨੂੰ ਆਪਣੀ ਰਿਪੋਰਟ ਦੇਣੀ ਸੀ। ਇਹ 3 ਫਰਵਰੀ, 1928 ਨੂੰ ਬੰਬਈ ਪਹੁੰਚ ਗਿਆ। ਉਸ ਦਿਨ ਸਾਰੇ ਦੇਸ਼ ਵਿੱਚ ਹੜਤਾਲ ਹੋਈ। ਬੰਬਈ ਵਿੱਚ "ਸਾਈਮਨ ਗੋ ਬੈਕ"(ਸਾਇਮਨ ਵਾਪਸ ਜਾਓ) ਦੇ ਨਾਹਰਿਆਂ ਨਾਲ ਜੋਸੀਲਾ ਪ੍ਰਦਰਸਨ ਕੀਤਾ ਗਿਆ। ਬੰਬਈ ਤੋਂ ਪਿੱਛੋਂ ਦਿੱਲੀ ਵਿੱਚ ਵੀ ਕਾਲੇ ਝੰਡੇ ਦਿਖਾਏ ਗਏ, ਮਦਰਾਸ ਵਿੱਚ ਪੁਲਿਸ ਨੇ ਗੋਲੀ ਚਲਾਈ ਜਿਸ ਦੇ ਨਤੀਜੇ ਵਜੋਂ ਤਿੰਨ ਪ੍ਰਦਰਸਨਕਾਰੀ ਮਾਰੇ ਗਏ। ਕਲਕੱਤਾ ਵਿੱਚ ਵੀ ਤਕੜੀ ਮੁੱਠ ਭੇੜ ਹੋਈ।

ਸਿਰਦਾਰ ਕਪੂਰ ਸਿੰਘ ਲਿਖਦਾ ਹੈ, "ਇੰਨ੍ਹਾਂ ਸਤਰਾਂ ਦਾ ਲਿਖਾਰੀ, ਲਾਹੌਰ ਦੇ ਗੌਰਮਿੰਟ ਕਾਲਜ ਵਿੱਚ ਵਿਦਿਆਰਥੀ ਸੀ ਅਤੇ ਸਾਈਮਨ ਕਮਿਸਨ ਲਾਹੌਰ ਪੁੱਜਾ, ਉਹ ਅਕਤੂਬਰ ਦਾ ਅੰਤ ਹੋਵੇਗਾ। ਮੈਂ ਵੀ, ਆਪਣੇ ਦੋ ਜਮਾਤੀਆਂ ਨੂੰ ਨਾਲ ਲੈ ਕੇ ਰੇਲਵੇ ਸਟੇਸਨ ਉਤੇ ਤਮਾਸਾ ਦੇਖਣ ਚਲਾ ਗਿਆ।" ਅਤੇ ਅੱਗੇ, "ਲਾਲਾ ਜੀ ਨੇ ਉੱਚੀ ਆਵਾਜ ਵਿੱਚ ਕਿਹਾ;" ਸੇਮ ਸਾਈਮਨ ਗੋ ਬੈਕ'...ਅਸੀਂ ਵੀ ਚੀਖੇ: "ਸੇਮ ਸਾਈਮਨ ਗੋ ਬੈਕ!" ਇਸ ਗੱਲ ਦੀ ਨਾ ਸਾਨੂੰ ਓਦੋਂ ਸਮਝ ਸੀ ਤੇ ਨਾ ਹੁਣ ਪਤਾ ਹੈ ਕਿ ਸਾਈਮਨ ਨੇ ਸਰਮ ਵਾਲੀ ਕੀ ਕਰਤੂਤ ਕੀਤੀ ਸੀ..."

ਲੇਖ ਦਾ ਲੇਖਕ ਸਿਰਦਾਰ ਕਪੂਰ ਸਿੰਘ ਉਸ ਵੇਲੇ ਕਾਲਜ ਦਾ ਵਿਦਿਆਰਥੀ ਸੀ। ਇਸ ਲਈ ਉਸਨੂੰ ਇਹ ਹੀ ਪਤਾ ਨਾ ਹੋਵੇ ਕਿ ਸਾਈਮਨ ਕਮਿਸ਼ਨ ਕੀ ਹੈ, ਇਹ ਗੱਲ ਜਚਣਯੋਗ ਨਹੀਂ ਹੈ। ਉਸ ਵੇਲੇ ਦੇ ਕਾਲਜ ਦੇ ਵਿਦਿਆਰਥੀ ਇੰਨੇ ਨੀਵੇਂ ਪੱਧਰ ਦੇ ਹੋਣ ਇਹ ਗੱਲ ਜਚਣਯੋਗ ਨਹੀਂ ਖਾਸ ਕਰ ਸਿਰਦਾਰ ਕਪੂਰ ਸਿੰਘ ਵਰਗੇ ਵਿਦਿਆਰਥੀ ਲਈ ਜਿਹੜੇ ਬਾਅਦ ਵਿੱਚ ਅੰਗਰੇਜਾਂ ਅਧੀਨ ਡਿਪਟੀ ਕਮਿਸਨਰ ਲੱਗਦਾ ਹੈ। ਖੈਰ...।




ਜੇਕਰ ਇਹ ਮੰਨ ਲਈਏ ਕਿ ਕਪੂਰ ਸਿੰਘ ਨੂੰ ਸਾਈਮਨ ਕਮਿਸਨ ਬਾਰੇ ਪਤਾ ਨਹੀਂ ਸੀ ਤਾਂ ਉਹ ਉਸਦੇ ਵਿਰੋਧ ਵਾਲੇ ਥਾਂ 'ਤੇ ਕੀ ਲੈਣ ਗਏ? ਕਿਉਂਕਿ ਆਪਣੀ ਪੜ੍ਹਾਈ ਪ੍ਰਤੀ ਸੰਜੀਦਾ ਵਿਦਿਆਰਥੀ ਕਾਲਜ ਛੱਡ ਕੇ ਇਹੋ-ਜਿਹੇ ਮੌਕੇ 'ਤੇ ਉਦੋਂ ਹੀ ਜਾ ਸਕਦਾ ਹੈ, ਜੇਕਰ ਉਸਨੂੰ ਇਸਦੇ ਮਹੱਤਵ ਦਾ ਪਤਾ ਹੋਵੇ। ਇਹ ਕੋਈ ਮਦਾਰੀ ਦਾ ਤਮਾਸਾ ਨਹੀਂ ਸੀ। ਲੇਖਕ ਦੇ ਸਬਦਾਂ 'ਚ ਜੇਕਰ ਸਾਈਮਨ ਕਮਿਸਨਰ ਦੇ ਵਿਰੋਧ ਨੂੰ "ਤਮਾਸਾ" ਹੀ ਸਮਝ ਲਿਆ ਜਾਵੇ ਤਾਂ ਵੀ ਇਹ ਸਵਾਲ ਹੋਰ ਗੰਭੀਰ ਬਣ ਜਾਂਦਾ ਹੈ ਕਿ ਲੇਖਕ ਵਰਗੇ 'ਸੰਜੀਦਾ' ਵਿਦਿਆਰਥੀ ਆਪਣਾ ਪੀਰੀਅਡ ਛੱਡਕੇ ਸਿਰਫ "ਤਮਾਸਾ" ਦੇਖਣ ਲਈ ਕਾਲਜ ਤੋਂ ਗੈਰ-ਹਾਜਰ ਕਿਓ ਹੋਏ ? ਇੱਥੇ ਪਾਠਕਾਂ ਦੇ ਧਿਆਨ 'ਚ ਇਹ ਤੱਥ ਦੇਣਾ ਸਪਸਟਤਾ ਦੇ ਪੱਖ ਤੋਂ ਠੀਕ ਰਹੇਗਾ ਕਿ ਲਾਹੋਰ ਵਿਖੇ ਸਾਈਮਨ ਕਮਿਸਨ ਦੇ ਵਿਰੋਧ ਕਰਨ ਦਾ ਸਾਰ ਪ੍ਰਬੰਧ ਸਹੀਦ ਭਗਤ ਸਿੰਘ ਜਿਹੇ ਆਗੂਆਂ ਦੀ ਅਗਵਾਈ ਵਾਲੀ ਨੌਜਵਾਨ ਭਾਰਤ ਸਭਾ ਨੇ ਕੀਤੀ ਸੀ। ਉਸ ਦਿਨ ਭਗਤ ਸਿੰਘ ਹੀ ਨਹੀਂ ਬਲਕਿ ਉਨ੍ਹਾਂ ਦੇ ਪਿਤਾ ਕਿਸਨ ਸਿੰਘ ਵੀ ਲਾਹੌਰ ਸਟੇਸਨ 'ਤੇ ਮੌਜੂਦ ਵੀ ਸਨ ਅਤੇ ਲਾਲਾ ਲਾਜਪਤ ਰਾਏ ਦੇ ਬਿਲਕੁਲ ਨਾਲ ਖੜ੍ਹੇ ਸਨ। ਨੌਜਵਾਨ ਭਾਰਤ ਸਭਾ ਨੇ ਹੀ ਲਾਲਾ ਜੀ ਨੂੰ ਪੁਲਿਸ ਅੱਗੇ ਡਟੇ ਰਹਿਣ ਲਾਈ ਕਿਹਾ ਸੀ।

ਲੇਖਕ (ਸਿਰਦਾਰ ਕਪੁਰ ਸਿੰਘ) ਲਿਖਦਾ ਹੈ ਕਿ "ਹੈਮਿਲਟਨ ਹਾਰਡਿੰਗ ਸੋਟੀ ਉਲਾਰ ਕੇ, ਉਸ ਨੂੰ ਹਵਾ ਵਿੱਚ ਮਾਰਦਾ , ਜਿਥੇ ਲਾਲਾ ਲਾਜਪਤ ਰਾਏ ਖੜੇ ਸੀ, ਰੱਸੀ ਕੋਲ ਆਇਆ।" ਪੀਛੇ ਹਟੋ, ਗੈੱਟ ਬੈਕ। ਉਸ ਸਮੇਂ ਸਿਰਫ ਇੱਕ ਵਾਰ, ਉਸ ਦੀ ਬੈਂਤ ਲਾਲਾ ਜੀ ਦੀ ਛੱਤਰੀ ਦੇ ਉਤਲੇ ਪਾਸੇ ਲੱਗੀ ਤੇ ਬੱਸ ਇਤਨੇ ਚਿਰ ਵਿੱਚ ਸਾਈਮਨ ਕਮਿਸਨ ਵਾਲੇ ਸਟੇਸ਼ਨ ਤੋਂ ਕਈ ਮੀਲ ਦੂਰ ਜਾ ਚੁੱਕੇ ਸਨ ਅਤੇ ਅਸੀਂ ਸਾਰੇ ਘਰੋ ਘਰੀ ਮੁੜ ਆਏ"

ਪਹਿਲਾਂ ਤਾਂ ਕਪੁਰ ਸਿੰਘ ਦੇ ਗਪੌੜ ਨੂੰ ਇੱਥੋਂ ਹੀ ਸਮਝਿਆ ਜਾ ਸਕਦਾ ਹੈ ਕਿ ਮਹਿਨਾ ਅਕਤੂਬਰ ਦਾ ਹੋਵੇ ਤਾਂ ਇਸ ਮਹੀਨੇ ਛਤਰੀ ਦਾ ਕੀ ਕੰਮ? ਲਾਲਾ ਜੀ ਛਤਰੀ ਲੈ ਕਿ ਕਿਓ ਗਏ? ਚਲੋ ਜੇਕਰ ਕਪੂਰ ਸਿੰਘ ਨੇ ਇਹ ਗੱਲ ਬਣਾਈ ਹੁੰਦੀ ਕਿ ਉਸ ਦਿਨ ਮੀਂਹ ਪੈ ਰਿਹਾ ਸੀ ਤਾਂ ਵੀ ਲਾਲਾ ਜੀ ਦੇ ਹੱਥ ਛਤਰੀ ਹੋਣ ਦੀ ਗੱਲ ਸਮਝ ਆ ਸਕਦੀ ਸੀ। ਪਰ ਕਪੂਰ ਸਿੰਘ ਲਈ ਇਹ ਗੱਲ ਫਿਰ ਹੋਰ ਅਸੰਭਵ ਹੋ ਜਾਣੀ ਸੀ ਕਿਓ ਕਿ ਫਿਰ ਉਸਨੂੰ ਸਾਰੇਆਂ ਕੋਲ ਛਤਰੀਆਂ ਦਿਖਾਉਣੀਆਂ ਪੈਣੀਆਂ ਸਨ। ਖੈਰ...ਅੱਗੇ ਤੁਰੀਏ।

ਕਪੂਰ ਸਿੰਘ ਲਾਲਾ ਲਾਜਪਤ ਰਾਏ ਦੀ ਛਤਰੀ 'ਤੇ ਸਿਰਫ ਇੱਕ ਡਾਂਗ ਵੱਜੀ ਦਿਖਾਉਂਦਾ ਹੈ। ਕੀ ਇਹ ਗੱਲ ਸੰਭਵ ਜਾਪਦੀ ਹੈ ਕਿ ਲੋਕਾਂ ਦਾ ਜੋਸ ਨਾਲ ਭਰਿਆ ਇੰਨਾ ਇਕੱਠ ਲਾਲਾ ਜੀ ਛਤਰੀ 'ਤੇ ਸਿਰਫ ਇਕ ਡਾਂਗ ਵੱਜਣ ਨਾਲ ਹੀ ਪਿੱਛੇ ਹਟ ਜਾਵੇ? ਅਤੇ ਸਾਈਮਨ ਕਮਿਸਨ ਨੂੰ ਜਾਣ ਦਾ ਰਸਤਾ ਦੇ ਦੇਵੇ ਅਤੇ ਉਹ ਵੀ ਉਸ ਵੇਲੇ ਜਦੋਂ ਲਾਲਾ ਜੀ ਵਰਗੇ ਉਸ ਸਮੇਂ ਦੇ ਉੱਘੇ ਲੀਡਰ "ਸੇਮ ਸਾਈਮਨ ਗੋ ਬੈਕ" ਦੇ ਨਾਹਰੇ ਲਾਈ ਜਾ ਰਹੇ ਹੋਣ? ਨਹੀਂ, ਇਹ ਬਿਲਕੁਲ ਸੰਭਵ ਨਹੀਂ। ਇਹ ਕਲਪਨਾ ਹੀ ਗਲਤ ਹੈ।

ਹਾਂ, ਇਹ ਹੋ ਸਕਦਾ ਹੈ ਕਿ "ਤਮਾਸਾ" ਦੇਖਣ ਗਏ ਕਪੂਰ ਸਿੰਘ ਤੇ ਉਸ ਦੇ ਨਾਲ ਦੋ ਮੁੰਡੇ, ਇੱਕੋ ਡੰਡਾ ਵਰਨ 'ਤੇ ਭੱਜ-ਖੜੋਣ? ਕਿਉਂਕਿ ਤਮਾਸਬੀਨ ਪੁਲਿਸ ਅੱਗੇ ਨਹੀਂ ਅੜ ਸਕਦੇ ਹੁੰਦੇ। ਪਰ ਲੇਖਕ ਨੇ ਇੱਥੇ ਜਨਤਾ ਦੇ ਨਾ ਖੜਨ ਅਤੇ ਉਲਟ ਤਮਾਸਬੀਨਾਂ ਦੇ ਖੜ੍ਹਨ ਦਾ ਸੀਨ ਪੇਸ ਕਰ ਦਿੱਤਾ ਹੈ। ਲੇਖਕ ਦਾ ਸਪਸਟ ਭਾਵ ਹੈ ਕਿ ਜਦੋਂ ਤਮਾਸਬੀਨਾਂ ਦੇ ਖੜਨ ਦਾ ਸੀਨ ਪੇਸ ਕਰ ਦਿੱਤਾ ਹੈ। ਲੇਖਕ ਦਾ ਸਪੱਸਟ ਭਾਵ ਹੈ ਕਿ ਜਦੋਂ ਤੱਕ ਸਾਈਮਨ ਕਮਿਸਨ ਨਹੀਂ ਗਿਆ, ਉਹ ਉੱਥੇ ਰਹੇ ਜਿੱਥੇ (ਲੇਖਕ ਅਨੁਸਾਰ) ਡੰਡਾ ਵਰ੍ਹਨਾ ਸੁਰੂ ਹੋਇਆ। ਕਿਓ? ਕਿਉਂਕਿ ਲੇਖਕ ਦੀ ਮੁਸਕਲ ਇਹ ਹੈ ਕਿ ਜੇਕਰ ਉਹ ਜਨਤਾ ਨੂੰ ਉਥੇ ਖੜੇ ਦਿਖਾਉਂਦਾ ਹੈ ਤਾਂ ਉਹ ਸਾਈਮਨ ਕਮਿਸਨ ਨੂੰ ਉਥੋ ਗਿਆ ਨਹੀਂ ਦਿਖਾ ਸਕਦਾ ਕਿਓਕਿ ਜਨਤਾ ਨੇ ਰਾਹ ਰੋਕਿਆ ਹੋਇਆ ਸੀ। ਇਸੇ ਲਈ ਉਹ ਜਨਤਾ ਨੂੰ ਪਿੱਛੇ ਕਰਕੇ ਆਪ ਉੱਥੇ ਖੜੇ ਹੋਣ ਦੇ ਸੀਨ ਦਾ ਚਿਤਰਣ ਕਰ ਦਿੰਦਾ ਹੈ। ਇਹ ਕਮਾਲ ਦਾ ਨਿਰਣਾ ਹੈ-ਜਨਤਾ ਡਰੂ, ਤਮਾਸਬੀਨ ਯੋਧੇ!

ਅੱਗੇ ਲੇਖਕ ਆਪਣੇ ਅਤੇ ਆਪਣੇ ਸਾਥੀਆਂ ਬਾਰੇ ਲਿਖਿਆ ਹੈ- : "ਅਸੀਂ ਸਾਰੇ ਘਰੋ-ਘਰੀ ਮੁੜ ਆਏ।" ਪਰ ਇਸ ਦੇ ਨਾਲ ਓਹ ਲਿਖਦਾ ਹੈ- "ਮੈਂ ਤੇ ਮੇਰੇ ਸਾਥੀ ਮੁੜ ਕੇ ਕਾਲਜ ਆਏ ਤਾਂ ਅਜੇ ਅਸਾਡਾ ਇੱਕ ਲੈਕਚਰ, ਪ੍ਰੋਫੈਸਰ ਫਰਥ ਦਾ, ਰਹਿੰਦਾ ਸੀ। ਅਸੀਂ ਚੁੱਪ-ਚਪੀਤੇ, ਪਿਛਲੇ ਦਰਵਾਜਿਉਂ ਕਮਰੇ ਵੜੇ ਤਾਂ ਪ੍ਰੋਫੈਸਰ ਫਰਥ ਨੇ ਅਸਾਨੂੰ ਦੇਖ ਲਿਆ..." (ਸਾਚੀ ਸਾਖੀ ਪੰਨਾ 111) ਹੁਣ ਕਿਹੜੀ ਗੱਲ ਨੂੰ ਸੱਚ ਮੰਨਿਆ ਜਾਵੇ? ਘਰੋ-ਘਰੀ ਜਾਣ ਨੂੰ ਕਿ ਕਾਲਜ 'ਚ ਜਾਣ ਨੂੰ?

ਇਸ ਸਾਰੇ ਕਾਸੇ ਤੋਂ ਇੱਕ ਸਚਾਈ ਸਾਹਮਣੇ ਆਉਂਦੀ ਹੈ ਕਿ ਕਪੂਰ ਸਿੰਘ ਲਾਹੌਰ ਸਟੇਸਨ 'ਤੇ ਗਿਆ ਹੀ ਨਹੀਂ।ਜਿਵੇਂ ਕਈ ਕੇਸਾਂ ਵਿੱਚ ਕੋਈ ਘਰ ਬੈਠਾ ਹੀ ਮੌਕੇ ਦਾ ਗਵਾਹ ਬਣ ਜਾਂਦਾ ਹੈ, ਉਵੇਂ ਇਸ ਘਟਨਾ ਵੇਲੇ ਮੌਕੇ 'ਤੇ ਹੋਣ ਦੀ ਕਹਾਣੀ ਘੜ ਲਈ। ਉਹ ਭੁੱਲ ਗਏ ਕਿ ਕਾਲਜ ਦੇ ਕਿਸੇ ਕਮਰੇ 'ਚ ਤਾਂ "ਪਿਛਲੇ ਦਰਵਾਜ਼ਿਓ" ਦਾਖਲ ਹੋਇਆ ਜਾ ਸਕਦਾ ਹੈ ਪਰ ਇਤਿਹਾਸ ਵਿੱਚ ਨਹੀਂ। ਇਤਿਹਾਸ ਦਾ ਪਿਛਲਾ ਦਰਵਾਜਾ ਨਹੀਂ ਹੁੰਦਾ, ਇਤਹਾਸ ਬਣਾਉਣ ਲਈ ਤਾਂ ਸਿਰਫ ਜਦੋ ਜਹਿਦ ਵਾਲੇ ਅਗਲੇ "ਦਰਵਾਜ਼ਿਓ" ਹੀ ਦਾਖਲ ਹੋਣਾ ਪੈਂਦਾ ਹੈ।

ਅੱਗੇ ਲੇਖਕ ਲਿਖਦਾ ਹੈ ਲਿ "ਉਸ

**Reliance /Legal Group LLP**
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION Applications for Family Class and APPEALS, Skilled Workers, Investors, Refugee Claims
REAL ESTATE Buying and Selling Commercial and Residential Land Development Condominium Projects WILLS & ESTATE CRIMINAL LAW
SMALL BUSINESS Buying and Selling Franchises, Shareholder Agreements and Incorporations FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

ਸਾਮ ਮੋਰੀ ਦਰਵਾਜੇ ਦੇ ਬਾਹਰ ਲਾਹੌਰ ਵਿੱਚ ਇੱਕ ਪਬਲਿਕ ਜਲਸਾ ਹੋਇਆ ਜਿਸ ਲਾਜਪਤ ਰਾਏ ਆਪਣੇ 'ਪੰਜਾਬ ਕੇਸਰੀ' ਬਿਰਦ ਦੀ ਪੈਜ ਰਖਦੇ ਹੋਏ ਗਰਜੇ "ਅੱਜ ਜਿਹੜੀਆਂ ਲਾਠੀਆਂ ਅਸਾਡੀਆਂ ਛਾਤੀਆਂ ਤੇ ਵੱਜੀਆਂ ਹਨ, ਉਤਨੇ ਹੀ ਕਿੱਲ ਅੰਗਰੇਜੀ ਸਾਮਰਾਜ ਦੀ ਲਾਸ ਤੇ ਤਾਬੂਤ ਵਿੱਚ ਠੁੱਕ ਗਏ ਹਨ।" ਅੱਗੇ ਲਿਖਦਾ ਹੈ ਕਿ "ਇੱਥੇ ਲਾਲਾ ਜੀ ਨੇ ਸਪੱਸਟ ਦੋਸ ਲਗਾਇਆ ਕਿ ਉਨ੍ਹਾਂ ਦੀ ਛਾਤੀ ਉੱਪਰ ਮਿਸਟਰ ਸਕਾਟ ਨੇ ਡਾਗਾਂ ਮਾਰੀਆਂ ਹਨ।" ਹੁਣ ਪਾਠਕ ਵੀਰ ਆਪ ਹੀ ਦੇਖ ਲੈਣ ਕਿ ਲਾਲਾ ਜੀ ਨੇ ਕਿੱਥੇ ਕਿਹਾ ਸੀ ਕਿ ਸਕਾਟ ਨੇ ਉਨ੍ਹਾਂ ਦੀ ਛਾਤੀ 'ਤੇ ਡਾਗਾਂ ਮਾਰੀਆਂ। ਉਨ੍ਹਾਂ ਨੇ ਆਪਣੇ ਬਿਆਨ ਵਿੱਚ ਸਕਾਟ ਦਾ ਨਾਮ ਹੀ ਨਹੀਂ ਲਿਆ। ਫਿਰ ਲੇਖਕ ਦੇ ਇਹ ਲਿਖਣ ਦਾ ਕੀ ਭਾਵ ਹੈ? ਸਿਰਫ ਇਹੀ ਕਿ ਸਕਾਟ ਨੂੰ ਨਿਰਦੋਸ ਸਾਬਤ ਕਰਕੇ ਅੰਗਰੇਜਾਂ ਦਾ ਪੱਖ ਪੂਰਿਆ ਜਾਵੇ।

ਹਾਂ, ਇਹ ਗੱਲ ਠੀਕ ਹੈ ਕਿ ਭਾਵੇਂ ਲਾਲਾ ਜੀ ਨੇ ਸਕਾਟ ਦਾ ਨਾਂਅ ਨਹੀਂ ਵੀ ਲਿਆ, ਪਰ ਉਸ ਵੇਲੇ ਲਾਹੌਰ ਸਟੇਸਨ'ਤੇ ਪੁਲੀਸ ਦੀ ਕਮਾਂਡ ਅੰਗਰੇਜ ਅਫਸਰ ਸਕਾਟ ਹੀ ਕਰ ਰਿਹਾ ਸੀ। ਇਸ ਦੀ ਪੁਸਟੀ ਖੁਦ ਲੇਖਕ ਆਪਣੀ ਕਿਤਾਬ "ਸਾਚੀ ਸਾਖੀ", ਜਿਸ ਵਿੱਚ ਇਹ ਲੇਖ ਚੁੱਕਿਆ ਗਿਆ ਹੈ, ਵਿੱਚ ਇਉਂ ਕਰਦਾ ਹੈ:

"1942, ਜਦੋਂ ਕਿ ਮੈਂ ਕਰਨਾਲ ਜ਼ਿਲ੍ਹੇ ਦਾ ਡਿਪਟੀ ਕਮਿਸਨਰ ਸੀ ਅਤੇ ਮਿਸਟਰ ਹੈਮਿਲਟਨ ਹਾਰਡਿੰਗ, ਅੰਬਾਲਾ ਰੇਂਜ ਦੇ ਡਿਪਟੀ ਇਨਸਪੈਕਟਰ ਜਰਨਲ ਪੁਲਿਸ, ਤਾਂ ਇਕ ਸਮੇਂ ਅਸੀਂ ਇਕੱਠੇ ਰਾਤ ਦਾ ਖਾਣਾ ਖਾਂ ਰਹੇ ਸਾਂ, ਕਿ ਉਨ੍ਹਾਂ ਮੈਨੂੰ ਇਕ ਕਥਾ ਸੁਣਾਈ, ਕਿ 1928 ਵਿੱਚ, ਸਾਈਮਨ ਕਮਿਸਨ ਦੀ ਆਮਦ ਵੇਲੇ ਹਵਾ ਵਿੱਚ ਬੈਂਤ ਉਸ ਨੇ ਘੁਮਾਈ ਸੀ, ਜੋ ਕਿ ਲਾਲਾ ਲਾਜਪਤ ਰਾਇ ਦੀ ਛਤਰੀ ਉੱਤੇ ਜਾ ਲੱਗੀ ਸੀ।... ਮਿਸਟਰ ਸਕਾਟ ਉਸ ਸਾਰੇ ਸਮੇਂ ਅੰਦਰ ਰੇਲਵੇ ਪਲੇਟਪਾਰਮ ਉੱਤੇ ਹੀ ਰਿਹਾ ਸੀ..." (ਸਾਚੀ ਸਾਖੀ ਪੰਨਾ ਨੰਬਰ 112)

ਕੌਮੀ ਭਾਵਨਾ ਦੇਖੋ। ਸਾਡੀ ਜਨਤਾ 'ਤੇ ਹੋਏ ਲਾਠੀਚਾਰਜ ਨੂੰ ਇੱਕ ਦੁਖਦਾਈ ਬਿਰਤਾਂਤ ਵਜੋਂ ਨਹੀਂ ਬਲਕਿ "ਕਥਾ" ਵਜੋਂ ਸੁਣਦਾ ਹੈ। ਕਥਾ ਕਰਨੀ ਤੇ ਸੁਣਨੀ ਮਨੁੱਖ ਸਵੈਮਾਨ ਨੂੰ ਖੋਰਕੇ ਉਸ ਨੂੰ ਕਿਸੇ ਦੀ ਅਧੀਨਗੀ ਵੱਲ ਤੋਰਦੀ ਹੈ, ਇਸੇ ਤਰ੍ਹਾਂ ਸਿਰਦਾਰ ਕਪੂਰ ਸਿੰਘ ਅੰਗਰੇਜ਼ਾਂ ਵੱਲੋਂ ਸਾਡੇ ਕੌਮ ਦੀਆਂ ਕੌਮੀ ਭਾਵਨਾਵਾਂ ਨਾਲ ਕਿਤੇ ਖਿਲਵਾੜ ਨੂੰ ਇੱਕ ਕਥਾ ਵਜੋਂ ਸੁਣਦਾ ਹੈ ਅਤੇ ਉਹ ਵੀ ਉਸੇ ਅੰਗਰੇਜ ਅਫਸਰ ਤੋਂ ਜੋ ਸਾਡੀ ਕੌਮ ਦੀਆਂ ਕੌਮੀ ਭਾਵਨਾਵਾਂ 'ਤੇ ਸੱਟ ਮਾਰਨ ਦਾ ਦੋਸੀ ਹੋਵੇ। ਕਿਹੋ-ਜਿਹੀਆਂ ਭਾਵਨਾਵਾਂ ਨਾਲ ਸਰਸਾਰ ਹੈ ਕਪੂਰ ਸਿੰਘ ਜੀ!

ਹੁਣ ਅੱਗੇ। ਸਕਾਟ ਕਮਾਂਡ ਕਰ ਰਿਹਾ ਸੀ ਤਾਂ ਲਾਠੀਚਾਰਜ ਉਸਦੇ ਹੁਕਮਾਂ ਅਨੁਸਾਰ ਹੋਣਾ ਸੁਭਾਵਿਕ ਹੈ। ਸਾਈਮਨ ਕਮਿਸਨ ਦਾ ਵਿਰੋਧ ਕਰਨ ਵਾਸਤੇ ਉਸ ਦਿਨ ਲਾਹੌਰ ਸਟੇਸਨ 'ਤੇ ਬਹੁਤ ਵੱਡੀ ਗਿਣਤੀ ਵਿੱਚ ਜਨਤਾ ਇਕੱਠੀ ਹੋ ਕੇ ਰਾਹ ਰੋਕੀ ਖੜੀ ਸੀ। ਸਾਈਮਨ ਕਮਿਸਨ ਨੂੰ ਸੁਰੱਖਿਅਤ ਟਿਕਾਣੇ 'ਤੇ ਪਹੁੰਚਾਉਣ ਲਈ ਮਿਸਟਰ ਸਕਾਟ ਦੀ ਕਮਾਂਡ ਹੇਠ ਪੁਲਿਸ ਨੇ ਲਾਟੀਚਾਰਜ ਕੀਤਾ। ਉਥੇ ਇਕੱਲੇ ਲਾਲਾ ਜੀ ਜਖਮੀ ਨਹੀਂ ਹੋਏ ਬਲਕਿ ਹੋਰਨਾਂ ਦੇ ਵੀ ਸੱਟਾਂ ਵੱਜੀਆਂ-ਆਦੇਸ ਸਕਾਟ ਦਾ ਸੀ 'ਤੇ ਪਾਲਣਾ ਕਰਨ ਵਾਲਾ ਸਾਂਡਰਸ।

ਸੋ ਇਹ ਲਾਠੀਚਾਰਜ ਸਾਡੇ ਦੇਸ ਵਿਚਲੇ ਸਾਈਮਨ ਕਮਿਸਨ ਦੇ ਵਿਰੋਧੀ ਨੂੰ ਕੁਚਲਣ ਲਈ ਕੀਤਾ ਗਿਆ। ਇਸ ਘਟਨਾ 'ਚ ਮੌਤ ਦਾ ਸ਼ਿਕਾਰ ਹੋਇਆ ਲਾਲਾ ਲਾਜਪਤ ਰਾਇ। ਨਾਲੇ "ਤਮਾਸਬੀਨਾਂ" ਨੇ ਇਸਦਾ ਸ਼ਿਕਾਰ ਹੋਣਾ ਵੀ ਕੀ ਸੀ।

ਇੱਥੇ ਇੱਕ ਗੱਲ ਇਹ ਵੀ ਕਰਨੀ ਬਣਦੀ ਹੈ ਕਿ ਕਪੂਰ ਸਿੰਘ ਵਰਗਿਆਂ ਦਾ ਸਾਈਮਨ ਕਮਿਸਨ ਦਾ ਵਿਰੋਧ ਕਰਨ ਵਰਗੀ ਸਿਆਸੀ ਸਰਗਰਮੀ ਵਿੱਚ ਕੁੱਦ ਪੈਣਾ ਸੰਭਵ ਨਹੀਂ ਸੀ ਕਿਉਂਕਿ ਇਸ ਵਾਸਤੇ ਤਿਆਗ ਅਤੇ ਕੁਰਬਾਨੀ ਦਾ ਜਜ਼ਬਾ ਚਾਹੀਦਾ ਹੈ। ਪਰ ਅੰਗਰੇਜ਼ਾਂ ਤੋਂ ਡਿਪਟੀ ਕਮਿਸ਼ਨਰਾਂ ਵਰਗੇ ਅਹੁਦੇ ਲੈਣ ਦੀ ਝਾਕ ਰੱਖਣ ਵਾਲਿਆਂਤੋਂ ਅਜਿਹੀ ਆਸ ਕਰਨੀ ਉੱਕਾ ਹੀ ਬੇ-ਬੁਨਿਆਦ ਹੈ। ਇਹ ਸਾਡਾ ਕੋਈ ਦੋਸ ਨਹੀਂ। ਇਸਦਾ ਸਬੂਤ ਇਸ ਲੇਖਕ ਦੀ ਕਿਤਾਬ "ਸਾਚੀ ਸਾਖੀ" ਵਿੱਚੋਂ ਮਿਲ ਜਾਂਦਾ ਹੈ। ਉਹ ਲਿਖਦਾ ਹੈ:

"ਸਰਦਾਰ ਬਹਾਦਰ ਸ਼ਿਵਦੇਵ ਸਿੰਘ, ਓਬ੍ਰਾਂ," ... ਕਹਿਣ ਲੱਗੇ, "...ਜੇ ਏਸ ਵੇਲੇ ਸਿੱਖ ਲੀਡਰ, ਅੰਗਰੇਜਾਂ ਨੂੰ ਇਹ ਪੱਕਾ ਵਿਸਵਾਸ ਦਿਵਾ ਦੇਣ ਕਿ ਜੋ ਹਿੱਸਾ ਪੰਜਾਬ ਦੇ ਰਾਜਭਾਗ ਵਿੱਚ ਸਿੱਖਾਂ ਨੂੰ ਮਿਲੇਗਾ, ਉਸ ਨੂੰ ਉਹ ਆਪਣੇ ਬਚਾਅ ਅਤੇ ਬਿਹਤਰੀ ਲਈ ਵਰਤਣਗੇ ਅਤੇ ਹਿੰਦੂਆਂ ਦੇ ਹੱਥ-ਠੋਕੂ ਬਣ ਕੇ ਮੁਸਲਮਾਨਾਂ ਨੂੰ ਦਬਾਉਣ ਲਈ ਨਹੀਂ ਤਾਂ ਕਮੀਊਨਲ ਅਵਾਰਡ, ਜਿਹੜਾ ਕਿ ਬਣ ਰਿਹਾ ਹੈ, ਵਿੱਚ ਸਿੱਖਾਂ ਨੂੰ ਇਤਨੀ ਗੌਰਵਤਾ ਦਿੱਤੀ ਜਾਵੇਗੀ, ਜਿਸ ਸਦਕਾ ਕਿ ਸਿੱਖਾਂ ਦੀ ਗਰਦਨ ਕਦੇ ਭੀ ਨਾ, ਹਿੰਦੂਆਂ ਤੇ ਮੁਸਲਮਾਨਾਂ ਸਾਹਮਣੇ, ਨੀਵੀਂ ਹੋਵੇ।" ਮੈਂ ਪੁੱਛਿਆ, "ਅੰਗਰੇਜਾਂ ਨੂੰ ਸਿੱਖਾਂ ਵੱਲੋਂ ਇਹ ਪੱਕਾ ਵਿਸਵਾਸ ਕੌਣ ਦੇਵੇ? ਉੱਤਰ ਦਿੱਤੇ ਨੇ: "ਜਿੰਨ੍ਹਾਂ ਨੂੰ ਸਿੱਖਾਂ ਨੇ ਆਪਣਾ ਜਥੇਦਾਰ ਬਣਾਇਆ ਹੋਇਆ ਹੈ। ਹੋਰ ਕੌਣ, ਅਕਾਲੀ ਲੀਡਰ ਇਹ ਵਿਸਵਾਸ ਦਿਵਾਉਣ।" ਫੇਰ...ਕਹਿਣ ਲੱਗੇ, "ਤੂੰ ਆਪਣੀ ਪੜ੍ਹਾਈ ਦੋ ਤਿੰਨਾਂ ਮਹੀਨਿਆਂ ਲਈ ਛੱਡ ਤੇ ਹਿੰਦੁਸਤਾਨ ਜਾ ਕੇ, ਜਿਵੇਂ ਮੈਂ ਕਹਿੰਦਾ ਹਾਂ, ਉਵੇਂ ਕਰ।" ਮੈਂ ਕਿਹਾ, 'ਅਜੇ ਉਹ ਤਾਂ ਮੇਂ ਆਈ.ਸੀ.ਐਸ ਦਾ ਸਿਖਿਆਰਥੀ ਹਾਂ ਅਤੇ ਜੇ ਮੈਂ ਹੁਣ ਪੜ੍ਹਾਈ ਵਿਚੇ ਛੱਡਾਂ ਤਾਂ ਸਾਰੀ ਉਮਰ ਲਈ ਇਸ ਵੱਡੀ ਨੌਕਰੀ ਤੋਂ ਹੱਥ ਧੋ ਬੈਠਾਂ।..."ਨੌਕਰੀ ਤਾਂ ਸੌਹਰੀ ਦੀ ਹੁੰਦੀ।" (ਸਾਚੀ ਸਾਕਿ ਪੰਨਾ 133) ਹੁਣ ਦੇਖੋ ਸਿੱਖਾਂ ਦੇ ਹਿਤਾਂ ਦੇ ਝੰਡਾਬਰਦਾਰ ਅਖਵਾਉਣ ਵਾਲੇ ਸਿਰਦਾਰ ਕਪੂਰ ਸਿੰਘ ਅੰਗਰੇਜਾਂ ਦੀ ਚਾਕਰੀ ਵਾਲੀ ਡਿਪਟੀ ਕਮਿਸਨਰ ਦੀ ਨੌਕਰੀ ਤੱਕ ਦਾ ਤਿਆਗ ਨਹੀਂ ਕਰ ਸਕੇ। ਇਹ ਤੱਥ ਪੁਸਟੀ ਕਰਦਾ ਹੈ ਕਿ ਇਹੋ ਜਿਹਿਆਂ ਤੋਂ ਤਿਆਗ ਅਤੇ ਕੁਰਬਾਨੀ ਦੀ ਝਾਕ ਕਿੱਥੇ?

ਇਸ ਤੋਂ ਪਿਛਲੀਆਂ ਘਟਨਾਵਾਂ ਵੀ ਇਸ ਗੱਲ ਦੀ ਪੁਸਟੀ ਕਰ ਦਿੰਦੀਆਂ ਹਨ। ਜੇਕਰ ਸਿਰਦਾਰ ਕਪੂਰ ਸਿੰਘ ਨੇ ਇਹੋ-ਜਿਹੀ ਅੰਗਰੇਜ ਵਿਰੋਧੀ ਸਿਆਸੀ ਸਰਗਰਮੀਆਂ 'ਚ ਹਿੱਸਾ ਲਿਆ ਹੁੰਦਾ ਤਾਂ ਅੰਗਰੇਜ ਸਰਕਾਰ ਉਸਨੂੰ ਡਿਪਟੀ ਕਮਿਸਨਰ ਬਣਾ ਕੇ ਨਹੀਂ ਸੀ ਲਾਉਂਦੀ। ਦੂਸਰਾ, ਇਹ ਕਿ ਸਾਂਡਰਸ ਅਤੇ ਚੰਨਣ ਸਿੰਘ ਦੇ ਕਤਲ ਵੇਲੇ ਜਦੋਂ ਵਿਦਿਆਰਥੀਆਂ ਅਤੇ ਨੌਜਵਾਨਾਂ ਦੀਆਂ ਧੜਾਧੜ ਗ੍ਰਿਫਤਾਰੀਆਂ ਹੋ ਰਹੀਆਂ ਸਨ ਉਦੋਂ ਇਸ ਸਿਰਦਾਰ ਨੂੰ ਕਿਸੇ ਨੇ ਗ੍ਰਿਫਤਾਰ ਨਹੀਂ ਕੀਤਾ, ਹਾਲਾਂਕਿ ਅੰਗਰੇਜਾਂ ਦੇ ਸਾਈਮਨ ਕਮਿਸਨ ਦਾ ਵਿਰੋਧ ਕਰਨ ਵਿਚ ਸਾਮਲ ਹੋਣ ਵਾਲਿਆਂ ਨੂੰ ਤਾਂ ਪੁਲਿਸ ਨੇ ਪਹਿਲਾਂ ਖਿੱਚਣਾ ਸੀ ਅਤੇ ਖਿੱਚਿਆ ਵੀ ਸੀ। ਸੋ ਅਸਲ ਗੱਲ ਇਹ ਹੈ ਕਿ ਕਪੂਰ ਸਿੰਘ ਉੱਥੇ ਗਿਆ ਹੀ ਨਹੀਂ।

ਇਸੇ ਲੇਖ ਵਿਚ ਭਗਤ ਸਿੰਘ ਦੇ ਸਿੱਖੀ ਧਰਮ ਗ੍ਰਹਿਣ ਕਰਨ ਦੀ ਇੱਛਾ ਪ੍ਰਗਟ ਕਰਨ ਬਾਰੇ ਲਿਖਿਆ ਗਿਆ ਹੈ। ਇਸ ਵਿਚ ਇਹ ਪ੍ਰਭਾਵ ਪੇਸ ਕਰਨ ਦੀ ਕੋਸ਼ਿਸ ਕੀਤੀ ਗਈ ਹੈ ਕਿ ਭਗਤ ਸਿੰਘ ਨੇ ਫਾਂਸੀ ਲੱਗਣ ਤੋਂ ਪਹਿਲਾਂ ਭਾਈ ਰਣਧੀਰ ਸਿੰਘ, ਜੋ ਕਿ ਉਸ ਸਮੇਂ ਜੇਲ੍ਹ ਵਿਚੋਂ ਛੁੱਟਣ ਵਾਲੇ ਸਨ, ਦੀ ਜਥੇਦਾਰੀ ਵਿੱਚ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਛਕਣ ਦੀ ਇੱਛਾ ਜਾਹਰ ਕੀਤੀ ਸੀ ਜੋ, ਅੰਗਰੇਜੀ ਸਰਕਾਰ ਨੇ, ਕੋਈ ਨੀਤੀ ਵਿਚਾਰ ਕੇ, ਪੂਰੀ ਨਾ ਹੋਣ ਦਿੱਤੀ। ਇਸ ਬਾਰੇ ਇਸੇ ਪੁਸਤਕ ਦੇ ਲੇਖ 'ਭਗਤ ਸਿੰਘ ਪੈਦਾ ਕੀਤੇ ਭਰਮਾਂ ਪਿਛਲੇ ਮਕਸਦ ਪਛਾਣੋ" ਵਿੱਚ ਚਰਚਾ ਕੀਤੀ ਜਾ ਚੁੱਕੀ ਹੈ।

ਹੁਣ ਲੇਖ ਅਗਲੇ ਨੁਕਤੇ ਬਾਰੇ।

ਲਿਖਿਆ ਗਿਆ ਹੈ ਕਿ ਅੰਗਰੇਜ਼ਾਂ ਨੇ ਭਗਤ ਸਿੰਘ ਦਾ ਦਾਹ ਸੰਸਕਾਰ ਸਿੱਖ ਰਹੁ ਰੀਤਾਂ ਅਨੁਸਾਰ ਕਰਕੇ ਉਸਦੀ ਅੰਤਿਮ-ਇੱਛਾ 'ਚੋਂ ਇੱਕ ਤਾਂ ਪੂਰੀ ਕਰ ਦਿੱਤੀ। ਇਸ ਰਹੁ ਰੀਤਾਂ ਨੂੰ ਅੰਗਰੇਜ਼ਾਂ ਵੱਲੋਂ ਇੱਕ ਗ੍ਰੰਥੀ ਸਿੰਘ ਦੀ ਡਿਊਟੀ ਲਗਾਏ ਜਾਣਾ ਕਿਹਾ ਜਾਂਦਾ ਹੈ। ਇਸ ਤੋਂ ਸਾਧਾਰਨ ਇਨਸਾਨ ਭੁਲੇਖੇ ਵਿਚ ਪੈ ਸਕਦਾ ਹੁੰਦਾ ਹੈ ਕਿ ਗ੍ਰੰਥੀ ਸਿੰਘ ਰਾਹੀਂ ਦਾਹ ਸੰਸਕਾਰ ਸਿੱਖ-ਰਹੁ ਰੀਤਾਂ ਅਨੁਸਾਰ ਹੀ ਕਰਵਾਇਆ ਗਿਆ ਹੋਵੇਗਾ।

ਪਰ ਜੇਕਰ ਬਿਲਕੁਲ ਮਾਮੂਲੀ ਜਿਹਾ ਸੋਚ-ਵਿਚਾਰ ਕਰ ਲਈਏ ਤਾਂ ਗੱਲ ਸਾਫ ਹੋ ਜਾਂਦੀ ਹੈ। ਲਓ ਫਿਰ। ਭਲਾਂ ਇਹ ਸਿੱਖ ਰਹੁ-ਰੀਤਾਂ ਕਿਸਨੇ ਬਣਾਈਆਂ ਹਨ ਕਿ ਮਰਨ ਵਾਲੇ ਦੀ ਲਾਸ ਉਸਦੇ ਵਾਰਸਾਂ ਨੂੰ ਨਾ ਸੌਂਪੀ ਜਾਵੇ? ਵਾਰਸਾਂ ਤੋਂ ਵਗੈਰ ਦਾਹ-ਸੰਸਕਾਰ ਕਰਨਾ ਸਿੱਖ ਰਹੁ-ਰੀਤਾਂ ਅਨੁਸਾਰ ਕਿਵੇਂ ਹੋਇਆ? ਸਰਕਾਰ ਵੱਲੋਂ ਸਿਰਫ ਉਨ੍ਹਾਂ ਲਾਸਾਂ ਦਾ ਦਾਹ ਸੰਸਕਾਰ ਹੀ ਕੀਤਾ ਜਾ ਸਕਦਾ ਹੁੰਦਾ ਹੈ ਜਿੰਨਾਂ ਦੇ ਕੋਈ ਵਾਰਸ ਨਾ ਹੋਣ। ਪਰ ਇਨ੍ਹਾਂ ਤਿੰਨੇ ਮਹਾਨ ਸਪੂਤਾਂ ਦੇ ਵਾਰਸ ਤਾਂ ਲਾਹੌਰ ਵਿੱਚ ਹੀ ਮੌਜੂਦ ਸਨ। ਉਹ 22 ਮਾਰਚ ਨੂੰ ਮੁਲਾਕਾਤ ਲਈ ਲਾਹੌਰ ਸਹਿਰ ਵੀ ਗਏ ਹੋਏ ਸਨ। ਜੇਕਰ ਵਾਰਸਾਂ ਤੋਂ ਬਿਨਾਂ ਦਾਹ-ਸੰਸਕਾਰ ਕਰਨ ਨੂੰ ਸਿੱਖ ਰਹੁ-ਰੀਤਾਂ ਆਗਿਆ ਦਿੰਦੀਆਂ ਹਨ ਤਾਂ ਇਨ੍ਹਾਂ 'ਤੇ ਹੀ ਕਿੰਤੂ ਕਰਨਾ ਪਵੇਗਾ। ਪਰ ਸਿੱਖ ਰਹੁ-ਰੀਤਾਂ ਇਹ ਨਹੀਂ ਹਨ। ਇੱਥੋਂ ਤੱਕ ਕਿ ਸਾਡੀ ਸਭਿਆਚਾਰਕ ਰੀਤ ਅਨੁਸਾਰ ਤਾਂ ਵਾਰਸਾਂ ਤੋਂ ਬਿਨਾਂ ਹੋਰ ਰਿਸਤੇਦਾਰਾਂ ਤੱਕ ਨੂੰ ਦਾਹ-ਸੰਸਕਾਰ 'ਤੇ ਸੱਦਿਆ ਜਾਂਦਾ ਹੈ।

ਇਸ ਤੋਂ ਇਲਾਵਾ ਅੰਗਰੇਜ਼ਾਂ ਦੇ ਰਹੁ-ਰੀਤਾਂ ਪ੍ਰਤੀ ਇੰਨਾ ਸੰਜੀਦਾ ਹੋਣ ਨੂੰ ਇਕ ਹੋਰ ਪੱਖ ਤੋਂ ਵੀ ਦੇਖਿਆ ਜਾਣਾ ਚਾਹੀਦਾ ਹੈ- ਉਹ ਹੈ ਕਾਨੂੰਨੀ ਪੱਖ। ਕਾਨੂੰਨੀ ਪੱਖੋਂ ਵੀ ਫਾਂਸੀ ਲਗਾਉਣ ਦੇ ਬਾਅਦ ਲਾਸ ਵਾਰਸਾਂ ਨੂੰ ਸੌਂਪੀ ਜਾਣੀ ਚਾਹੀਦੀ ਹੈ। ਪਰ ਅੰਗਰੇਜ ਸਾਸਕਾਂ ਨੇ ਅਜਿਹਾ ਨਹੀਂ ਕੀਤਾ। ਕਿਉਂ? ਜੇਕਰ ਅੰਗਰੇਜ ਰਹੁ-ਰੀਤਾਂ ਪ੍ਰਤੀ ਇੰਨੇ ਹੀ ਸੰਜੀਦਾ ਹੁੰਦੇ ਤਾਂ ਉਹ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਲਾਸਾਂ ਉਨ੍ਹਾਂ ਦੇ ਵਾਰਸਾਂ ਨੂੰ ਨਾ ਸੌਂਪਦੇ?

ਅੰਗਰੇਜ਼-ਹਕੂਮਤ ਨੇ ਤਿੰਨੇ ਸਹੀਦਾਂ ਦੀਆਂ ਲਾਸਾਂ ਉਨ੍ਹਾਂ ਦੇ ਵਾਰਸਾਂ ਨੂੰ ਕਿਉਂ ਨਹੀਂ ਦਿੱਤੀਆਂ? ਕਿਉਂਕਿ ਹਕੂਮਤ ਘਬਰਾਈ ਹੋਈ ਸੀ ਕਿ ਇਉਂ ਲਾਸਾਂ ਦੇਣ ਨਾਲ ਜਬਰਦਸਤ ਗੜਬੜ ਖੜ੍ਹੀ ਹੋ ਜਾਵੇਗੀ। ਇਸ ਲਈ ਅੰਗਰੇਜ-ਹਕੂਮਤ ਤਾਂ ਇਨ੍ਹਾਂ ਲਾਸਾਂ ਨੂੰ ਕਿਵੇਂ ਨਾ ਕਿਵੇਂ ਬਿਲੇ ਲਾਉਣ ਲਈ ਕਾਹਲੀ ਸੀ ਅਤੇ ਉਹ ਵੀ ਗੁਪਤ ਢੰਗ ਨਾਲ। ਅਜਿਹੀ ਹਾਲਤ ਵਿਚ ਉਹਨਾਂ ਵੱਲੋਂ ਵੱਖੋ-ਵੱਖਰੇ ਤਿੰਨ ਤਰ੍ਹਾਂ ਦੇ ਧਾਰਮਿਕ ਵਿਅਕਤੀਆਂ ਨੂੰ ਸੱਦ ਕੇ ਉਨ੍ਹਾਂ ਦੀਆਂ ਦਾਹ-ਸੰਸਕਾਰ ਦੀਆਂ ਰਹੁ-ਰੀਤਾਂ ਨਿਭਾਉਣ ਦੀ ਗੱਲ ਕਰਨਾ ਉਂਞ ਹੀ ਬਚਕਾਨਾ ਗੱਲ ਹੈ। ਮਿੰਟ ਦੀ ਮਿੰਟ ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਇਸਦਾ ਪ੍ਰਬੰਧ ਹਕੂਮਤ ਨੇ ਪਹਿਲੋਂ ਹੀ ਕਰ ਰੱਖਿਆ ਸੀ ਤਾਂ ਫਿਰ ਇਹ ਧਾਰਮਿਕ ਵਿਅਕਤੀਆਂ ਦਾ ਦੋਸ ਬਣਦਾ ਹੈ ਕਿ ਉਨ੍ਹਾਂ ਨੇ ਵਾਰਸਾਂ ਤੋਂ ਵਗੈਰ ਧਾਰਮਿਕ ਰਹੁ-ਰੀਤਾਂ ਕਿਉਂ ਪੂਰੀਆਂ ਕੀਤੀਆਂ? ਅਸਲ ਗੱਲ ਇਹ ਹੈ ਕਿ ਨਾ ਤਾਂ ਅਜਿਹੇ ਕੋਈ ਧਾਰਮਿਕ ਵਿਅਕਤੀ ਸੱਦੇ ਗਏ, ਬਲਕਿ ਅੰਗਰੇਜ ਹਕੂਮਤ ਨੇ ਤਾਂ ਫਾਂਸੀ ਲਾ ਕੇ ਲਾਸ਼ਾਂ ਟੁਕੜੇ-ਟੁਕੜੇ ਕਰਕੇ ਸਤਲੁਜ ਕਿਨਾਰੇ ਲਿਜਾਣ ਤੱਕ ਦੀ ਪਹਿਲਾਂ ਭਿਣਕ ਹੀ ਨਹੀਂ ਪੈਣ ਦਿੱਤੀ। ਇਸ ਲਈ ਨਾ ਤਾਂ ਭਗਤ ਸਿੰਘ ਵਰਗਿਆਂ ਨੇ ਕੋਈ ਧਾਰਮਿਕ ਰਹੁ-ਰੀਤਾਂ ਦੀ ਕੋਈ ਅੰਤਿਮ ਇੱਛਾ ਜਾਹਰ ਕੀਤੀ ਸੀ ਅਤੇ ਨਾ ਹੀ ਅੰਗਰੇਜੀ ਸਾਸਕਾਂ ਨੇ ਕੋਈ ਅਜਿਹਾ ਕਰਮ ਕੀਤਾ।

ਸਾਂਡਰਸ ਅਤੇ ਚੰਨਣ ਸਿੰਘ ਦੇ ਕਤਲ ਬਾਰੇ ਵੀ ਗੱਲ ਕਰਨੀ ਜਰੂਰੀ ਹੈ। ਲੇਖਕ ਲਿਖਦਾ ਹੈ ਕਿ "ਮੈਂ ਤੇ ਕੁੱਝ ਹੋਰ ਵਿਦਿਆਰਥੀ, ਗਵਰਨਮੈਂਟ ਕਾਲਜ ਦੇ 'ਨਿਊ ਹੋਸਟਲ' ਦੀ ਧੁਰ ਛੱਤ ਉਤੇ ਬੈਠੇ ਪੜ੍ਹ ਰਹੇ ਸੀ ਕਿ ਠਾਹ ਠਾਹ ਦੋ ਗੋਲੀਆਂ ਚਲੀਆਂ ਤੇ ਪੁਲਿਸ ਦੇ ਦਫਤਰੋਂ ਇਕ ਅੰਗਰੇਜ ਨਿਕਲ ਕੇ, ਆਪਣੇ ਮੋਟਰ ਸਾਈਕਲ ਉਤੇ ਚੜ੍ਹਣ ਲੱਗਾ, ਮਰ ਕੇ ਭੋਇੰ ਤੇ ਡਿਗਦਾ ਅਸਾਂ ਡਿਠਾ। ਇਤਨੇ ਨੂੰ ਰੌਲਾ-ਗੌਲਾ ਪੈ ਗਿਆ ਤੇ ਸਾਰਾ ਚੌਕ ਲੋਕਾਂ ਨਾਲ ਤੇ ਪੁਲਿਸ ਨਾਲ ਭਰ ਗਿਆ। ਇਉਂ ਭਗਤ ਸਿੰਘ ਜਾਂ ਉਸ ਦੇ ਕਿਸੇ ਸਾਥੀ ਨੇ ਸਾਂਡਰਸ ਨੂੰ ਸਕਾਟ ਦੇ ਭੁਲੇਖੇ ਕਤਲ ਕਰ ਦਿਤਾ ਅਤੇ ਚੰਨਣ ਸਿੰਘ ਨੂੰ ਇਸ ਅਪਰਾਧ ਵਿੱਚ ਕਿ ਉਸ ਨੇ ਆਪਣੇ ਸਾਥੀ ਅਫਸਰ ਦੇ ਕਾਤਲ ਨੂੰ ਫੜਨ ਦਾ ਯਤਨ ਕਰਨ ਦੀ ਧਰਮ-ਪਾਲਨਾ ਕਿਉਂ ਕੀਤੀ।"

ਸੋ ਕਪੂਰ ਸਿੰਘ "ਆਖ ਦਮੋਦਰ ਅੱਖੀਂ ਡਿੱਠਾ" ਵਾਂਙ ਇਹ ਘਟਨਾ ਵੀ ਆਪਣੇ ਅੱਖੀਂ ਦੇਖਣ ਦਾ ਦਾਅਵਾ ਕਰਦਾ ਹੈ। ਭਲਾਂ ਲੇਖਕ ਨੂੰ ਇਸ ਗੱਲ ਦਾ ਕਿਉਂ ਨਾ ਪਤਾ ਲੱਗਿਆ ਕਿ "ਸਾਂਡਰਸ ਨੂੰ ਭਗਤ ਸਿੰਘ ਨੇ ਕਤਲ ਕੀਤਾ ਹੈ ਜਾਂ ਕਿਸੇ ਹੋਰ ਨੇ" ਜਦੋਂ ਕਿ ਉਹ "ਭਗਤ ਸਿੰਘ ਨੂੰ ਜਾਣਦਾ ਸੀ" ਤੇ ਆਪਣੀਆਂ ਦੋਨਾਂ ਅੱਖਾਂ ਨਾਲ ਸਾਂਡਰਸ 'ਤੇ ਗੋਲੀਆਂ ਚਲਾਉਣ ਵਾਲੇ ਨੂੰ ਵੀ ਦੇਖ ਰਿਹਾ ਸੀ?

ਹੋਰ ਲਵੋ! ਕਪੂਰ ਸਿੰਘ ਦੋ ਗੋਲੀਆਂ ਚੱਲੀਆਂ ਦੱਸਦਾ ਹੈ ਜਿਸਦਾ ਭਾਵ ਇਹ ਹੋਇਆ ਕਿ ਇਕ ਗੋਲੀ ਸਾਂਡਰਸ ਦੇ ਲੱਗੀ ਤੇ ਦੂਸਰੀ ਚੰਨਣ ਸਿੰਘ ਦੇ। ਸਾਂਡਰਸ ਦੇ ਇੱਕ ਗੋਲੀ ਨਹੀਂ ਬਲਕਿ ਕਿੰਨੀਆਂ ਹੀ ਗੋਲੀਆਂ ਲੱਗਣ ਦੀ ਪੁਸਟੀ ਹੋ ਚੁੱਕੀ ਹੈ। ਭਗਤ ਸਿੰਘ ਵਰਗਿਆਂ ਮਗਰ ਹੋਰ ਵੀ ਪੁਲਸੀਏ ਭੱਜੇ ਸਨ ਜਿਨ੍ਹਾਂ 'ਤੇ ਭਗਤ ਸਿੰਘ ਨੇ ਗੋਲੀਆਂ ਚਲਾਈਆਂ ਸਨ ਅਤੇ ਆਪ ਉਥੋਂ ਨਿਕਲ ਤੁਰੇ। ਪਰ ਜਦੋਂ ਚੰਨਣ ਸਿੰਘ, ਮਗਰ ਭਜਦਾ ਹੈ ਤਾਂ ਪਹਿਲਾਂ ਇਸ ਨੂੰ ਚੇਤਾਵਨੀ ਆਉਂਦੀ ਹੈ-"ਏਹ ਪੀਛੇ ਹਟੋ, ਦੌੜੋ"। ਉਂਞ ਤਾਂ ਇਹ ਚਿਤਾਵਨੀ ਹੀ ਦਸਦੀ ਹੈ ਕਿ ਇਹ ਹਿੰਦੀ ਭਾਸੀ ਹੈ। ਪਰ ਫਿਰ ਵੀ ਚੰਨਣ ਸਿੰਘ ਦੇ ਗੋਲੀ ਉਦੋਂ ਵਜਦੀ ਹੈ ਜਦੋਂ ਅਜੇ ਉਹ ਭਗਤ ਸਿੰਘ ਵਰਗਿਆਂ ਦੇ ਮਗਰ ਭਜਦਾ ਹੈ। ਬੋਲੀ ਅਤੇ ਇਕੋ ਗੋਲੀ ਨਾਲ ਮਾਰ ਦੇਣ ਤੋਂ ਵੀ ਸਾਫ ਜਾਹਰ ਹੋ ਜਾਂਦਾ ਹੈ ਕਿ ਉਹ ਗੋਲੀ ਚੰਦਰ ਸੇਖਰ ਅਜਾਦ ਦੀ ਸੀ। ਇਹ ਪਹਿਲਾਂ ਹੀ ਤੈਅ ਕੀਤਾ ਹੋਇਆ ਸੀ ਕਿ ਚੰਦਰ ਸੇਖਰ ਆਜਾਦ ਭਗਤ ਸਿੰਘ ਵਰਗਿਆਂ ਦੀ ਰੱਖਿਆ ਕਰੇਗਾ। ਜੋ ਉਸਨੇ ਉਨ੍ਹਾਂ ਨੂੰ ਬਚਾਉਣ ਲਈ ਪਹਿਲਾਂ ਚੰਨਣ ਸਿੰਘ ਨੂੰ ਚੇਤਾਵਨੀ ਦੇ ਕੇ ਸਫਲ ਕਰਨ ਦੀ ਕੋਸ਼ਿਸ ਕੀਤੀ ਪਰ ਜਦੋਂ ਉਹ ਨਾ ਟਲਿਆ ਤਾਂ ਫਿਰ ਉਸਨੂੰ ਗੋਲੀ ਮਾਰ ਕੇ ਆਪਣੇ ਸਾਥੀਆਂ ਦੀ ਰੱਖਿਆ ਕਰਕੇ ਕੀਤੀ।

ਸੋ ਇਸਤੋਂ ਸਾਫ ਹੋ ਜਾਂਦਾ ਹੈ ਕਿ ਗੋਲੀਆਂ ਵੀ ਕਈ ਚੱਲੀਆਂ ਅਤੇ ਚੱਲੀਆਂ ਵੀ ਰੁਕ ਰੁਕ ਪਰ ਕਪੂਰ ਸਿੰਘ ਨੂੰ ਦੋ ਗੋਲੀਆਂ ਦੀ ਆਵਾਜ ਹੀ ਸੁਣੀ। ਇਸਤੋਂ ਸਾਫ ਜਾਹਰ ਹੋ ਜਾਂਦਾ ਹੈ ਕਿ ਉਸਨੇ ਇਹ ਘਟਨਾ ਵੀ ਆਪਣੇ ਅੱਖੀਂ ਨਹੀਂ ਦੇਖੀ। ਚਲੋ ਜੇ ਕਪੂਰ ਸਿੰਘ ਆਪਣੇ ਸਾਥੀ ਵਿਦਿਆਰਥੀਆਂ ਸਮੇਤ ਛੱਤ ਤੋਂ ਉੱਤਰ ਕੇ ਆਇਆ ਦਿਖਾਉਂਦਾ ਤਾਂ ਵੀ ਸਕਦਾ ਸੀ ਕਿ ਉਸਨੂੰ ਘੱਟ ਗੋਲੀਆਂ ਦੀ ਆਵਾਜ ਸੁਣਾਈ ਦਿੱਤੀ ਹੋਣੀ ਹੈ। ਪਰ ਉਹ ਦਾਅਵਾ ਕਰਦਾ ਹੈ ਕਿ ਉਸਨੇ ਸਾਰੀ ਘਟਨਾ ਅੱਖੀਂ ਦੇਖੀ।

ਹੁਣ ਸਾਂਡਰਸ ਬਾਰੇ। ਹਾਂ, ਇਹ ਠੀਕ ਹੈ ਕਿ ਸਾਂਡਰਸ, ਸਕਾਟ ਤੋਂ ਘੱਟ ਜ਼ਿੰਮੇਵਾਰ ਅੰਗਰੇਜ਼ ਅਫਸਰ ਸੀ। ਭਗਤ ਸਿੰਘ ਵਰਗਿਆਂ ਨੇ ਮਾਰਨ ਦਾ ਨਿਸਾਨਾ ਵੀ ਸਕਾਟ ਮਿਥਿਆ ਸੀ ਅਤੇ ਇਸ ਲਈ ਮਾਰਨ ਤੋਂ ਬਾਅਦ ਲਾਏ ਜਾਣ ਵਾਲੇ ਜੋ ਪੋਸਟਰ ਤਿਆਰ ਕੀਤੇ ਗਏ ਸਨ ਉਸ 'ਤੇ ਸਕਾਟ ਦਾ ਨਾਮ ਲਿਖਿਆ ਸੀ ਜੋ ਬਾਅਦ 'ਚ ਕੱਟਕੇ ਸਾਂਡਰਸ ਕੀਤਾ ਗਿਆ ਤੇ ਲਾਏ ਗਏ। ਬਾਅਦ 'ਚ ਜੋ ਪੋਸਟਰ ਤਿਆਰ ਕਰਕੇ ਲਾਏ ਗਏ ਉਨ੍ਹਾਂ 'ਤੇ ਸਾਂਡਰਸ ਦਾ ਨਾਮ ਸਿੱਧੇ ਤੌਰ 'ਤੇ ਲਿਖਿਆ ਗਿਆ।

ਪਰ ਸਾਂਡਰਸ ਨਿਰਦੋਸ਼ ਕਿਵੇਂ ਸੀ? ਕੀ ਉਹ ਇੱਥੇ ਸਾਡੇ ਦੇਸ ਦੀ ਸੇਵਾ ਕਰਨ ਜਾਂ ਫਿਰ ਧਾਰਮਿਕ ਧਾਮਾਂ ਦੇ ਦਰਸਨਾਂ ਲਈ ਆਇਆ ਸੀ? ਨਹੀਂ, ਉਹ ਤਾਂ ਆਪਣੇ ਆਕਿਆਂ ਅੰਗਰੇਜੀ ਸਰਮਾਏਦਾਰਾਂ ਦੇ ਸਾਸਨ ਦੀ ਮਿਆਦ ਵਧਾਉਣ ਲਈ ਆਇਆ ਅਤੇ ਜਨਤਾ 'ਤੇ ਲਾਠੀਚਾਰਜ ਕਰਨ ਵਿੱਚ ਵੀ ਅਗਵਾਈ ਕਰ ਰਿਹਾ ਸੀ, ਭਾਵੇਂ ਕਮਾਂਡ ਸਕਾਟ ਦੀ ਸੀ। ਗੱਲ ਇਹ ਨਹੀਂ ਹੁੰਦੀ ਕਿ ਸਿਰਫ ਡਾਂਗ ਵਰ੍ਹਾਉਣ ਜਾਂ ਗੋਲੀ ਚਲਾਉਣ ਕਰਕੇ ਹੀ ਦੋਸੀ ਬਣਦਾ ਹੈ, ਬਲਕਿ ਜੋ ਵੀ ਉਸ ਵੇਲੇ ਅੰਗਰੇਜਾਂ ਦੇ ਸਾਡੇ ਦੇਸ 'ਤੇ ਸਾਸਨ ਰਹਿਣ ਲਈ ਯਤਨ ਕਰਦਾ ਸੀ ਉਹ ਸਾਡੇ ਦੇਸ ਅਤੇ ਕੌਮ ਦੀ ਨਜਰ 'ਚ ਦੋਸੀ ਸੀ। ਸਾਂਡਰਸ ਨਿਰਦੋਸ ਕਿਵੇਂ? ਕੀ ਇਸੇ ਆਧਾਰ 'ਤੇ ਹੀ ਉਦੋਂ ਦੇ ਸਿੱਖ ਆਗੂਆਂ ਨੇ ਅੰਮ੍ਰਿਤਸਰ ਜਾਂ ?ਲ੍ਹਿਆਂ ਵਾਲੇ ਬਾਗ ਵਰਗੇ ਖੂਨੀ ਕਾਂਡ ਰਚਾਉਣ ਵਾਲੇ,ਓਡਵਾਇਰ ਨੂੰ ਗੋਲੀ ਦੇਣ ਸਿਰੋਪਾਓ ਦਿੱਤਾ ਸੀ? ਓਡਵਾਇਰ ਨੇ ਤਾਂ ਦਰਿੰਦਗੀ ਦਾ ਅਕਹਿ ਨੰਗਾ ਨਾਚ ਨੱਚਿਆ ਰਹੀ ਗੱਲ ਚੰਨਣ ਸਿੰਘ ਦੇ ਨਿਰਦੋਸ ਹੋਣ ਦੀ। ਨਿਰਦੋਸ ਜਾਂ ਦੋਸ ਸਮੇਂ ਅਤੇ ਨਾਲ ਜੋੜਕੇ ਹੀ ਦੇਖਿਆ ਜਾਣਾ ਚਾਹੀਦਾ ਹੈ। ਮਿਸਾਲ ਵਜੋਂ ਕੋਈ ਦੇਸ ਦੂਸਰੇ ਦੇਸ ਕਬਜਾ ਕਰਨਾ ਚਾਹੁੰਦਾ ਹੈ ਤਾਂ ਜਿਹੜਾ ਵਿਅਕਤੀ ਕਬਜਾ ਕਰਨ ਦੇ ਹੱਕ ਵਿਚ ਹੱਥ ਵਟਾਉਂਦਾ ਹੈ, ਉਨ੍ਹਾਂ ਦੀ ਨਜਰ ਉਸਦਾ ਇਹ ਕੰਮ ਗੁਨਾਹ ਨਹੀਂ ਹੋਵੇਗਾ। ਪਰ ਦੇਸ 'ਤੇ ਕਬਜਾ ਕੀਤਾ ਜਾ ਰਿਹਾ ਹੁੰਦਾ ਹੈ, ਉਸਦੀ ਨਜਰ ਤੋਂ ਉਹ ਗੁਨਾਹ ਹੋਵੇਗਾ। ਲਈ ਕਿਸੇ ਵਿਅਕਤੀ ਦਾ ਗੁਨਾਹ ਵੀ ਦੂਸਰੇ ਦੀ ਨਜਰ 'ਚ ਅੱਛਾ ਕੰਮ ਹੋ ਨਿੱਬੜਦਾ ਜਿੱਥੇ ਧਿਰਾਂ ਹੋਣ, ਉਥੇ ਨਿਰਦੋਸ ਅਤੇ ਦੋਸ ਨੂੰ ਇਸੇ ਨਜਰੀਏ ਨਾਲ ਦੇਖਿਆ ਜਾਣਾ ਹੈ। ਇਸਦੀ ਹੋਰ ਸਪਸਟਤਾ ਲਈ ਇੱਕ ਮਿਸਾਲ ਲੈਂਦੇ ਹਾਂ। ਇਤਿਹਾਸ ਵਿੱਚ ਗੰਗੂ ਦਾ ਜ਼ਿਕਰ ਆਉਂਦਾ ਹੈ ਕਿ ਉਸਨੇ ਗੁਰੂ ਗੋਬਿੰਦ ਸਿੰਘ ਦੇ ਸਾਹਿਬਜਾਦੇ ਮੁਸਲਮਾਨ ਨੂੰ ਫੜਾ ਦਿੱਤੇ। ਉਨ੍ਹਾਂ ਨੇ ਦੋਨੋਂ ਸਾਹਿਬਜਾਦੇ ਸਹੀਦ ਕਰ ਦਿੱਤੇ। ਹੁਣ ਦੇਖੋ। ਸਾਸਕਾਂ ਦੇ ਹੱਥ ਸਾਹਿਬਜਾਦੇ ਸੌਂਪਣ ਕਰਕੇ ਗੰਗੂ ਬ੍ਰਾਹਮਣ ਨੂੰ ਸਾਡੇ ਦੇਸ ਵਿਚ ਨਫਰਤ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਕਿਉਂ? ਕਿਉਂਕਿ ਇੱਥੇ ਦੋ ਧਿਰਾਂ ਹਨ-ਇੱਕ ਮੁਸਲਮਾਨ ਸਾਸਕ ਅਤੇ ਦੂਸਰੇ ਪਾਸੇ ਸਾਡੇ ਦੇਸ ਦੀ ਧਿਰ। ਦੋਨੋਂ ਦੀ ਆਪਸੀ ਵਿੱਚ ਜੰਗ ਚੱਲ ਰਹੀ ਸੀ। ਇਸ ਲਈ ਮੁਸਲਮਾਨ ਸਾਸਕਾਂ ਦੀ ਨਜਰ 'ਚ ਤਾਂ ਉਹ ਇੱਕ ਵਡਮੁੱਲਾ ਵਿਅਕਤੀ ਸੀ ਪਰ ਸਾਡੇ ਦੇਸ ਦੀ ਧਿਰ ਦੀ ਨਜਰ 'ਚ ਉਹ ਘ੍ਰਿਣਾ ਦਾ ਪਾਤਰ। ਮੁਸਲਮਾਨ ਗੰਗੂ ਨੂੰ ਸਾਬਾਸ ਦਿੰਦੇ ਹੋਣਗੇ ਪਰ ਸਾਡਾ ਦੇਸ ਲਾਹਨਤਾਂ ਪਾਉਂਦਾ ਹੈ। ਬਸ, ਇਸੇ ਤਰ੍ਹਾਂ ਹੀ ਅੰਗਰੇਜ਼ੀ ਸਾਸਕਾਂ ਵੇਲੇ ਵੀ ਦੋ ਧਿਰਾਂ ਸਨ-ਅੰਗਰੇਜ ਸਾਸਕ ਅਤੇ ਸਾਡੇ ਦੇਸ ਦੀ ਧਿਰ ਅਤੇ ਦੋਨਾਂ ਦਰਮਿਆਨ ਜੰਗ ਜਾਰੀ ਸੀ। ਇਸ ਲਈ ਇਸ ਨਜਰੀਏ ਤੋਂ ਚੰਨਣ ਸਿੰਘ ਵੀ ਗੰਗੂ ਬ੍ਰਾਹਮਣ ਦਾ ਰੋਲ ਹੀ ਅਦਾ ਕਰ ਰਿਹਾ ਸੀ। ਸਵਾਲ ਕਾਮਯਾਬ ਹੋਣ ਜਾਂ ਨਾ ਹੋਣ ਦਾ ਨਹੀਂ।

ਇਸ ਲਈ ਜੇਕਰ ਗੰਗੂ ਬ੍ਰਾਹਮਣ ਇਤਿਹਾਸ 'ਚ ਦੋਸ਼ੀ ਅਤੇ ਨਫਰਤ ਦਾ ਪਾਤਰ ਹੈ ਤਾਂ ਉਹੀ ਕਰਮ ਪੂਰਾ ਕਰਨ ਦੀ ਕੋਸ਼ਿਸ਼ ਕਰਨ ਵਾਲਾ ਚੰਨਣ ਸਿੰਘ ਨਿਰਦੋਸ ਕਿਵੇਂ ਹੋਇਆ? ਕਿਵੇਂ ਵੀ ਨਹੀਂ। ਚੰਨਣ ਸਿੰਘ ਵੀ ਗੰਗੂ ਦੀ ਤਰ੍ਹਾਂ ਅਤੇ ਉਨਾਂ ਹੀ ਦੋਸੀ ਹੈ, ਦੋਵੇਂ ਹੀ ਕੌਮ ਦੇ ਦੋਸ਼ੀ ਸਨ।

ਇੱਥੇ ਇੱਕ ਗੱਲ ਚੰਨਣ ਸਿੰਘ ਦੇ ਕਤਲ ਸਬੰਧੀ ਲੇਖਕ ਦੇ ਨਿਭਾਏ ਰੋਲ ਬਾਰੇ ਵੀ ਕਰਨੀ ਜਰੂਰੀ ਹੈ। ਉਹ ਇਹ ਹੈ ਕਿ ਜਦੋਂ ਲੇਖਕ ਇਹ ਸਮਝਦਾ ਸੀ ਕਿ ਭਗਤ ਸਿੰਘ ਨੇ ਇਕ ਗੁਰਸਿੱਖ ਚੰਨਣ ਸਿੰਘ ਨੂੰ ਨਿਹੱਕੇ ਤੌਰ 'ਤੇ ਕਤਲ ਕੀਤਾ ਹੈ ਤਾਂ ਉਸਦਾ ਫਰਜ ਬਣਦਾ ਸੀ ਕਿ ਉਹ ਆਪਣੇ ਆਪ ਅੱਗੇ ਆ ਕੇ ਭਗਤ ਸਿੰਘ ਦੀ ਸਨਾਖਤ ਕਰਦਾ। ਫਿਰ ਉਸਨੂੰ ਕਿਹੜਾ ਡਰ ਜਾਂ ਲਾਲਚ ਸੀ ਕਿ ਉਸਨੇ ਅਜਿਹਾ ਨਹੀਂ ਕੀਤਾ? ਇਸ ਦੇ ਉਲਟ ਉਸਨੇ ਅੰਗਰੇਜਾਂ ਦੇ 'ਡਰ' ਅਤੇ 'ਲਾਲਚ' ਦੇ ਬਾਵਜੂਦ ਵੀ ਅਜਿਹਾ ਨਹੀਂ ਕੀਤਾ। ਇਸ ਪਿੱਛੇ ਕਿਹੜਾ ਤਰਕ ਹੈ?

ਸੋ ਸਾਰੀ ਵਿਚਾਰ-ਚਰਚਾ ਤੋਂ ਸਾਫ ਹੋ ਜਾਂਦਾ ਹੈ ਕਿ ਭਗਤ ਸਿੰਘ ਵਰਗਿਆਂ ਨੇ ਨਾ ਤਾਂ ਕਿਸੇ ਨਿਰਦੋਸ ਦੀ ਹੱਤਿਆ ਕੀਤੀ ਅਤੇ ਨਾ ਇਸ ਤਰ੍ਹਾਂ ਕਰਨ ਵਿੱਚ ਉਨ੍ਹਾਂ ਦਾ ਕੋਈ ਯਕੀਨ ਸੀ, ਨਾ ਅੰਤਲੇ ਦੌਰ 'ਚ ਕਿਸੇ ਰੱਬ ਆਦਿ ਵਿੱਚ ਵਿਸਵਾਸ ਕਰਨ ਲੱਗੇ ਅਤੇ ਨਾ ਹੀ ਕਿਸੇ ਧਰਮ ਵਿੱਚ ਅਤੇ ਨਾ ਹੀ ਉਨ੍ਹਾਂ ਨੇ ਅੰਮ੍ਰਿਤ ਛੱਕ ਕੇ" ਸਿੱਖ ਬਣਨ ਦੀ ਕੋਈ ਇੱਛਾ ਜਾਹਰ ਕੀਤੀ। ਉਹ ਆਪਣੇ ਅੰਤਲੇ ਦਮ ਤੱਕ ਮੌਤ ਦਾ ਮੁਕਾਬਲਾ ਕਰਨ ਲਈ ਤਰਕ ਦਾ ਸਹਾਰਾ ਲੈਂਦੇ ਰਹੇ। ਨਾ ਅੰਗਰੇਜਾਂ ਨੇ ਉਨ੍ਹਾਂ ਤਿੰਨੇ ਮਹਾਨ ਸਪੂਤਾਂ ਦੀਆਂ ਲਾਸਾਂ ਦਾ ਦਾਹ-ਸੰਸਕਾਰ ਕਿਸੇ ਕਿਸਮ ਦੀਆਂ ਧਾਰਮਿਕ ਰਹੁ-ਰੀਤਾਂ ਅਨੁਸਾਰ ਕੀਤਾ ਅਤੇ ਨਾ ਹੀ ਇਨ੍ਹਾਂ ਸਹੀਦਾਂ ਨੇ ਅਜਿਹੀ ਕੋਈ ਇੱਛਾ ਜਾਹਰ ਕੀਤੀ ਸੀ।

ਹਾਂ, ਪਾਠਕਾਂ ਨੂੰ ਇਹ ਜਰੂਰ ਸੋਚਣਾ ਬਣਦਾ ਹੈ ਕਿ ਸਿਰਦਾਰ ਕਪੂਰ ਸਿੰਘ, ਜਿਹੜੇ ਹਰ ਘਟਨਾ ਵੇਲੇ ਮੌਕੇ 'ਤੇ ਹਾਜਰ ਹੁੰਦੇ ਸੀ, ਉਹ ਇਨ੍ਹਾਂ ਤਿੰਨੇ ਮਹਾਨ ਸਪੂਤਾਂ ਦਾ ਅੰਗਰੇਜਾਂ ਵੱਲੋਂ ਦਾਹ-ਸੰਸਕਾਰ ਕਰਨ ਵੇਲੇ ਗੈਰ-ਹਾਜਰ ਕਿਉਂ ਰਹੇ।

# ਯੂਕਰੇਨ ਦੀ ਤਬਾਹੀ ਦਾ ਜ਼ਿੰਮੇਵਾਰ ਕੌਣ ? ਰੂਸ ਜਾਂ ਅਮਰੀਕਾ

ਨਰਭਿੰਦਰ
93544-30211



ਯੂਕਰੇਨ ਉੱਤੇ ਰੂਸ ਹਮਲੇ ਦੇ ਤਕਰੀਬਨ 25 ਦਿਨ ਪੁੱਗ ਚੁੱਕੇ ਹਨ। 15 ਲੱਖ ਯੂਕਰੇਨ ਦੇਸ਼ ਛੱਡ ਕੇ ਗੁਆਂਢੀ ਮੁਲਕਾਂ ਵਿਚ ਰਫਿਊਜੀ ਬਣ ਗਏ ਹਨ। ਹਜ਼ਾਰਾਂ ਨਾਗਰਿਕਾਂ ਅਤੇ ਫੌਜੀਆਂ ਦੀਆਂ ਮੌਤਾਂ ਦੀਆਂ ਖ਼ਬਰਾਂ ਆ ਰਹੀਆਂ ਹਨ। ਢਹਿ-ਢੇਰੀ ਹੋਈਆਂ ਬਿਲਡਿੰਗਾਂ ਆਰਥਿਕ ਤਬਾਹੀ ਦੇ ਦ੍ਰਿਸ਼ ਪੇਸ਼ ਕਰ ਰਹੀਆਂ ਹਨ। ਪੱਛਮੀ ਮੀਡੀਆ (ਪੱਛਮੀ) ਅਜਿਹੀ ਭਾਵੁਕ ਕਿਸਮ ਦੀਆਂ ਤਸਵੀਰਾਂ ਦਿਖਾ ਰਿਹਾ ਹੈ ਜਿਸ ਨਾਲ ਰੂਸ ਦਾ ਜ਼ਬਰ ਚਿਹਰਾ ਪੇਸ਼ ਕੀਤਾ ਜਾਵੇ ਅਤੇ ਯੂਕਰੇਨ ਨੂੰ ਨਿਮਾਣਾ ਨਿਤਾਣਾ ਬਣਾ ਕੇ ਪੇਸ਼ ਕੀਤਾ ਜਾਵੇ। ਦਰਅਸਲ ਲੜਾਈ ਮਹਿਜ ਹਥਿਆਰਾਂ ਜਿਸ 'ਚ ਰਾਕਟ ਲਾਂਚਰ ਟੈਂਕਾਂ ਤੋਪਾਂ, ਮਿਜ਼ਾਈਲਾਂ, ਡਰੋਨਾਂ ਆਦਿ ਦੀ ਹੀ ਨਹੀਂ ਚਲ ਰਹੀ, ਇਸ ਜੰਗ ਦੇ ਨਾਲ ਦੋ ਹੋਰ ਜੰਗਾਂ ਵਿਚ ਚਲ ਰਹੀਆਂ ਹਨ ਇਕ ਪੱਛਮੀ ਜਾਂ ਨਾਟੋ ਪੋਸ਼ਤ ਮੀਡੀਆ ਦੀ ਅਤੇ ਦੂਸਰੀ ਵਪਾਰ ਅਤੇ ਆਰਥਿਕ ਪਾਬੰਦੀਆਂ ਦੀ।

ਇਸ 'ਚ ਕੋਈ ਸ਼ੱਕ ਨਹੀਂ ਕਿ ਜੰਗ, ਉਜਾੜਿਆਂ, ਤਬਾਹੀਆਂ, ਬਿਪਤਾਵਾਂ, ਮਨੁੱਖੀ ਮੌਤਾਂ ਦਾ ਇਤਿਹਾਸ ਹੀ ਸਿਰਜਦੀਆਂ ਰਹੀਆਂ ਹਨ ਅਤੇ ਰੂਸ ਯੂਕਰੇਨ ਯੁੱਧ ਵੀ ਅਜਿਹਾ ਹੀ ਕੁਝ ਕਰ ਰਿਹਾ ਹੈ ਜਿਸ ਦੀ ਦੁਨੀਆਂ ਭਰ 'ਚ ਨਿਖੇਧੀ ਹੋਈ ਹੈ ਪਰ ਵਾਰ ਵਾਰ ਸਵਾਲ ਉਠ ਰਿਹਾ ਹੈ ਕਿ ਕੀ ਰੂਸ ਹੀ ਇਕੋ ਇਕ ਹਮਲਾਵਰ ਹੈ ਜਿਹੜਾ ਯੂਕਰੇਨ ਨੂੰ ਤਬਾਹ ਕਰਨ ਉੱਤੇ ਤੁਲਿਆ ਹੋਇਆ ਹੈ ਅਤੇ ਜਿਹਨੇ 24 ਫਰਵਰੀ ਤੋਂ ਉਸ ਉੱਤੇ ਸਿੱਧਾ ਫੌਜੀ ਹਮਲਾ ਕੀਤਾ ਹੈ। ਇਕ ਯੂਕਰੇਨ ਦੇ ਕਮਿਊਨਿਸਟ ਪਰਚੇ ਨੇ ਲਿਖਿਆ ਹੈ ਕਿ "ਇਹ ਜੰਗ ਤਾਂ ਅੱਠ ਸਾਲ ਪਹਿਲਾਂ ਸ਼ੁਰੂ ਹੋ ਚੁੱਕੀ ਸੀ। ਭਾਵ 13 ਜੂਨ 2014 ਨੂੰ ਯੂਕਰੇਨ ਵਿਚ ਜਦੋਂ ਰੂਸੀ ਨਸਲ ਦੇ ਮੁਜ਼ਾਹਰਾਕਾਰੀ ਪ੍ਰਦਰਸ਼ਨ ਕਰ ਰਹੇ ਸਨ ਤਾਂ ਯੂਕਰੇਨੀ ਫੌਜਾਂ ਨੇ ਹਮਲਾ ਕੀਤਾ ਸੀ ਅਤੇ ਭਿਆਨਕ ਕਤਲੇਆਮ ਕੀਤਾ ਸੀ। ਇਸ ਸਮੇਂ ਫੌਜਾਂ ਦੇ ਨਾਲ ਯੂਕਰੇਨੀ ਨਾਜ਼ੀ ਵਾਦੀ ਗਰੋਹ ਵੀ ਸ਼ਾਮਲ ਸਨ ਜਿਨ੍ਹਾਂ ਦੀ ਪ੍ਰਤੀਨਿਧਤਾ ਜੇਲੈਂਸਕੀ ਕਰ ਰਿਹਾ ਹੈ।

ਅਸੀਂ ਇਸ ਲੇਖ ਵਿਚ ਵੀ ਯੂਕਰੇਨ ਦੇ ਇਤਿਹਾਸ ਦੇ ਕੁਝ ਬਿੰਦੂਆਂ ਨੂੰ ਦੁਹਰਾਵਾਂਗੇ।

ਕੀਵ ਸ਼ਹਿਰ ਜੋ ਯੂਕਰੇਨ ਦੀ ਰਾਜਧਾਨੀ ਹੈ ਅਤੇ ਜਿਸ ਨੂੰ ਪਿਛਲੇ ਕਈ ਦਿਨਾਂ ਤੋਂ ਰੂਸੀ ਟੈਂਕਾਂ, ਤੋਪਾਂ ਨੇ ਘੇਰਿਆ ਹੋਇਆ ਹੈ ਇਹ ਉਹ ਜਗ੍ਹਾ ਹੈ ਜਿਥੇ ਪਹਿਲੇ ਸੈਲਵਕ ਰਾਜ ਕੀਵਨਰਸ ਉਭਰਿਆ ਸੀ। ਇਹੋ ਸੈਲਵਿਕ ਰਾਜ ਅਜੋਕੇ ਯੂਕਰੇਨ ਅਤੇ ਰੂਸ ਦੀ ਜਨਮ ਭੋਂਅ ਮੰਨਿਆ ਜਾਂਦਾ ਹੈ। ਈਸਵੀ 988 ਵਿਚ ਕੀਵ ਦੇ ਪ੍ਰਿੰਸ (ਰਾਜੇ) ਵਲਾਦੀਮੀਰ ਪਹਿਲੇ ਨੇ ਆਰਥੋਡੈਕਿਸ ਕ੍ਰਿਸ਼ਚਨ ਧਰਮ ਅਪਣਾਇਆ ਸੀ। ਇਹੋ ਕਾਰਨ ਹੈ ਕਿ ਪੁਤਿਨ ਨੇ ਹਮਲੇ ਤੋਂ ਪਹਿਲਾਂ ਜਿਹੜਾ ਭਾਸ਼ਣ ਦਿੱਤਾ ਉਸ 'ਚ ਇਹ ਕਿਹਾ ਕਿ ਯੂਕਰੇਨ ਤੇ ਰੂਸ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ। ਦੋਹਾਂ ਦੇਸ਼ਾਂ ਦੇ ਨਾਗਰਿਕਾਂ ਦੀ ਸਭਿਅਤਾ ਦਾ ਬਿਦੂ ਸਾਂਝਾ ਹੈ। 13ਵੀਂ ਸਦੀ 'ਚ ਮੰਗੋਲਾਂ ਨੇ ਪੂਰਬੀ ਜੀਵਨ ਉੱਤੇ ਕਬਜ਼ਾ ਕੀਤਾ ਅਤੇ 16ਵੀਂ ਸਦੀ 'ਚ ਪੋਲਿਸ਼ ਅਤੇ ਲਿਥੂ ਆਨੀਆ ਦੀਆਂ ਫੌਜਾਂ ਨੇ ਪੱਛਮ 'ਚ ਘੁਸਪੈਠ ਕੀਤੀ। 17ਵੀਂ ਸਦੀ 'ਚ ਪੋਲਿਸ਼ ਲਿਥੂਆਨੀਆ ਕਾਮਨਵੈਲਥ ਅਤੇ ਸੋਰਡਮ ਆਫ਼ ਰਸ਼ੀਆ ਦਰਮਿਆਨ ਇਕ ਲੰਮੀ ਜੰਗ ਹੋਈ ਜਿਸ ਪਿਛੋਂ ਡੈਨੀਪਰ ਨਦੀ ਦੇ ਪੂਰਬੀ ਇਲਾਕੇ ਉੱਤੇ ਰੂਸੀ ਸਾਮਰਾਜ (ਜ਼ਾਰ ਤੋਂ ਪਹਿਲਾਂ) ਦਾ ਰਾਜ ਸਥਾਪਤ ਹੋ ਗਿਆ। ਇਸੇ ਨੂੰ ਲੈਫਟ ਬੈਂਕ ਆਫ਼ ਯੂਕਰੇਨ ਵੀ ਕਿਹਾ ਜਾਂਦਾ ਹੈ। 1793 ਵਿਚ ਰਾਈਟ ਬੈਂਕ (ਪੱਛਮੀ) ਯੂਕਰੇਨ ਨੂੰ ਵੀ ਰੂਸੀ ਸਾਮਰਾਜ ਨੇ ਮੁਕਤ ਕਰਵਾ ਕੇ ਆਪਣੇ ਕਬਜ਼ੇ 'ਚ ਲੈ ਲਿਆ।

ਜਦੋਂ ਪਹਿਲੀ ਸੰਸਾਰ ਜੰਗ ਛਿੜੀ ਤਾਂ ਇਹ ਖੇਤਰ ਘਰੇਲੂ ਯੁੱਧਾਂ ਦੀ ਲਪੇਟ 'ਚ ਆ ਗਏ। ਰੂਸ ਵਿਚ ਜ਼ਾਰ ਦਾ ਤਖਤਾ ਪਲਟਣ ਪਿਛੋਂ ਯੂਕਰੇਨ ਦੇ ਇਹ ਹਿੱਸੇ 1917 ਤੋਂ 122 ਦਰਮਿਆਨ ਘਰੇਲੂ ਜੰਗ 'ਚ ਉਲਝੇ ਰਹੇ ਅਤੇ ਲਾਲ ਫੌਜ ਦੇ ਦਖਲ ਨਾਲ ਜਗੀਰੂ ਸਰਕਾਰਾਂ ਦੇ ਆਪਸੀ ਯੁੱਧਾਂ ਤੇ ਲੋਕਾਂ ਦਰਮਿਆਨ ਯੁੱਧਾਂ ਦਾ ਖਾਤਮਾ ਹੋਇਆ।

ਅਜੋਕਾ ਯੂਕਰੇਨ ਜਿਸ ਦਾ ਖੇਤਰਫਲ 6 ਲੱਖ ਵਰਗ ਕਿਲੋਮੀਟਰ ਹੈ ਅਤੇ ਜਿਸ ਦੀ 5 ਕਰੋੜ 42 ਲੱਖ ਆਬਾਦੀ ਹੈ ਅਤੇ ਜੋ ਯੂਰਪ ਦਾ ਸਭ ਤੋਂ ਵੱਡਾ ਦੇਸ਼ ਅਖਵਾਉਂਦਾ ਹੈ ਦਾ ਮੌਜੂਦਾ ਸਵਰੂਪ ਵੀ ਪਿਛਲੇਰੇ 350 ਸਾਲਾਂ ਦੀ ਦੇਣ ਹੈ। 1654 ਵਿਚ ਯੂਕਰੇਨ ਡੈਨੀਅਰ ਦਰਿਆ ਦੇ ਆਰ ਪਾਰ ਕੁਝ ਕੁ ਇਲਾਕਿਆਂ ਤੱਕ ਸੀ। 1654 ਤੋਂ 1917 ਤੱਕ ਜਦੋਂ ਯੂਕਰੇਨ ਰੂਸੀ ਬਾਦਸ਼ਾਹਾਂ ਦੇ ਕਬਜ਼ੇ 'ਚ ਰਿਹਾ ਤਾਂ ਉਨ੍ਹਾਂ ਨੇ ਵੱਡੇ ਇਲਾਕੇ ਇਸ 'ਚ ਸ਼ਾਮਲ ਕਰ ਦਿੱਤੇ। ਜਿਹੜਾ ਖੇਤਰ ਜੋੜਿਆ ਗਿਆ ਉਸ ਵਿਚ ਪੁਰਾਤਨ ਸ਼ਹਿਰ ਕੀਵ ਸੀ। ਜੋ ਅਜੋਕੇ ਰੂਸ ਦੀ ਰਾਜਧਾਨੀ ਹੈ। ਇਸੇ ਖੇਤਰ ਵਿਚ ਦੂਸਰਾ ਸ਼ਹਿਰ ਖਾਰਕੋਵ ਪੈਂਦਾ ਹੈ। 1922 'ਚ ਲੈਨਿਨ ਨੇ ਇਸ ਨੂੰ ਨਾ ਸਿਰਫ਼ ਇਕ ਖੁਦਮੁਖਤਿਆਰ ਰਾਜ ਵਜੋਂ ਗਠਿਤ ਕੀਤਾ, ਸਗੋਂ ਇਸ ਵਿਚ ਰੂਸੀ ਬਹੁਗਿਣਤੀ ਵਾਲੇ ਇਲਾਕੇ ਚੋਨਾਬਾਸ ਅਬਲਾਸਟਸ ਅਤੇ ਮੋਲਡੋਵਾ ਆਦਿ ਵੀ ਮਿਲਾ ਦਿੱਤੇ। ਵੈਸੇ ਵੀ ਇਹ ਇਲਾਕੇ ਇਤਿਹਾਸਕ, ਭਾਸ਼ਾਈ, ਸਭਿਆਚਾਰਕ ਤੇ ਸਮਾਜਿਕ ਪੱਖੋਂ ਆਪਸ ਵਿਚ ਅਟੁੱਟ ਅੰਗ ਰਹੇ ਸਨ।

1930 ਵਿਚ ਜਦੋਂ ਸਟਾਲਿਨ ਯੁੱਗ ਵਿਚ ਖੇਤੀ ਦਾ ਸਮੂਹੀਕਰਨ ਜਾਂ ਸਹਿਕਾਰੀਕਰਨ (ਕੋਅਪਰੇਟਿਵ) ਕਰਨ ਦਾ ਪ੍ਰੋਗਰਾਮ ਲਾਗੂ ਕਰਨਾ ਸ਼ੁਰੂ ਕੀਤਾ ਗਿਆ ਤਾਂ ਇਨ੍ਹਾਂ ਖੇਤਰਾਂ ਵਿਚ ਇਸ ਦਾ ਸਖਤ ਵਿਰੋਧ ਹੋਇਆ। ਵਿਸ਼ੇਸ਼ ਕਰਕੇ ਜਗੀਰੂ ਸਰਦਾਰਾਂ ਵਲੋਂ।

ਦੂਸਰੀ ਸੰਸਾਰ ਜੰਗ ਸਮੇਂ ਯੂਕਰੇਨ ਦਾ ਪੱਛਮੀ ਬੈਂਕ ਵਾਲਾ ਹਿਸਾ ਲਗਭਗ ਤਿੰਨ ਸਾਲ ਨਾਜੀਆ ਦੇ ਕਬਜ਼ੇ 'ਚ ਰਿਹਾ। ਇਸ ਸਮੇਂ 5 ਮਿਲੀਅਨ ਯੂਕਰੇਨ ਨਾਗਰਿਕ ਵੀ ਮਾਰੇ ਗਏ। ਨਾਜ਼ੀ ਫੌਜਾਂ ਨੇ ਪੂਰਬੀ ਬੈਂਕ ਨੂੰ ਵੀ ਕਬਜ਼ੇ 'ਚ ਲੈ ਲਿਆ ਸੀ। 1939-45 ਦੇ ਇਸ ਦੌਰ ਵਿਚ ਯੂਕਰੇਨ ਵਿਸ਼ਵ ਯੁੱਧ ਦੂਸਰੇ ਦਾ ਜੰਗੀ ਮੈਦਾਨ ਬਣਿਆ। ਅਖੀਰ ਸੋਵੀਅਤ ਲਾਲ ਫੌਜ ਨੇ ਜਿਉਂ ਹੀ ਜਰਮਨੀ ਨਾਜ਼ੀ ਫੌਜਾਂ ਨੂੰ ਪਿਛੇ ਧੱਕਿਆ ਤਾਂ ਇਹ ਇਲਾਕੇ ਖਾਲੀ ਕਰਵਾ ਲਏ। ਇਸੇ ਸਮੇਂ ਸਟਾਲਿਨ ਦੇ ਦੌਰ ਵਿਚ ਪੋਲੈਂਡ ਦੇ ਕਬਜ਼ੇ ਵਾਲੇ ਕੁਝ ਇਲਾਕੇ ਜੋ ਆਜ਼ਾਦ ਕਰਵਾਏ ਸਨ ਯੂਕਰੇਨ ਨਾਲ ਜੋੜ ਦਿੱਤੇ। ਸਟਾਲਿਨ ਦੀ ਮੌਤ ਤੋਂ ਪਿਛੋਂ ਖੁਰਸ਼ਚੋਵ ਨੇ 1954 ਵਿਚ ਕਰੀਮੀਆ ਦਾ ਮਹੱਤਵਪੂਰਨ ਹਿਸਾ ਵੀ ਯੂਕਰੇਨ ਨਾਲ ਮਿਲਾ ਦਿੱਤਾ। ਇਹ ਕੁੱਲ ਮਿਲਾ ਕੇ ਅਜੋਕੇ ਯੂਕਰੇਨ ਦੀ ਤਸਵੀਰ ਹੈ। ਜਦੋਂ 1991 ਵਿਚ ਪੱਛਮੀ ਪੂੰਜੀਵਾਦ ਦੇ ਅੰਨ੍ਹੇ ਅਤੇ ਨਿਕੰਮੇ ਭਗਤ ਗੁਰਬਾਚੋਵ ਨੇ ਰੂਸ ਨੂੰ ਖਿੰਡਾਉਣ ਦੀ ਭੂਮਿਕਾ ਨਿਭਾਈ ਤਾਂ ਯੂਕਰੇਨ ਨੂੰ ਇਹ ਸਾਰੇ ਇਲਾਕੇ ਵੀ ਨਾਲ ਮਿਲ ਗਏ। ਉਸ ਵੇਲੇ ਚੌਥਾ ਹਿੱਸਾ ਰੂਸੀ ਪਹਿਚਾਣ ਵਾਲਾ ਸੀ।

ਰੂਸੀ ਤੇ ਯੂਕਰੇਨੀ ਭਾਸ਼ਾਵਾਂ ਮਲੇਵੋਨਿਕ ਭਾਸ਼ਾਵਾਂ ਦੀਆਂ ਹੀ ਪੂਰਬੀ ਸ਼ਾਖਾਵਾਂ ਦੀਆਂ ਸ਼ਾਖਾਵਾਂ ਹਨ। ਜਿਸ 'ਚ ਰੂਸ ਤੇ ਬੈਲਾਰੂਸੀ ਭਾਸ਼ਾਵਾਂ ਵੀ ਆਉਂਦੀਆਂ ਹਨ। ਇਹ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ ਯੂਕਰੇਨ ਤੇ ਬੇਲਾਰਸ ਵਿਚ ਤਿੰਨ ਕਰੋੜ 28 ਲੱਖ ਹੈ। ਚਾਰ ਲੱਖ ਦੇ ਕਰੀਬ ਮੁਸਲਮਾਨ ਯੂਕਰੇਨ ਵਿਚ ਰਹਿੰਦੇ ਹਨ ਜੋ ਤਾਤਾਰ ਮੁਸਲਮਾਨ ਕਹਾਉਂਦੇ ਹਨ। ਇਹ ਕਰੀਮੀਆਈ ਤਾਤਰ ਵੀ ਕਹਾਉਂਦੇ ਹਨ ਕਿਉਂਕਿ ਕਰੀਮੀਆਈਖਿੱਤਿਆਂ 'ਚੋਂ ਉਜੜ ਕੇ ਇਥੇ ਵਸੇ ਹਨ। ਇਥੇ ਇਹ ਜ਼ਿਕਰ ਕਰਦੇ ਜਾਈਏ ਕਿ ਕਰੀਮੀਆਈ ਤਾਤਾਰ ਮੁਸਲਮਾਨਾਂ ਬਾਰੇ ਜੋ ਕਥਾਵਾਂ ਪ੍ਰਚਲਤ ਹਨ ਉਨ੍ਹਾਂ 'ਚ ਇਹ ਵੀ ਹੈ ਕਿ ਇਨ੍ਹਾਂ ਨੇ ਜਰਮਨੀਨਾਜ਼ੀ ਫੌਜਾਂ ਦਾ ਸਾਥ ਦਿੱਤਾ ਸੀ। ਜਦੋਂ ਵਿਸ਼ਵ ਯੁੱਧ ਖਤਮ ਹੋਇਆ ਅਤੇ ਇਹ ਖਿੱਤੇ ਅਜ਼ਾਦ ਹੋਏ ਤਾਂ ਸੋਵੀਅਤ ਰੂਸ ਦੇ ਤਾਣੇ ਬਾਣੇ ਦੀ ਮੁੜ ਵਿਉਂਤ ਕਰਦਿਆਂ ਸਟਾਲਿਨ ਨੇ ਇਸ ਖਿੱਤੇ ਵਿਚੋਂ ਇਨ੍ਹਾਂ ਮੁਸਲਮਾਨਾਂ ਨੂੰ ਕੱਢ ਕੇ ਉਬੇਜ਼ਕਸਤਾਨ ਵਿਚ ਵਸਾ ਦਿੱਤਾ ਸੀ। ਸੋਵੀਅਤ ਰੂਸ ਦੇ ਟੁੱਟਣ ਅਤੇ ਯੂਕਰੇਨ ਦੇ ਅਜ਼ਾਦ ਮੁਲਕ ਬਣਨ ਪਿਛੋਂ ਇਹ ਫਿਰ ਇਥੇ ਆ ਵਸੇ। ਯੂਕਰੇਨ ਦਾ ਪੂਰਬੀ ਹਿੱਸਾ ਜ਼ਿਆਦਾ ਰੂਸੀ ਨਸਲ ਦਾ ਤੇ ਰੂਸੀ ਭਾਸ਼ਾ ਬੋਲਦਾ ਹੈ। ਜਿਸ ਦੀ ਸਾਂਝ ਰੂਸ ਨਾਲ ਹੈ ਅਤੇ ਪੱਛਮੀ ਹਿੱਸਾ ਜਿਸ 'ਚ ਯੂਰਪ ਦਾ ਪ੍ਰਭਾਵ ਹੈ ਪੋਲੈਂਡ ਤੇ ਆਸਟਰੋ ਹੰਗਰੀ ਦੇ ਪ੍ਰਭਾਵ ਵਾਲੀ ਯੂਕਰੇਨੀ ਭਾਸ਼ਾ ਵੀ ਬੋਲੀ ਜਾਂਦੀ ਹੈ।

1991 'ਚੋਂ ਜਦੋਂ ਸੋਵੀਅਤ ਸੋਸ਼ਲਿਸਟ ਰਿਪਬਲਿਕਨ ਦਾ ਭੋਗ ਪੈ ਗਿਆ ਸੀ ਤਾਂ ਇਹ ਸਾਰੇ ਅਜ਼ਾਦ ਹੋਏ ਦੇਸ਼ਾਂ ਨੇ ਕਾਮਨਵੈਲਥ ਆਫ਼ ਇੰਡੀਪੈਂਡੈਂਟ ਸਟੇਟ ਬਣਾਉਣ ਦੀ ਭੂਮਿਕਾ ਨਿਭਾਈ ਸੀ ਅਤੇ ਇਹ ਵੀ ਸਮਝੌਤਾ ਹੋਇਆ ਸੀ ਕਿ ਇਨ੍ਹਾਂ ਅਜ਼ਾਦ ਹੋਏ ਪੰਦਰਾਂ ਦੇਸ਼ਾਂ ਵਿਚੋਂ ਕੋਈ ਵੀ ਦੇਸ਼ ਨਾਟੋ ਵਿਚ ਸ਼ਾਮਲ ਨਹੀਂ ਹੋਵੇਗਾ ਅਤੇ ਨਾਟੋ ਨੇ ਵੀ ਵਿਸ਼ਵਾਸ ਦੁਆਇਆ ਸੀ ਕਿ ਉਹ ਹੁਣ ਵਿਸਥਾਰ ਨਹੀਂ ਕਰੇਗਾ। ਪਰ ਨਾਟੋ ਆਪਣੇ ਵਿਸਥਾਰ ਤੋਂ ਪਿਛੇ ਨਹੀਂ ਹਟਿਆ। ਉਹਨੇ ਪਿਛੋਂ ਲਗਭਗ 16 ਹੋਰ ਦੇਸ਼ ਆਪਣੇ ਮੈਂਬਰ ਬਣਾ ਲਏ ਅਤੇ ਹੁਣ ਜਦੋਂ ਯੂਕਰੇਨ ਨੂੰ ਨਾਟੋ ਦਾ ਅੱਡਾ ਬਣਾਉਣ ਦੀ ਪੱਕੀ ਵਿਉਂਤ ਅਮਰੀਕੀ ਹੱਥ ਠੋਕੇ ਜੇਲੈਂਸਕੀ ਸਿਰੇ ਚਾੜ੍ਹ ਰਿਹਾ ਸੀ ਤਾਂ ਰੂਸ ਨੂੰ ਆਪਣੇ ਭਵਿੱਖ ਦੀ ਫਿਕਰ ਪੈ ਗਈ।

ਯੂਕਰੇਨ ਅਜ਼ਾਦ ਹੋਣ ਪਿਛੋਂ ਅਤੇ ਰੂਸੀ ਸਭਿਆਚਾਰਕ ਪਿਛੋਕੜ ਦੀ ਸਾਂਝ ਰੱਖਣ ਪਿਛੋਂ ਵੀ ਨਾ ਗੋਰਬਾਚੋਵ ਅਤੇ ਨਾ ਹੀ ਯੋਤਸਨਿਕ ਨੇ ਯੂਕਰੇਨ ਅਤੇ ਯੂਕਰੇਨ ਵਿਚ ਰਹਿੰਦੇ ਰੂਸੀਆਂ ਵਲੋਂ ਕੋਈ ਧਿਆਨ ਦਿੱਤਾ ਨਾ ਹੀ ਉਨ੍ਹਾਂ ਦੇ ਆਤਮ ਸਨਮਾਨ ਦੀ ਰਾਖੀ ਲਈ ਕੁਝ ਕੀਤਾ। ਇਹੀ ਕਾਰਨ ਹੈ ਕਿ ਜਿਹੜੀ ਕਾਮਨਵੈਲਥ ਇਨ੍ਹਾਂ ਆਜ਼ਾਦ ਹੋਏ ਮੁਲਕਾਂ ਦੀ ਬਣਾਈ ਗਈ ਸੀ ਉਹ ਲਗਭਗ ਨਿਰਜਿੰਦ ਹੋ ਕੇ ਰਹਿ ਗਈ। ਪਰ ਪੁਤਿਨ ਨੇ ਆਉਂਦੇ ਸਾਰ ਰੂਸ ਵਿਚ ਕੁਝ ਬੁਨਿਆਦੀ ਤਬਦੀਲੀਆਂ ਕੀਤੀਆਂ। ਇਹ ਨੇ ਯੁੱਧ ਪੂੰਜੀਵਾਦੀ ਵਿਕਾਸ ਦੇ ਆਪਣੇ ਹੀ ਮਾਡਲ ਨੂੰ ਵਿਕਸਤ ਕੀਤਾ ਅਤੇ ਰੂਸ ਵਿਚ ਗੈਸ ਅਤੇ ਤੇਲ ਉਤਪਾਦਨ ਖੇਤਰ ਦਾ ਕੌਮੀਕਰਨ ਕੀਤਾ। ਇਸ ਨੂੰ ਯੂਰਪ ਦੀ ਮੰਡੀ ਦੀਆਂ ਲੋੜਾਂ ਦੀ ਪੂਰਤੀ ਲਈ ਸਪਲਾਈ ਕੀਤਾ ਅਤੇ ਇਉਂ ਆਰਥਿਕ ਤੌਰ 'ਤੇ ਸੰਪੰਨ ਹੋ ਗਿਆ। ਹਥਿਆਰਾਂ ਦੇ ਮਾਮਲੇ 'ਚ ਉਹ ਪਹਿਲਾਂ ਹੀ ਸੰਪੰਨ ਸੀ। ਅਮਰੀਕਾ ਨਾਟੋ ਰਾਹੀਂ ਇਸ ਦੀ ਘੇਰਾਬੰਦੀ ਕਰਨਾ ਚਾਹੁੰਦਾ ਸੀ ਅਤੇ ਉਹਨੇ ਇਸੇ ਯੋਜਨਾ ਤਹਿਤ ਪਹਿਲਾਂ ਆਜ਼ਾਦ ਹੋਏ ਹੋਰ ਦੇਸ਼ਾਂ ਨੂੰ ਨਾਟੋ ਦਾ ਹਿੱਸਾ ਬਣਾਇਆ ਅਤੇ ਫਿਰ ਆਪਣਾ ਹੱਥ ਠੋਕਾ ਜੇਲੈਂਸਕੀ ਬਿਠਾ ਕੇ ਯੂਕਰੇਨ ਵੀ ਨਾਲ ਮਿਲਾਉਣ ਦੀ ਠਾਣ ਲਈ।

ਯੂਕਰੇਨ ਦੀ 2295 ਕਿਲੋਮੀਟਰ ਸਰਹੱਦ ਰੂਸ ਨਾਲ ਲੱਗਦੀ ਹੈ। ਯੂਕਰੇਨ, ਯੂਰਪ ਅਤੇ ਰੂਸ ਦਰਮਿਆਨ ਇਕ ਬਫ਼ਰ ਸਟੇਟ ਹੈ। ਰੂਸੀ ਗੈਸ ਤੇ ਤੇਲ ਦੀ ਯੂਰਪ ਨੂੰ ਪੂਰਤੀ ਲਈ ਜੋ ਪਾਇਪ ਲਾਈਨ ਵਿਛਾਈ ਹੈ ਉਹ ਯੂਕਰੇਨ ਵਿਚੋਂ ਦੀ ਹੀ ਲੰਘਦੀ ਹੈ ਜਿਸ ਬਦਲੇ ਯੂਕਰੇਨ ਕਰੋੜਾਂ ਡਾਲਰ ਰੂਸ ਤੋਂ ਵਸੂਲਦਾ ਹੈ। ਪਿਛਲੇਰੇ ਸਾਲਾਂ 'ਚ ਯੂਕਰੇਨ ਨੇ ਇਹ ਵਸੂਲੀ 20 ਗੁਣਾ ਵਧਾ ਦਿੱਤੀ ਹੈ। ਇਹੋ ਕਾਰਨ ਹੈ ਕਿ ਰੂਸ ਨੇ 5 ਸਾਲਾਂ 'ਚ 11 ਅਰਬ ਡਾਲਰ ਖਰਚ ਕੇ ਯੂਕਰੇਨ ਦੇ ਬਾਹਰ ਬਾਹਰ ਸਮੁੰਦਰ ਦੇ ਵਿਚੋਂ ਦੀ ਜਰਮਨੀ ਤੱਕ ਇਹ ਲਾਈਨ ਵਿਛਾ ਲਈ ਹੈ। ਯੂਕਰੇਨ ਧਮਕੀਆਂ ਦੇ ਰਿਹਾ ਸੀ ਕਿ ਇਹ ਪਾਈਪ ਲਾਈਨ ਬੰਦ ਕਰ ਦੇਵੇਗਾ। ਦਰਅਸਲ ਇਹਨੂੰ ਬੰਦ ਕਰਨ ਦੀ ਲੋੜ ਅਮਰੀਕਾ ਨੂੰ ਹੈ। ਅਮਰੀਕੀ ਪੂੰਜੀਪਤੀਆਂ ਦੀ ਮਨਸ਼ਾ ਇਹ ਹੈ ਕਿ ਇਹ ਗੈਸਲਾਈਨ ਬੰਦ ਹੋਵੇ ਤਾਂ ਕਿ ਯੂਰਪ ਨੂੰ ਗੈਸ ਉਹ ਸਪਲਾਈ ਕਰ ਸਕਣ। ਇਉਂ ਜੇ ਗੈਸ ਲਾਈਨ ਬੰਦ ਹੁੰਦੀ ਹੈ ਤਾਂ ਰੂਸ ਆਰਥਿਕ ਤੌਰ 'ਤੇ ਬਹੁਤ ਕਮਜ਼ੋਰ ਹੁੰਦਾ ਹੈ। ਇਹੋ ਕਾਰਨ ਹੈ ਕਿ ਰੂਸ 'ਕਰੋ ਜਾਂ ਮਰੋ' ਦੀ ਹਾਲਤ ਵਿਚ ਪਹੁੰਚ ਗਿਆ ਹੈ।

ਤੀਸਰਾ ਸਭ ਤੋਂ ਪ੍ਰਮੁੱਖ ਹੈ ਰੂਸ ਦਾ ਸਭ ਤੋਂ ਵੱਡੀ ਪ੍ਰਮਾਣੂ ਤਾਕਤ ਹੋਣਾ। ਰੂਸ ਕੋਲ 6370 ਐਟਮੀ ਹਥਿਆਰ ਹਨ ਜਦੋਂ ਕਿ ਅਮਰੀਕਾ ਕੋਲ 5500 ਹੀ ਹਨ। ਫਰਾਂਸ ਕੋਲ 300, ਇਗਲੈਂਡ 280, ਇਜ਼ਰਾਇਲ 100। ਰੂਸ ਕੋਲ 1600 ਪ੍ਰਮਾਣੂ ਮਿਜ਼ਾਇਲਾਂ ਵੀ ਹਨ। ਦੁਨੀਆਂ ਲਗਭਗ 13080 ਪ੍ਰਮਾਣੂ ਬੰਬਾਂ ਉੱਤੇ ਬੈਠੀ ਹੈ। ਖੈਰ ਪ੍ਰਮਾਣੂ ਹਥਿਆਰਾਂ ਦੇ ਵਿਸ਼ੇ ਉੱਤੇ ਕਿਸੇ ਅਲੱਗ ਲੇਖ 'ਚ ਚਰਚਾ ਕਰਾਂਗੇ। ਪਰ ਅਮਰੀਕਾ ਆਪਣੇ ਪੁਰਾਣੇ ਵਿਰੋਧੀ ਤੋਂ ਤਿਲਮਿਲਾ ਰਿਹਾ ਸੀ ਤੇ ਹੈ ਇਹੋ ਕਾਰਨ ਕਿ ਉਹ ਸਹਿਜੇ ਸਹਿਜੇ ਰੂਸ ਦੀ ਘੇਰਾਬੰਦੀ ਕਰ ਰਿਹਾ ਸੀ ਤੇ ਕਰ ਰਿਹਾ ਹੈ। ਹੁਣ ਵੀ ਖ਼ਬਰਾਂ ਆ ਰਹੀਆਂ ਹਨ ਕਿ ਅਮਰੀਕਾ ਨੇ ਯੂਕਰੇਨ ਵਿਚ ਬਿਇਉ ਕੈਮੀਕਲ ਹਥਿਆਰ ਬਣਾਉਣ ਦੇ ਕਈ ਕੇਂਦਰ ਉਸਾਰੇ ਹੋਏ ਸਨ। ਹਾਲਾਂਕਿ ਅਜੇ ਯੂਕਰੇਨ ਨਾਟੋ ਦਾ ਮੈਂਬਰ ਨਹੀਂ ਬਣਿਆ। ਅਮਰੀਕਾ ਅਤੇ ਬਰਤਾਨੀਆ ਦੀਆਂ ਫੌਜਾਂ ਯੂਕਰੇਨ ਮਿਲਟਰੀ ਨੂੰ ਆਧੁਨਿਕ ਟਰੇਨਿੰਗ ਦੇਣ ਦਾ ਕਵਾਇਦ ਪਿਛਲੇ ਕਈ ਸਾਲਾਂ ਤੋਂ ਕਰਦੀਆਂ ਆ ਰਹੀਆਂ ਹਨ।

ਅਸੀਂ ਅੱਗੇ ਵਧਣ ਤੋਂ ਪਹਿਲਾਂ ਨਾਟੋ ਬਾਰੇ ਕੁਝ ਚਾਨਣਾ ਪਾਉਂਦੇ ਜਾਵਾਂਗੇ। ਦੂਸਰੇ ਵਿਸ਼ਵ ਯੁੱਧ ਦੀ ਸਮਾਪਤੀ ਪਿਛੋਂ ਜਰਮਨੀ ਤੇ ਜਾਪਾਨ ਤਾਂ ਢਹਿ ਢੇਰੀ ਹੋ ਗਏ ਅਤੇ ਬਰਤਾਨੀਆ ਫਰਾਂਸ ਵੀ ਬੇਹੱਦ ਕਮਜ਼ੋਰ ਪੈ ਗਏ। ਅਮਰੀਕਾ ਜੋ ਜੰਗ ਤੋਂ ਬਾਹਰ ਸੀ ਅਤੇ ਜੰਗੀ ਸਾਜ਼ੋ ਸਾਮਾਨ ਵੇਚਦਾ ਆ ਰਿਹਾ ਸੀ ਸਭ ਤੋਂ ਮਜ਼ਬੂਤ ਹੋ ਕੇ ਨਿਕਲਿਆ। ਦੂਸਰੇ ਪਾਸੇ ਸਾਮਰਾਜ ਤੋਂ ਮੁਕਤ ਹੋਏ ਦੇਸ਼ਾਂ ਦਾ ਰੁਝਾਨ ਸੋਵੀਅਤ ਰੂਸ ਵੱਲ ਸੀ। ਵੈਸੇ ਵੀ ਸੋਵੀਅਤ ਫੌਜਾਂ ਨੇ ਯੂਰਪ ਦੇ ਜਿਹੜੇ ਦੇਸ਼ ਜਰਮਨੀ ਨਾਜ਼ੀਵਾਦ ਤੋਂ ਮੁਕਤ ਕਰਵਾਏ ਸਨ। ਉਥੇ ਸੋਵੀਅਤ ਰੂਸ ਪੱਖੀ ਸਰਕਾਰਾਂ ਹੀ ਹੋਂਦ 'ਚ ਆ ਗਈਆਂ ਸਨ। ਖ਼ੁਦ ਜਰਮਨ ਦੇ ਦੋ ਟੋਟੇ ਹੋ ਗਏ ਸਨ। ਮੁੱਕਦੀ ਗੱਲ ਦੁਨੀਆਂ 'ਚੋਂ ਕੈਂਪਾਂ ਵਿਚ ਵੰਡੀ ਗਈ ਸੀ ਇਕ ਅਮਰੀਕੀ ਬਰਤਾਨਵੀ ਪੂੰਜੀਪਤੀ ਦੇਸ਼ਾਂ ਦੇ ਸਾਮਰਾਜਾਂ ਦਾ ਕੈਂਪ ਅਤੇ ਦੂਸਰਾ ਸਾਮਜਵਾਦੀ ਵਿਚਾਰਾਂ ਵਾਲੇ ਦੇਸ਼ਾਂ ਦਾ ਕੈਂਪ। ਇਸੇ ਦੌਰ 'ਚ ਯੂ.ਐਨ.ਓ. ਹੋਂਦ 'ਚ ਆਈ ਸੀ ਅਤੇ 1949 ਵਿਚ ਅਮਰੀਕਾ ਬਰਤਾਨੀਆ ਸਮੇਤ 12 ਹੋਰ ਦੇਸ਼ਾਂ ਨੇ ਮਿਲ ਕੇ ਇਕ ਫੌਜੀ ਸੰਗਠਨ ਬਣਾਇਆ ਜਿਸ ਦਾ ਨਾਮਕਰਨ ਸੀ - ਨਾਰਥ ਐਟਲਾਂਟਿਕ ਟਰੀਟੀ ਆਰਗੇਨਾਈਜੇਸ਼ਨ। ਇਸ ਫੌਜੀ ਸੰਗਠਨ ਵਿਚ ਅਮਰੀਕਾ ਬਰਤਾਨੀਆ ਤੋਂ ਇਲਾਵਾ, ਫਰਾਂਸ, ਕੈਨੇਡਾ, ਇਟਲੀ, ਨੀਦਰਲੈਂਡ, ਆਈਸਲੈਂਡ, ਬੈਲਜੀਅਮ, ਲਕਜਮਬਰਗ, ਨਾਰਵੇ ਪਰਤਮਾਲ ਅਤੇ ਡੈਨਮਾਰਕ ਸਨ। ਇਸ 'ਚ ਅਮਰੀਕਾ ਤੋਂ ਬਿਨਾਂ ਬਾਕੀ ਸਾਰੇ ਦੇਸ਼ ਯੂਰਪੀਨ ਹੀ ਸਨ। ਇਸ ਸਮਝੌਤਾ ਸੰਧੀ ਦੇਅਨੁਸੇਧ -5- ਵਿਚ ਇਹ ਦਰਜ ਹੈ ਕਿ 'ਜਿਹੜੇ ਦੇਸ਼ ਇਸ ਦੇ ਮੈਂਬਰ ਹੋਣਗੇ ਉਨ੍ਹਾਂ ਉੱਤੇ ਕਿਸੇ ਵੀ ਹੋਰ ਦੇਸ਼ ਦਾ ਹਮਲਾ ਹੁੰਦਾ ਹੈ ਤਾਂ ਬਾਕੀ ਸਾਰੇ ਉਸ ਦੀ ਹਮਾਇਤ ਕਰਨਗੇ। ਦਰਅਸਲ ਦੋ ਵਿਸ਼ਵ ਯੁੱਧਾਂ ਦੀ ਭਿਆਨਕ ਤਬਾਹੀ ਤੋਂ ਪਿਛੋਂ ਅਤੇ ਜੰਗਾਂ ਨੂੰ ਰੋਕਣ ਅਤੇ ਦੇਸ਼ਾਂ ਦੇ ਆਪਸੀ ਝਗੜੇ ਮਿਟਾਉਣ ਲਈ ਯੂ.ਐਨ.ਓ. ਵਰਗੀ ਸੰਸਥਾ ਹੋਂਦ 'ਚ ਆਉਣ ਪਿਛੋਂ ਅਜਿਹੀ ਫੌਜੀ ਸੰਧੀ, ਜਿਸ ਦੀ ਕੋਈ ਲੋੜ ਹੀ ਨਹੀਂ ਸੀ ਕਿਉਂ ਲਿਆਂਦੀ ਜਾ ਰਹੀ ਸੀ? ਮਤਲਬ ਸਾਫ਼ ਸੀ ਕਿ ਅਮਰੀਕੀ ਸਾਮਰਾਜ ਦੇ ਪਸਾਰੇ ਹਿੱਤਾਂ ਦੀ ਲੋੜ ਦੀ ਉਪਜ ਸੀ ਅਤੇ ਇਹ ਵਿਸ਼ੇਸ਼ ਕਰਕੇ ਸੋਵੀਅਤ ਰੂਸੀ ਵਿਰੁੱਧ ਵੱਖ-ਵੱਖ ਪੂੰਜੀਪਤੀ ਸਰਕਾਰਾਂ ਨੂੰ ਇਕਜੁਟ ਕਰਨ ਅਤੇ ਸਮਾਜਵਾਦੀ ਭਾਵ ਕਮਿਊਨਿਸਟ ਪਸਾਰੇ ਨੂੰ ਰੋਕਣ ਦੀ ਲੋੜ 'ਚੋਂ ਨਿਕਲਿਆ ਪੈਂਤੜਾ ਸੀ। ਬਿਲਕੁਲ ਇਨ੍ਹਾਂ ਸਾਰਿਆਂ 'ਚ ਹੀ ਰੂਸ ਦੀ ਅਗਵਾਈ ਹੇਠਾਂ ਜੰਗ ਨਾ ਚਾਹੁਣ ਵਾਲਿਆਂ ਦੀ ਅਤੇ ਸਮਾਜਵਾਦੀ ਕੈਂਪ ਦੀ ਆਪਣੀ ਇਕਜੁਟ ਬੰਦੀ ਵਾਰਸਾ ਸੰਧੀ ਹੋਂਦ 'ਚ ਆਈ ਅਤੇ ਫਿਰ ਅਮਰੀਕਾ ਦੀਆਂ ਸ਼ੈਤਾਨੀ ਚਾਲਾਂ ਨੇ ਰੂਸ ਨੂੰ ਵੀ ਆਪਣੀ ਹਥਿਆਰਾਂ ਦੀ ਦੌੜ ਵਿਚ ਨਾਲ ਤੋਰ ਲਿਆ। 1991 ਤੱਕ ਜਦੋਂ ਸੋਵੀਅਤ ਰੂਸ ਦੇ ਟੁਕੜੇ ਟੁਕੜੇ ਨਹੀਂ ਹੋ ਗਏ ਇਹ ਵਾਰਸਾ ਸੰਧੀ ਕਾਇਮ ਰਹੀ ਅਤੇ ਹਥਿਆਰਾਂ ਦੀ ਹੋੜ 'ਚ ਰੂਸ ਅਮਰੀਕਾ ਨਾਲੋਂ ਕਿਤੇ ਅੱਗੇ ਨਿਕਲ ਗਿਆ।

ਇਸੇ ਦੌਰ 'ਚ ਹੀ ਇਕ ਉਨ੍ਹਾਂ ਦੇਸ਼ਾਂ ਦੀ ਗੁੱਟ ਨਿਰਲੇਪ ਲਹਿਰ ਵੀ ਹੋਂਦ 'ਚ ਆਈ ਜਿਹੜੇ ਦੋਨਾਂ ਕੈਂਪਾਂ 'ਚ ਬਾਹਰ ਸਨ ਅਤੇ ਦੋਹਾਂ ਨਾਲ ਹੀ ਆਰਥਿਕ ਸਾਂਝੇਦਾਰੀ ਰੱਖਦੇ ਸਨ। ਇਨ੍ਹਾਂ ਦੇ ਮੋਹਰੀਆਂ 'ਚੋਂ ਭਾਰਤ ਵੀ ਸੀ।

ਨਾਟੋ ਦਾ ਪਸਾਰਾ ਬਹੁਤ ਤੇਜ਼ੀ ਨਾਲ ਹੋਇਆ। ਵਿਸ਼ੇਸ਼ ਕਰਕੇ ਸਾਲ 1991 ਤੋਂ ਪਿਛੋਂ ਜਦੋਂ ਨਵਉਦਾਰਵਾਦੀ ਪੂੰਜੀ ਦੇ ਦੌਰ ਦਾ ਆਗਾਜ਼ ਹੋਇਆ ਅਜੇ ਇਸ ਦੇ ਕਲਾਵੇ 'ਚ 30 ਦੇਸ਼ ਹਨ। ਅਮਰੀਕਾ ਆਪਣੀ ਹਥਿਆਰਾਂ ਦੀ ਸਨਅਤ ਦੇ ਬਲਬੂਤੇ ਆਪਣੇ ਵਪਾਰ ਅਤੇ ਵਿਸਥਾਰ ਨੂੰ ਵਿਸ਼ਾਲਦਾ ਰਿਹਾ ਹੈ। ਦੂਸਰੀ ਸੰਸਾਰ ਜੰਗ ਤੋਂ ਪਿਛੋਂ ਦੁਨੀਆਂ 'ਚ ਹਥਿਆਰਾਂ ਵਿਸ਼ੇਸ਼ ਕਰਕੇ ਜੰਗੀ ਪ੍ਰਮਾਣੂ ਤੇ ਮਾਰੂ ਹਥਿਆਰਾਂ ਦਾ ਜੋ ਮੁਕਾਬਲਾ, ਵਪਾਰ ਤੇ ਵਿਸਥਾਰ ਹੋਇਆ ਹੈ ਉਹ ਹੈਰਾਨੀਜਨਕ ਪੱਧਰ ਦਾਹੈ ਜਿਸ 'ਚ ਅਮਰੀਕਾ ਦੀ ਪ੍ਰਮੁੱਖ ਭੂਮਿਕਾ ਹੈ। ਅਮਰੀਕਾ ਦੀ ਜੰਗੀ ਸਾਜ਼ੋ ਸਮਾਨ ਦੀ ਸਨਅਤ ਵਿਸ਼ਵ 'ਚ ਇਕ ਨੰਬਰ ਦੀ ਹੈ ਉਸ ਬਹੁਤੇ ਦੇ ਨਾਟੋ ਭਾਈਵਾਲ ਦੇਸ਼ ਵੀ ਪਿਛੇ ਨਹੀਂ। ਜਿਨ੍ਹਾਂ 'ਚੋਂ ਫਰਾਂਸ ਵੀ ਇਕ ਹੈ। ਜਿੰਨਾ ਖਰਚ 1949 ਤੋਂ ਲੈ ਕੇ 2021 ਤੱਕ ਦੁਨੀਆਂ ਨੇ ਹਥਿਆਰਾਂ ਦੇ ਨਿਰਮਾਣ 'ਤੇ ਖਰੀਦੋ ਫਿਰੋਖਤ ਉੱਤੇ ਕੀਤਾ ਹੈ, ਉਸ ਨਾਲ ਦੁਨੀਆਂ ਨੂੰ ਸਵਰਗਮਈ ਜ਼ਿੰਦਗੀ ਮੁਹੱਈਆ ਕਰਵਾਈ ਜਾ ਸਕਦੀ ਸੀ ਅਤੇ ਸੈਂਕੜੇ ਸਾਲਾਂ ਲਈ ਇਹ ਵਿਵਸਥਾ ਕੀਤੀ ਜਾ ਸਕਦੀ ਸੀ।

ਜਿਹੜਾ ਅਮਰੀਕਾ ਅਤੇ ਪੱਛਮੀ ਮੀਡੀਆ ਵਿਸ਼ੇਸ਼ ਕਰਕੇ ਨਾਟੋ ਮੀਡੀਆ ਵਿਸ਼ੇਸ਼

ਕਰਕੇ ਨਾਟੋ ਮੀਡੀਆ ਆਪਣੀ ਸੂਚਨਾ ਤਕਨੀਕ ਰਾਹੀਂ ਰੂਸ ਨੂੰ ਇਕ ਖਤਰਨਾਕ ਹਮਲਾਵਰ ਦੇ ਤੌਰ 'ਤੇ ਪੇਸ਼ ਕਰ ਰਿਹਾ ਹੈ ਉਸ ਦਾ ਖ਼ੁਦ ਆਪਣਾ ਚਿਹਰਾ ਕਿੰਨਾ ਭਿਆਨਕ ਹੈ। ਉਹ ਤੱਥਾਂ 'ਚੋਂ ਵੇਖਿਆ ਜਾ ਸਕਦਾ ਹੈ। ਅਮਰੀਕਾ ਨੇ ਵਿਸ਼ਵ ਯੁੱਧ ਤੋਂ ਫੌਰਨ ਪਿਛੋਂ 1945-46 'ਚ ਚੀਨ ਉਤੇ ਹਮਲਾ ਕੀਤਾ ਸੀ। ਫਿਰ 1949 'ਚ ਸੀਰੀਆ 1950-53 'ਚ ਕੋਰੀਆ, 1950-53 'ਚ ਚੀਨ, 1953 'ਚ ਇਰਾਨ, 1954 'ਚ ਗੁਆਟੇਮਾਲਾ, 1955-70 ਤਿੱਬਤ, 1958 'ਚ ਇੰਡੋਨੇਸ਼ੀਆ, 1959 'ਚ ਕਿਊਬਾ, 1960-65 'ਚ ਡੀਪਬਲਿਕਨ ਆਫ਼ ਕਾਗੋਂ, 1960-63 'ਚ ਇਰਾਕ, 1961, ਡੈਮੀਨੀਅਨ ਰਿਪਬਲਿਕਨ, 1961-73 ਵੀਅਤਨਾਮ, 1964 ਬ੍ਰਾਜੀਲ, 1964 ਬੈਲਜੀਅਮ ਤੇ ਕਾਗੋ, 1964 'ਚ ਫਿਰ ਗੁਆਟੇਮਾਲਾ, 1964-73 'ਚ ਲਾਊਸ, 1965 'ਚ ਡੋਮੀਨੀਅਨ ਰਿਪਬਲਿਕ, 1965 'ਚ ਪੀਰੂ, 1967 'ਚ ਗਰੀਸ, 1967-69 'ਚ ਗੁਆਟੇਮਾਲਾ, 1969-70 'ਚ ਕੰਬੋਡੀਆ, 1970-73 'ਚ ਚਿਲੀ, 1976 'ਚ ਅਰਜਨਟਾਈਨਾ, 1980 'ਚ ਤੁਰਕੀ, 1980-81 'ਚ ਪੋਲੈਂਡ, 1981-1992 'ਚ ਐਲਸਲਵਾਡੋਰ, 1981-1990 ਨਿਕਾਰਾਗੁਆ, 1980-1995 ਕੰਬੋਡੀਆ, 1983-84 'ਚ ਗਰੇਨਾਡਾ, 1980 'ਚ ਅੰਗੋਲਾ, 1982-84 'ਚ ਲਿਬਨਾਨ, 1986 ਫਿਲਪਾਈਨ, 1987 'ਚ ਇਰਾਨ, 1986 'ਚ ਲਿਬੀਆ, 1989 'ਚ ਫਿਰ ਲਿਬੀਆ, 1989 'ਚ ਇਰਾਨ, 1989-90 'ਚ ਪਨਾਮਾ, 1991 'ਚ ਇਰਾਨ, 1991 'ਚ ਕੁਵੈਤ, 1992 ਤੇ 1996 'ਚ ਇਰਾਕ, 1992-94 'ਚ ਸੋਮਾਲੀਆ, 1995 'ਚ ਬੋਸਨੀਆ, 1998 'ਚ ਸੂਡਾਨ, 1998 'ਚ ਅਫਗਾਨਿਸਤਾਨ, 1999 'ਚ ਯੋਗੋਸਲਾਵੀਆ ਅਤੇ ਸਰਬੀਆ, 2001 'ਚ ਅਫਗਾਨਿਸਤਾਨ, 2002-2003 'ਚ ਇਰਾਕ, 2006-2007 'ਚ ਸੋਮਾਲੀਆ, 2005 'ਚ ਇਰਾਨ, 20013 'ਚ ਲਿਬੀਆ, 2015 'ਚ ਯਮਨ ਆਦਿ। ਇਹ ਇਕ ਲੰਬਾ ਇਤਿਹਾਸ ਹੈ। ਅਮਰੀਕਾ ਅਤੇ ਨਾਟੋ ਨੇ ਵਿਸ਼ਵ ਵਿਚ ਹੀ ਆਪਣੇ ਫੌਜੀ ਅੱਡੇ ਕੈਂਪ ਉਸਾਰੇ ਹਨ ਅਤੇ ਸਮੁੰਦਰੀ ਹਵਾਈ ਮਸ਼ਕਾਂ ਕਰਦੇ ਰਹਿੰਦੇ ਹਨ। ਵਿਸ਼ਵ ਦੇ ਬਦਮਾਸ਼ ਥਾਣੇਦਾਰ ਦੇ ਤੌਰ 'ਤੇ ਵਿਚਰਨ ਵਾਲੇ ਅਮਰੀਕਾ ਦਾ ਦੁਨੀਆ ਦੇ ਦੇਸ਼ਾਂ ਨੂੰ ਆਪਸੀ ਜੰਗਾਂ ਨੂੰ ਉਲਝਾਉਣ ਦਾ ਵੀ ਆਪਣਾ ਇਕ ਇਤਿਹਾਸ ਹੈ।

ਖੈਰ ਮੁੱਕਦੀ ਗੱਲ ਅਮਰੀਕ ਤੇ ਨਾਟੋ ਠੰਡੀ ਜੰਗ ਵਿਚ ਜੋ ਨੀਤੀ ਰੂਸ ਨੂੰ ਘੇਰਨ ਦੀ ਬਣਾਈ ਸੀ ਅਤੇ ਜਿਸ 'ਚ 1991 'ਚ ਨਵਉਦਾਰਵਾਦੀ ਦੌਰ ਦੇ ਪਹਿਲੇ ਵਰ੍ਹਿਆਂ 'ਚ ਕੁਝ ਨਰਮੀ ਆਈ ਪਰ ਪੁਤਿਨ ਦੇ ਸੱਤਾ ਉਤੇ ਕਾਬਜ਼ ਹੋਣ ਪਿਛੋਂ ਉਸ ਨੇ ਇਸ ਨੂੰ ਤੇਜ਼ ਕਰ ਦਿੱਤਾ। ਪੁਤਿਨ ਦਾ ਰੂਸ, ਗੌਰਬਾਚੋਵ ਵਾਲਾ ਰੂਸ ਨਹੀਂ, ਵਿਸ਼ਵ ਵਪਾਰ ਵਿਚ ਉਹਦੀ ਇਕ ਆਪਣੀ ਥਾਂ ਬਣ ਗਈ ਹੈ। ਇਹੋ ਖੁੰਦਕ ਹੈ ਅਮਰੀਕਾ ਦੀ ਨਾਲ ਹੀ ਰੂਸ ਦੇ ਨਾਲ ਲਗਦਾ ਚੀਨ ਵੀ ਇਕ ਆਰਥਿਕ ਮਹਾਂਸ਼ਕਤੀ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ ਹੈ। ਜਿਸਨੇ ਅਮਰੀਕਾ ਦੇ ਵਪਾਰ ਦੀ ਚੌਧਰ ਦੇ ਘੋੜੇ ਦੀ ਲਗਾਮ ਫੜ ਲਈ ਹੈ। ਅਮਰੀਕਾ ਲਈ ਯੂਕਰੇਨ ਇਸ ਪੱਖੋਂ ਬਹੁਤ ਮਹੱਤਵਪੂਰਨ ਹੈ। ਜੇ ਯੂਕਰੇਨ ਅਮਰੀਕਾ ਦਾ ਅੱਡਾ ਬਣ ਜਾਂਦਾ ਹੈ ਤਾਂ ਉਹ ਨਾਟੋ ਦੇ ਦਮ ਉਤੇ ਰੂਸ ਨੂੰ ਘੇਰ ਸਕਦਾ ਹੈ ਅਤੇ ਚੀਨ ਨੂੰ ਧਮਕਾ ਸਕਦਾ ਹੈ। ਇਸੇ ਕਰਕੇ ਅਮਰੀਕਾ ਪਿਛਲੇਰੇ 10-15 ਸਾਲ ਤੋਂ ਯੂਕਰੇਨ 'ਚ ਵਿਸ਼ੇਸ਼ ਦਿਲਚਸਪੀ ਲੈ ਰਿਹਾ ਹੈਅਤੇ 2014 'ਚ ਉਹ ਆਪਣੇ ਹੱਥਠੋਕੇ ਜੇਲੈਂਸ਼ਕੀ ਨੂੰ ਰਾਸ਼ਟਰਪਤੀ ਬਣਾਉਣ 'ਚ ਕਾਮਯਾਬ ਵੀ ਰਿਹਾ ਹੈ। ਦੁਨੀਆਂ ਇਹ ਜਾਣਦੀ ਹੈ ਅਮਰੀਕਾ ਆਰਥਿਕ, ਤੇਜ਼ ਤੇ ਦੇਸ਼ਾਂ ਨੂੰ ਗੁਲਾਬੋ ਬਣਾ ਕੇ ਰੱਖਣ ਲਈ ਆਪਣੇ ਹੱਥਠੋਕੇ ਹਾਕਮਾਂ ਨੂੰ ਗੱਦੀ 'ਤੇ ਬਿਰਾਜਮਾਨ ਕਰਨ ਲਈ ਬੁਰੇ ਦੀ ਹੱਦ ਤੱਕ ਜਾਣ ਤੋਂ ਨਹੀਂ ਝਿਜਕਦਾ। ਆਪਣੇ ਹੱਥਠੋਕੇ ਹਾਕਮਾਂ ਦੇ ਕਬਜ਼ਿਆਂ ਵਾਲੇ ਦੇਸ਼ਾਂ ਵਿਚ ਲੋਕਾਂ ਨੂੰ ਆਪਸੀ ਭਰਾ ਮਾਰ ਘਰੇਲੂ ਜੰਗਾਂ 'ਚ ਉਲਝਾਉਣ ਤੋਂ ਵੀ ਅਮਰੀਕੀ ਏਜੰਸੀ ਸੀ.ਆਈ. ਏ. ਕਦੇ ਪਿਛੇ ਨਹੀਂ ਰਹਿੰਦੀ।

ਅਸੀਂ ਇਕ ਵਾਰ ਫੇਰ ਯੂਕਰੇਨੀ ਇਤਿਹਾਸ ਵੱਲ ਮੁੜਦੇ ਹਾਂ। ਅਸੀਂ ਜ਼ਿਕਰ ਕੀਤਾ ਹੈ ਕਿ ਸਟਾਲਿਨ ਦੇ ਦੌਰ 'ਚ ਉਚ ਕਿਸਾਨੀ ਤੇ ਮੱਧ ਵਰਗੀ ਕਿਸਾਨੀ ਨੇ ਜ਼ਮੀਨ ਦੇ ਕੌਮੀਕਰਨ ਤੇ ਸਰਕਾਰੀਕਰਨ ਦਾ ਸਖ਼ਤ ਵਿਰੋਧ ਕੀਤਾ ਸੀ। ਦੂਸਰੀ ਸੰਸਾਰ ਜੰਗ 'ਚ ਜਦੋਂ ਯੂਕਰੇਨ ਦਾ ਵੱਡਾ ਹਿਸਾ ਜਰਮਨ ਨਾਜ਼ੀ ਕਬਜ਼ੇ ਹੇਠ ਆ ਗਿਆ ਤਾਂ ਜਰਮਨੀ ਨੇ ਪੱਛਮੀ ਯੂਕਰੇਨ ਵਿਚ ਨਾਜ਼ੀਆ ਦੇ ਨਾਲ ਲੜਨ ਵਾਲੀ ਫੌਜ ਦੀ ਵੀ ਭਰਤੀ ਕੀਤੀ ਅਤੇ ਉਹਨੂੰ ਨਾਜ਼ੀ ਵਿਚਾਰਾਂ ਦੀਆਂ ਲੀਹਾਂ ਉਤੇ ਢਾਲਿਆ। ਇਹਦਾ ਇਕ ਆਪਣਾ ਇਤਿਹਾਸ ਹੈ ਜਰਮਨੀ ਨੇ ਬਾਲਸ਼ਵਿਕਾਂ ਦੇ ਵਿਰੋਧ ਯੂਕਰੇਨੀ ਗਰੀਨ ਕੈਥੋਲਿਕ ਚਰਚ, ਯੂਕਰੇਨੀ ਸੇਜ ਪਿਛਾ ਖੜ੍ਹੀ ਅਤੇ ਤਾਤਾਰ ਮੁਸਲਮ ਸਮੁਦਾਏ ਨੂੰ ਲੜਨ ਲਈ ਪ੍ਰੇਰਿਤ ਕੀਤਾ ਅਤੇ ਤਿਆਰ ਕੀਤਾ ਅਤੇ ਯੂਕਰੇਨੀ ਐਸ.ਐਸ. ਡਵੀਜ਼ਨ ਤਿਆਰ ਕੀਤੀ। ਗਲੋਸੀਆ ਡਵੀਜ਼ਨ ਵੀ ਇਸ ਨੂੰ ਕਿਹਾ ਜਾਂਦਾ ਹੈ। ਇਸ ਨੇ 42000 ਲੋਕਾਂ ਨੂੰ ਟ੍ਰੇਨਿੰਗ ਦਿੱਤੀ 27000 ਲੋਕਾਂ ਨੂੰ ਫੌਜੀ ਭਰਤੀ ਦੇ ਯੋਗ ਪਾਇਆ ਅਤੇ 13000 ਨੂੰ ਚੁਣ ਕੇ ਲੜਨ ਲਈ ਮੋਰਚਿਆਂ ਉਤੇ ਭੇਜਿਆ। ਯੂਕਰੇਨ 'ਚੋਂ ਤਿਆਰ ਕੀਤੇ ਇਹ ਨਾਜ਼ੀ ਹਮਾਇਤੀ ਲੋਕ, ਬਾਲਸ਼ਵਿਕਾਂ ਦੇ ਇਲਾਕਿਆਂ ਦੀ ਭਾਲ ਕਰਨ, ਪਹਿਚਾਣ ਕਰਨ ਉਨ੍ਹਾਂ ਦੇ ਹਮਾਇਤੀ ਲੋਕਾਂ ਨੂੰ ਨਿਸ਼ਾਨਾ ਬਣਾਉਣ, ਸੂਹੀਏ ਅਤੇ ਸਥਾਨਕ ਲੋਕਾਂ ਪਾਸੋਂ ਰਾਸ਼ਨ ਇਕੱਠਾ ਕਰਨ ਤੱਕ ਦਾ ਕੰਮ ਕਰਦੇ ਸਨ। ਇਸੇ ਦੌਰਾਨ ਹੀ ਯੂਕਰੇਨ ਦੀ ਵੱਡੀ ਆਬਾਦੀ ਲਗਭਗ 4-5 ਲੱਖ ਲੋਕ ਨਾਜ਼ਮੀ ਜਰਮਨ ਵਾਲੇ ਇਲਾਕੇ 'ਚ ਮਾਰੇ ਗਏ ਕਈਆਂ ਨੂੰ ਭਿਆਨਕ ਤਸੀਹੇ ਦਿੱਤੇ ਅਤੇ ਤਸੀਹਾ ਕੇਂਦਰਾਂ 'ਚ ਸੁਟਿਆ। ਨਾਜ਼ੀਆਂ ਦੀ ਹਾਰ ਤੋਂ ਪਿਛੋਂ ਅਤੇ ਲਾਲ ਸੈਨਾ ਦੇ ਕਬਜ਼ੇ ਪਿਛੋਂ ਅਜਿਹੇ ਅਨਸਰ ਦੜ ਵੱਟ ਕੇ ਬੈਠੇ ਰਹੇ।

ਜਿਉਂ ਹੀ ਯੂਕਰੇਨ ਸੋਵੀਅਤ ਰੂਸ ਤੋਂ ਅਲੱਗ ਹੋਇਆ ਇਨ੍ਹਾਂ ਕਮਿਊਨਿਸਟ ਵਿਰੋਧੀ ਵਿਚਾਰਾਂ ਵਾਲੇ ਅਨਸਰਾਂ ਤੱਕ ਅਮਰੀਕੀ ਖੁਫ਼ੀਆ ਏਜੰਸੀਆਂ ਨੇ ਪਹੁੰਚ ਕੀਤੀ ਅਤੇ ਅਜਿਹੇ ਗਰੋਹ ਬਣਨੇ ਸ਼ੁਰੂ ਹੋ ਗਏ ਜਿਹੜੇ ਰੂਸੀਆਂ ਤੋਂ ਕਮਿਊਨਿਸਟਾਂ ਵਿਰੁੱਧ ਨਫ਼ਰਤ ਰੱਖਦੇ ਸਨ। ਇਹੋ ਗਰੋਹ ਸਹਿਜੇ ਸਹਿਜੇ ਸੱਤਾ 'ਤੇ ਕਬਜ਼ੇ ਵੱਲ ਵਧੇ। ਪੱਛਮੀ ਯੂਕਰੇਨ 'ਚ ਨਵਨਾਜ਼ੀਵਾਦੀ ਗਰੋਹਾਂ ਦਾ ਪੈਦਾ ਹੋਣ ਤੇ ਵੱਧਣ ਫੁੱਲਣ ਦਾ ਆਪਣਾ ਇਕ ਇਤਿਹਾਸ ਹੈ। ਪਰ ਸਭ ਤੋਂ ਵੱਧ ਅਜ਼ੋਵ ਬਟਾਲੀਅਨ ਹੈ ਜੋ ਸੰਗਠਨ ਰੂਪ ਵਿਚ ਪਿਛਲੇਰੇ 10 ਸਾਲ ਤੋਂ ਸਰਗਰਮ ਚਲੀ ਆ ਰਹੀ ਹੈ। ਇਨ੍ਹਾਂ ਦਾ ਆਪਣਾ ਇਕ ਝੰਡਾ ਹੈ ਬਿਲਕੁਲ ਨਾਜ਼ੀ ਚਿੰਨ੍ਹਾਂ ਦੀ ਨਕਲ ਵਾਲੇ ਇਹਦੇ ਮੈਂਬਰਾਂ ਦੀ ਅਲੱਗ ਟੀ-ਸ਼ਰਟ ਹੈ ਅਤੇ ਇਹ ਆਰ. ਐਸ.ਐਸ. ਵਾਂਗੂ ਸਿਰ ਤੋਂ ਪੈਰਾਂ ਤੱਕ ਮੁਕੰਮਲ ਜਥੇਬੰਦ, ਜਨੂੰਨੀ ਅਤੇ ਕੱਟੜਵਾਦੀ ਹੈ। ਯੂਕਰੇਨੀ ਪੈਟਰੀਆਨ ਪਾਰਟੀ ਭਾਵ ਰਾਸ਼ਟਰਵਾਦੀ ਪਾਰਟੀ ਦੇ ਨਾਂ ਹੇਠ ਕਰਕੇ ਸਿਆਸੀ ਵਿੰਗ ਦਾ ਸੱਜਾ ਹੱਥ ਉਜੋਵ ਸਪੈਸ਼ਲ ਅਪਰੇਸ਼ਨ ਡਿਟੈਚਮੈਂਟ ਸੰਗਠਨ ਹੀ ਹੈ। 31 ਅਕਤੂਬਰ 2014 ਨੂੰ ਅਜੋਵ ਬਟਾਲੀਅਨ ਦੇ ਡਿਪਟੀ ਕਮਾਂਡਰ ਵਾਲਿਦ ਟ੍ਰਾਯਨ ਨੂੰ ਉਬਲਾਸਟ ਖੇਤਰ ਦਾ ਪੁਲਿਸ ਮੁਖੀ ਲਾ ਦਿੱਤਾ ਗਿਆ। ਇਹ ਉਹੀ ਸੰਗਠਨ ਹੈ ਜਿਹਨੇ 2014 ਵਿਚ ਯੂਕਰੇਨ ਵਿਚ ਉਸ ਸਮੇਂ ਵਿਰੋਧੀ ਹਿੰਸਕ ਪ੍ਰਦਰਸ਼ਨ ਕੀਤੇ ਸਨ ਜਦੋਂ ਰੂਸ ਪੱਖੀ ਰਾਸ਼ਟਰਪਤੀ ਯੂਨਾਕੋਵਿਚ ਚੁਣਿਆ ਗਿਆ ਸੀ। ਡੋਨਾ ਬਾਸ ਦੇ ਪੂਰਬੀ ਖੇਤਰ ਵਿਚਰ ਰੂਸੀ ਭਾਸ਼ਾਈ ਲੋਕਾਂਨੇ ਆਪਣੀ ਅਜ਼ਾਦੀ ਦਾ ਐਲਾਨਨਾਮਾ ਜਾਰੀ ਕਰ ਦਿੱਤਾ ਸੀ। ਡੋਨਾਬਾਸ ਇਸ ਪਿਛੋਂ ਘਰੇਲੂ ਜੰਗ ਦਾ ਅਖਾੜਾ ਬਣ ਗਿਆ। ਆਜੋਵ ਬਟਾਲੀਅਨ ਭਾਵ ਨਵਨਾਜ਼ੀਵਾਦੀਆਂ ਨੇ ਯੂਕਰੇਨ ਫੌਜਾਂ ਦੀ ਹਮਾਇਤ ਨਾਲ ਰੂਸੀ ਭਾਸ਼ਾਈ ਲੋਕਾਂ ਉਤੇ ਤਸ਼ੱਦਦ ਢਾਹਿਆ ਅਤੇ ਚਾਹੁੰਦੀ ਆ ਰਹੀ ਹੈ। ਆਜੋਵ ਬਟਾਲੀਅਨ ਦੇ ਮੈਂਬਰ 22 ਦੇਸ਼ਾਂ 'ਚੋਂ ਆਉਂਦੇ ਹਨ। ਅਮਰੀਕੀ ਤੇ ਬਰਤਾਨਵੀ ਵਿਸ਼ੇਸ਼ ਕਰ ਸੀ.ਆਈ.ਏ. ਦੇ ਸਿੱਖਿਅਤ ਫੌਜੀ ਮੁਖੀ ਇਨ੍ਹਾਂ ਨੂੰ ਸਿਖਲਾਈ ਦਿੰਦੇ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਦੀ ਕਮੇਟੀ ਨੇ ਵੀ ਆਪਣੀ ਰਿਪੋਰਟ ਵਿਚ ਆਜ਼ੋਨ ਨੂੰ ਲੁੱਟ ਮਾਰ ਕਰਨ, ਪਰਿਵਾਰ ਉਜਾੜਨ, ਗੈਰ ਕਾਨੂੰਨੀ ਹਿਰਾਸਤਾਂ ਕਰਨ ਤੇ ਤਸੀਹਾ ਦੇਣ ਵਰਗੇ ਅਪਰਾਧਾਂ ਲਈ ਚਿੰਤਨ ਕੀਤਾ ਹੈ। ਇਹ ਯੁੱਧ ਅਪਰਾਧਾਂ 'ਚ ਗਿਣੇ ਜਾਂਦੇ ਹਨ। ਇਹ ਤੱਥ ਵੀ ਜੱਗ ਜਾਹਿਰ ਹੈ ਕਿ ਜਦੋਂ ਚੁਣੇ ਗਏ ਰੂਸ ਹਮਾਇਤੀ ਰਾਸ਼ਟਰਪਤੀ ਯੂਨਾਕੋ ਵਿਚ ਵਿਰੋਧੀ ਪ੍ਰਦਰਸ਼ਨ ਯੂਕਰੇਨ ਦੇ ਸ਼ਹਿਰਾਂ ਵਿਚ ਹੋ ਰਹੇ ਸਨ ਤਾਂ ਅਮਰੀਕਾ ਦੇ ਵੱਡੇ ਅਧਿਕਾਰੀ ਅਤੇ ਸੰਸਦ ਵੀ ਯੂਕਰੇਨ ਵਿਚ ਮੌਜੂਦ ਸਨ। ਇਵੇਂ ਹੀ ਕੱਟੜਵਾਦੀ ਨਵਨਾਜ਼ੀ ਸੰਗਠਨਾਂ ਸਵੋਬੋਦਾ ਪਾਰਟੀ ਸਜ ਪਿਛਾਖੜੀ ਅਰਧ ਸੈਨਿਕ ਬਲਾਂ ਵਜੋਂ ਕੰਮ ਕਰਦੀ ਹੈ। ਮੌਜੂਦਾ ਰਾਸ਼ਟਰਪਤੀ ਜੇਲੈਂਸਕੀ ਨੇ ਤਾਂ ਇਨ੍ਹਾਂ ਨਵਨਾਜ਼ੀਵਾਦੀ ਅਰਧ ਸੈਨਿਕ ਬਲਾਂ ਨੂੰ ਕੌਮੀ ਸੁਰੱਖਿਆ ਬਲਾਂ ਭਾਵ ਫੌਜ ਵਿਚ ਸ਼ਾਮਲ ਕਰ ਲਿਆ ਹੈ ਜਿਨ੍ਹਾਂ ਇਲਾਕਿਆਂ 'ਚ ਰੂਸ ਨੇ ਸਭ ਤੋਂ ਪਹਿਲੇ ਦਿਨ ਦਾਖਲ ਹੋ ਕੇ ਉਨ੍ਹਾਂ ਨੂੰ ਆਜ਼ਾਦ ਦੇਸ਼ ਵਜੋਂ ਮਾਨਤਾ ਦਿੱਤੀ ਸੀ ਜਿਸ 'ਚ ਦੋਨੇਸਤਕ ਅਤੇ ਲੁਹਾਂਨਸਕ ਸ਼ਾਮਲ ਹੈ। ਇਥੇ ਨਵਨਾਜ਼ੀਵਾਦੀ ਪਾਰਟੀ ਤੇ ਯੂਕਰੇਨੀ ਫੌਜਾਂ ਦੀਆਂ ਸਾਂਝੀਆਂ ਮਸ਼ਕਾਂ ਪਿਛਲੇ 8 ਸਾਲਾਂ ਤੋਂ ਚਲ ਰਹੀਆਂ ਹਨ। ਯੂਕਰੇਨ ਵਿਚ ਕਮਿਊਨਿਸਟ ਪਾਰਟੀ ਉਤੇ ਤਾਂ ਬਹਚੁਤ ਸਮਾਂ ਪਹਿਲਾਂ ਭਾਵ 2014 'ਚ ਹੀ ਪਾਬੰਦੀ ਲਾ ਦਿੱਤੀ ਸੀ ਅਤੇ ਕਮਿਊਨਿਸਟ ਪਾਰਟੀ ਦੇ ਮੈਂਬਰ ਇਨ੍ਹਾਂ ਨਵਨਾਜ਼ੀਵਾਦੀਆਂ ਦੇ ਨਿਸ਼ਾਨੇ 'ਤੇ ਰਹਿੰਦੇ ਹਨ। ਇਸ ਜੰਗ ਵਿਚ ਵੀ ਕਮਿਊਨਿਸਟ ਪਾਰਟੀ ਯੂਕਰੇਨ 'ਚ ਇਕ ਪਰਚੇ ਨੇ ਰੂਸੀਆ ਵਿਰੁੱਧ ਨਵਨਾਜ਼ੀਆ ਤੇ ਯੂਕਰੇਨੀ ਫੌਜਾਂ ਦੀ ਪਿਛਲੇ 8 ਸਾਲਾਂ ਤੋਂ ਓਲ ਰਹੀ ਜੰਗ ਦਾ ਸਿੱਟਾ ਹੀ ਇਸ ਹਮਲੇ ਨੂੰ ਦੱਸਿਆ ਹੈ।

ਇਥੇ ਇਹ ਵੀ ਦੱਸ ਦੇਈਏ ਕਿ ਅਮਰੀਕਾ ਦੀ ਇਕ ਸੰਸਥਾ ਨੈਸ਼ਨਲ ਐਡਵੋਮੈਂਟ ਫਾਰ ਡੈਮੋਕਰੇਸੀ ਅਤੇ ਸੀ.ਆਈ.ਏ. ਨੇ ਬੜੀ ਯੋਜਨਾ ਤਹਿਤ ਯੂਕਰੇਨ ਵਿਚ ਸੱਜ ਪਿਛਾਖੜੀ ਨਵ ਨਾਜ਼ੀਵਾਦੀਆਂ ਨੂੰ ਪਾਲਿਆ, ਪਰੋਸਿਆ, ਟ੍ਰੇਨਿੰਗ ਅਤੇ ਆਰਥਿਕ ਮਦਦ ਅਤੇ ਅੰਨ੍ਹੇ ਕੌਮਵਾਦੀ ਯੂਕਰੇਨੀਅਨ ਗਰੋਹਾਂ ਨੂੰ ਸੱਤਾ ਹਥਿਆਉਣ ਤੱਕ ਪਹੁੰਚਾਇਆ ਅਤੇ ਰੂਸ ਨਸਲ ਦੇ ਯੂਕਰੇਨ 'ਚੋਂ ਖਾਤਮੇ ਜਾਂ ਸਮੂਹਿਕ ਨਰਸੰਹਾਰ ਦੀ ਜ਼ਮੀਨ ਤਿਆਰ ਕਰਕੇ ਸਥਿਤੀ ਨੂੰ ਇਥੋਂ ਤੱਕ ਪਹੁੰਚਾਇਆ। (ਇਸ ਦਾ ਲੰਮਾ ਜ਼ਿਕਰ ਇਸ ਲਈ ਕੀਤਾ ਕਿ ਅਗਲੇਰੇ ਸਾਲਾਂ ਵਿਚ ਭਾਰਤ ਵਿਚ ਅਸੀਂ ਅਜਿਹੀ ਹੀ ਸਥਿਤੀ ਦਾ ਸਾਹਮਣਾ ਕਰਨ ਜਾ ਰਹੇ ਹਾਂ ਜਿਸ ਤੋਂ ਸੁਚੇਚ ਹੋਣ ਦੀ ਲੋੜ ਹੈ।) ਜਿਥੇ ਯੂਕਰੇਨ ਵੀ ਕਮਿਊਨਿਸਟ ਪਾਰਟੀ ਨੂੰ ਗੈਰ ਕਾਨੂੰਨੀ ਐਲਾਨਿਆ ਹੋਇਆ ਹੈ, ਉਥੇ ਦੂਸਰੇ ਵਿਸ਼ਵ ਯੁੱਧ ਵਿਚ ਹਿਟਲਰ ਦਾ ਸਾਥ ਦੇਣ ਵਾਲੇ ਨਾਇਕਾਂ ਦੇ ਬੁੱਤ ਸਥਾਪਤ ਕੀਤੇ ਜਾ ਰਹੇ ਹਨ ਅਤੇ ਸਥਾਪਤ ਕਰਨ ਵਾਲਿਆਂ 'ਚ ਖ਼ੁਦ ਜੇਲੈਂਸਕੀ ਸ਼ਾਮਲ ਹੈ।

ਅਮਰੀਕਾ ਦੀ ਸੀ.ਆਈ.ਏ. ਦਾ ਨਾਂ ਤਾਂ ਸਾਰਿਆਂ ਨੇ ਸੁਣਿਆ ਹੋਇਆ ਹੈ ਪਰ ਜਿਸ ਸੰਗਠਨ ਦਾ ਉਪਰ ਜ਼ਿਕਰ ਕੀਤਾ ਹੈ। ਨੈਸ਼ਨਲ ਐਡੋਵਮੈਂਟ ਫਾਰ ਡੈਮੋਕਰੇਸੀ (ਐਨ.ਆਈ.ਡੀ.) ਦਾ ਬਹੁਤੇ ਪਾਠਕਾਂ ਨੂੰ ਪਤਾ ਨਹੀਂ ਹੋਵੇਗਾ। ਇਹ ਸੰਗਠਨ 1983 ਵਿਚ ਖੜ੍ਹਾ ਕੀਤਾ ਗਿਆ ਸੀ। ਇਸ ਨੂੰ ਸਾਰੀ ਆਰਥਿਕ ਮਦਦ ਅਮਰੀਕਾ ਤੋਂ ਆਉਂਦੀ ਹੈ। ਆਪਣੇ ਆਪ 'ਚ ਇਹਦਾ ਲੁਭਾਵਨਾ ਚਿਹਰਾ ਜਮਹੂਰੀਅਤ ਨਾਲ ਸ਼ਿੰਗਾਰਿਆ ਹੋਇਆ ਹੈ। ਪਰ ਹਕੀਕਤ ਇਹ ਕਿ ਇਹ ਉਨ੍ਹਾਂ ਦੇਸ਼ਾਂ ਵਿਚ ਜਿਥੇ ਸਰਕਾਰਾਂ ਅਮਰੀਕੀ ਵਿਦੇਸ਼ ਨੀਤੀ ਜਾਂ ਹਿੱਤਾਂ ਦੇ ਅਨੁਸਾਰੀ ਕੰਮ ਨਹੀਂ ਕਰਦੀਆਂ ਵਿਚ, ਉਨ੍ਹਾਂ ਵਿਰੁੱਧ ਗਰੋਹਾਂ ਦੀ ਲਾਮਬੰਦੀ ਕਰਨ ਦਾ ਧੰਦਾ ਕਰਦਾ ਹੈ। ਸੀ.ਆਈ.ਏ. ਗੁਪਤ ਕਾਰਵਾਈਆਂ (ਕਤਲਾਂ, ਤੋੜ ਫੋੜ ਆਦਿ) ਕਰਦੀ ਹੈ ਤਾਂ ਐਨ.ਈ.ਡੀ. ਮੀਡੀਆ ਅਤੇ 'ਨਾਗਰਿਕ ਸਮਾਜ' ਸੰਗਠਨਾਂ ਵਿਚ ਸਰਗਰਮ ਰਹਿੰਦੀ ਹੈ। ਇਸੇ ਦੇ ਕਹਿਰ ਦਾ ਸ਼ਿਕਾਰ, ਵੈਨੇਜ਼ੂਅਲਾ, ਨਿਕਾਰਾਗੂਆ ਸੀਰੀਆ ਤੇ ਯੂਕਰੇਨ ਵਰਗੇ ਦੇਸ਼ ਹਨ। ਇਹ ਵਿਸ਼ਵ ਪੱਧਰ ਉਤੇ ਸਰਗਰਮ ਹੈ। ਇਹ ਸਾਡੇ ਦੇਸ਼ ਵਿਚ ਵੀ ਸਗਰਮ ਹੈ।

ਯੂਕਰੇਨ ਵਿਚ ਅਮਰੀਕਾ ਦੀ ਦਿਲਚਸਪੀ ਦਾ ਇਕ ਪੱਖ ਜੇ ਨਾਟੋ ਦੇ ਪਸਾਰ ਅਤੇ ਰੂਸ ਚੀਨ ਨੂੰ ਘੇਰਨ ਦੀ ਰਣਨੀਤੀ ਕਰਕੇ ਹੈ, ਉਥੇ ਯੂਕਰੇਨ ਦੇ ਦੱਖਣ ਪੂਰਬੀ ਹਿੱਸੇ ਯੂਰਪ ਵਿਚ ਸਭ ਤੋਂ ਵੱਧ ਉਪਜਾਊ ਗਿਣੇ ਜਾਂਦੇ ਹਨ। ਕਾਲਾ ਸੋਨਾ ਦੇ ਇਨ੍ਹਾਂ ਖੇਤਰਾਂ ਵਿਚ ਮਕੱਈ ਸੂਰਜ ਮੁਖੀ ਤੇਲ ਕਣਕ ਦੀ ਅਥਾਹ ਪੈਦਾਵਾਰ ਹੁੰਦੀ ਹੈ। ਜਿਹੜੀ ਯੂਰਪ ਨੂੰ ਨਿਰਯਾਤ ਕੀਤੀ ਜਾਂਦੀ ਹੈ। ਅਮਰੀਕਾ ਦੀ ਇਨ੍ਹਾਂ 'ਤੇ ਵੀ ਘੋਖ ਹੈ। ਯੂਕਰੇਨ ਦੇ ਖਣਿਜ ਭੰਡਾਰਾਂ ਤੇ ਤੇਲ ਤੇ ਕੁਦਰਤੀ ਗੈਸ ਦੇ ਭੰਡਾਰਾਂ ਉਤੇ ਵੀ ਅਮਰੀਕੀ ਤਿਰਛੀ ਨਿਗਾਹ ਟਿਕੀ ਹੋਈ ਹੈ। (ਇਸ ਦਾ ਵੇਰਵਾ ਤੇ ਵਿਸ਼ਵ ਵਪਾਰ ਵਿਚ ਵਿਸ਼ੇਸ਼ਕ ਕਰਕੇ ਯੂਰਪੀਨ ਯੂਨੀਅਨ ਦੇ ਖੇਤਰ ਵਿਚ ਰੂਸ ਤੇ ਯੂਕਰੇਨ ਦੀ ਭੂਮਿਕਾ ਤੇ ਹਿੱਸੇਦਾਰੀ ਉਤੇ ਇਕ ਅਲੱਗ ਲੇਖ 'ਚ ਜ਼ਿਕਰ ਕਰਾਂਗੇ। ਲੇਖ ਪਹਿਲਾਂ ਹੀ ਲੰਬਾ ਹੋ ਗਿਆ ਹੈ)

ਇਕ ਅਮਰੀਕੀ ਉਚ ਅਧਿਕਾਰੀ ਅਤੇ ਅਰਥ ਸ਼ਾਸਤਰੀ ਨੇ 2015 ਵਿਚ ਇਹ ਲਿਖਿਆ ਸੀ ਕਿ "ਯੂਕਰੇਨ ਜਿਵੇਂ ਅਮਰੀਕਾ ਨਾਲ ਸਾਂਝ ਭਿਆਲੀ ਪਾ ਕੇ ਚਲਣਾ ਸ਼ੁਰੂ ਕਰ ਰਿਹਾ ਹੈ। ਇਹ ਇਹਨੂੰ ਤਬਾਹੀ ਵੱਲ ਲੈ ਜਾਵੇਗਾ।" ਸ਼ਾਇਦ ਇਹ ਭਵਿੱਖ ਬਾਣੀ ਸਹੀ ਸਾਬਤ ਹੋ ਰਹੀ ਹੈ।

ਜੇ ਕਿਹਾ ਜਾਵੇ ਤਾਂ ਅਮਰੀਕਾ ਅਤੇ ਪੱਛਮੀ ਯੂਰਪੀਨ ਸਾਮਰਾਜਵਾਦੀਆਂ ਨੇ ਰੂਸੀ ਸਾਮਰਾਜਵਾਦੀਆਂ ਨੂੰ ਲਲਕਾਰ ਕੇ ਉਹਨੂੰ ਪਿਛੇ ਧੱਕਦਿਆਂ ਹੋਇਆਂ ਉਥੇ ਪਹੁੰਚਾ ਦਿੱਤਾ ਹੈ, ਜਿਥੋਂ ਉਹ ਹੋਰ ਪਿਛੇ ਜਾਣ ਨੂੰ ਤਿਆਰ ਨਹੀਂ। ਇਹੋ ਕਾਰਨ ਹੈ ਕਿ ਉਹਨੇ ਜੰਗ ਨੂੰ ਚੁਣਿਆ ਹੈ। ਯੂਕਰੇਨ ਦੀ ਤਬਾਹੀ ਹੋ ਰਹੀ ਹੈ ਅਮਰੀਕਾ ਅਤੇ ਹੋਰ ਯੂਰਪੀਨ ਸਾਮਰਾਜੀ ਦੇਸ਼ ਹਥਿਆਰਾਂ ਦੀ ਮਦਦ ਤਾਂ ਕਰ ਰਹੇ ਹਨ, ਪਰ ਸਿੱਧੇ ਲੜਾਈ 'ਚ ਅਜੇ ਨਹੀਂ ਕੁੱਦੇ। ਬੇਸ਼ੱਕ ਆਲੇ ਦੁਆਲੇ 12000 ਫੌਜੀ ਅਲਰਟ ਖੜ੍ਹੇ ਕੀਤੇ ਹੋਏ ਹਨ ਅਮਰੀਕਾ ਨੇ। ਉਹ ਚਾਹੁੰਦਾ ਹੈ ਨਾਟੋ ਦੇ ਯੂਰਪੀਨ ਮੈਂਬਰ ਦੇਸ਼ ਇਸ 'ਚ ਸ਼ਾਮਲ ਹੋਣ ਪਰ ਉਹ ਅਜੇ ਤਿਆਰ ਨਹੀਂ। ਜਿਵੇਂ ਅਸੀਂ ਜ਼ਿਕਰ ਕੀਤਾ ਹੈ ਕਿ ਯੂਕਰੇਨੀ ਰਾਸ਼ਟਰਪਤੀ ਜੇਲੈਂਸਕੀ ਜਿਹੜਾ ਨਵਨਾਜ਼ੀਵਾਦੀ ਗਰੋਹਾਂ ਦਾ ਸਰਗਨਾ ਹੈ, ਨੇ ਯੂਕਰੇਨੀ ਲੋਕਾਂ ਨੂੰ ਬਲਦੀ ਭੱਟੀ ਵਿਚ ਝੋਕ ਦਿੱਤਾ ਹੈ। ਯੂਕਰੇਨੀ ਆਵਾਮ ਅੰਦਰੂਨੀ ਜਾਬਰ ਨਾਜ਼ੀਵਾਦੀ ਨਿਜਾਮ ਅਤੇ ਬਾਹਰੀ ਰੂਸ ਹਮਲਾਵਰ ਦੋਹਾਂ ਦੇ ਜਬਰ ਦਾ ਸ਼ਿਕਾਰ ਬਣ ਰਹੇ ਹਨ। ਯੂਕਰੇਨੀ ਆਵਾਮ ਨੂੰ ਜਿਥੇ ਦੇਸ਼ ਦੇ ਅੰਦਰੂਨੀ ਨਵਨਾਜ਼ੀਵਾਦੀ ਹਾਕਮਾਂ ਵਿਰੁੱਧ ਅਤੇ ਅਮਰੀਕੀ ਅਤੇ ਯੂਰਪੀਨ ਸਾਮਰਾਜੀਆਂ ਵਿਰੁੱਧ ਲੜਨਾ ਪਵੇਗਾ, ਉਥੇ ਰੂਸੀ ਹਮਲਾਵਰਾਂ ਵਿਰੁੱਧ ਵੀ ਲੜਨਾ ਪਵੇਗਾ। ਜੇਲੈਂਸਕੀ ਜਦੋਂ ਲੋਕਾਂ ਨੂੰ ਲੜਨ ਦਾ ਸੱਦਾ ਦਿੰਦਾ ਹੈ ਜਾਂ ਖ਼ੁਦ ਲੜਾਈ ਦੇ ਮੈਦਾਨ ਦੀਆਂ ਤਸਵੀਰਾਂ ਜਾਰੀ ਕਰਦਾ ਹੈ ਤਾਂ ਇਕ ਸੌੜਾ ਰਾਸ਼ਟਰਵਾਦ ਉਭਾਰ ਰਿਹਾ ਹੈ। ਜਿਸ 'ਚ ਰੂਸੀਆਂ ਪ੍ਰਤੀ ਨਫ਼ਰਤ ਨੂੰ ਉਭਾਰ ਰਿਹਾ ਹੈ। ਵਿਸ਼ੇਸ਼ ਕਰਕੇ ਯੂਕਰੇਨ ਅੰਦਰਲੇ ਰੂਸੀ ਨਾਗਰਿਕਾਂ ਵਿਰੁੱਧ। ਇਹ ਬਿਲਕੁਲ ਉਵੇਂ ਹੀ ਹੈ ਜਿਵੇਂ ਮੋਦੀ ਮੁਸਲਮਾਨਾਂ ਪ੍ਰਤੀ ਨਫ਼ਰਤ ਦੇ ਬੀਜ ਖਿਲਾਰਦਾ ਰਹਿੰਦਾ ਹੈ।

ਦੁਨੀਆਂ ਭਰ ਦੇ ਮਜ਼ਦੂਰਾਂ ਨੂੰ ਜਿਥੇ ਰੂਸੀ ਹਮਲਾਵਰਾਂ ਦੇ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ, ਉਥੇ ਅਜਿਹੇ ਜੰਗੀ ਜ਼ਮੀਨ ਤਿਆਰ ਕਰਨ ਵਾਲੀਆਂ ਸਾਮਰਾਜੀ ਤਾਕਤਾਂ ਅਮਰੀਕਾ ਤੇ ਯੂਰਪੀਨ ਸਾਮਰਾਜੀਆਂ ਵਿਸ਼ੇਸ਼ ਕਰਕੇ ਨਾਟੋ ਆਦਿ ਦੇ ਕਾਲੇ ਕਾਰਨਾਮਿਆਂ ਨੂੰ ਵੀ ਬੇਪੜਦ ਕਰਨਾ ਚਾਹੀਦਾ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਅਮਰੀਕਾ ਜੇ ਅਜੇ ਜੰਗ 'ਚ ਨਹੀਂ ਕੁੱਦਿਆਂ ਤਾਂ ਉਹ ਜੰਗ ਤੋਂ ਪਾਸੇ ਨਹੀਂ। ਉਹ ਰੂਸ ਨੂੰ ਅਲੱਗ ਥਲੱਗ ਕਰਨਾ ਅਤੇ ਕਮਜ਼ੋਰ ਕਰਨਾ ਚਾਹੁੰਦਾ ਹੈ। ਕਿਸੇ ਗਹਿਰੀ ਸਾਜ਼ਿਸ਼ ਦੀ ਤਾਕ 'ਚ ਹੈ। ਦੂਸਰੀ ਸੰਸਾਰ ਜੰਗ ਵਿਚ ਉਹਦਾ ਚਿਹਰਾ ਜੋ ਸਾਹਮਣੇ ਆਇਆ ਸੀ ਭੁੱਲਣਾ ਨਹੀਂ ਚਾਹੀਦਾ ਹੈ। ਵਿਸ਼ਵ ਨੂੰ ਅਜਿਹੀਆਂ ਮਾਰੂ ਜੰਗਾਂ ਤੋਂ ਮੁਕਤੀ ਤਾਂ ਹੀ ਮਿਲ ਸਕੇਗੀ ਜੇ ਸਾਮਰਾਜੀ ਪੂੰਜੀ ਦੀ ਚੌਧਰ ਦਾ ਭੋਗ ਪੈਂਦਾ ਹੈ। ਜਿੰਨਾ ਚਿਰ ਸਾਮਰਾਜ ਹੈ ਦੁਨੀਆਂ ਦੇ ਮਿਹਨਤਕਸ਼ਾਂ ਨੂੰ ਅਜਿਹੀਆਂ ਨਿਹੱਕੀ ਜੰਗਾਂ ਦਾ ਸੰਤਾਪ ਭੁਗਤਨਾ ਹੀ ਪਵੇਗਾ।

# ਭਾਰਤ ਵਿਚ ਮੁਕੰਮਲ ਹੜਤਾਲ ਅਤੇ ਇਸ ਦਾ ਮਹੱਤਵ



28-29 ਮਾਰਚ ਨੂੰ ਭਾਰਤ ਦੀਆਂ ਟਰੇਡ ਯੂਨੀਅਨਾਂ ਵੱਲੋਂ ਦੋ-ਰੋਜ਼ਾ ਮੁਕੰਮਲ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਪਬਲਿਕ ਸੈਕਟਰ ਦੇ ਮੁਲਾਜ਼ਮਾਂ, ਵੱਖ-ਵੱਖ ਖੇਤਰਾਂ 'ਚ ਕੰਮ ਕਰਦੇ ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ਾਂ ਵੱਲੋਂ ਹੜਤਾਲ ਨੂੰ ਭਰਵਾਂ ਹੁੰਗਾਰਾ ਦਿੱਤੇ ਜਾਣ ਦੇ ਸੰਕੇਤ ਹਨ। ਕਿਸਾਨ ਜਥੇਬੰਦੀਆਂ ਨੇ ਵੀ ਹੜਤਾਲ ਨੂੰ ਕਾਮਯਾਬ ਬਣਾਉਣ ਲਈ ਭਰਵਾਂ ਸਹਿਯੋਗ ਦਿੱਤਾ ਹੈ।

ਪਿਛਲੇ ਸਮੇਂ 'ਚ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ 44 ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ ਚਾਰ ਲੇਬਰ ਕੋਡ ਬਣਾ ਦਿੱਤੇ ਗਏ ਸਨ। ਕਿਰਤ ਕਾਨੂੰਨਾਂ ਵਿਚ ਇਹ ਸੋਧ ਕਿਰਤੀ ਜਮਾਤ ਵੱਲੋਂ ਲੰਮੇ ਇਤਿਹਾਸਕ ਸੰਘਰਸ਼ ਲੜਕੇ ਅਤੇ ਲਹੂ ਡੋਲ੍ਹ ਕੇ ਪ੍ਰਾਪਤ ਕੀਤੇ ਹੱਕਾਂ ਨੂੰ ਖ਼ਤਮ ਕਰਨ ਦੇ ਮੰਤਵ ਨਾਲ ਕੀਤੀਆਂ ਗਈਆਂ ਹਨ ਤਾਂ ਜੋ ਮਜ਼ਦੂਰ ਜਮਾਤ ਨੂੰ ਮਿਲੀ ਕਾਨੂੰਨੀ ਸੁਰੱਖਿਆ ਖ਼ਤਮ ਹੋ ਜਾਵੇ ਅਤੇ ਕਾਰਪੋਰੇਟ ਸਰਮਾਏਦਾਰੀ ਸਸਤੀ ਕਿਰਤ ਦਾ ਵੱਧ ਤੋਂ ਵੱਧ ਸ਼ੋਸ਼ਣ ਕਰਕੇ ਸੁਪਰ ਮੁਨਾਫ਼ੇ ਕਮਾ ਸਕੇ। ਇਹ ਸੋਧਾਂ ਮਜ਼ਦੂਰਾਂ ਨੂੰ ਹੱਕਾਂ ਤੋਂ ਵਿਰਵੇ ਬੰਧੂਆ ਮਜ਼ਦੂਰ ਬਣਾਉਣ ਦਾ ਰਾਹ ਸਾਫ਼ ਕਰਦੀਆਂ ਹਨ। ਇਨ੍ਹਾਂ ਖ਼ਤਰਿਆਂ ਨੂੰ ਦੇਖਦਿਆਂ ਇਨ੍ਹਾਂ ਕਾਨੂੰਨੀ ਸੋਧਾਂ ਵਿਰੁੱਧ ਮਜ਼ਦੂਰ ਜਮਾਤ ਵਿਚ ਭਾਰੀ ਰੋਹ ਹੈ।

ਇਸ ਦੇ ਨਾਲ ਹੀ ਮੋਦੀ ਸਰਕਾਰ ਸਰਕਾਰੀ ਅਦਾਰਿਆਂ ਦਾ ਤੇਜ਼ੀ ਨਾਲ ਨਿੱਜੀਕਰਨ ਕਰਕੇ ਇਹ ਬੇਹੱਦ ਕੀਮਤੀ ਅਦਾਰੇ ਆਪਣੇ ਚਹੇਤੇ ਕਾਰਪੋਰੇਟਾਂ ਨੂੰ ਵੇਚ ਰਹੀ ਹੈ। ਮਜ਼ਦੂਰਾਂ, ਕਿਸਾਨਾਂ ਅਤੇ ਮੁਲਾਜ਼ਮ ਵਰਗਾਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਸੱਤਾਧਾਰੀ ਭਾਜਪਾ ਮੁਲਕ ਦੇ ਵਸੀਲੇ ਕਾਰਪੋਰੇਟਾਂ ਨੂੰ ਵੇਚਣ, ਪੱਕੀਆਂ ਨੌਕਰੀਆਂ ਖ਼ਤਮ ਕਰਕੇ ਠੇਕੇਦਾਰੀ ਸਿਸਟਮ ਲਾਗੂ ਕਰਨ, ਆਮ ਲੋਕਾਂ ਦੀਆਂ ਜੇਬਾਂ ਉੱਪਰ ਡਾਕਾ ਮਾਰ ਕੇ ਕਾਰਪੋਰੇਟ ਸਰਮਾਏਦਾਰੀ ਲਈ ਸੁਪਰ ਮੁਨਾਫ਼ੇ ਯਕੀਨੀਂ ਬਣਾਉ ਅਤੇ ਮਹਿੰਗਾਈ ਰਾਹੀਂ ਲੋਕਾਂ ਦਾ ਕਚੂੰਮਰ ਕੱਢਣ ਦੀਆਂ ਨੀਤੀਆਂ ਥੋਪ ਰਹੀ ਹੈ। ਇਕ ਪਾਸੇ ਇਨ੍ਹਾਂ ਲੋਕ ਵਿਰੋਧੀ ਆਰਥਕ ਨੀਤੀਆਂ ਦੇ ਰੂਪ 'ਚ ਅਤੇ ਦੂਜੇ ਪਾਸੇ ਟਰੇਡ ਯੂਨੀਅਨ ਹੱਕਾਂ ਉੱਪਰ ਘਾਤਕ ਹਮਲਿਆਂ ਨੂੰ ਦੇਖਦੇ ਹੋਏ ਭਾਰਤ ਦੇ ਲੋਕ ਦੇਸ਼ ਦੇ ਵਸੀਲਿਆਂ ਦੀ ਰਾਖੀ ਲਈ ਅਤੇ ਸਮੂਹਿਕ ਸੰਘਰਸ਼ ਦੇ ਹੱਕ ਅਤੇ ਜਥੇਬੰਦੀ ਬਣਾਉਣ ਦੇ ਹੱਕ ਨੂੰ ਬਚਾਉਣ ਲਈ ਸੜਕਾਂ ਉੱਪਰ ਆ ਕੇ ਰੋਹ ਪ੍ਰਗਟਾ ਰਹੇ ਹਨ।

ਅਦਾਰਾ ਸਰੋਕਾਰਾਂ ਦੀ ਆਵਾਜ਼ ਭਾਰਤ ਦੇ ਲੋਕਾਂ ਦੇ ਇਸ ਸੰਘਰਸ਼ ਨੂੰ ਪੂਰੀ ਤਰ੍ਹਾਂ ਵਾਜਬ ਸੰਘਰਸ਼ ਮੰਨਦਾ ਹੋਇਆ ਇਸ ਨਾਲ ਇਕਮੁੱਠਤਾ ਜ਼ਾਹਿਰ ਕਰਦਾ ਹੈ। ਸਿਰਫ਼ ਅਤੇ ਸਿਰਫ਼ ਲੋਕ ਸੰਘਰਸ਼ ਹੀ ਸਾਮਰਾਜਵਾਦੀ ਸਰਮਾਏਦਾਰੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੀ ਦਲਾਲ ਭਾਰਤ ਸਰਕਾਰ ਦੇ ਦੇਸ਼ ਵਿਰੋਧੀ ਮਨਸੂਬਿਆਂ ਨੂੰ ਨਾਕਾਮ ਬਣਾ ਕੇ ਭਾਰਤ ਅਤੇ ਭਾਰਤ ਦੇ ਲੋਕਾਂ ਦੇ ਭਵਿੱਖ ਨੂੰ ਬਚਾ ਸਕਦੇ ਹਨ। ਅਦਾਰਾ ਉਮੀਦ ਕਰਦਾ ਹੈ ਕਿ ਆਉਣ ਵਾਲੇ ਸਮੇਂ 'ਚ ਇਹ ਸੰਘਰਸ਼ ਹੋਰ ਵੀ ਪ੍ਰਭਾਵਸ਼ਾਲੀ, ਤਿੱਖਾ ਅਤੇ ਵਿਆਪਕ ਰੂਪ ਅਖ਼ਤਿਆਰ ਕਰਕੇ ਭਾਰਤੀ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਵਾਪਸ ਕਰਾਉਣ 'ਚ ਹੀ ਕਾਮਯਾਬ ਨਹੀਂ ਹੋਣਗੇ ਸਗੋਂ ਲੋਕਾਂ ਦੀ ਰਾਜਨੀਤਕ ਚੇਤਨਾ ਨੂੰ ਵਧਾ ਕੇ ਸੱਚੀ ਤਬਦੀਲੀ ਦੀ ਦਿਸ਼ਾ ਸੰਘਰਸ਼ਾਂ ਦਾ ਮੁੱਢ ਵੀ ਬੰਨ੍ਹਣਗੇ।

-ਅਦਾਰਾ ਸਰੋਕਾਰਾਂ ਦੀ ਆਵਾਜ਼

# ਹਿਜਾਬ ਵਾਲਾ ਇਕ ਸੁਪਨਾ...

-ਅਮਿਤਾ ਸ਼ੀਰੀਂ
ਅਨੁਵਾਦ: ਬੂਟਾ ਸਿੰਘ

ਭਾਜਪਾ ਦੇ ਇਕ ਵੱਡੇ ਨੇਤਾ ਕੈਲਾਸ਼ ਵਿਜੇਵਰਗੀਆ ਨੇ ਕੁਝ ਸਾਲ ਪਹਿਲਾਂ ਕਿਹਾ ਸੀ ਕਿ ਜੇਕਰ ਕੋਈ ਔਰਤ ਆਪਣੀ ਮਰਿਯਾਦਾ ਪਾਰ ਕਰਦੀ ਹੈ ਤਾਂ ਉਸ ਦਾ ਅਗਵਾ ਹੋਵੇਗਾ ਹੀ। ਇਸ ਦੇ ਨਾਲ ਹੀ ਉਸ ਨੇ ਇਸ ਗੱਲ 'ਤੇ ਵੀ ਚਿੰਤਾ ਜ਼ਾਹਿਰ ਕੀਤੀ ਸੀ ਕਿ ਦੁਕਾਨਾਂ ਤੋਂ ਦੁਪੱਟੇ ਦੀ ਵਿਕਰੀ ਕਾਫ਼ੀ ਘਟ ਗਈ ਹੈ। ਉਹ ਇਸ ਨੂੰ ਕੁੜੀਆਂ ਨਾਲ ਛੇੜਛਾੜ ਨਾਲ ਜੋੜ ਕੇ ਦੇਖਦਾ ਸੀ।

ਦਰਅਸਲ, ਭਾਰਤ ਵਿਚ ਵੀ ਮੁਸਲਿਮ ਔਰਤਾਂ ਪਿਛਲੇ ਸਮੇਂ ਵਿਚ ਆਪਣੀਆਂ ਮਰਿਯਾਦਾਵਾਂ ਪਾਰ ਕਰ ਚੁੱਕੀਆਂ ਹਨ। ਉਨ੍ਹਾਂ ਨੂੰ ਹਿਜਾਬ ਦੇ ਬਹਾਨੇ ਇਸ ਦੀ ਸਜ਼ਾ ਦਿੱਤੀ ਜਾ ਰਹੀ ਹੈ। ਜ਼ਫ਼ਰ ਪਨਾਹੀ ਦੀ ਮਸ਼ਹੂਰ ਫਿਲਮ 'ਆਫ ਸਾਈਡ' ਵਿਚ ਈਰਾਨੀ ਕੁੜੀਆਂ ਫੁੱਟਬਾਲ ਮੈਚ ਦੇਖਣ ਲਈ ਆਪਣਾ ਹਿਜਾਬ ਉਤਾਰ ਕੇ ਲੜਕਿਆਂ ਦੇ ਭੇਸ 'ਚ ਸਟੇਡੀਅਮ 'ਚ ਦਾਖ਼ਲ ਹੁੰਦੀਆਂ ਹਨ। ਉੱਥੇ ਉਨ੍ਹਾਂ ਨੂੰ ਹਿਜਾਬ ਉਤਾਰਨ ਦੀ ਸਜ਼ਾ ਦਿੱਤੀ ਜਾਂਦੀ ਹੈ। ਉੱਥੇ ਵੀ ਉਨ੍ਹਾਂ ਨੇ ਮਰਿਯਾਦਾ ਪਾਰ ਕਰ ਕੀਤੀ ਸੀ!

ਫਾਸ਼ੀਵਾਦੀ ਮਰਦ-ਪ੍ਰਧਾਨ ਸਮਾਜ ਸਭ ਕੁਝ ਬਰਦਾਸ਼ਤ ਕਰ ਸਕਦਾ ਹੈ, ਪਰ ਔਰਤਾਂ ਵੱਲੋਂ ਮਰਿਯਾਦਾ ਦੀ ਉਲੰਘਣਾ ਨੂੰ ਬਰਦਾਸ਼ਤ ਨਹੀਂ ਕਰ ਸਕਦਾ।

ਸ਼ਾਇਦ ਪਿਛਲੇ ਦਹਾਕੇ ਦੀ ਸਭ ਤੋਂ ਖ਼ੂਬਸੂਰਤ ਤਸਵੀਰ ਸੀਏਏ-ਐਨਆਰਸੀ ਵਿਰੋਧੀ ਅੰਦੋਲਨਾਂ ਵਿਚ ਮੁਸਲਿਮ ਔਰਤਾਂ ਦੀ ਸ਼ਾਨਦਾਰ ਆਗੂ ਹਿੱਸੇਦਾਰੀ ਸੀ। ਅਤੇ ਇਹ ਅੰਦੋਲਨਕਾਰੀ ਔਰਤਾਂ ਨਿਸ਼ਚਿਤ ਤੌਰ 'ਤੇ ਹਿਜਾਬ ਵਿਚ ਸਨ।

ਪਰ ਇਹ ਤਸਵੀਰ ਭਾਜਪਾ ਲਈ ਇਕ ਡਰਾਉਣਾ ਸੁਪਨਾ ਬਣ ਗਈ। ਇਕ ਮਰਦਵਾਦੀ ਪਾਰਟੀ ਭਾਜਪਾ ਲਈ ਇਸ ਤੋਂ ਵੱਡੀ ਚੁਣੌਤੀ ਹੋਰ ਕੀ ਹੋ ਸਕਦੀ ਹੈ ਕਿ ਘੱਟਗਿਣਤੀ ਭਾਈਚਾਰੇ ਦੀਆਂ ਔਰਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਭਾਜਪਾ ਦੇ ਸ਼ਕਤੀਸ਼ਾਲੀ ਹੋਣ ਦੀ ਮਿੱਥ ਨੂੰ ਚੂਰ-ਚੂਰ ਕਰ ਰਹੀਆਂ ਹਨ। ਬਿਲਕੁਲ ਉਹੀ ਨਜ਼ਾਰਾ ਅਸੀਂ ਪਿਛਲੇ ਦਿਨੀਂ ਫਿਰ ਦੇਖਿਆ ਜਦੋਂ 18 ਸਾਲ ਦੀ ਮੁਸਕਾਨ ਨੇ ਪੂਰੇ ਬੁਰਕੇ ਵਿਚ ਭਗਵੇਂ 'ਟੈਂਕ' ਵਿਰੁੱਧ ਉਸੇ ਤਰ੍ਹਾਂ ਨਾਅਰੇ ਲਗਾਏ ਜਿਸ ਤਰ੍ਹਾਂ ਰਚੇਲ ਕੋਰੀ ਨੇ ਇਕ ਵਾਰ ਇਜ਼ਰਾਈਲੀ ਟੈਂਕ ਵਿਰੁੱਧ ਲਗਾਏ ਸਨ ਅਤੇ ਆਪਣੀ ਜਾਨ ਵੀ ਵਾਰ ਦਿੱਤੀ ਸੀ।

ਹਾਲ ਹੀ 'ਚ ਸੁੱਲੀ ਬਾਈ ਐਪ 'ਤੇ ਹਿਜਾਬ ਪਹਿਨਣ ਅਤੇ ਨਾ ਪਹਿਨਣ ਵਾਲੀਆਂ ਮੁਸਲਿਮ ਔਰਤਾਂ ਦੀ ਨਿਲਾਮੀ ਭਾਜਪਾ ਦੀ ਇਸ ਖਿੱਝ ਦਾ ਸੰਕੇਤ ਹੈ। ਇਕ ਮਰਦਵਾਦੀ ਆਦਮੀ ਦੂਜੇ ਮਰਦ ਤੋਂ ਹਾਰ ਤਾਂ ਬਰਦਾਸ਼ਤ ਕਰ ਸਕਦਾ ਹੈ ਪਰ ਔਰਤ ਤੋਂ ਹਾਰ ਕਿਵੇਂ ਸਵੀਕਾਰ ਕਰ ਸਕਦਾ ਹੈ। ਤੁਸੀਂ ਇਕ ਔਰਤ ਤੋਂ ਹਾਰਨ ਵਾਲੇ ਅਜਿਹੇ ਮਰਦਵਾਦੀ ਆਦਮੀ ਦੀ ਮਾਨਸਿਕ ਸਥਿਤੀ ਦੀ ਕਲਪਨਾ ਕਰ ਸਕਦੇ ਹੋ। ਸੀਏਏ-ਐਨਆਰਸੀ ਵਿਰੋਧੀ ਅੰਦੋਲਨ ਤੋਂ ਬਾਦ ਭਾਜਪਾ ਇਸ ਮਾਨਸਿਕ ਸਥਿਤੀ ਵਿੱਚੋਂ ਲੰਘ ਰਹੀ ਹੈ।

ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਮੁਸਲਿਮ ਔਰਤਾਂ ਸੀਏਏ-ਐਨਆਰਸੀ ਵਿਰੋਧੀ ਅੰਦੋਲਨ ਵਿਚ ਸਰਗਰਮੀ ਨਾਲ ਹਿੱਸਾ ਲੈ ਰਹੀਆਂ ਸਨ ਤਾਂ ਯੋਗੀ ਨੇ ਮੁਸਲਿਮ ਮਰਦਾਂ ਨੂੰ ਲਲਕਾਰਿਆ ਸੀ ਕਿ ਉਹ ਅੱਗੇ ਕਿਉਂ ਨਹੀਂ ਆ ਰਹੇ, ਆਪਣੀਆਂ ਔਰਤਾਂ ਨੂੰ ਕਿਉਂ ਅੱਗੇ ਕਰ ਰਹੇ ਹਨ। ਇਕ ਮਰਦਵਾਦੀ ਵਿਅਕਤੀ ਜਾਂ ਪਾਰਟੀ ਇਹ ਕਿਵੇਂ ਸਵੀਕਾਰ ਕਰ ਸਕਦੀ ਹੈ ਕਿ ਔਰਤਾਂ ਦੀਆਂ ਵੀ ਆਪਣੀਆਂ ਸੁਤੰਤਰ ਏਜੰਸੀਆਂ ਹੁੰਦੀਆਂ ਹਨ।

ਸੱਚਾਈ ਇਹ ਹੈ ਕਿ ਜਦੋਂ ਔਰਤਾਂ



ਲੜਦੀਆਂ ਹਨ ਤਾਂ ਉਹ ਸੱਤਾਧਾਰੀਆਂ ਨੂੰ ਸਿਰਫ਼ ਭੌਤਿਕ ਨੁਕਸਾਨ ਹੀ ਨਹੀਂ ਪਹੁੰਚਾਉਂਦੀਆਂ। ਉਹ ਗੰਭੀਰ ਮਾਨਸਿਕ ਸਦਮਾ ਵੀ ਪਹੁੰਚਾਉਂਦੀਆਂ ਹਨ। ਉਹ ਤਾਂ ਮਾਨੋ ਜਿਵੇਂ ਸੱਤਾ ਦੀ ਨਿਰੰਤਰਤਾ ਦੀ ਵਾਜਬੀਅਤ ਨੂੰ ਤਹਿਸ-ਨਹਿਸ ਕਰ ਦਿੰਦੀਆਂ ਹਨ।

ਇਸ ਬਾਰੇ ਬਹੁਤ ਸਾਰੇ ਅਧਿਐਨ ਮੌਜੂਦ ਹਨ ਕਿ ਦੁਨੀਆ 'ਚ ਪੇਸ਼ੇਵਰ ਫ਼ੌਜਾਂ ਗੁਰੀਲਾ ਮਹਿਲਾ ਫ਼ੌਜਾਂ ਦਾ ਸਾਹਮਣਾ ਕਰਨ ਤੋਂ ਤਾਂ ਝਿਜਕਦੀਆਂ ਹਨ ਜਾਂ ਮੌਕਾ ਮਿਲਣ 'ਤੇ ਉਨ੍ਹਾਂ ਪ੍ਰਤੀ ਬਹੁਤ ਜ਼ਿਆਦਾ ਕਰੂਰ ਹੋ ਜਾਂਦੀਆਂ ਹਨ। ਕਿਉਂਕਿ ਉਹ ਜਾਣਦੇ ਹਨ ਕਿ ਜੇਕਰ ਉਹ ਹਾਰ ਗਏ ਤਾਂ ਇਹ ਹਾਰ ਉਨ੍ਹਾਂ ਦੀ ਪਛਾਣ, ਯਾਨੀ ਉਨ੍ਹਾਂ ਦੀ ਮਰਦਾਨਾ ਹਉਮੈਂ ਨੂੰ ਕੁਚਲ ਦੇਵੇਗੀ। ਜਿਸ 'ਚੋਂ ਨਿਕਲਣਾ ਫਿਰ ਅਸੰਭਵ ਹੋਵੇਗਾ।

ਹਿਜਾਬ ਪਹਿਨਣਾ ਆਪਣੇ ਆਪ ਵਿਚ ਸਹੀ ਹੈ ਜਾਂ ਗ਼ਲਤ, ਅਸੀਂ ਇਸ 'ਤੇ ਬਹਿਸ ਕਰਨ ਦਾ ਸਮਾਂ ਗੁਆ ਦਿੱਤਾ ਹੈ। ਯਾਦ ਰਹੇ ਕਿ 60 ਦੇ ਦਹਾਕੇ ਵਿਚ 'ਮੁਸਲਿਮ ਸਤਿਆਸ਼ੋਧਕ ਸਮਾਜ' ਦੇ ਸੰਸਥਾਪਕ ਹਾਮਿਦ ਉਮਰ ਦਲਵਈ ਨੇ ਆਪਣੇ ਖ਼ਾਸ ਅੰਦਾਜ਼ ਵਿਚ ਕਿਹਾ ਸੀ ਕਿ ਜੇਕਰ ਉਹ ਸੱਤਾ ਵਿਚ ਆਏ ਤਾਂ ਸਾਰੇ ਮੁਸਲਮਾਨਾਂ ਦੀਆਂ ਦਾੜ੍ਹੀਆਂ ਸਾਫ਼ ਕਰਵਾ ਦੇਣਗੇ। ਇਸ 'ਤੇ ਉਸ ਸਮੇਂ ਦੇ ਮੌਲਵੀਆਂ-ਮੁੱਲਾਂ ਨੇ ਵਿਅੰਗ ਕਰਦੇ ਹੋਏ ਸਿਰਫ਼ ਇੰਨਾ ਹੀ ਕਿਹਾ ਕਿ ਹਾਮਿਦ ਦਲਵਈ ਸਾਹਿਬ ਤਾਂ ਹਜਾਮਤ ਕਰਨ ਦੇ ਕੰਮ ਵਿਚ ਲੱਗ ਗਏ ਹਨ। ਕੀ ਅੱਜ ਦੇ ਧਰੁਵੀਕਰਨ ਦੇ ਸਮਿਆਂ ਵਿਚ ਅਜਿਹੀ ਬਹਿਸ ਸੰਭਵ ਹੈ? ਤੁਹਾਨੂੰ ਇਹ ਯਾਦ ਨਹੀਂ ਹੋਵੇਗਾ ਪਰ ਹੈ ਇਹ ਸੱਚ ਕਿ ਤਿੰਨ ਤਲਾਕ ਦੇ ਖ਼ਿਲਾਫ਼ ਮੁਸਲਿਮ ਔਰਤਾਂ ਦਾ ਪਹਿਲਾ ਵੱਡਾ ਪ੍ਰਦਰਸ਼ਨ 18 ਅਪ੍ਰੈਲ 1966 ਨੂੰ ਹਾਮਿਦ ਦਲਵਈ ਦੀ ਅਗਵਾਈ 'ਚ ਮੁੰਬਈ 'ਚ ਹੋਇਆ ਸੀ। ਪਰ ਭਾਰਤੀ ਰਾਜਨੀਤੀ ਨੇ ਮੁਸਲਿਮ ਸਮਾਜ ਅੰਦਰ ਜਮਹੂਰੀਅਤ ਦੀ ਆਵਾਜ਼ ਨੂੰ ਲਗਾਤਾਰ ਦਬਾਇਆ ਹੈ। ਅਤੇ ਹਾਮਿਦ ਦਲਵਈ ਵਰਗੇ ਲੋਕਾਂ ਨੂੰ ਹਾਸ਼ੀਏ 'ਤੇ ਧੱਕਿਆ ਹੈ।

ਇਸ ਗੱਲ ਨੂੰ ਇਸ ਤੱਥ ਤੋਂ ਵੀ ਸਮਝਿਆ ਜਾ ਸਕਦਾ ਹੈ ਕਿ 1992 ਦੇ ਮੁੰਬਈ ਦੰਗਿਆਂ ਤੋਂ ਬਾਦ ਉੱਥੋਂ ਦੀਆਂ ਮੁਸਲਿਮ ਔਰਤਾਂ ਨੇ ਘਰੇਲੂ ਹਿੰਸਾ ਦੀਆਂ ਸ਼ਿਕਾਇਤਾਂ ਦਰਜ ਕਰਵਾਉਣੀਆਂ ਲੱਗਭੱਗ ਬੰਦ ਕਰ ਦਿੱਤੀਆਂ ਹਨ। ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਨਾਲ ਪੁਲਿਸ ਨੂੰ ਮੁਸਲਿਮ ਨੌਜਵਾਨਾਂ 'ਤੇ ਤਸ਼ੱਦਦ ਕਰਨ ਦਾ ਬਹਾਨਾ ਮਿਲ ਜਾਵੇਗਾ। ਤਿੰਨ ਤਲਾਕ ਕਾਨੂੰਨ ਤੋਂ ਬਾਦ ਵੀ ਇਹੀ ਕੁਝ ਹੋ ਰਿਹਾ ਹੈ।

ਇਹ ਕਹਿਣ ਦੀ ਲੋੜ ਨਹੀਂ ਕਿ ਭਾਜਪਾ ਦਾ ਤਿੰਨ ਤਲਾਕ ਕਾਨੂੰਨ ਕਿਸੇ ਸਮਾਜ ਸੁਧਾਰ ਦੀ ਪ੍ਰੇਰਨਾ ਨਾਲ ਨਹੀਂ ਹੈ ਸਗੋਂ ਮੁਸਲਿਮ ਨੌਜਵਾਨਾਂ ਨੂੰ ਅਪਰਾਧੀ ਬਣਾਉਣ ਦੀ ਪ੍ਰੇਰਣਾ ਤੋਂ ਪ੍ਰੇਰਿਤ ਹੈ।

ਇੱਥੇ ਸਾਨੂੰ ਹੈਨਾ ਅਰੈਂਡਟ ਦੇ ਮਸ਼ਹੂਰ ਕਥਨ ਨੂੰ ਨਹੀਂ ਭੁੱਲਣਾ ਚਾਹੀਦਾ ਹੈ ਕਿ ਜੇਕਰ ਕਿਸੇ ਦੀ ਪਛਾਣ 'ਤੇ ਹਮਲਾ ਹੁੰਦਾ ਹੈ, ਤਾਂ ਉਹ ਉਸ ਪਛਾਣ ਨਾਲ ਜਵਾਬ ਦੇਣ ਲਈ ਮਜਬੂਰ ਹੁੰਦਾ ਹੈ।

ਅੱਜ ਜਿਨ੍ਹਾਂ ਮੁਸਲਿਮ ਕੁੜੀਆਂ ਨੂੰ ਹਿਜਾਬ ਦੇ ਬਹਾਨੇ ਸਿੱਖਿਆ ਤੋਂ ਵਾਂਝੀਆਂ ਕੀਤਾ ਜਾ ਰਿਹਾ ਹੈ, ਉਨ੍ਹਾਂ ਵਿੱਚੋਂ

(ਬਾਕੀ ਸਫ਼ਾ 37 'ਤੇ )

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com



Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca




Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom



Harmanjot Dhudike
403-975-0006
ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com



Dalveer Purba
587-435-5600



# 23 ਮਾਰਚ ਦੇ ਸ਼ਹੀਦਾਂ ਨੂੰ ਕੀਤਾ ਯਾਦ, ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਗੁਪਤ ਟਿਕਾਣੇ ਨੂੰ ਵਿਰਾਸਤ ਦਾ ਦਰਜਾ ਦਿਓ

- ਬਲਜਿੰਦਰ ਸਿੰਘ -




ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ (ਸੁਨਾਮ) ਦੇ ਪ੍ਰਧਾਨ, ਸਕੱਤਰ ਤੇ ਸਮੁੱਚੀ ਟੀਮ ਵੱਲੋਂ 23 ਮਾਰਚ ਮਹਾਨ ਸ਼ਹੀਦ ਸ਼ਹੀਦਾ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਦੇ 91 ਵੇਂ ਸ਼ਹੀਦੀ ਨੂੰ ਯਾਦ ਕਰਦਿਆਂ ਅੱਜ ਸ਼ਹੀਦ ਊਧਮ ਸਿੰਘ ਜੀ ਦੇ ਜੱਦੀ ਘਰ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

ਇਸ ਸਮੇਂ ਮੰਚ ਦੇ ਮੀਤ ਪ੍ਰਧਾਨ ਅਨਿਲ ਕੁਮਾਰ ਜੀ ਨੇ ਪ੍ਰੋਗਰਾਮ ਦੀ ਰਸਮੀ ਸ਼ੁਰੂਆਤ ਕਰਦੇ ਹੋਏ ਦੱਸਿਆ ਕਿ ਸ਼ਹੀਦ ਭਗਤ ਤੇ ਉਹਨਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਘਰ ਘਰ ਲੈ ਕੇ ਜਾਣਾ ਹੀ ਇਹਨਾਂ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਮੰਚ ਕਾਰਕੁੰਨ ਦਾਤਾ ਨਮੋਲ ਨੇ ਦੱਸਿਆ ਕਿ ਭਗਤ ਕੋਈ ਬੰਬ ਬੰਦੂਕਾਂ ਵਾਲ਼ਾ ਭਾਵਨਾਤਮਕ ਨੌਜਵਾਨ ਨਹੀਂ ਸੀ ਉਹਨਾਂ ਨੇ ਆਪਣੇ ਸਾਥੀਆਂ ਨਾਲ਼ ਮਿਲ ਕੇ ਭਾਰਤੀ ਇਨਕਲਾਬ ਦੇ ਪ੍ਰੋਗਰਾਮ ਦਾ ਖਰੜਾ ਤਿਆਰ ਕੀਤਾ ਸੀ, ਉਹਨਾਂ ਨੇ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਮੈਨੀਫੈਸਟੋ', 'ਡਰੀਮਲੈਂਡ ਦੀ ਭੂਮਿਕਾ, ਅਛੂਤ ਦਾ ਸਵਾਲ' ਫਿਰਕੂ ਫਸਾਦ ਤੇ ਉਨ੍ਹਾਂ ਦਾ ਹੱਲ " ਵਿਦਿਆਰਥੀਆਂ ਨੂੰ ਸੁਨੇਹਾ" ਮੈਂ ਨਾਸਤਿਕ ਕਿਉਂ ਹਾਂ' ਆਦਿ ਪ੍ਰਮੁੱਖ ਲੇਖ ਲਿਖੇ ਤੇ ਉਹਨਾਂ ਦੀ' ਜੇਲ੍ਹ ਨੋਟ ਬੁੱਕ' ਇਹ ਉਪਰੋਕਤ ਕਿਤਾਬਾਂ ਉਸ ਹਰ ਨੌਜਵਾਨ ਨੂੰ ਪੜਨੀਆਂ ਚਾਹੀਦੀਆਂ ਹਨ ਜੋ ਲੁੱਟ ਰਹਿਤ ਸਮਾਜ ਦੀ ਸਿਰਜਣਾ ਕਰਨਾ ਚਾਹੁੰਦਾ ਹੈ।

ਇਨਕਲਾਬੀ ਪ੍ਰੋਗਰਾਮ ਦੇ ਖਰੜੇ ਚ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਸਪਸ਼ਟ ਕੀਤਾ ਕਿ "ਅਸੀਂ ਸਮਾਜਵਾਦ ਚਾਹੁੰਦੇ ਹਾਂ ਜਿਸ ਦੀ ਮੁਢਲੀ ਜਰੂਰਤ ਰਾਜਸੀ ਇਨਕਲਾਬ ਦੀ ਹੈ। ਇਨਕਲਾਬ ਦਾ ਭਾਵ ਹੈ - ਲੋਕਾਂ ਦੀ ਮੱਦਦ ਨਾਲ਼ ਰਾਜਸੱਤਾ ਦਾ ਇਨਕਲਾਬੀ ਪਾਰਟੀ ਦੇ ਹੱਥਾਂ ਵਿੱਚ ਆ ਜਾਣਾ। ਇਸ ਤੋਂ ਬਾਅਦ ਪੂਰੇ ਸਮਾਜ ਨੂੰ ਸਮਾਜਵਾਦੀ ਲੀਹਾਂ ਉੱਪਰ ਚਲਾਉਣ ਲਈ ਪੂਰੀ ਸੰਜੀਦਗੀ ਨਾਲ਼ ਜੁੱਟ ਜਾਣਾ। ਜੇ ਇਨਕਲਾਬ ਤੋਂ ਤੁਹਾਡਾ ਭਾਵ ਇਹ ਨਹੀਂ ਤਾਂ ਮਿਹਨਬਾਨੀ ਕਰਕੇ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰੇ ਲਾਉਣਾ ਬੰਦ ਕਰ ਦਿਓ "

ਇਸ ਤੋਂ ਬਾਅਦ ਮੰਚ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਵੀ ਸ਼ਹੀਦ ਭਗਤ ਦੇ ਇਨਕਲਾਬੀ ਰਾਹ ਦਾ ਸਾਥੀ ਸੀ ਜਿਸਦੇ ਇਤਿਹਾਸਕ ਤੱਥ ਖੋਜਾਂ ਕਰਨ ਤੋਂ ਬਾਅਦ ਪਤਾ ਲੱਗਾ ਹੈ। ਉਹਨਾਂ ਅੱਗੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦਾ ਫਿਰੋਜ਼ਪੁਰ ਗੁਪਤ ਟਿਕਾਣਾ ਜੋ ਖੋਜ ਕਰਨ ਤੋਂ ਬਾਅਦ ਲੱਭਿਆ ਪਰ ਪੰਜਾਬ ਚ ਵੱਖ ਵੱਖ ਰੰਗ ਬਰੰਗੀਆਂ ਸਰਕਾਰਾਂ ਆਈਆਂ ਪਰ ਅਜੇ ਉਸ ਉਹ ਮਹਾਨ ਵਿਰਾਸਤ ਨੂੰ 'ਵਿਰਾਸਤੀ ਦਰਜਾ' ਨਹੀਂ ਮਿਲਿਆ ਭਗਤ ਸਿੰਘ ਦੇ ਨਾਮ ਪੁਰਾਣੀਆਂ ਸਰਕਾਰਾਂ ਤੇ ਹੁਣ ਨਵੀਂ ਸਰਕਾਰ ਨੇ ਬਹੁਤ ਦਮਗਜੇ ਮਾਰੇ ਹਨ। ਅਸੀਂ ਮੰਚ ਵੱਲੋਂ ਮੰਗ ਕਰਦੇ ਹਾਂ ਫਿਰੋਜ਼ਪੁਰ ਦਾ ਗੁਪਤ ਟਿਕਾਣਾ ਸਾਡੇ ਅਜਾਦੀ ਸ਼ੰਘਰਸ਼ ਦੀ ਵਿਰਾਸਤ ਹੈ। ਇਸ ਨੂੰ ਸੰਭਾਲਣਾ ਸਰਕਾਰ ਦਾ ਮੁੱਢਲਾ ਫਰਜ ਹੈ ਜਦੋਂ ਤੱਕ ਉਸ ਗੁਪਤ ਟਿਕਾਣੇ ਵਿਰਾਸਤ ਦਾ ਦਰਜਾ ਨਹੀਂ ਮਿਲ ਜਾਂਦਾ ਉਦੋਂ ਤੱਕ ਮੰਚ ਆਪਣਾ ਸ਼ੰਘਰਸ਼ ਜਾਰੀ ਰੱਖੇਗਾ। ਇਸ ਤੋਂ ਬਾਅਦ ਮੰਚ ਦੇ ਸਮੂਹ ਆਗੂਆਂ ਨਾਮ ਸ਼ਹੀਦਾਂ ਊਧਮ ਸਿੰਘ ਜੀ ਦੇ ਜੱਦੀ ਘਰ ਤੋਂ ਲੈ ਕੇ ਸ਼ਿਵਨਿਕੇਤਨ ਚੌਂਕ ਤੱਕ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਗਾਉਂਦੇ ਹੋਏ ਮਾਰਚ ਕੱਢਿਆ। ਇਸ ਮੰਗ ਦੇ ਆਗੂ ਦਰਸ਼ਨ ਸਿੰਘ ਨੇ ਇੱਕ ਇਨਕਲਾਬੀ ਗਈ ਵੀ ਸੁਣਾਇਆ।

ਇਸ ਸਮੇਂ ਮੰਚ ਸਕੱਤਰ ਗੁਰਮੇਲ ਬਖਸ਼ੀਵਾਲਾ,ਵਿਸ਼ਵ ਕਾਂਤ, ਪਵਨ ਕੁਮਾਰ, ਪਦਮ ਕੁਮਾਰ, ਇੰਜ ਦਵਿੰਦਰ ਸਿੰਘ, ਗਗਨ, ਲੱਖਾ ਛਾਜਲੀ, ਕੁਲਦੀਪ ਬੱਸੀ, ਲਾਭ ਸਿੰਘ ਛਾਜਲਾ, ਪ੍ਰਿੰਸੀਪਲ ਦਿਨੇਸ ਕੁਮਾਰ, ਹੈਨੀਸ, ਸੰਜੀਵ ਕੁਮਾਰ, ਸੁਖਜਿੰਦਰ, ਪਰਮਿੰਦਰ ਉਭਾਵਾਲ, ਨਾਇਬ ਸਿੰਘ ਰਟੋਲਾ, ਮਿੱਠੂ ਸਿੰਘ, ਹਰਿੰਦਰ ਬਾਬਾ ਆਦਿ ਹਾਜ਼ਰ ਸਨ।

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON
Unit 19
Email : bob@dmtransport.ca
Web : www.dmtransport.ca

Hiring AZ drivers and owner operator
Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2022 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla
BSc.Pharm
Satvachan Lal
B.Sc.Pharm
#1150, 4818 Westwindus Drive NE. Calgary
403-293-9360

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM
(37326)
Special Packages Available For All Occasions

Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN



ਰਾਜਿੰਦਰ ਕੌਰ ਚੋਹਕਾ
ਹੁਸ਼ਿਆਰਪੁਰ
91=98725-44738
001-403-285-4208

ਆਰਥਿਕ -ਅਸਮਾਨਤਾ

# ਕਾਮਾ ਇਸਤਰੀਆਂ ਦੀ ਨਿੱਘਰ ਰਹੀ ਆਰਥਿਕ ਦਸ਼ਾ



ਇਹ ਕੋਈ ਅੱਤਿਕਥਨੀ ਨਹੀਂ ਹੈ, ਕਿ ਭਾਰਤ ਵਿਚ ਇਸਤਰੀ ਸਕਤੀ ਦੇਸ ਦੀ ਜਨਸੰਖਿਆਂ ਦਾ ਅੱਧਾ- ਹਿੱਸਾ ਹੋਣ ਦੇ ਬਾਵਜੂਦ ਫਿਰ ਵੀ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਖੇਤਰਾਂ 'ਚ ਅਜੇ ਵੀ ਪੱਛੜੀ ਹੋਈ ਹੈ। ਜਿਸ ਤੋਂ ਉਸ ਦੇ ਸਸਕਤੀਕਰਨ ਹੋਣ ਦਾ ਵੀ ਪਤਾ ਲਗਦਾ ਹੈ। ਇਹ ਵੀ ਇੱਕ ਸਭ ਤੋਂ ਵੱਡੀ ਦੁੱਖਦਾਇਕ ਗੱਲ ਹੈ, 'ਕਿ ਇਸਤਰੀ ਵਰਗ ਦੇ ਪੇਸੇਵੇਰਨਾ ਕੰਮ ਕਾਜ ਵਿੱਚ ਭਾਵੇ! ਕੋਈ ਘਾਟ ਨਹੀਂ ਹੈ। ਪਰ ਫਿਰ ਵੀ ਉਹ ਲਿੰਗਕ -ਬਰਾਬਰਤਾ ਦੇ ਵਿਵਾਦਾਂ ਵਿੱਚ ਜਿਆਦਾ ਘਿਰੀ ਹੋਈ ਦਿਖਾਈ ਦੇ ਰਹੀ ਹੈ। "ਸੰਯੁਕਤ ਰਾਸਟਰ" ਦੀ ਪਿਛਲੇ ਸਾਲ ਦੀ "ਮਨੁੱਖੀ ਵਿਕਾਸ" ਰੀਪੋਰਟ ਵਿੱਚ ਲਿੰਗਕ ਅਸਮਾਨਤਾ ਸੂਚਕ - ਅੰਕ ਵਿੱਚ ਭਾਰਤ 159 ਦੇਸਾਂ ਵਿੱਚੋਂ 125ਵੇਂ ਸਥਾਨ 'ਤੇ ਸੀ। "ਵਿਸਵ ਆਰਥਿਕ ਫੋਰਮ ਦੇ ਜੈਂਡਰ ਗੈਪ- ਇੰਡੈਕਸ" 'ਚ ਭਾਰਤ 144 ਦੇਸਾਂ ਵਿੱਚੋਂ ਵੀ 108ਵੇਂ ਸਥਾਨ ਤੋਂ ਹੋਰ ਹੇਠਾਂ ਆ ਗਿਆ। ਭਾਵ! ਅਸੀ ਪਿਛਲੇ ਸਾਲ ਦੇ ਵੀ 21ਵੇਂ ਰੈਂਕ ਤੋਂ ਹੋਰ ਥੱਲੇ ਆ ਗਏ ਹਾਂ। ਦੇਸ਼ ਨਾ-ਬਰਾਬਰੀਆਂ ਵਾਲਾ ਸਮਾਜ ਬਣ ਰਿਹਾ ਹੈ। ਦੇਸ ਵਿੱਚ ਪੈਦਾ ਹੋਈ ਵਾਧੂ ਦੌਲਤ ਦਾ 73 ਫੀਸਦ ਹਿੱਸਾ ਕੇਵਲ 10 ਫੀਸਦ ਲੋਕਾਂ ਦੇ ਪਾਸ ਹੀ ਜਾ ਰਿਹਾ ਹੈ।

ਮਿਹਨਤੀ ਵਰਗ ਦੀ ਵੰਡ ਦਾ ਲਿੰਗਕ ਭੇਦ-ਭਾਵ ਕੋਈ ਕੁਦਰਤੀ ਕਾਰਨ ਨਹੀ ਹੈ। ਇਸ ਦਾ ਕਾਰਨ ਸੱਤਾ ਤੇ ਬੈਠੇ ਕਾਬਜ ਹਾਕਮਾਂ ਦੇ ਹੱਥਾਂ ਵਿੱਚ ਹੁੰਦਾ ਹੈ। ਜਦੋ ਉਹ ਗਰੀਬਾਂ-ਅਮੀਰਾਂ ਦੇ ਵਿਚਕਾਰ ਪਾੜਾ ਪਾਉਣ ਲਈ ਗਰੀਬ ਵਰਗ ਦੀ ਲੁੱਟ ਅਤੇ ਅਮੀਰਾਂ ਨੂੰ ਗਰੀਬਾਂ ਦਾ ਹੋਰ ਸੋਸਣ ਕਰਨ ਦੀਆ ਖੁੱਲੀਆਂ ਛੋਟਾਂ ਦੇਣ ਦਾ ਕਿਰਦਾਰ ਨਿਭਾਉਦੇ ਹਨ। ਦੇਖਿਆ ਜਾਵੇ ਤਾਂ! ਦੇਸ ਦੇ ਆਰਥਿਕ, ਸਮਾਜਿਕ ਵਿਕਾਸ ਵਿਚ ਇਸਤਰੀ ਵਰਗ ਦਾ ਮਰਦਾਂ ਤੇ ਬਰਾਬਰ ਬਹੁਤ ਵੱਡਾ ਯੋਗਦਾਨ ਹੈ। ਇਸਤਰੀਆ ਨੂੰ ਆਪਣੇ ਪ੍ਰੀਵਾਰਾਂ ਦੀਆਂ ਮੁੱਢਲੀਆਂ ਤੇ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਅਤੇ ਘਰ ਦੀ ਆਰਥਿਕਤਾ ਨੂੰ ਹੋਰ ਮਜਬੂਤ ਕਰਨ ਲਈ ਘਰ ਦੀ ਚਾਰ-ਦੀਵਾਰੀ ਤੋ ਬਾਹਰ ਨਿਕਲ ਕੇ ਕੰਮ ਕਰਨਾ ਪੈਦਾ ਹੈ। ਪਰ! ਦੇਸ਼ ਦੀਆਂ ਹਾਕਮ ਸਰਕਾਰਾਂ ਵੱਲੋ ਨਾ ਤਾ ਉਨ੍ਹਾ ਨੂੰ ਰੁਜਗਾਰ ਦੀ ਗ੍ਰੰਟੀ ਦਿੱਤੀ ਜਾਂਦੀ ਹੈ ਤੇ ਨਾ ਹੀ ਉਨ੍ਹਾ ਦੇ ਰੁਜਗਾਰ ਦੀ ਸੁਰੱਖਿਆ ਯਕੀਨੀ ਬਣਾਈ ਜਾਦੀ ਹੈ। ਇੱਥੋ ਤੱਕ ਕਿ ਮੌਜੂਦਾ ਧਾਰਮਿਕ ਵਿਰਤੀ ਤੇ ਤੰਗ ਨਜਰੀਏ ਵਾਲੀਆ ਸਰਕਾਰਾਂ ਵੀ ਕਾਮਾਂ ਇਸਤਰੀਆਂ ਨੂੰ ਘਰ ਦੀ ਚਾਰ ਦੀਵਾਰੀ ਅੰਦਰ ਅਤੇ ਘਰਾਂ ਦਾ ਚੁੱਲ੍ਹਾ-ਚੌਂਕਾ ਸਾਂਭਣ ਤੱਕ ਦੀਆ ਹੀ ਨਸੀਹਤਾ ਦਿੰਦੀਆ ਹਨ। ਭਾਂਵੇ ! ਸਾਡੇ ਸੰਵਿਧਾਨ ਵਿੱਚ ਇਸਤਰੀਆਂ ਨੂੰ ਮਰਦਾ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ, ਪ੍ਰੰਤੂ! ਇਹ ਸਿਰਫ ਕਾਗਜਾਂ ਤੱਕ ਹੀ ਸੀਮਤ ਹੈ। ਇਸ ਮਰਦ ਪ੍ਰਧਾਨ ਸਮਾਜ, ਅੰਦਰ ਅੱਜ ਵੀ ਕੱਟੜਪੰਥੀਆਂ ਦੀ ਸੋਚ ਇਸਤਰੀਆਂ ਪ੍ਰਤੀ ਪਿਛਾਂਹ-ਖਿੱਚੂ ਸੋਚ ਨੂੰ ਹੀ ਸਦਾ ਅਪਣਾਉਂਦੀ ਹੈ। ਇਸਤਰੀਆਂ ਦਾ ਹਾਸੀਏ ਤੇ ਜਾਣ ਦਾ ਵੀ ਇਹ ਇੱਕ ਵੱਡਾ ਕਾਰਣ ਹੈ। ਇਸ ਵਰਗ ਦੇ ਲੋਕਾਂ ਦੀ ਸੋਚ ਹੈ, 'ਕਿ ਇਸਤਰੀਆਂ ਸਰੀਰਕ ਤੇ ਮਾਨਸਿਕ ਤੌਰ ਤੇ ਪੁਰਸਾਂ ਤੋ ਕੰਮਜੋਰ ਹੁੰਦੀਆ ਹਨ ਅਤੇ ਬਰਾਬਰਤਾ ਦੇ ਲਾਇਕ ਨਹੀ ਹਨ।"

ਕੁਝ ਕੁ ਸਮਾਜਵਾਦੀ ਦੇਸਾਂ ਨੂੰ ਛੱਡ ਕੇ ਵਿਕਸਤ ਤੇ ਵਿਕਾਸਸੀਲ ਦੇਸਾ ਵਿੱਚ ਵੀ ਇਸਤਰੀਆਂ ਨਾਲ ਲਿੰਗਕ ਬਰਾਬਰਤਾ ਵਲੋ ਵਿਤਕਰੇ ਜਾਰੀ ਹਨ। ਕੀ ਫਿਰ ਇਹੋ ਜਿਹੀ ਅਵਸਥਾ ਵਿੱਚ ਵੀ ਉਹ ਰੁਜਗਾਰ ਪ੍ਰਾਪਤ ਕਰ ਸਕਣਗੀਆਂ? ਦੇਸ ਦੇ ਘੋਰ ਆਰਥਿਕ ਸੰਕਟ ਦੁਰਾਨ ਹੁਣ ਤਾਂ ਉਨ੍ਹਾ ਨੂੰ ਰੁਜਗਾਰ ਪ੍ਰਾਪਤੀ ਲਈ ਹੋਰ ਵੀ ਸੰਕਟ ਪੈਦਾ ਹੋ ਗਿਆ ਹੈ। ਉਨ੍ਹਾ ਨੂੰ ਰੁਜਗਾਰ ਪ੍ਰਾਪਤ ਕਰਨ ਲਈ ਮਰਦਾਂ ਦੇ ਬਰਾਬਰ ਅਥਾਹ ਮੁਸ਼ਕਿਲਾਂ ਆ ਰਹੀਆਂ ਹਨ। ਸਮਾਜ ਅੰਦਰ ਹੁਣ ਇਹ ਇੱਕ ਗੰਭੀਰ ਸਵਾਲ ਹੈ, ਕਿ ਇਸਤਰੀ ਵਰਗ ਜਿਹੜਾ ਦੇਸ ਦੀ ਆਬਾਦੀ ਦਾ ਅੱਧਾ ਹਿੱਸਾ ਹੈ, ਤਾਂ! ਉਸ ਨਾਲ ਲਿੰਗਕ ਵਿਤਕਰਾ ਕਿਉਂ ਹੋ ਰਿਹਾ ਹੈ? ਅੰਤਰ -ਰਾਸਟਰੀ ਮਜਦੂਰ ਸੰਗਠਨ (ਆਈ ਐਲ ਓ) ਦੀ ਤਾਜਾ ਰੀਪੋਰਟ ਮੁਤਾਬਿਕ ਕਰੋਨਾ ਮਹਾਂਮਾਰੀ ਦੌਰਾਨ ਪੁਰਸਾਂ ਦੇ ਮੁਕਾਬਲੇ ਇਸਤਰੀਆਂ ਦੇ ਰੁਜਗਾਰ ਤੇ ਜ਼ਿਆਦਾ ਮਾੜਾ ਅਸਰ (ਪ੍ਰਭਾਵ) ਪਿਆ ਹੈ। ਇਹ ਸਵਾਲ ਸਿਰਫ ਭਾਰਤ ਦੇਸ ਵਿੱਚ ਹੀ ਨਹੀ, ਬਲਕਿ ਸਮੁੱਚੇ ਦੇਸਾ ਅੰਦਰ ਉਭਰ ਕੇ ਸਾਹਮਣੇ ਆ ਰਿਹਾ ਹੈ। ਆਰਥਿਕ ਸੰਕਟ ਸਮੇਂ ਵਿੱਚ ਨੌਕਰੀਆਂ ਦੇ ਮਾਮਲੇ ਵਿੱਚ ਇਸਤਰੀਆਂ ਦੇ ਮੁਕਾਬਲੇ ਪੁਰਸਾ ਦਾ ਅਧਿਕਾਰ ਨੌਕਰੀ ਤੇ ਜ਼ਿਆਦਾ ਰਿਹਾ ਹੈ। ਕੰਮ ਲੈਣ ਲਈ ਵੀ ਤੇ ਕੰਮ ਕਰਨ ਲਈ ਵੀ ਮਰਦਾ ਦੇ ਮੁਕਾਬਲੇ ਇਸਤਰੀ ਨੂੰ ਪਿੱਛੇ ਧੱਕਿਆਂ ਜਾ ਰਿਹਾ ਹੈ ਭਾਵੇ! ਇਹ ਸਾਡੇ ਦੇਸ ਜਾਂ ਦੁਨੀਆਂ ਦੇ ਬਾਕੀ ਦੇਸਾ ਵਿੱਚ ਕੋਈ ਨਵੀ ਘਟਨਾ ਨਹੀ ਹੈ, ਪ੍ਰੰਤੂ! ਸਦੀਆਂ ਬੀਤ ਜਾਣ ਦੇ ਬਾਦ ਵੀ ਕੰਮ ਦੇ ਸਥਾਨ 'ਤੇ ਵੀ ਇਸਤਰੀ ਦੀ ਅਣਗੌਲੀ ਹਾਲਤ ਜਿਉ ਦੀ ਤਿਉ ਹੀ ਹੈ।

"ਲਿਊਨੇਲ ਟਾਈਗਰ ਅਤੇ ਰੋਬਿਨ ਫਾਕਸ" ਨੇ ਆਪਣੀ ਕਿਤਾਬ, 'ਦੀ ਇੰਮਪੀਰੀਅਲ ਐਨੀਮਲ' ਦੇ ਵਿੱਚ ਇਸ ਗੱਲ ਨੂੰ ਉਜਾਗਰ ਕੀਤਾ ਹੈ, 'ਕਿ ਹਰ ਇਨਸਾਨ ਦੀ ਨਜਰ ਵਿੱਚ ਲਿੰਗਕ-ਮਿਹਨਤ, ਵੰਡ-ਜੈਵਿਕ ਜਾਂ ਵੰਸ ਰਾਹੀ ਹੀ ਹੁੰਦੀ ਹੈ। ਮਰਦ ਦਾ ਇਸਤਰੀ ਉੱਪਰ ਲਿੰਗਕ ਪ੍ਰਭਾਵ ਇੱਕ ਜੈਵਿਕ ਵਿਸਸ਼ੇਸ਼ਤਾ ਵਾਲਾ ਹੈ। ਮਨੁੱਖੀ ਸਭਿਅਤਾ ਨੂੰ ਜਨਮ ਤੋ ਹੀ ਦੱਸ ਕੇ ਸਦਾ ਹੀ ਜਮੀਨੀ ਅਸਲੀਅਤ ਨੂੰ ਨਜਰ ਅੰਦਾਜ ਕੀਤਾ ਜਾ ਰਿਹਾ ਹੈ ਜੋ ਅੱਜ! 21ਵੀਂ ਸਦੀ ਵਿੱਚ ਵੀ ਇਹ ਵਿਤਕਰਾ (ਜਾਰੀ) ਕੀਤਾ ਜਾ ਰਿਹਾ ਹੈ। ਇਹੀ ਕਾਰਨ ਹੈ, 'ਕਿ ਅੱਜ ਵੀ ਮਿਹਨਤ-ਮਜਦੂਰੀ ਕਰਨ ਸਮੇ ਵੀ ਲਿੰਗਕ ਆਧਾਰ ਦੇ ਨਾਂ ਤੇ ਇਸ ਵਿਤਕਰੇ ਦਾ ਸਮਰਥਨ ਕੀਤਾ ਜਾ ਰਿਹਾ ਹੈ। ਇਸ ਦੇ ਪਿੱਛੇ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਇਸਤਰੀਆਂ ਮਰਦੇ ਦੇ ਮੁਕਾਬਲੇ ਜੈਵਿਕ ਰੂਪ ਵਿੱਚ ਕੰਮਜੋਰ ਹੁੰਦੀਆਂ ਹਨ ਤੇ ਔਖਿਆਈ ਵਾਲਾ ਕੰਮ ਕਰਨ ਦੀ ਉਨ੍ਹਾਂ ਦੀ ਸਮਰਥਾ ਨਹੀਂ ਹੁੰਦੀ ਹੈ।" ਮੌਜੂਦਾ ਉਦਾਰੀਕਰਨ ਦੀ

(ਬਾਕੀ ਸਫ਼ਾ 36 'ਤੇ)

ਜੌਬ ——ਜੌਬ ———ਜੌਬ
Mantra construction ਕੰਪਨੀ ਨੂੰ ਕੰਮ ਵਾਸਤੇ ਇਕ ਹਿਲਪਰ ਦੀ ਲੋੜ ਹੈ ਜਿਸਦੇ ਕੋਲ ਆਪਣੀ ਗੱਡੀ ਤੇ G ਲੈਸੰਸ ਹੋਣਾ ਜ਼ਰੂਰੀ ਹੈ ਜੌਬ ਲਈ ਹੇਠ ਲਿਖੇ ਫ਼ੋਨ ਤੇ ਸੰਪਰਕ ਕਰ ਸਕਦੇ ਹੋ
Phone :- 416 833 2162

Harcharan Parhar
REALTOR®
For all your Real Estate needs
Please Call for Buy or Sell
Residential, Commercial, Condos
& Rental Property.
Cell: 403.681.8689
Email: hp8689@gmail.com
www.harcharanparhar.com
2020 National Brokerage of The Year
ROYAL LEPAGE
Benchmark
REALTOR MULTIPLE LISTING SERVICE



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-701-4947

# ਸਮਾਜ ਵਿੱਚ ਔਰਤਾਂ ਦੀਆਂ ਸਥਿਤੀਆਂ ਨਾਲ ਸੰਬੰਧਤ 15 ਫਿਲਮਾਂ



-ਸੁਖਵੰਤ ਹੁੰਦਲ-

(ਅੰਤਰਾਸ਼ਟਰੀ ਮਹਿਲਾ ਦਿਵਸ 'ਤੇ ਵਿਸ਼ੇਸ਼)

8 ਮਾਰਚ ਦਾ ਦਿਨ ਸੰਸਾਰ ਭਰ ਵਿੱਚ ਅੰਤਰਰਾਸਟਰੀ ਮਹਿਲਾ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਯਾਦ ਕਰਦਿਆਂ ਹਿੰਦੀ, ਪੰਜਾਬੀ, ਬੰਗਾਲੀ ਅਤੇ ਅੰਗਰੇਜੀ ਦੀਆਂ ਉਹਨਾਂ ਕੁੱਝ ਫਿਲਮਾਂ ਦੀ ਸੂਚੀ ਪੇਸ ਹੈ ਜੋ ਔਰਤਾਂ ਨਾਲ ਸੰਬੰਧਤ ਕਿਸੇ ਨਾ ਕਿਸੇ ਮਸਲੇ ਦੀ ਗੱਲ ਕਰਦੀਆਂ ਹਨ।

ਪਿਛਲੇ ਡੇਢ-ਦੋ ਦਹਾਕਿਆਂ ਦੌਰਾਨ ਤਕਨੌਲੌਜੀ ਵਿੱਚ ਹੋਈਆਂ ਤਬਦੀਲੀਆਂ ਕਾਰਨ ਇਹਨਾਂ ਵਿੱਚੋਂ ਬਹੁਤੀਆਂ ਫਿਲਮਾਂ ਆਨਲਾਈਨ ਜਾਂ ਹੋਰ ਢੰਗਾਂ ਨਾਲ ਸੌਖਿਆ ਹੀ ਪ੍ਰਾਪਤ ਕੀਤੀਆਂ ਅਤੇ ਦੇਖੀਆਂ ਜਾ ਸਕਦੀਆਂ ਹਨ। ਤੁਸੀਂ ਇਹਨਾਂ ਫਿਲਮਾਂ ਨੂੰ ਨਿੱਜੀ ਪੱਧਰ 'ਤੇ ਇਕੱਲੇ ਦੇਖ ਸਕਦੇ ਹੋ ਜਾਂ ਇਹਨਾਂ ਫਿਲਮਾਂ ਨੂੰ ਦੂਜਿਆਂ ਦੇ ਨਾਲ ਇਕੱਠੇ ਦੇਖ ਕੇ ਆਪਣੇ ਸੰਗੀ/ਸਾਥੀਆਂ ਨਾਲ ਮਿਲ ਬੈਠਣ ਅਤੇ ਸਾਂਝ ਪੈਦਾ ਕਰਨ ਦੇ ਮੌਕੇ ਪੈਦੇ ਕਰ ਸਕਦੇ ਹੋ। ਸਭਿਆਚਾਰਕ ਕਾਰਕੁੰਨ ਬਦਲਵਾਂ ਸਭਿਆਚਾਰ ਉਸਾਰਨ ਦੇ ਆਪਣੇ ਕਾਰਜ ਵਿੱਚ ਇਹਨਾਂ ਫਿਲਮਾਂ ਨੂੰ ਇਕ ਮਹੱਤਵਪੂਰਨ ਸੰਦ ਵਜੋਂ ਵਰਤ ਸਕਦੇ ਹਨ।

ਜ਼ਰੂਰੀ ਨਹੀਂ ਕਿ ਇਹਨਾਂ ਫਿਲਮਾਂ ਵਿੱਚ ਪੇਸ਼ ਕੀਤੇ ਗਏ ਸਾਰੇ ਦੇ ਸਾਰੇ ਵਿਚਾਰ ਤੁਹਾਨੂੰ ਠੀਕ ਲੱਗਣ। ਹੋ ਸਕਦਾ ਹੈ ਕਿ ਕੋਈ ਇਕ ਫਿਲਮ ਦੇਖ ਕੇ ਤੁਹਾਨੂੰ ਲੱਗੇ ਕਿ ਫਿਲਮ ਵਿੱਚ ਔਰਤਾਂ ਦੀ ਸਥਿਤੀ ਦਾ ਕੀਤਾ ਗਿਆ ਵਿਸਲੇਸਣ ਸਹੀ ਨਹੀਂ। ਇਸ ਕਾਰਨ ਫਿਲਮ ਨੂੰ ਮੁੱਢੋਂ ਸੁੱਢੋਂ ਰੱਦ ਕਰਨ ਦੀ ਥਾਂ ਆਪਣੀ ਅਸਹਿਮਤੀ ਨੂੰ ਦਲੀਲ ਨਾਲ ਪੇਸ ਕਰਕੇ ਅਜਿਹੇ ਮੌਕਿਆਂ ਨੂੰ ਹੋਰ ਸਿੱਖਣ/ਸਿਖਾਉਣ ਦੇ ਮੌਕਿਆਂ ਵਿੱਚ ਬਦਲਿਆ ਜਾ ਸਕਦਾ ਹੈ। ਲਿਸਟ ਹਾਜਰ ਹੈ।

**ਦੁਨੀਆ ਨਾ ਮਾਨੇ (ਹਿੰਦੀ, 1937)** : ਵੀ. ਸਾਂਤਾਰਾਮ ਦੇ ਨਿਰਦੇਸਨ ਵਿੱਚ ਪ੍ਰਭਾਤ ਸਟੂਡੀਓਜ ਵਲੋਂ ਬਣਾਈ ਗਈ ਫਿਲਮ ਦੁਨੀਆ ਨਾ ਮਾਨੇ ਨੌਜਵਾਨ ਔਰਤਾਂ ਦੇ ਬੁੱਢਿਆਂ ਨਾਲ ਜਬਰਦਸਤੀ ਕੀਤੇ ਜਾਂਦੇ ਵਿਆਹਾਂ ਦੇ ਮਸਲੇ ਨਾਲ ਸੰਬੰਧਿਤ ਹੈ। ਇਸ ਵਿੱਚ ਇਕ ਨੌਜਵਾਨ ਕੁੜੀ ਨਿਰਮਲਾ ਦਾ ਵਿਆਹ ਇਕ ਬੁੱਢੇ ਵਕੀਲ ਨਾਲ ਤੈਅ ਹੋ ਜਾਂਦਾ ਹੈ। ਨਿਰਮਲਾ ਨੂੰ ਇਸ ਗੱਲ ਦਾ ਗਿਆਨ ਨਹੀਂ ਹੁੰਦਾ। ਜਦੋਂ ਵਿਆਹ ਸਮੇਂ ਉਹ ਆਪਣੇ ਬੁੱਢੇ ਪਤੀ ਨੂੰ ਦੇਖਦੀ ਹੈ ਤਾਂ ਉਹ ਉਸ ਦੇ ਗਲ ਵਿੱਚ ਵਰਮਾਲਾ ਪਾਉਣ ਤੋਂ ਰੁਕ ਜਾਂਦੀ ਹੈ, ਪਰ ਉਸ ਦੇ ਹੱਥੋਂ ਬੁੱਢੇ ਦੇ ਗਲ ਵਿੱਚ ਵਰਮਾਲਾ ਮੱਲੋਮੱਲੀ ਪਵਾ ਦਿੱਤੀ ਜਾਂਦੀ ਹੈ। ਨਿਰਮਲਾ ਇਸ ਵਿਆਹ ਨੂੰ ਸਵੀਕਾਰ ਨਹੀਂ ਕਰਦੀ। ਜਦੋਂ ਉਸ ਨੂੰ ਰਵਾਇਤ ਅਤੇ ਰੀਤੀ ਰਿਵਾਜਾਂ ਦਾ ਵਾਸਤਾ ਪਾ ਕੇ ਸਰਮ ਕਰਨ ਲਈ ਕਿਹਾ ਜਾਂਦਾ ਹੈ ਤਾਂ ਉਹ ਜੁਆਬ ਦਿੰਦੀ ਹੈ, "ਆਪਣੀ ਉਮਰ ਕਾ ਖਿਆਲ ਨਾ ਕਰਤੇ ਹੂਏ ਜਿਨਕੀ ਮੈਂ ਬੇਟੀ ਨਜਰ ਆਤੀ ਹੂੰ, ਮੁਝ ਸੇ ਸਾਦੀ ਕਰਤੇ ਹੂਏ ਇਨਹੋਂ ਨੇ ਸਰਮ ਕੀ ਥੀ? ਬੜੇ ਬੂੜੋਂ ਨੇ ਆਪਣੀ ਸਰਮ ਛੋੜ ਦੀ ਔਰ ਮੁਝੇ ਸਰਮ ਕਰਨੇ ਕੇ ਲੀਏ ਕਹਿਤੇ ਹੋ।" ਫਿਰ ਉਸ ਨੂੰ ਇਹ ਯਾਦ ਕਰਾਇਆ ਜਾਂਦਾ ਹੈ ਕਿ "ਯਾਦ ਰੱਖ ਅਬ ਤੂੰ ਅਜਾਦ ਨਹੀਂ ਕਿਸੀ ਕੀ ਔਰਤ ਹੈ।" ਇਸ ਦੇ ਜੁਆਬ ਵਿੱਚ ਉਹ ਕਹਿੰਦੀ ਹੈ, "ਹਾਂ ਔਰਤ ਹੂੰ, ਔਰਤ ਹੂੰ, ਔਰ ਔਰਤ ਹੂੰ ਇਸ ਲਈ ਆਪ ਮੇਰਾ ਸਫਾਈ ਸੇ ਗਲਾ ਕਾਟ ਸਕੇ।" ਇਹ ਡਾਇਲਾਗ ਬਹੁਤ ਹੀ ਸਾਫ ਅਤੇ ਥੋੜ੍ਹੇ ਸਬਦਾਂ ਵਿੱਚ ਹਿੰਦੁਸਤਾਨੀ ਸਮਾਜ ਵਿੱਚ ਔਰਤ ਦੀ ਸਥਿਤੀ ਬਿਆਨ ਕਰ ਦਿੰਦਾ ਹੈ।

ਫਿਲਮ ਦੇ ਅਖੀਰ 'ਤੇ ਨਿਰਮਲਾ ਦੇ ਬੁੱਢੇ ਪਤੀ ਨੂੰ ਨਿਰਮਲਾ ਨਾਲ ਹੋਈ



ਵਧੀਕੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਖੁਦਕਸ਼ੀ ਕਰ ਲੈਂਦਾ ਹੈ ਤਾਂ ਕਿ ਨਿਰਮਲਾ ਲਈ ਆਪਣੀ ਮਨਮਰਜ਼ੀ ਦਾ ਵਿਆਹ ਕਰਵਾਉਣ ਲਈ ਰਸਤਾ ਪੱਧਰਾ ਹੋ ਸਕੇ। ਪਰ ਇਸ ਨਾਲ ਵੀ ਨਿਰਮਲਾ ਦੀ ਸਮੱਸਿਆ ਖਤਮ ਨਹੀਂ ਹੁੰਦੀ। ਹੁਣ ਉਸ ਦੇ ਸਾਹਮਣੇ ਵਿਧਵਾ ਵਿਆਹ ਦੀ ਸਮੱਸਿਆ ਆ ਜਾਂਦੀ ਹੈ ਕਿਉਂਕਿ ਉਸ ਸਮੇਂ ਹਿੰਦੂ ਸਮਾਜ ਵਿੱਚ ਵਿਧਵਾ ਵਿਆਹ ਦੀ ਇਜਾਜਤ ਨਹੀਂ ਸੀ। ਇਸ ਤਰ੍ਹਾਂ ਫਿਲਮ ਵਿੱਚ ਸਮਾਜ ਵਿੱਚ ਔਰਤ ਦੀ ਤ੍ਰਾਸਦੀ ਦੇ ਵੱਖ ਵੱਖ ਪੱਖਾਂ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਹੈ।

ਫਿਲਮ ਇਤਿਹਾਸਕਾਰਾਂ ਅਨੁਸਾਰ ਇਸ ਫਿਲਮ ਦੀ ਸਪਸਟ ਅਤੇ ਸਿੱਧੀ ਪੇਸ਼ਕਾਰੀ ਨੇ ਦਰਸਕਾਂ ਉੱਤੇ ਕਾਫੀ ਵੱਡਾ ਅਸਰ ਪਾਇਆ ਸੀ ਅਤੇ ਫਿਲਮ ਬਾਅਦ ਦੇ ਸਾਲਾਂ ਦੌਰਾਨ ਵਾਰ ਵਾਰ ਦਿਖਾਈ ਜਾਂਦੀ ਰਹੀ ਸੀ।

ਮੁੱਖ ਕਲਾਕਾਰ: ਸਾਂਤਾ ਆਪਟੇ, ਕੇਸਾਵਰਾਓ ਦੱਤੇ, ਵਿਮਲਾ ਵਸਿਸਟ, ਸੰਕੁਤਲਾ ਪ੍ਰਾਂਜਪਾਈ ਆਦਿ।

**ਸਾਰਾ ਅਕਾਸ (ਹਿੰਦੀ, 1969)** : ਰਾਜਿੰਦਰ ਯਾਦਵ ਦੇ ਨਾਵਲ 'ਤੇ ਆਧਾਰਤ ਇਹ ਫਿਲਮ ਇਕ ਨਵੇਂ ਵਿਆਹੇ ਜੋੜੇ ਦੀ ਅਣਬਣ 'ਤੇ ਕੇਂਦਰਿਤ ਹੈ। ਫਿਲਮ ਦਰਸਾਉਂਦੀ ਹੈ ਕਿ ਮਾਪਿਆਂ ਵਲੋਂ ਨੌਜਵਾਨਾਂ ਦੇ ਵਿਆਹਾਂ ਵਿੱਚ ਕੀਤੀ ਜਬਰਦਸਤੀ ਕਿਸ ਢੰਗ ਨਾਲ ਉਹਨਾਂ ਵਿਚਕਾਰ ਕਲੇਸ ਪੈਦਾ ਕਰਨ ਦਾ ਕਾਰਨ ਬਣਦੀ ਹੈ ਅਤੇ ਇਸ ਕਲੇਸ ਵਿੱਚ ਸਭ ਤੋਂ ਵੱਧ ਦੁੱਖ ਸਹਿਣ ਵਾਲੀ ਧਿਰ ਔਰਤ ਹੁੰਦੀ ਹੈ। ਫਿਲਮ ਦੀ ਖੂਬਸੂਰਤੀ ਇਹ ਹੈ ਕਿ ਇਸ ਵਿੱਚ ਕਿਸੇ ਇਕ ਵਿਅਕਤੀ ਨੂੰ ਕਸੂਰਵਾਰ ਠਹਿਰਾਉਣ ਦੀ ਥਾਂ ਪਿੱਤਰਸੱਤਾ ਵਾਲੇ ਸਮਾਜ ਦੀਆਂ ਕਦਰਾਂ ਕੀਮਤਾਂ ਨੂੰ ਦੋਸੀ ਠਹਿਰਾਇਆ ਗਿਆ ਹੈ।

ਬਾਸੂ ਚੈਟਰਜੀ ਵੱਲੋਂ ਨਿਰਦੇਸਿਤ ਇਸ ਫਿਲਮ ਦੇ ਕਲਾਕਾਰ ਸਨ: ਰਾਕੇਸ ਪਾਂਡੇ, ਮਧੂ ਚੱਕਰਵਰਤੀ, ਨੰਦੀਤਾ ਠਾਕੁਰ, ਏ. ਕੇ. ਹੰਗਲ, ਦੀਨਾ ਪਾਠਕ, ਮਨੀ ਕੌਲ, ਤਾਰਲਾ ਮਹਿਤਾ, ਸੈਲੀ ਸੈਲੇਂਦਰ, ਜਲਾਲ ਆਗਾ ਅਤੇ ਆਰਤੀ ਬੋਲ।

**ਅੰਕੁਰ (ਹਿੰਦੀ , 1974)** : ਨਿਰਦੇਸਕ ਸ਼ਿਆਮ ਬੈਨੇਗਿਲ ਦੀ ਇਹ ਫਿਲਮ ਜਗੀਰਦਾਰੀ ਪ੍ਰਬੰਧ ਵਿੱਚ ਗਰੀਬਾਂ, ਨੀਵੀਂ ਜਾਤ ਵਾਲਿਆਂ ਅਤੇ ਔਰਤਾਂ ਦੇ ਸੋਸਣ ਦੀ ਕਹਾਣੀ ਪੇਸ ਕਰਦੀ ਹੈ। ਪਿੰਡ ਦੇ ਗੈਰਹਾਜਰ ਜਗੀਰਦਾਰ ਦਾ ਸਹਿਰ 'ਚ ਪੜ੍ਹਿਆ ਲਿਖਿਆ ਮੁੰਡਾ ਸੂਰਯਾ ਪੜ੍ਹਾਈ ਖਤਮ ਕਰਕੇ ਆਪਣੀ ਜਮੀਨ ਦੀ ਦੇਖਭਾਲ ਕਰਨ ਲਈ ਪਿੰਡ ਆਉਂਦਾ ਹੈ। ਇੱਥੇ ਘੁਮਾਰ ਜਾਤ ਦੀ ਲਕਸਮੀ ਅਤੇ ਉਸ ਦਾ ਗੂੰਗਾ ਅਤੇ ਬੋਲਾ ਘਰਵਾਲਾ ਕਿਸਤੀਆ ਉਸ ਦੇ ਖੇਤਾਂ ਅਤੇ ਘਰ ਨੂੰ ਸੰਭਾਲਣ ਦਾ ਕੰਮ ਕਰਦੇ ਹਨ। ਸੂਰਯਾ ਜਿਸ ਢੰਗ ਨਾਲ ਲਕਸਮੀ ਅਤੇ ਕਿਸਤੀਆ ਨਾਲ ਵਰਤਾਅ ਕਰਦਾ ਹੈ, ਉਸ ਤੋਂ ਜਗੀਰਦਾਰੀ ਲੁੱਟ ਦੀਆਂ ਵੱਖ ਵੱਖ ਪਰਤਾਂ ਉਜਾਗਰ ਹੁੰਦੀਆਂ ਹਨ। ਫਿਲਮ ਵਿੱਚ ਇਸ ਲੁੱਟ ਵਿਰੁੱਧ ਕੋਈ ਸਿੱਧਾ ਸੰਘਰਸ ਨਹੀਂ ਦਿਖਾਇਆ ਗਿਆ। ਸਿਰਫ ਫਿਲਮ ਦੇ ਅੰਤ 'ਤੇ ਇਕ ਬੱਚਾ ਜਗੀਰਦਾਰ ਦੇ ਘਰ ਦੀ ਸੀਸੇ ਦੀ ਬਾਰੀ 'ਤੇ ਇਕ ਪੱਥਰ ਮਾਰਦਾ ਹੈ ਅਤੇ ਸਕਰੀਨ ਲਾਲ ਹੋ ਜਾਂਦਾ ਹੈ। ਇਸ ਸੰਕੇਤਕ ਢੰਗ ਨਾਲ ਨਿਰਦੇਸਕ ਦਰਸਕਾਂ ਨੂੰ ਜਗੀਰਦਾਰੀ ਪ੍ਰਬੰਧ ਦੀ ਬੇਇਨਸਾਫੀ ਵਿਰੁੱਧ ਲੜਨ ਦਾ ਸੁਨੇਹਾ ਦਿੰਦਾ ਹੈ। ਪਰ ਕਈ ਆਲੋਚਕਾਂ ਦਾ ਮੱਤ ਹੈ ਕਿ ਫਿਲਮ ਵਿੱਚ ਦਿਖਾਇਆ ਗਿਆ ਇਹ ਵਿਰੋਧ ਬਹੁਤ ਹੀ ਨਿਗੂਣਾ ਅਤੇ ਕਮਜੋਰ ਹੈ।

ਕਲਾਕਾਰ: ਸਬਾਨਾ ਆਜਮੀ, ਆਨੰਤ ਨਾਗ, ਸਾਧੂ ਮੇਹਰ ਅਤੇ ਪ੍ਰਿਆ ਤੇਂਦੂਲਕਰ।

**ਏਕ ਦਿਨ ਪ੍ਰਤੀਦਿਨ (ਬੰਗਾਲੀ, 1979)** : ਮ੍ਰਿਣਾਲ ਸੇਨ ਵਲੋਂ ਨਿਰਦੇਸਿਤ ਫਿਲਮ ਏਕ ਦਿਨ ਪ੍ਰਤੀਦਿਨ ਇਕ ਨੌਜਵਾਨ, ਅਣਵਿਆਹੀ ਅਤੇ ਘਰ ਤੋਂ ਬਾਹਰ ਕੰਮ ਕਰਨ ਵਾਲੀ ਕੁੜੀ ਦੀ ਕਹਾਣੀ ਹੈ ਜਿਸ ਦੀ ਕਮਾਈ ਇਕ ਛੇ ਜੀਆਂ ਦੇ ਨਿਮਨ ਮੱਧਵਰਗੀ ਪਰਿਵਾਰ ਦੇ ਗੁਜਾਰੇ ਦਾ ਮੁੱਖ ਸਾਧਨ ਹੈ। ਇਕ ਦਿਨ ਇਹ ਕੁੜੀ ਸਾਮ ਨੂੰ ਮਿੱਥੇ ਸਮੇਂ ਤੇ ਕੰਮ ਤੋਂ ਵਾਪਸ ਨਹੀਂ ਆਉਂਦੀ। ਨਤੀਜੇ ਵਜੋਂ ਪਰਿਵਾਰ ਜਿਸ ਤਰ੍ਹਾਂ ਦੀ ਚਿੰਤਾ ਅਤੇ ਸੋਚ-ਵਿਚਾਰ ਵਿੱਚੋਂ ਦੀ ਗੁਜਰਦਾ ਹੈ, ਉਹ ਇਸ ਫਿਲਮ ਦਾ ਵਿਸਾ ਹੈ। ਪਰਿਵਾਰ ਨੂੰ ਇਕ ਪਾਸੇ ਉਸ ਦੀ ਸੁਰੱਖਿਆ ਦਾ ਫਿਕਰ ਹੈ ਅਤੇ ਦੂਸਰੇ ਪਾਸੇ ਇਸ ਗੱਲ ਦਾ ਫਿਕਰ ਹੈ ਕਿ ਜੇ ਆਂਢ-ਗੁਆਂਢ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਉਹਨਾਂ ਦੀ













ਨੌਜਵਾਨ ਕੁੜੀ ਕੰਮ ਤੋਂ ਵਾਪਸ ਘਰ ਨਹੀਂ ਆਈ ਤਾਂ ਉਹ ਕੀ ਕਹਿਣਗੇ। ਬੜੀ ਹੀ ਸਰਲ ਕਹਾਣੀ ਵਾਲੀ ਇਸ ਫਿਲਮ ਵਿੱਚ ਸੇਨ ਨੇ ਇਕ ਮਰਦਪ੍ਰਧਾਨ ਸਮਾਜ ਦੇ ਔਰਤਾਂ ਬਾਰੇ ਵਿਚਾਰਾਂ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਪੇਸ ਕੀਤਾ ਹੈ। ਫਿਲਮ ਤੋਂ ਪਤਾ ਚੱਲਦਾ ਹੈ ਕਿ ਬੇਸੱਕ ਇਹ ਕੁੜੀ ਇਕ ਹੱਦ ਤੱਕ ਆਰਥਿਕ ਪੱਖੋਂ ਤਾਂ ਅਜਾਦ ਹੈ, ਪਰ ਸਮਾਜਕ ਪੱਖੋਂ ਅਜਾਦ ਨਹੀਂ।

ਇਹ ਫਿਲਮ ਕਾਫੀ ਲੋਕਾਂ ਵਲੋਂ ਸਲਾਹੀ ਗਈ। ਦੂਸਰੇ ਪਾਸੇ ਕੁਝ ਹੋਰ ਲੋਕਾਂ ਨੂੰ ਲੱਗਾ ਕਿ ਮ੍ਰਿਣਾਲ ਸੇਨ ਹੁਣ ਨਰਮ ਪੈ ਗਿਆ ਹੈ ਅਤੇ ਇਸ ਤਰ੍ਹਾਂ ਦੀਆਂ ਫਿਲਮਾਂ ਬਣਾ ਕੇ ਉਹ ਸਿਆਸਤ ਬਾਰੇ ਫਿਲਮਾਂ ਬਣਾਉਣ ਤੋਂ ਪਾਸਾ ਵੱਟ ਰਿਹਾ ਹੈ। ਉਹਨਾਂ ਦਾ ਵਿਚਾਰ ਸੀ ਕਿ ਉਸ ਦੀ ਇਸ ਫਿਲਮ ਵਿੱਚ ਕੋਈ ਸੁਨੇਹਾ ਨਹੀਂ। ਇਸ ਤਰ੍ਹਾਂ ਦੀ ਆਲੋਚਨਾ ਦੇ ਜੁਆਬ ਸੇਨ ਨੇ ਕਿਹਾ, "ਮੈਂ ਅਜਿਹੀਆਂ ਫਿਲਮਾਂ ਬਣਾਈਆਂ ਹਨ ਜਿਹਨਾਂ ਦਾ ਸਿਆਸੀ ਸਥਿਤੀ ਨਾਲ ਸੰਬੰਧ ਹੈ ਅਤੇ ਉਨ੍ਹਾਂ ਵਿੱਚ ਸਿਆਸੀ ਪਾਤਰ ਹਨ, ਪਰ ਮੈਂ ਅਜਿਹੀਆਂ ਫਿਲਮਾਂ ਵੀ ਬਣਾਈਆਂ ਹਨ ਜਿਹਨਾਂ ਦੀ ਸਿੱਧੇ ਤੌਰ 'ਤੇ ਕੋਈ ਸਿਆਸੀ ਪ੍ਰਸੰਗਤਾ ਨਹੀਂ ਹੈ। ਪਰ ਉਹਨਾਂ ਸਾਰੀਆਂ ਵਿੱਚ ਮੈਂ ਹਮੇਸਾਂ ਇਕ ਸਮਾਜਕ, ਸਿਆਸੀ ਅਤੇ ਆਰਥਿਕ ਨਜਰੀਆ ਕਾਇਮ ਰੱਖਣ ਦੀ ਕੋਸ਼ਿਸ ਕੀਤੀ ਹੈ। ਜਦੋਂ ਮੈਂ ਕਿਸੇ ਮਰਦ ਅਤੇ ਔਰਤ ਦੇ ਰਿਸ਼ਤੇ ਬਾਰੇ ਫਿਲਮ ਬਣਾਉਂਦਾ ਹਾਂ ਤਾਂ ਮੈਂ ਉਸ ਰਿਸਤੇ ਨੂੰ ਵੱਡੇ ਸੰਦਰਭ ਵਿੱਚ ਸਮਝਣ ਦਾ ਯਤਨ ਕਰਦਾ ਹਾਂ। ਏਕ ਦਿਨ ਪ੍ਰਤੀਦਿਨ ਵਿੱਚ ਭਾਵੇਂ ਕਿ ਕੈਮਰਾ ਘਰ ਤੋਂ ਬਾਹਰ ਬਹੁਤ ਘੱਟ ਜਾਂਦਾ ਹੈ, ਫਿਰ ਵੀ ਫਿਲਮ ਵਿੱਚ ਉਹਨਾਂ ਸਮਾਜਕ, ਸਿਆਸੀ ਅਤੇ ਸਦਾਚਾਰਕ ਬੰਦਸਾਂ ਬਾਰੇ ਗੱਲ ਕੀਤੀ ਗਈ ਹੈ ਜਿਹੜੀਆਂ ਸਾਡੇ ਸਮਾਜਕ ਵਰਤਾਅ ਨੂੰ ਨਿਸਚਿਤ ਕਰਦੀਆਂ ਹਨ ਅਤੇ ਸਾਡੀ ਰੋਜਾਨਾ ਜ਼ਿੰਦਗੀ 'ਤੇ ਅਸਰ ਕਰਦੀਆਂ ਹਨ।"

ਕਲਾਕਾਰ: ਸਤਿਆ ਬੈਨਰਜੀ, ਗੀਤਾ ਸੇਨ, ਸ੍ਰੀਲਾ ਮਜੁਮਦਰ, ਮਮਤਾ ਸੰਕਰ, ਤਪਨ ਦਾਸ ਅਤੇ ਮਮਤਾ ਭੱਟਾਚਾਰੀਆ

**ਅਰਥ (ਹਿੰਦੀ, 1982)** : ਨਿਰਦੇਸਕ ਮਹੇਸ ਭੱਟ ਦੀ ਸਹਿਰੀ ਮੱਧਵਰਗ ਦੇ ਜੀਵਨ 'ਤੇ ਆਧਾਰਤ ਇਹ ਫਿਲਮ ਵਿਆਹ ਦੀ ਸੰਸਥਾ ਵਿੱਚ ਬੱਝੇ ਮਰਦ ਅਤੇ ਔਰਤ ਦੇ ਨਾਬਰਾਬਰ ਸੰਬੰਧਾਂ ਨੂੰ ਦੇਖਣ ਦਾ ਯਤਨ ਕਰਦੀ ਹੈ।

ਕਲਾਕਾਰ: ਸਬਾਨਾ ਆਜਮੀ, ਸਮੀਤਾ ਪਾਟਿਲ, ਕੁਲਭੂਸਨ ਖਰਬੰਦਾ, ਰਾਜ ਕਿਰਨ ਅਤੇ ਰੋਹਨੀ ਹਤੰਗੜੀ।

**ਕਮਲਾ (ਹਿੰਦੀ, 1985)** : ਨਿਰਦੇਸਕ ਜਗਮੋਹਨ ਮੂੰਧੜਾ ਵਲੋਂ ਨਿਰਦੇਸਤ ਫਿਲਮ ਕਮਲਾ ਦੇ ਸੁਰੂ ਵਿੱਚ ਦਿੱਲੀ ਦੀ ਇਕ ਅੰਗਰੇਜੀ ਅਖਬਾਰ ਦਾ ਸਟਾਰ ਰਿਪੋਰਟਰ ਜੈ ਸਿੰਘ ਯਾਦਵ ਮੱਧਿਆ ਪ੍ਰਦੇਸ ਦੇ ਪੇਂਡੂ ਇਲਾਕੇ ਵਿੱਚੋਂ ਇਕ ਗਰੀਬ ਔਰਤ ਕਮਲਾ ਨੂੰ ਖ੍ਰੀਦ ਕੇ ਦਿੱਲੀ ਲਿਆਉਂਦਾ ਹੈ। ਉਸ ਦੀ ਯੋਜਨਾ ਕਮਲਾ ਨੂੰ ਇਕ ਸਬੂਤ ਵਜੋਂ ਪ੍ਰੈੱਸ ਕਾਨਫਰੰਸ ਵਿੱਚ ਪੇਸ ਕਰਨ ਦੀ ਹੈ ਤਾਂ ਕਿ ਉਹ ਭਾਰਤ ਵਿਚ ਔਰਤਾਂ ਦੇ ਵਿਉਪਾਰ ਦੇ ਇਸ 'ਘਿਣਾਉਣੇ' ਵਰਤਾਰੇ ਨੂੰ ਇਕ ਧਮਾਕੇ ਭਰਪੂਰ ਢੰਗ ਨਾਲ ਨੰਗਾ ਕਰ ਸਕੇ।

ਉਸ ਵਲੋਂ ਕੀਤਾ ਗਿਆ ਇਹ ਯਤਨ ਭਾਰਤ ਦੇ ਗਰੀਬ ਇਲਾਕਿਆਂ ਵਿੱਚੋਂ ਕੀਤੀ ਜਾਂਦੀ ਔਰਤਾਂ ਦੀ ਖ੍ਰੀਦੋਫਰੋਖਤ ਨੂੰ ਨੰਗਾ ਕਰਨ ਦੇ ਨਾਲ ਨਾਲ ਭਾਰਤੀ ਸਮਾਜ ਵਿੱਚ ਪਿੱਤਰਸੱਤਾ ਦੇ ਦਾਬੇ ਹੇਠ ਰਹਿ ਰਹੀਆਂ ਸਾਰੀਆਂ ਭਾਰਤੀ ਔਰਤਾਂ ਦੇ ਸੋਸਣ ਨੂੰ ਨੰਗਾ ਕਰ ਦਿੰਦਾ ਹੈ। ਦਰਸਕ ਜਦੋਂ ਇਸ ਸਟਾਰ ਰਿਪੋਰਟਰ ਜੈ ਸਿੰਘ ਯਾਦਵ ਦੇ ਘਰ ਵਿੱਚ ਉਸ ਦੀ ਪਤਨੀ ਦੇ ਜੀਵਨ ਨੂੰ ਦੇਖਦਾ ਹੈ ਤਾਂ ਉਸ ਨੂੰ ਇਹ ਸਮਝਣ ਵਿੱਚ ਦੇਰ ਨਹੀਂ ਲਗਦੀ ਕਿ ਯਾਦਵ ਦੀ ਪਤਨੀ ਦੀ ਸਥਿਤੀ ਕਿਸੇ ਵੀ ਤਰ੍ਹਾਂ ਕਮਲਾ ਦੀ ਸਥਿਤੀ ਤੋਂ ਵੱਖਰੀ ਨਹੀਂ ਹੈ।

ਭਾਰਤੀ ਸਮਾਜ ਵਿੱਚ ਔਰਤਾਂ ਦੀ ਸਥਿਤੀ ਦੇ ਸੱਚ ਨੂੰ ਉਜਾਗਰ ਕਰਨ ਦੇ ਨਾਲ ਨਾਲ ਇਹ ਫਿਲਮ ਸਨਸਨੀਖੇਜ ਅਤੇ ਧਮਾਕੇਦਾਰ ਖ਼ੱਬਰਾਂ 'ਤੇ ਕੇਂਦਰਿਤ ਪੱਤਰਕਾਰੀ ਦੀ ਕਾਰਜ ਪ੍ਰਣਾਲੀ ਅਤੇ ਭੂਮਿਕਾ ਉੱਤੇ ਵੀ ਕਈ ਤਰ੍ਹਾਂ ਦੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਫਿਲਮ ਦੇਖਦਿਆਂ ਦਰਸਕ ਦੇ ਮਨ ਵਿੱਚ ਇਹ ਸਵਾਲ ਵਾਰ ਵਾਰ ਉੱਠਦਾ ਹੈ ਕਿ ਆਪਣੇ ਪਾਠਕਾਂ ਦੀ ਗਿਣਤੀ ਵਧਾਉਣ ਲਈ ਅਨੂਠੇ ਸਮਾਚਾਰਾਂ (ਸਕੂਪਾਂ) ਅਤੇ ਸਕੈਂਡਲਾਂ ਦਾ ਸਹਾਰਾ ਲੈਣ ਵਾਲੀ ਪੱਤਰਕਾਰੀ ਕੀ ਪਾਠਕਾਂ ਨੂੰ ਆਪਣੀਆਂ ਸਥਿਤੀਆਂ ਦੀ ਅਸਲੀਅਤ ਸਮਝਣ ਲਈ ਜਾਗਰੂਕ ਕਰ ਸਕਦੀ ਹੈ?

ਅੰਤ ਵਿੱਚ ਜਿੱਥੇ ਕਮਲਾ ਸਮਾਜ ਵਿੱਚ ਔਰਤ ਦੀ ਸਥਿਤੀ ਅਤੇ ਪੱਤਰਕਾਰੀ ਦੀ ਭੂਮਿਕਾ ਨੂੰ ਸਮਝਣ ਵਿੱਚ ਇਕ ਮਹੱਤਵਪੂਰਨ ਰੋਲ ਨਿਭਾਉਂਦੀ ਹੈ, ਉੱਥੇ ਇਹ ਦਰਸਕਾਂ ਨੂੰ ਇਹ ਸੁਨੇਹਾ ਵੀ ਦਿੰਦੀ ਹੈ, ਸਮਾਜ ਵਿੱਚ ਵੱਖ ਵੱਖ ਪੱਧਰਾਂ 'ਤੇ ਹੋ ਰਹੇ ਸੋਸ਼ਣ ਇਕ ਦੂਸਰੇ ਨਾਲ ਸੰਬੰਧਤ ਹੁੰਦੇ ਹਨ। ਕਿਸੇ ਵੀ ਇਕ ਪੱਧਰ 'ਤੇ ਹੋ ਰਹੇ ਸੋਸਣ ਨੂੰ ਖਤਮ ਕਰਨ ਲਈ ਜਰੂਰੀ ਹੈ ਅਸੀਂ ਸਾਰੇ ਸੋਸਣਾਂ ਦੇ ਤਾਣੇ-ਬਾਣੇ ਨੂੰ ਸਮਝੀਏ ਅਤੇ ਉਨ੍ਹਾਂ ਵਿਰੁੱਧ ਸਾਂਝੀ ਲੜਾਈ ਲੜੀਏ।

ਮੁੱਖ ਕਲਾਕਾਰ: ਮਾਰਕ ਜੁਬੇਰ, ਦੀਪਤੀ ਨਵਲ ਅਤੇ ਸਬਾਨਾ ਆਜਮੀ।

**ਮਿਰਚ ਮਸਾਲਾ (ਹਿੰਦੀ, 1987)** : ਕੇਤਨ ਮਹਿਤਾ ਦੀ ਨਿਰਦੇਸ਼ਨਾ ਵਿੱਚ ਬਣੀ ਫਿਲਮ ਮਿਰਚ ਮਸਾਲਾ ਦਾ ਭਾਰਤੀ ਸਮਾਜ ਵਿੱਚ ਔਰਤਾਂ ਦੀਆਂ ਸਮੱਸਿਆਵਾਂ ਬਾਰੇ ਬਣੀਆਂ ਫਿਲਮਾਂ ਵਿੱਚ ਇਕ ਮਹੱਤਵਪੂਰਨ ਸਥਾਨ ਹੈ। ਫਿਲਮ ਦੀ ਕਹਾਣੀ ਸਮਾਜ ਵਿੱਚ ਔਰਤ ਦੇ ਦਮਨ ਅਤੇ ਇਸ ਦਮਨ ਵਿਰੁੱਧ ਔਰਤਾਂ ਵੱਲੋਂ ਇਕੱਠੀਆਂ ਹੋ ਕੇ ਲੜਨ ਦੀ ਸਕਤੀਸਾਲੀ ਕਹਾਣੀ ਹੈ। ਸਮਾਜ ਵਿੱਚ ਪਿੱਤਰਸੱਤਾ, ਜਮਾਤ ਅਤੇ ਜਾਤ ਕਿਸ ਤਰ੍ਹਾਂ ਮਿਲ ਕੇ ਔਰਤਾਂ ਦੇ ਦਮਨ ਦਾ ਕਾਰਨ ਬਣਦੀਆਂ ਹਨ, ਇਸ ਗੱਲ ਨੂੰ ਫਿਲਮ ਵਿੱਚ ਬਹੁਤ ਬਾਰੀਕੀ ਅਤੇ ਸਪਸਟਤਾ ਨਾਲ ਦਿਖਾਇਆ ਗਿਆ ਹੈ। ਫਿਲਮ ਦੇ ਅੰਤ 'ਤੇ ਆਪਣੇ ਤਰ੍ਹਾਂ ਤਰ੍ਹਾਂ ਦੇ ਡਰਾਂ 'ਤੇ ਕਾਬੂ ਪਾ, ਮਰਦਾਂ ਦੀ ਕਿਸੇ ਤਰ੍ਹਾਂ ਦੀ ਵੀ ਮਦਦ ਤੋਂ ਬਿਨਾਂ, ਔਰਤਾਂ ਇਕੱਠੀਆਂ ਹੋ ਕੇ ਜਿਸ ਤਰ੍ਹਾਂ ਆਪਣੇ ਜਾਲਮ ਨੂੰ ਠੋਕਵਾਂ ਜਵਾਬ ਦਿੰਦੀਆਂ ਹਨ, ਉਹ ਹਰ ਤਰ੍ਹਾਂ ਦੇ ਜੁਲਮ ਵਿਰੁੱਧ ਲੜ੍ਹਨ ਵਾਲਿਆਂ ਲਈ ਪ੍ਰੇਰਨਾ ਦਾ ਸ੍ਰੋਤ ਬਣ ਜਾਂਦਾ ਹੈ। ਦਰਸ਼ਕ ਨੂੰ ਸੁਨੇਹਾ ਮਿਲਦਾ ਹੈ ਕਿ ਇਕੱਠੇ ਹੋ ਕੇ ਅਤੇ ਆਪਣੇ ਆਪ 'ਤੇ ਵਿਸਵਾਸ ਰੱਖ ਕੇ ਲੜੀ ਗਈ ਲੜਾਈ ਵਿੱਚ ਜਿੱਤ ਲੜਨ ਵਾਲਿਆਂ ਦੀ ਹੀ ਹੁੰਦੀ ਹੈ, ਬੇਸ਼ੱਕ ਉਨ੍ਹਾਂ ਸਾਹਮਣੇ ਕਿੰਨੀਆਂ ਵੀ ਵੱਡੀਆਂ ਚੁਣੌਤੀਆਂ ਹੋਣ। ਅਜਾਦੀ ਤੋਂ ਪਹਿਲਾਂ ਦੇ ਹਿੰਦੁਸਤਾਨ ਦੀਆਂ ਸਥਿਤੀਆਂ ਬਾਰੇ ਬਣਾਈ ਗਈ ਇਹ ਫਿਲਮ ਹਿੰਦੁਸਤਾਨ ਦੀਆਂ ਅਜੋਕੀਆਂ ਸਥਿਤੀਆਂ ਵਿੱਚ ਵੀ ਉਨੀ ਹੀ ਪ੍ਰਸੰਗਕ ਹੈ ਜਿੰਨੀ ਇਹ ਪਹਿਲਾਂ ਸੀ।

ਮੁੱਖ ਕਲਾਕਾਰ: ਨਸੀਰੂਦੀਨ ਸਾਹ, ਸਮੀਤਾ ਪਾਟਿਲ, ਓਮ ਪੁਰੀ, ਸੁਰੇਸ ਓਬਰਾਇ, ਦੀਪਤੀ ਨਵਲ, ਦੀਨਾ ਪਾਠਕ, ਮੋਹਨ ਗੋਖਲੇ ਅਤੇ ਪਾਰੇਸ ਰਵਾਲ।

**ਰਿਹਾਈ (ਹਿੰਦੀ, 1988)** : ਰੋਜ਼ੀ ਰੋਟੀ ਦੀ ਭਾਲ ਵਿੱਚ ਆਪਣੇ ਪਰਿਵਾਰ ਤੋਂ ਲੰਮਾ ਸਮਾਂ ਦੂਰ ਰਹਿ ਰਹੇ ਇਕ ਮਰਦ ਵਲੋਂ ਕਿਸੇ ਹੋਰ ਔਰਤ ਨਾਲ ਸੰਬੰਧ ਬਣਾਉਣ ਨੂੰ ਸਮਾਜ ਵਿੱਚ ਜੇ ਠੀਕ ਨਹੀਂ ਸਮਝਿਆ ਜਾਂਦਾ ਤਾਂ ਸੁਭਾਵਕ ਜਰੂਰ ਸਮਝਿਆ ਜਾਂਦਾ ਹੈ। ਜੇ ਉਸ ਦੀ ਔਰਤ ਨੂੰ ਇਸ ਬਾਰੇ ਪਤਾ ਲੱਗ ਜਾਵੇ ਤਾਂ ਉਸ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਇਸ ਨੂੰ ਅਣਗੌਲਿਆ ਕਰ ਦੇਵੇ। ਸਮਝਿਆ ਜਾਂਦਾ ਹੈ ਮਰਦ ਤੋਂ ਇਹ ਸਭ ਕੁਝ ਉਸ ਦੀ ਇਕੱਲਤਾ ਭਰੀਆਂ ਹਾਲਤਾਂ ਨੇ ਕਰਵਾਇਆ ਹੈ, ਇਸ ਵਿੱਚ ਉਸ ਦਾ ਕੋਈ ਵੱਡਾ ਦੋਸ ਨਹੀਂ। ਦੂਸਰੇ ਪਾਸੇ ਜੇ ਮਰਦ ਦੀ ਲੰਮੀ ਗੈਰਹਾਜਰੀ ਦੌਰਾਨ ਉਸ ਦੀ ਔਰਤ ਦਾ ਸੰਬੰਧ ਕਿਸੇ ਹੋਰ ਨਾਲ ਬਣ ਜਾਵੇ ਤਾਂ ਇਸ ਨੂੰ ਨਾ-ਬਖਸਣ ਯੋਗ ਅਪਰਾਧ ਸਮਝਿਆ ਜਾਂਦਾ ਹੈ। ਔਰਤ ਨੂੰ ਬਦਚਲਣ ਸਮਝਿਆ ਜਾਂਦਾ ਹੈ ਅਤੇ ਮਰਦ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਸ ਨੂੰ ਛੱਡ ਦੇਵੇ।

ਅਰੁਣਾ ਰਾਜ ਵਲੋਂ ਨਿਰਦੇਸਤ ਇਸ ਫਿਲਮ ਵਿੱਚ ਇਸ ਮਸਲੇ ਬਾਰੇ ਸਮਾਜ ਦੇ ਦੋਹਰੇ ਕਿਰਦਾਰ ਦੇ ਦੰਭ ਨੂੰ ਬਹੁਤ ਹੀ ਖੂਬਸੂਰਤੀ ਨਾਲ ਪੇਸ ਕੀਤਾ ਗਿਆ ਹੈ। ਫਿਲਮ ਦੇ ਅਖੀਰ ਵਿੱਚ ਜਦੋਂ ਪਿੰਡ ਦੀ ਪੰਚਾਇਤ ਵਿੱਚ ਔਰਤਾਂ ਇਕੱਠੀਆਂ ਹੋ ਕੇ ਇਸ ਮਸਲੇ ਬਾਰੇ ਸਾਂਝਾ ਸਟੈਂਡ ਲੈਂਦੀਆਂ ਹਨ ਤਾਂ ਮਰਦਾਂ ਕੋਲ ਪੰਚਾਇਤ ਵਿੱਚੋ ਛੱਡ ਕੇ ਨੱਠ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿੰਦਾ। ਇਸ ਤਰ੍ਹਾਂ ਇਹ ਫਿਲਮ ਸਮਾਜ ਵਿੱਚਲੀ ਮਰਦਪ੍ਰਧਾਨਤਾ 'ਤੇ ਇਕ ਕਰਾਰੀ ਸੱਟ ਮਾਰਦੀ ਹੈ।

ਮੁੱਖ ਕਲਾਕਾਰ: ਹੇਮਾ ਮਾਲਿਨੀ, ਵਿਨੋਦ ਖੰਨਾ, ਨਸੀਰੁਦੀਨ ਸਾਹ, ਰੀਮਾ ਲਗੂ, ਨੀਨਾ ਗੁਪਤਾ, ਪਲਵੀ ਜੋਸੀ, ਮੋਹਨ ਆਗਾਸੇ, ਅਛੂਤ ਪੋਤਦਾਰ।

**ਬੈਂਡਿਟ ਕੁਈਨ (ਹਿੰਦੀ, 1995)** : ਸੇਖਰ ਕਪੂਰ ਵਲੋਂ ਨਿਰਦੇਸਿਤ ਫਿਲਮ ਬੈਂਡਿਟ ਕੁਈਨ ਮਸਹੂਰ ਡਕੈਤ ਫੂਲਨ ਦੇਵੀ ਦੀ ਜਿੰਦਗੀ 'ਤੇ ਆਧਾਰਤ ਹੈ। ਫਿਲਮ ਦਿਖਾਉਂਦੀ ਹੈ ਕਿ ਅਖੌਤੀ ਨੀਵੀਂ ਜਾਤ ਨਾਲ ਸੰਬੰਧਤ ਫੂਲਨ ਦੇਵੀ ਨੂੰ ਬਚਪਨ ਤੋਂ ਹੀ ਕਿਸ ਤਰ੍ਹਾਂ ਜਾਤਪਾਤ ਅਤੇ ਮਰਦ-ਪ੍ਰਧਾਨਤਾ ਦੇ ਜਬਰ ਦਾ ਸ਼ਿਕਾਰ ਹੋਣਾ ਪਿਆ ਸੀ। ਫਿਲਮ ਇਕ ਪਾਸੇ ਜਾਤਪਾਤ ਅਤੇ ਮਰਦ-ਪ੍ਰਧਾਨਤਾ 'ਤੇ ਟਿਕੇ ਸਮਾਜ ਦੀ ਕਰੂਰਤਾ ਨੂੰ ਨੰਗਾ ਕਰਦੀ ਹੈ, ਦੂਸਰੇ ਪਾਸੇ ਫੂਲਨ ਦੇਵੀ ਵਲੋਂ ਇਸ ਕਰੂਰਤਾ ਵਿਰੁੱਧ ਹੌਂਸਲੇ ਅਤੇ ਦ੍ਰਿੜਤਾ ਨਾਲ ਲੜੀ ਲੜਾਈ ਨੂੰ ਵੀ ਉਜਾਗਰ ਕਰਦੀ ਹੈ। ਫਿਲਮ ਦੇਖਣ ਬਾਅਦ ਦਰਸਕ ਫੂਲਨ ਦੇਵੀ ਵਲੋਂ ਵਿਅਕਤੀਗਤ ਹਿੰਸਾ ਅਪਨਾਉਣ ਦੇ ਰਸਤੇ ਨਾਲ ਸਹਿਮਤ ਹੋਣ ਜਾਂ ਨਾ, ਇਸ ਗੱਲ ਨਾਲ ਜਰੂਰ ਸਹਿਮਤ ਹੋਣਗੇ ਕਿ ਕਿਸੇ ਸਮਾਜ ਵਲੋਂ ਅਪਣਾਈ ਗਈ ਢਾਂਚਾਗਤ ਹਿੰਸਾ ਅਤੇ ਵਹਿਸਤ ਉਸ ਹੀ ਤਰ੍ਹਾਂ ਦੀ ਹਿੰਸਾ ਅਤੇ ਵਹਿਸਤ ਪੈਦਾ ਕਰਨ ਵਿੱਚ ਵੱਡਾ ਰੋਲ ਨਿਭਾਉਂਦੀ ਹੈ।

ਕਲਾਕਾਰ: ਸੀਮਾ ਵਿਸਵਾਸ, ਨਿਰਮਲ ਪਾਂਡੇ, ਅਦਿਤੀਆ ਸ੍ਰੀ ਵਾਸਤਵ, ਰਾਮ ਚਰਨ ਨਿਰਮਾਲਕਰ, ਸਵੀਤਰੀ ਰਾਇਕਵਾਰਸ, ਗਜਰਾਜ ਰਾਓ, ਸਰੌਭ ਸੁਕਲਾ, ਮਨੋਜ ਬਾਜਪਾਈ, ਰਘੁਬੀਰ ਯਾਦਵ, ਆਦਿ।

**ਸੰਸੋਧਨ (ਹਿੰਦੀ, 1996)** : ਗੋਬਿੰਦ ਨਿਹਾਲਨੀ ਵਲੋਂ ਨਿਰਦੇਸਤ ਇਹ ਫਿਲਮ ਪਿੰਡ ਦੀਆਂ ਪੰਚਾਇਤਾਂ ਵਿੱਚ ਔਰਤਾਂ ਦੀਆਂ ਸੀਟਾਂ ਰਾਖਵੀਂਆਂ ਕਰਨ ਦੇ ਮਸਲੇ ਨੂੰ ਸੰਬੋਧਿਤ ਹੈ। ਜਿਵੇਂ ਅਸੀਂ ਜਾਣਦੇ ਹੀ ਹਾਂ ਕਿ ਆਮ ਤੌਰ 'ਤੇ ਔਰਤਾਂ ਲਈ ਰਾਖਵੀਂਆਂ ਸੀਟਾਂ 'ਤੇ ਬੇਸੱਕ ਇਲੈਕਸਨ ਔਰਤਾਂ ਲੜਦੀਆਂ ਹਨ ਪਰ ਅਸਲੀਅਤ ਵਿੱਚ ਉਹਨਾਂ ਦੇ ਅਹੁਦੇ ਦੀ ਤਾਕਤ ਉਹਨਾਂ ਦੇ ਘਰ ਦੇ ਮਰਦਾਂ ਦੇ ਹੱਥ ਹੀ ਰਹਿੰਦੀ ਹੈ। ਇਸ ਤਰ੍ਹਾਂ ਦੀ ਇਲੈਕਸਨ ਜਿੱਤ ਕੇ ਜਦੋਂ ਕੋਈ ਔਰਤ ਆਪਣੇ ਆਪ ਫੈਸਲੇ ਕਰਨ ਲੱਗ ਪਏ ਤਾਂ ਕੀ ਹੁੰਦਾ ਹੈ? ਸੰਸੋਧਨ ਇਸ ਸਵਾਲ ਦਾ ਜੁਆਬ ਦੱਸਣ ਦੀ ਕੋਸਿਸ ਕਰਦੀ ਹੈ।

ਕਲਾਕਾਰ: ਮਨੋਜ ਬਾਜਪਾਈ, ਵਾਨਿਆ ਜੋਸੀ, ਆਸੂਤੋਸ ਰਾਣਾ, ਕਿਸੋਰ ਕਦਮ, ਲਲਿਤ ਪਰੀਮੂ ਅਤੇ ਵਿਨਿਤ ਕੁਮਾਰ।

**ਚਾਂਦਨੀ ਬਾਰ (ਹਿੰਦੀ, 2001)** : ਮਧੂ ਭੰਡਾਰਕਰ ਦੀ ਫਿਲਮ ਚਾਂਦਨੀ ਬਾਰ ਬੰਬਈ ਦੀਆਂ ਬੀਅਰ ਬਾਰਾਂ ਵਿੱਚ ਨਾਚੀਆਂ ਵਜੋਂ ਕੰਮ ਕਰਦੀਆਂ ਔਰਤਾਂ ਦੀ ਜ਼ਿੰਦਗੀ 'ਤੇ ਕੇਂਦਰਿਤ ਹੈ। ਫਿਲਮ ਵਿੱਚ ਉਹਨਾਂ ਸਥਿਤੀਆਂ ਨੂੰ ਘੋਖਣ ਦਾ ਯਤਨ ਵੀ ਹੈ ਜਿਹਨਾਂ ਸਥਿਤੀਆਂ ਕਾਰਨ ਔਰਤਾਂ ਨੂੰ ਇਹ ਕੰਮ ਕਰਨਾ ਪੈਂਦਾ ਹੈ ਅਤੇ ਇਸ ਕੰਮ ਉੱਪਰ ਹੁੰਦੇ ਔਰਤਾਂ ਦੇ ਸੋਸਣ ਨੂੰ ਵੀ ਨੰਗਾ ਕੀਤਾ ਗਿਆ ਹੈ।

ਕਲਾਕਾਰ: ਤਬੂ, ਅਤੁਲ ਕੁਲਕਰਨੀ, ਰਾਜਪਾਲ ਯਾਦਵ, ਵੱਲਭ ਵਿਆਸ, ਵਿਨੇ ਅਪਟੇ, ਅਨਾਨਿਆ ਖਰੇ, ਉਪਿੰਦਰ ਲਿਮਾਏ, ਵਿਸਾਲ ਠੱਕਰ, ਮੀਨਾਕਸੀ ਸਾਹਨੀ, ਅਭੇ ਭਾਰਗਵ।

**ਖਾਮੋਸ ਪਾਣੀ (ਪੰਜਾਬੀ, 2003)** : ਸਬੀਹਾ ਸਮਰ ਵਲੋਂ ਨਿਰਦੇਸਤ ਪੰਜਾਬੀ ਦੀ ਬਿਹਤਰੀਨ ਫਿਲਮ ਖਾਮੋਸ ਪਾਣੀ ਇਕ ਅਜਿਹੀ ਸਿੱਖ ਔਰਤ ਦੀ ਕਹਾਣੀ ਹੈ ਜਿਸ ਨੂੰ ਸੰਨ 1947 ਦੇ ਰੌਲਿਆਂ ਵੇਲੇ ਅਗਵਾ ਕਰ ਲਿਆ ਗਿਆ ਸੀ। ਫਿਲਮ ਦਾ ਮੁੱਖ ਸੁਨੇਹਾ ਇਹ ਹੈ ਕਿ ਬੇਸੱਕ ਸਮਾਜ ਵਿੱਚ ਧਾਰਮਿਕ ਕੱਟੜਵਾਦ ਅਧਾਰਤ ਹਿੰਸਾ ਫੈਲਾਉਣ ਵਿੱਚ ਔਰਤਾਂ ਦੀ ਭੂਮਿਕਾ ਬਹੁਤ ਘੱਟ ਹੁੰਦੀ ਹੈ, ਫਿਰ ਵੀ ਉਹਨਾਂ ਨੂੰ ਇਸ ਕੱਟੜਵਾਦੀ ਹਿੰਸਾ ਦੇ ਜੁਲਮ ਦਾ ਸਭ ਤੋਂ ਵੱਧ ਸ਼ਿਕਾਰ ਹੋਣਾ ਪੈਂਦਾ ਹੈ। ਧਰਮ ਦੇ ਕੱਟੜ ਸਿਪਾਹੀ ਸਮਾਜ ਨੂੰ ਆਪਣੇ ਕੰਟਰੋਲ ਵਿੱਚ ਕਰਨ ਦੀ ਜੱਦੋਜਹਿਦ ਦੀ ਸੁਰੂਆਤ ਔਰਤਾਂ ਨੂੰ ਆਪਣੇ ਕੰਟਰੋਲ ਵਿੱਚ ਕਰਨ ਦੇ ਯਤਨਾਂ ਤੋਂ ਸੁਰੂ ਕਰਦੇ ਹਨ।

ਮੁੱਖ ਕਲਾਕਾਰ: ਕਿਰਨ ਖੇਰ, ਆਮਿਰ ਮਲਿਕ, ਨਵਤੇਜ ਜੌਹਰ ਸਿੰਘ, ਸਿਲਪਾ ਸੁਕਲਾ, ਅਤੇ ਸਲਮਨ ਸਾਹਿਦ ਆਦਿ।

**ਡੋਰ (ਹਿੰਦੀ, 2006)** : ਨਗੇਸ ਕੁਕੂਨੂਰ ਵਲੋਂ ਨਿਰਦੇਸਤ ਫਿਲਮ ਡੋਰ ਵਿੱਚ ਸਥਿਤੀਆਂ ਕਾਰਨ ਇਕ ਦੂਸਰੇ ਦੇ ਵਿਰੋਧ ਵਿੱਚ ਖੜ੍ਹੀਆਂ ਦੋ ਔਰਤਾਂ ਇਕ ਦੂਸਰੇ ਦੀ ਸਥਿਤੀ ਸਮਝਣ ਤੋਂ ਬਾਅਦ ਇਕ ਦੂਸਰੇ ਦੀਆਂ ਹਿਮਾਇਤੀ ਬਣ ਜਾਂਦੀਆਂ ਹਨ ਅਤੇ ਦੁਸਮਣਾਂ ਤੋਂ ਹਿਮਾਇਤੀ ਬਣਨ ਦੇ ਇਸ ਅਮਲ ਦੌਰਾਨ ਉਹ ਸਮਾਜ ਵਿਚਲੀ ਪਿੱਤਰਸੱਤਾ ਨੂੰ ਚੁਣੌਤੀ ਦੇਣ ਤੋਂ ਵੀ ਨਹੀਂ ਝਿਜਕਦੀਆਂ। ਫਿਲਮ ਬਾਰੇ ਗੱਲ ਕਰਦਿਆਂ ਫਿਲਮ ਅਦਾਕਾਰ ਸਰਮੀਲਾ ਟੈਗੋਰ ਕਹਿੰਦੀ ਹੈ ਕਿ ਡੋਰ "ਇਕ ਨਿਰਾਲੀ ਫਿਲਮ ਹੈ, ਕਿਉਂਕਿ ਇਹ ਨਾ ਸਿਰਫ ਔਰਤ ਨੂੰ ਹਾਸੀਏ 'ਤੇ ਖੜ੍ਹੇ ਮਰਦ ਦੇ ਸਨਮੁੱਖ ਰੱਖਦੀ ਹੈ ਅਤੇ ਮੁਸਲਿਮ ਔਰਤ ਨੂੰ ਵਧੇਰੇ ਬੰਧਨ ਮੁਕਤ ਦਿਖਾਉਂਦੀ ਹੈ, ਸਗੋਂ ਇਸ ਫਿਲਮ ਵਿੱਚ ਇਕ ਜਵਾਨ ਹਿੰਦੂ, ਰਾਜਸਥਾਨੀ ਵਿਧਵਾ ਦਿਖਾਉਣ ਦੀ ਦਲੇਰੀ ਵੀ ਹੈ, ਜੋ ਰੋਂਦੀ ਨਹੀਂ, ਨੱਚਣਾ ਚਾਹੁੰਦੀ ਹੈ, ਸੰਗੀਤ ਸੁਣਨਾ ਚਾਹੁਦੀ ਹੈ ਅਤੇ ਜਿਸ ਲਈ ਪਤੀ ਦੀ ਮੌਤ ਨਾਲ ਜ਼ਿੰਦਗੀ ਖਤਮ ਨਹੀਂ ਹੁੰਦੀ। ਮੌਜੂਦਾ ਢਾਂਚੇ ਦੁਆਰਾ ਖਿੱਚੀਆਂ ਹੱਦਾਂ ਅੰਦਰ ਕੰਮ ਕਰਦੇ ਹੋਏ ਵੀ ਪਿੱਤਰਸੱਤਾ ਵਾਲੇ ਢਾਂਚੇ ਤੋਂ ਬਾਹਰ ਆਉਣ ਦਾ ਫੈਸਲਾ ਕਰਨ ਵਾਲੀਆਂ ਅਜਿਹੀਆਂ ਫਿਲਮਾਂ ਹੀ ਭਵਿੱਖ ਦੇ ਪਾਪੂਲਰ ਸਿਨੇਮਾ ਵਿੱਚ ਔਰਤਾਂ ਦੀ ਰੂਪ-ਰੇਖਾ ਨੂੰ ਪ੍ਰੀਭਾਸਿਤ ਕਰਨਗੀਆਂ। ਮੈਨੂੰ ਇਹ ਹੀ ਉਮੀਦ ਹੈ।"

ਕਲਾਕਾਰ: ਆਇਸਾ ਟਾਕਿਆ, ਗੁਲ ਪਨਾਗ, ਸ੍ਰੀਆਸ ਤਲਪੜੇ, ਗਿਰੀਸ ਕਰਨਾਰਡ, ਉਤਾਰਾ ਭਾਵਕਰ, ਅਤੇ ਪ੍ਰਤੀਕਸਾ ਲੋਨਕਰ।

**ਪ੍ਰੋਵੋਕਡ (ਅੰਗਰੇਜੀ, 2006)** : ਜੈਗ ਮੂੰਧੜਾ ਵੱਲੋਂ ਨਿਰਦੇਸਿਤ ਫਿਲਮ ਪ੍ਰੋਵੋਕਡ ਇੰਗਲੈਂਡ ਵਿੱਚ ਵਿਆਹ ਕੇ ਆਈ ਇਕ ਪੰਜਾਬੀ ਔਰਤ ਕਿਰਨਜੀਤ ਆਹਲੂਵਾਲੀਆ ਦੇ ਜੀਵਨ ਦੀ ਸੱਚੀ ਕਹਾਣੀ 'ਤੇ ਆਧਾਰਿਤ ਹੈ। ਕਿਰਨਜੀਤ ਭਾਰਤੀ ਮੂਲ ਦੇ ਇਕ ਬਰਤਾਨਵੀ ਮਰਦ ਨਾਲ ਵਿਆਹ ਕਰਵਾ ਕੇ 1980 ਦੇ ਨੇੜੇ ਤੇੜੇ ਇੰਗਲੈਂਡ ਪਹੁੰਚਦੀ ਹੈ। ਇਸ ਉਮਰ ਦੀਆਂ ਆਮ ਕੁੜੀਆਂ ਵਾਂਗ ਉਸ ਦੇ ਮਨ ਵਿੱਚ ਵੀ ਵਿਆਹ ਤੋਂ ਬਾਅਦ ਇਕ ਚੰਗਾ ਘਰ ਵਸਾਉਣ ਦੇ ਸੁਫਨੇ ਹਨ। ਪਰ ਇੰਗਲੈਂਡ ਪਹੁੰਚਣ ਬਾਅਦ ਛੇਤੀਂ ਹੀ ਉਸ ਦੇ ਇਹ ਸੁਫਨੇ ਚਕਨਾਚੂਰ ਹੋਣੇ ਸੁਰੂ ਹੋ ਜਾਂਦੇ ਹਨ। ਉਸ ਦਾ ਪਤੀ ਉਸ ਨੂੰ ਪਿਆਰ ਅਤੇ ਇੱਜਤ ਦੇਣ ਦੀ ਥਾਂ ਨਮੋਸੀ, ਬੇਵਿਸਵਾਸੀ, ਧੋਖਾ ਅਤੇ ਮਾਰ ਕੁੱਟ ਦਿੰਦਾ ਹੈ। ਪਤੀ ਲਈ ਕਿਰਨਜੀਤ ਦੀ ਹੋਂਦ ਦਾ ਕੋਈ ਅਰਥ ਨਹੀਂ। ਸਮਾਂ ਪੈਣ ਨਾਲ ਕਿਰਨਜੀਤ ਦੀ ਜ਼ਿੰਦਗੀ ਵਿਚਲੀ ਜ਼ਿੱਲਤ ਅਤੇ ਹਿੰਸਾ ਘਟਣ ਦੀ ਥਾਂ ਵਧਦੀ ਜਾਂਦੀ ਹੈ। ਅਖੀਰ 1989 ਵਿੱਚ ਕਿਰਨਜੀਤ ਆਪਣੇ ਸੁੱਤੇ ਹੋਏ ਪਏ ਪਤੀ ਨੂੰ ਅੱਗ ਲਾ ਦਿੰਦੀ ਹੈ ਅਤੇ ਉਸ ਦੇ ਪਤੀ ਦੀ ਕੁਝ ਦਿਨ ਹਸਪਤਾਲ ਵਿੱਚ ਰਹਿ ਕੇ ਮੌਤ ਹੋ ਜਾਂਦੀ ਹੈ। ਫਿਲਮ ਪ੍ਰੋਵੋਕਡ ਦੀ ਕਹਾਣੀ ਇਥੋਂ ਸੁਰੂ ਹੁੰਦੀ ਹੈ।

ਫਿਲਮ ਵਿੱਚ ਕਿਰਨਜੀਤ ਦੇ ਜੀਵਨ ਵਿਚਲੀ ਹਿੰਸਾ ਦਿਖਾਉਣ ਲਈ ਹਿੰਸਾ ਭਰੇ ਦ੍ਰਿਸਾਂ ਦੀ ਵਰਤੋਂ ਬਹੁਤ ਸੰਜਮ ਨਾਲ ਕੀਤੀ ਗਈ ਹੈ। ਨਤੀਜੇ ਵਜੋਂ ਦਰਸਕਾਂ ਨੂੰ ਔਰਤਾਂ ਵਿਰੁੱਧ ਵਾਪਰਦੀ ਪਰਿਵਾਰਕ ਹਿੰਸਾ ਇਕ ਆਮ ਅਤੇ ਕੁਦਰਤੀ ਵਰਤਾਰਾ ਨਹੀਂ ਜਾਪਦੀ ਸਗੋਂ ਇਕ ਅਜਿਹਾ ਵਰਤਾਰਾ ਜਾਪਦੀ ਹੈ ਜਿਸ ਨੂੰ ਨਫਰਤ ਕਰਨੀ ਚਾਹੀਦੀ ਹੈ। ਹਿੰਸਾ ਭਰੇ ਦ੍ਰਿਸਾਂ ਦੀ ਥਾਂ ਜੇਲ੍ਹ ਵਿੱਚ ਕਿਰਨਜੀਤ ਵੱਲੋਂ ਬੋਲਿਆ ਇਕ ਡਾਇਲਾਗ ਉਸ ਦੇ ਘਰ ਦੇ ਹਿੰਸਾ ਭਰੇ ਵਾਤਾਵਰਣ ਬਾਰੇ ਬਹੁਤ ਵੱਡਾ ਪ੍ਰਗਟਾਵਾ ਕਰ ਜਾਂਦਾ ਹੈ। ਨਾਰੀ ਹੱਕਾਂ ਲਈ ਕੰਮ ਕਰਦੀ ਇਕ ਕਾਰਕੁੰਨ, ਰਾਧਾ, ਕਿਰਨ ਨੂੰ ਜੇਲ੍ਹ ਵਿੱਚ ਮਿਲਣ ਆਈ ਉਸ ਨੂੰ ਪੁੱਛਦੀ ਹੈ ਕਿ ਉਹ ਜੇਲ੍ਹ ਵਿੱਚ ਕਿਸ ਤਰ੍ਹਾਂ ਮਹਿਸੂਸ ਕਰ ਰਹੀ ਹੈ। ਕਿਰਨਜੀਤ ਜੁਆਬ ਦਿੰਦੀ ਹੈ, "ਮੈਂ ਅਜਾਦ ਮਹਿਸੂਸ ਕਰ ਰਹੀ ਹਾਂ।"

ਫਿਲਮ ਵਿੱਚ ਇੰਗਲੈਂਡ ਦੇ ਨਿਆਂ ਪ੍ਰਬੰਧ ਉੱਪਰ ਵੀ ਆਲੋਚਨਾਤਮਕ ਰੌਸਨੀ ਪਾਈ ਗਈ ਹੈ ਅਤੇ ਇਹ ਦਿਖਾਉਣ ਦੀ ਕੋਸਸ ਕੀਤੀ ਗਈ ਹੈ ਕਿ ਉਹ ਔਰਤਾਂ ਇੰਗਲੈਂਡ ਦੇ ਨਿਆਂ ਪ੍ਰਬੰਧ ਵਿੱਚ ਦੂਹਰੇ ਵਿਤਕਰੇ ਦਾ ਸ਼ਿਕਾਰ ਹੁੰਦੀਆਂ ਹਨ, ਜਿਹਨਾਂ ਨੂੰ ਅੰਗਰੇਜੀ ਨਹੀਂ ਆਉਂਦੀ ਅਤੇ ਜਿਹਨਾਂ ਦਾ ਸਭਿਆਚਾਰ ਐਂਗਲੋ ਸੈਕਸਨ ਸਭਿਆਚਾਰ ਨਾਲੋਂ ਵੱਖਰਾ ਹੈ।

ਫਿਲਮ ਵਿੱਚ ਇਹ ਕਹਿਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਬੇਸ਼ੱਕ ਪੰਜਾਬੀ ਸਭਿਆਚਾਰ ਘਰਾਂ ਵਿੱਚ ਔਰਤਾਂ ਪ੍ਰਤੀ ਹੁੰਦੀ ਹਿੰਸਾ ਦਾ ਸਮਰਥਨ ਨਾ ਵੀ ਕਰਦਾ ਹੋਵੇ ਫਿਰ ਵੀ ਪੰਜਾਬੀ ਲੋਕ (ਪਰਿਵਾਰ ਦੇ ਮੈਂਬਰ ਅਤੇ ਦੂਸਰੇ) ਇਸ ਹਿੰਸਾ ਨੂੰ ਦੇਖ ਕੇ ਅਣਗੌਲ੍ਹਿਆਂ ਜਰੂਰ ਕਰ ਦਿੰਦੇ ਹਨ, ਜਿਸ ਕਾਰਨ ਇਸ ਦਾ ਵਾਪਰਨਾ ਜਾਰੀ ਰਹਿੰਦਾ ਹੈ। ਇਸ ਦੇ ਨਾਲ ਹੀ ਪੰਜਾਬੀ ਸਭਿਆਚਾਰ ਦੇ ਸੰਦਰਭ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਰਮ, ਪਰਿਵਾਰਕ ਇੱਜਤ ਆਦਿ ਗੱਲਾਂ ਕਰ ਕੇ ਪੰਜਾਬੀ ਔਰਤਾਂ ਇਸ ਹਿੰਸਾ ਬਾਰੇ ਬਾਹਰ ਗੱਲ ਨਹੀਂ ਕਰਦੀਆਂ। ਨਤੀਜੇ ਵਜੋਂ ਇਹ ਹਿੰਸਾ ਕਰਨ ਵਾਲੇ ਪੰਜਾਬੀ ਮਰਦ ਬਿਨਾਂ ਕਿਸੇ ਡਰ-ਭਉ ਦੇ ਹਿੰਸਾ ਕਰਨਾ ਜਾਰੀ ਰੱਖਦੇ ਹਨ। ਫਿਲਮ ਦੇ ਅਖੀਰ ਵਿੱਚ ਜੇਲ੍ਹ ਵਿੱਚੋਂ ਰਿਹਾ ਹੋ ਕੇ ਆਈ ਕਿਰਨਜੀਤ ਦੇ ਇਹ ਸੰਬਦ "ਜ਼ਿੰਦਗੀ ਵਿੱਚ ਚੁੱਪ ਚਾਪ (ਜੁਲਮ) ਸਹੀ ਜਾਣ ਵਿੱਚ ਕੋਈ ਇੱਜਤ ਨਹੀਂ" ਪੰਜਾਬੀ ਸਭਿਆਚਾਰ ਦੀ ਇਸ ਧਾਰਨਾ ਨੂੰ ਚੁਣੌਤੀ ਦੇਣ ਦੀ ਅਪੀਲ ਕਰਦੇ ਹਨ।

ਮੁੱਖ ਕਲਾਕਾਰ: ਐਸਵਾਰਿਆ ਰਾਏ, ਨਵੀਨ ਐਂਡਰਿਊ, ਮਿਰਾਂਡਾ ਰਿਚਰਡਸਨ ਅਤੇ ਹੋਰ।

**ਬਵੰਡਰ (ਹਿੰਦੀ, 2011)** : ਨਿਰਦੇਸ਼ਕ ਜਗਮੋਹਨ ਮੂੰਧੜਾ ਦੀ ਫਿਲਮ ਬਵੰਡਰ ਰਾਜਸਥਾਨ ਵਿੱਚ ਗੈਂਗ ਰੇਪ ਦਾ ਸ਼ਿਕਾਰ ਹੋਈ ਇਕ ਔਰਤ ਬਨਵਾਰੀ ਦੇਵੀ ਦੀ ਸੱਚੀ ਕਹਾਣੀ 'ਤੇ ਆਧਾਰਤ ਹੈ। ਫਿਲਮ ਵਿੱਚ ਅਖੌਤੀ ਨੀਵੀਂ ਜਾਤ ਨਾਲ ਸੰਬੰਧਤ ਸਾਂਵਰੀ ਦੇਵੀ ਇਕ ਪਿੰਡ ਵਿੱਚ ਸਰਕਾਰ ਵਲੋਂ ਚਲਾਏ ਜਾਂਦੇ ਔਰਤ ਵਿਕਾਸ ਦੇ ਪ੍ਰੋਜੈਕਟ ਵਿੱਚ ਕੰਮ ਕਰਦੀ ਹੈ। ਆਪਣੇ ਇਸ ਕੰਮ ਦੌਰਾਨ ਉਹ ਪਿੰਡ ਦੀਆਂ ਔਰਤਾਂ ਨੂੰ ਬੱਚਿਆਂ ਦੇ ਛੋਟੀ ਉਮਰ ਵਿੱਚ ਕੀਤੇ ਜਾਂਦੇ ਵਿਆਹਾਂ ਅਤੇ ਔਰਤਾਂ ਦੇ ਸੋਸਣ ਬਾਰੇ ਜਾਗਰੂਕ ਕਰਦੀ ਹੈ। ਪਿੰਡ ਦੀ ਪੰਚਾਇਤ ਦੇ ਗੁੱਜਰ ਜਾਤੀ (ਅਖੌਤੀ ਉੱਚੀ ਜਾਤੀ) ਦੇ ਮੈਂਬਰਾਂ ਨੂੰ ਉਸ ਵਲੋਂ ਕੀਤਾ ਜਾਂਦਾ ਇਹ ਕੰਮ ਪਸੰਦ ਨਹੀਂ। ਉਹ ਉਸ ਨੂੰ ਰੋਕਣ ਲਈ ਸਾਂਵਰੀ ਦੇਵੀ ਅਤੇ ਉਸ ਦੇ ਪਰਿਵਾਰ ਵਿਰੁੱਧ ਸਮਾਜਕ ਅਤੇ ਆਰਥਿਕ ਬਾਈਕਾਟ ਦਾ ਹੁਕਮ ਜਾਰੀ ਕਰਦੇ ਹਨ। ਜਦੋਂ ਸਾਂਵਰੀ ਦੇਵੀ ਪਿੰਡ ਵਿੱਚ ਇਕ ਗੁੱਜਰ ਪਰਿਵਾਰ ਵਿੱਚ ਹੋ ਰਹੇ ਬਾਲ ਵਿਆਹ ਬਾਰੇ ਪੁਲੀਸ ਨੂੰ ਸੂਚਨਾ ਦਿੰਦੀ ਹੈ ਤਾਂ ਉਸ ਨੂੰ ਸਬਕ ਸਿਖਾਉਣ ਲਈ ਉਸ ਗੁੱਜਰ ਪਰਿਵਾਰ ਦੇ ਮੈਂਬਰਾਂ ਵਲੋਂ ਉਸ ਨਾਲ ਗੈਂਗ ਰੇਪ ਕੀਤਾ ਜਾਂਦਾ ਹੈ।

ਗੈਂਗ ਰੇਪ ਤੋਂ ਬਾਅਦ ਸਾਂਵਰੀ ਚੁੱਪ ਕਰ ਕੇ ਨਹੀਂ ਬਹਿੰਦੀ ਸਗੋਂ ਆਪਣੇ ਵਿਰੁੱਧ ਹੋਏ ਇਸ ਜੁਰਮ ਲਈ ਇਨਸਾਫ ਲੈਣ ਲਈ ਲੜਾਈ ਸੁਰੂ ਕਰਦੀ ਹੈ ਅਤੇ ਹਰ ਤਰ੍ਹਾਂ ਦੀ ਮੁਸਕਿਲਾਂ ਦੇ ਬਾਵਜੂਦ ਆਪਣੀ ਲੜਾਈ ਨੂੰ ਜਾਰੀ ਰੱਖਦੀ ਹੈ। ਆਪਣੇ ਲਈ ਇਨਸਾਫ ਲੈਣ ਦੀ ਲੜਾਈ ਵਿੱਚ ਉਸ ਵੱਲੋਂ ਵਿਖਾਈ ਗਈ ਇਹ ਦ੍ਰਿੜਤਾ ਬੇਇਨਸਾਫੀ ਵਿਰੁੱਧ ਲੜਾਈ ਲੜ ਰਹੇ ਹੋਰ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣ ਸਕਦੀ ਹੈ।

ਕਲਾਕਾਰ: ਦੀਪਤੀ ਨਵਲ, ਨੰਦੀਤਾ ਦਾਸ, ਰਘੁਬੀਰ ਯਾਦਵ, ਰਾਹੁਲ ਖੰਨਾ ਆਦਿ।



ਹਰੀਪਾਲ
403-714-4816

# ਖੱਬੇ-ਪੱਖੀ ਸੋਚ ਨੂੰ ਪਰਨਾਈ ਸਖਸ਼ੀਅਤ ਮਾਸਟਰ ਮਲਕੀਤ ਸਿੰਘ ਜੀ

*ਮਾਸਟਰ ਮਲਕੀਤ ਸਿੰਘ ਨੇ ਸਾਰੀ ਉਮਰ ਖੱਬੇ-ਪੱਖੀ ਵਿਚਾਰਧਾਰਾ 'ਤੇ ਪਹਿਰਾ ਦਿੱਤਾ ਹੈ । ਅਧਿਆਪਕ ਹੁੰਦਿਆਂ ਉਹ ਗੌਰਮਿੰਟ ਟੀਚਰਜ ਯਸ਼ੂਨੀਅਨ ਬਲਾਕ ਮਹਿਲ ਕਲਾਂ ਦੇ ਪ੍ਰਧਾਨ ਰਹੇ ਹਨ । ਰਿਟਾਇਰ ਹੋਣ ਤੋਂ ਬਾਅਦ ਉਹ ਜਮਹੂਰੀ ਕਿਸਾਨ ਸਭਾ ਦੇ ਸਰਗਰਮ ਮੈਂਬਰ ਹੀ ਨਹੀਂ ਸਗੋਂ ਆਗੂ ਰਹੇ ਹਨ ਅਤੇ ਰੈਵੋਲੂਸ਼ਨਰੀ ਮਾਰਕਸਵਾਦੀ ਪਾਰਟੀ ਦੀ ਪੰਜਾਬ ਸਟੇਟ ਕਮੇਟੀ ਦੇ ਮੈਂਬਰ ਰਹੇ ਹਨ । ਆਪਣੇ ਅਗਾਂਹਵਧੂ ਵਿਚਾਰਾਂ ਕਰਕੇ ਕਈ ਵਾਰ ਜੇਲ੍ਹ ਯਾਤਰਾ ਕੀਤੀ ਹੈ ਅਤੇ ਕਈ ਵਾਰ ਪੁਲਸ ਦੀਆਂ ਡਾਂਗਾਂ ਖਾਧੀਆਂ ਹਨ ।ਪਿਛਲੇ ਸਾਲ ਤੋਂ ਸਿਹਤ ਨਾਸਾਜ਼ ਹੋਣ ਕਰਕੇ ਆਪਦੇ ਪਿੰਡ ਹੀ ਰਹਿੰਦੇ ਹਨ । ਅਜੇ ਵੀ ਬਹੁਤ ਪੜ੍ਹਦੇ ਹਨ ਤੇ ਨਵੇਂ ਮੁੰਡਿਆਂ ਨੂੰ ਖੱਬੇ-ਪੱਖੀ ਵਿਚਾਰਧਾਰਾ ਦੇ ਸਬਕ ਦਿੰਦੇ ਰਹਿੰਦੇ ਹਨ । ਅਸੀਂ ਉਨ੍ਹਾਂ ਦੇ ਵਿਚਾਰ ਲੋਕਾਂ ਸਾਹਮਣੇ ਰੱਖਣ ਦੀ ਖੁਸ਼ੀ ਲੈ ਰਹੇ ਹਾਂ ।*

**1. ਸਵਾਲ : ਸਾਥੀ ਮਲਕੀਤ ਸਿੰਘ ਜੀ ਸਭ ਤੋਂ ਪਹਿਲਾਂ ਮੈਂ ਤੁਹਾਡੇ ਜਨਮ ਅਤੇ ਬਚਪਨ ਬਾਰੇ ਜਾਨਣਾ ਚਾਹੁੰਦਾ ਹਾਂ।**

**ਜਵਾਬ :** ਸ: ਹਰੀਪਾਲ ਸਿੰਘ ਜੀ ਸਭ ਤੋਂ ਪਹਿਲਾ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਸਮਾਂ ਕੱਢਕੇ ਮੇਰੇ ਜੀਵਨ ਬਾਰੇ ਜਾਨਣ ਦਾ ਉਪਰਾਲਾ ਕੀਤਾ ਹੈ। ਮੇਰਾ ਜਨਮ ਸਕੂਲ ਦੇ ਰੀਕਾਰਡ ਮੁਤਾਬਿਕ 20 ਫਰਵਰੀ 1943 ਨੂੰ ਮੇਰੇ ਨਾਨਕੇ ਪਿੰਡ ਕਾਲਖ ਜ਼ਿਲ੍ਹਾ ਲੁਧਿਆਣਾ ਵਿਖੇ ਇੱਕ ਅਗਾਂਹਵਧੂ ਪਰਿਵਾਰ ਵਿੱਚ ਹੋਇਆ। ਮੇਰੇ ਨਾਨਾ ਸੰਤਾ ਸਿੰਘ ਜੀ ਪਿੰਡ ਦੇ ਨੰਬਰਦਾਰ ਤੇ ਅਕਾਲੀ ਆਗੂ ਸਨ ਜਿਨ੍ਹਾਂ ਉਸ ਸਮੇਂ ਮੋਰਚਿਆਂ ਵਿੱਚ ਜੇਲ੍ਹ ਕੱਟੀ। ਪੰਜਵੀਂ ਜਮਾਤ ਪਿੰਡ ਦੇ ਸਕੂਲ ਵਜੀਦਕੇ ਤੋਂ ਪਾਸ ਕੀਤੀ। ਅੱਠਵੀਂ ਕਲਾਸ ਹਾਈ ਸਕੂਲ ਠੀਕਰੀਵਾਲ ਤੇ ਦਸਵੀਂ ਕਲਾਸ ਮਹਿਲ ਕਲਾਂ ਹਾਈ ਸਕੂਲ ਤੋਂ ਪਾਸ ਕੀਤੀ। ਜੇਬੀ.ਟੀ. ਦੀ ਟਰੇਨਿੰਗ ਖਾਲਸਾ ਹਾਇਰ ਸੈਕੰਡਰੀ ਸਕੂਲ ਗੁਰੂਸਰ ਸੁਧਾਰ ਤੋਂ ਪਾਸ ਕੀਤੀ। ਮਾਰਚ 1964 ਵਿੱਚ ਜਦੋਂ ਮੈਂ ਦਸਵੀਂ ਦਾ ਇਮਤਿਹਾਨ ਦੇ ਰਿਹਾ ਸੀ ਤਾਂ ਮੇਰੇ 'ਤੇ ਬਹੁਤ ਵੱਡੀ ਮੁਸੀਬਤ ਆਨ ਪਈ। 23 ਮਾਰਚ 1964 ਨੂੰ ਮੇਰੇ ਪਿਤਾ ਸ: ਗੁਰਦੇਵ ਸਿੰਘ ਦੀ ਇੱਕ ਟਰੈਕਟਰ ਐਕਸੀਡੈਂਟ ਵਿੱਚ ਮੌਤ ਹੋ ਗਈ। ਮੈਂ ਆਪਣੇ ਭੈਣ ਭਰਾ ਜੋ ਚਾਰ ਭਰਾ ਤੇ ਦੋ ਭੈਣਾਂ ਸਨ ਸਭ ਤੋਂ ਵੱਡਾ ਸੀ। ਸਾਰੇ ਪਰਿਵਾਰ ਦੀ ਜਿੰਮੇਵਾਰੀ ਮੇਰੇ ਤੇ ਆਣ ਪਈ। ਜਿਸ ਨੂੰ ਅਸੀਂ ਸਾਰੇ ਭੈਣ ਭਰਾਵਾਂ ਤੇ ਮਾਤਾ ਹਰਬੰਸ ਕੌਰ ਨੇ ਰਲਕੇ ਸਿਰਾ ਲਾਇਆ ਕਿਉਂਕਿ ਆਮਦਨ ਦੇ ਸਾਧਨ ਬਹੁਤ ਘੱਟ ਸਨ। ਸਾਡੇ ਪਰਿਵਾਰ ਕੋਲ ਸਿਰਫ 22 ਕਨਾਲ ਜ਼ਮੀਨ ਸੀ। ਇਹ ਸਮਾਂ ਸਾਡੇ ਪਰਿਵਾਰ ਲਈ ਸਭ ਤੋਂ ਔਖਾ ਸਮਾਂ ਸੀ।

**2. ਸਵਾਲ :- ਤੁਹਾਡਾ ਪਿੰਡ ਗਦਰੀ ਸੂਰਬੀਰ ਰਹਿਮਤ ਅਲੀ ਦਾ ਪਿੰਡ ਹੈ। ਤੁਹਾਨੂੰ ਅਗਾਂਹਵਧੂ ਵਿਚਾਰਧਾਰਾ ਦੀ ਗੁੜਤੀ ਕਿੱਥੋਂ ਮਿਲੀ।**

**ਜਵਾਬ :-** ਹਰੀਪਾਲ ਜੀ ਮੈਂ ਉੱਪਰ ਦੱਸਿਆ ਹੈ ਕਿ ਮੇਰੇ ਨਾਨਾ ਜੀ ਉਸ ਸਮੇਂ ਦੇ ਅਕਾਲੀ ਜਿਨ੍ਹਾਂ ਤੇ ਬਾਬਰ ਅਕਾਲੀ ਲਹਿਰ ਤੇ ਹੋਰ ਮੋਰਚਿਆਂ ਦਾ ਪ੍ਰਭਾਵ ਸੀ। ਜਦੋਂ ਅਸੀਂ ਸ਼ਾਮ ਨੂੰ ਪੈਣ ਲੱਗਦੇ ਤਾਂ ਉਹ ਮੋਰਚਿਆਂ ਜਿਵੇਂ ਜੈਤੋ ਦਾ ਮੋਰਚਾ ਕੁੰਜੀਆਂ ਦਾ ਮੋਰਚਾ ਦੀਆਂ ਕਹਾਣੀਆਂ ਸੁਣਾਂਦੇ ਸਨ ਕਿ ਕਿਵੇਂ ਉਨ੍ਹਾਂ ਸੂਰਵੀਰਾਂ ਨੇ ਕੁਰਬਾਨੀਆਂ ਕੀਤੀਆਂ ਆਪਣੀ ਜਾਨ ਦੀ ਪ੍ਰਵਾਹ ਨਾ ਕੀਤੀ। ਉਸ ਤੋਂ ਬਾਅਦ ਜਦੋਂ ਮੈਂ ਅੱਠਵੀਂ ਕਲਾਸ ਦਾ ਵਿਦਿਆਰਥੀ ਸੀ ਤਾਂ ਸਾਡੇ ਸਕੂਲ ਵਿੱਚ ਮਾਸਟਰ ਮੁਖਤਿਆਰ ਸਿੰਘ ਪਿੰਡ ਲੋਹਟਬੱਦੀ ਤੋਂ ਆ ਗਏ ਜੋ ਸਾਨੂੰ ਇਤਿਹਾਸ ਪੜ੍ਹਾਉਂਦੇ ਸਨ। ਜਿਨ੍ਹਾਂ ਨੇ ਸਾਨੂੰ ਰੂਸ ਦੇ ਇਨਕਲਾਬ ਬਾਰੇ ਲੈਨਿਨ ਮਾਰਕਸ ਏਂਗਲਜ਼ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਗਰੀਬੀ ਰੱਬ ਦੀ ਦੇਣ ਨਹੀਂ ਗਰੀਬੀ ਅਮੀਰੀ ਦਾ ਪਾੜ੍ਹਾ ਖਤਮ ਹੋ ਸਕਦਾ ਜੇਕਰ ਰਾਜ ਪ੍ਰਬੰਧ ਕਾਮਿਆਂ ਦੇ ਹੱਥ ਆਏ। ਇਹ ਵੀ ਦੱਸਿਆ ਕਿ ਇਸ ਤਬਦੀਲੀ ਵਾਸਤੇ ਇਨਕਲਾਬੀ ਪਾਰਟੀ ਦੀ ਲੋੜ ਹੈ। ਇਸੇ ਤਰ੍ਹਾਂ ਮੈਂ ਜਦੋਂ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ ਤਾਂ ਸਾਡੇ ਪਿੰਡ ਕਮਿਊਨਿਸਟ ਪਾਰਟੀ (ਉਸ ਸਮੇਂ ਇੱਕ ਹੀ ਸੀ) ਨੇ ਡਰਾਮਾ ਕੀਤਾ ਜਿਸ ਵਿੱਚ ਦਲੀਪ ਸਿੰਘ ਮਸਤ ਜਲਾਲਦੀਵਾਲ ਦਾ ਅਹਿਮ ਰੋਲ ਸੀ। ਇੱਥੇ ਬਹੁਤ ਭਾਰੀ ਇਕੱਠ ਹੋਇਆ। ਇਸ ਰੈਲੀ ਨੂੰ ਰਾਤ ਸਮੇਂ ਕਾ: ਹਰਨਾਮ ਸਿੰਘ ਚਮਕ ਹਰਦਿੱਤ ਸਿੰਘ ਭੱਠਲ ਸਤਵੰਤ ਸਿੰਘ ਹੋਰਾਂ ਸੰਬੋਧਨ ਕੀਤਾ। ਇਸ ਇਕੱਠ ਲਈ ਫੰਡ ਤੇ ਭੋਜਨ ਪਾਨੀ ਦੇ ਪ੍ਰਬੰਧ ਵਿੱਚ ਪੂਰਾ ਤਾਣ ਲਾਇਆ।

**3. ਸਵਾਲ :- ਤੁਸੀਂ ਅਧਿਆਪਕ ਯੂਨੀਅਨ ਵਿੱਚ ਕੰਮ ਕੀਤਾ ਤੇ ਆਗੂ ਰੋਲ ਨਿਭਾਇਆ। ਤੁਹਾਨੂੰ ਲਗਦਾ ਹੈ ਕਿ ਯੂਨੀਅਨ ਦੀ ਕਾਰਵਾਈ ਨਾਲ ਰਾਜਸੀ ਚੇਤਨਾ ਵੀ ਕਾਮਯਾਬ ਰਹੀ।**

**ਜਵਾਬ :-** ਹਰੀਪਾਲ ਜੀ ਮੈਂ 11.4.70 ਨੂੰ ਰੇਗੂਲਰ ਤੌਰ 'ਤੇ ਮਿਡਲ ਸਕੂਲ ਵਿੱਚ ਹਾਜ਼ਰ ਹੋਇਆ। ਇਸ ਤੋਂ ਪਹਿਲਾ ਅਸਥਾਈ ਤੌਰ ਤੋਂ ਥੋੜ੍ਹੇ-ਥੋੜ੍ਹੇ ਸਮੇਂ ਲਈ ਕੰਮ ਕੀਤਾ। ਛਾਪਾ ਸਕੂਲ ਵਿੱਚ ਹੀ ਮੇਰਾ ਮੇਲ ਫਕੀਰ ਚੰਦ ਦੱਧਾਹੂਰ ਨਾਲ ਹੋਇਆ ਜੋ ਗੌਂ:ਟੀ:ਯੂ: ਦੇ ਜ਼ਿਲ੍ਹੇ ਦੇ ਆਗੂ ਸਨ ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਮੈਂ ਗੋ:ਟੀ:ਯੂ: ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਇੱਥੋਂ ਹੀ ਮੇਰਾ ਰਾਜਨੀਤਕ ਜੀਵਨ ਸ਼ੁਰੂ ਹੋਇਆ। 1971 ਵਿੱਚ ਮੈਂ ਬਰਾਂਚ ਹਮੀਦੀ ਵਿੱਚ ਹੋਰ ਸਾਥੀਆਂ ਕਾ: ਚੰਦ ਸਿੰਘ ਚੋਪੜਾ ਸਰੂਪ ਰਾਮ ਵਗੈਰਾ ਨਾਲ ਸੀ.ਪੀ.ਆਈ. ਦਾ ਮੈਂਬਰ ਬਣ ਗਿਆ। ਕਾਮਰੇਡ ਚੰਦ ਸਿੰਘ ਚੋਪੜਾ ਜੀ.ਟੀ.ਯੂ. ਮਹਿਲ ਕਲਾਂ ਬਲਾਕ ਦੇ ਸਕੱਤਰ ਸਨ ਉਨ੍ਹਾਂ ਦੇ ਐਮ.ਐਲ.ਏ. ਉਪਰੰਤ ਮੈਨੂੰ ਬਲਾਕ ਮਹਿਲ ਕਲਾਂ ਦਾ ਸਕੱਤਰ ਬਣਾਇਆ ਗਿਆ। ਇਸ ਤਰ੍ਹਾਂ ਮੈਂ ਆਪਣਾ ਰਾਜਸੀ ਸਫਰ ਸ਼ੁਰੂ ਕੀਤਾ।

ਇਸੇ ਦੌਰਾਨ 1969 ਵਿੱਚ ਮੇਰਾ ਵਿਆਹ ਮਾਸਟਰ ਗੁਰਨਾਮ ਸਿੰਘ ਜੋ ਉੱਘੇ ਸੁਤੰਤਰਤਾ ਸੰਗਰਾਮੀ ਸਨ ਦੀ ਲੜਕੀ ਜਸਵਿੰਦਰ ਕੌਰ ਨਾਲ ਹੋ ਗਿਆ ਜੋ 5 ਵਾਰ ਪਿੰਡ ਦੀ ਪੰਚ 13 ਸਾਲ ਪਿੰਡ ਦੀ ਸਰਪੰਚ ਤੇ 5 ਸਾਲ ਬਲਾਕ ਸੰਮਤੀ ਮਹਿਲ ਕਲਾਂ ਦੀ ਉਪ ਚੇਅਰਪਰਸਨ ਬਣੀ ਜਿਸ ਦੇ ਹੌਂਸਲੇ ਸਦਕਾ ਮੈਨੂੰ ਲੋਕਾਂ ਲਈ ਕੰਮ ਕਰਨ ਦਾ ਵਧੀਆ ਮੌਕਾ ਮਿਲਿਆ। ਇਨ੍ਹਾਂ ਸਮਿਆਂ ਵਿੱਚ ਹੀ ਬੇਰੁਜ਼ਗਾਰ ਅਧਿਆਪਕ ਯੂਨੀਅਨ ਦਾ ਘੋਲ ਚੱਲ ਪਿਆ ਜਿਸ ਦੀ ਹਮਾਇਤ ਗੌਂ:ਟੀ:ਯੂ: ਵੱਲੋਂ ਕੀਤੀ ਗਈ। ਇਸ ਘੋਲ ਵਿੱਚ ਮੈਂ ਤਿੰਨ ਮਹੀਨੇ ਜੇਲ੍ਹ ਕੱਟੀ। ਇਨ੍ਹਾਂ ਘੋਲਾਂ 'ਤੇ ਕੰਮ ਸਦਕਾ ਹੀ ਸਾਡੀ ਪਾਰਟੀ ਸੀ.ਪੀ.ਐਮ. ਜਿਸ ਵਿੱਚ ਮੈਂ ਲੁਕ-ਛਿਪ ਕੇ ਕੰਮ ਕਰਦਾ ਸੀ ਬਹੁਤ ਤਰੱਕੀ ਕੀਤੀ ਤੇ ਚੰਦ ਸਿੰਘ ਚੋਪੜਾ ਪਾਰਟੀ ਵੱਲੋਂ ਤਿੰਨ ਵਾਰ ਐਮ.ਐਲ.ਏ. ਰਹੇ।



**4. ਸਵਾਲ :- ਤੁਸੀਂ ਅਧਿਆਪਕ ਵੀ ਰਹੇ ਤੇ ਯੂਨੀਅਨ ਦੇ ਆਗੂ ਵੀ ਰਹੇ। ਕੀ ਤੁਸੀਂ ਸਮਝਦੇ ਹੋ ਕਿ ਪੰਜਾਬ ਦੇ ਸਕੂਲਾਂ ਦੇ ਅਧਿਆਪਕ ਆਪਣਾ ਫਰਜ਼ ਨਿਭਾ ਰਹੇ ਹਨ?**

**ਜਵਾਬ :-** ਹਰੀਪਾਲ ਜੀ ਮੈਂ ਗੌਂ.ਟੀ.ਯੂ. ਦੀਆਂ ਚੋਣਾਂ ਵਿੱਚ ਲਗਾਤਾਰ ਬਲਾਕ ਪ੍ਰਧਾਨ ਦੀ ਚੋਣ ਲੰਮੇ ਫਰਕ ਨਾਲ ਜਿੱਤਦਾ ਰਿਹਾ ਹਾਂ। ਅਸੀਂ ਚੋਣਾਂ ਦੌਰਾਨ ਵੀ ਤੇ ਆਮ ਇਕੱਠਾਂ ਵਿੱਚ ਵੀ ਜਦੋਂ ਬੋਲਦੇ ਸੀ ਤਾਂ ਇੱਕ ਨੰਬਰ 'ਤੇ ਆਪਣੀ ਜੱਥੇਬੰਦੀ ਦਾ ਨਾਅਰਾ (ਜਨ ਹਿੱਤ ਪ੍ਰਥਮੇਂ) ਬੋਲਦੇ ਸੀ। ਜੋ ਸਾਡੀ ਲੈਟਰ ਪੈਡ ਤੇ ਵੀ ਅੰਕਤ ਹੁੰਦਾ ਸੀ। ਕਿਹਾ ਕਰਦੇ ਸਨ ਕਿ ਅਸੀਂ ਆਪਣੇ ਕੰਮ ਦਾ ਮੁੱਲ ਸਮੇਂ ਦੀਆਂ ਸਰਕਾਰਾਂ ਤੋਂ ਲੈਣਾ ਹੈ ਤੇ ਹੱਕਾਂ ਲਈ ਅਨੇਕਾਂ ਲੜਾਈਆਂ ਵੀ ਲੜੀਆਂ ਪਰ ਇਸ ਦੇ ਨਾਲ ਸਾਡੀ ਜੋ ਡਿਊਟੀ ਹੈ ਬੱਚਿਆਂ ਨੂੰ ਪੜ੍ਹਾਉਣਾ ਇਹ ਪਹਿਲੇ ਨੰਬਰ ਤੇ ਹੈ ਇਸ ਵਿੱਚ ਕੁਤਾਹੀ ਨਹੀਂ ਹੋਣੀ ਚਾਹੀਦੀ, ਪਰ ਫਿਰ ਕਾਫੀ ਅਧਿਆਪਕ ਅਜੇਹੇ ਸਨ ਜੋ ਆਪਣੇ ਫਰਜ਼ ਤੋਂ ਕੁਤਾਹੀ ਵੀ ਕਰਦੇ ਸਨ ਜਿਸ ਦਾ ਨਤੀਜਾ ਸਾਡੇ ਬੱਚੇ ਭੁਗਤ ਰਹੇ ਹਨ।

**5. ਸਵਾਲ :- ਮਲਕੀਤ ਜੀ ਤੁਸੀਂ ਕਦੋਂ ਰੀਟਾਇਰ ਹੋਏ ਤੇ ਆਪਣੀਆਂ ਗਤੀਵਿਧੀਆਂ ਕਿੱਧਰ ਲਾਈਆਂ?**

**ਜਵਾਬ :-** ਹਰੀਪਾਲ ਜੀ ਮੈਂ 28 ਫਰਵਰੀ 2001 ਨੂੰ ਸ:ਪ:ਸ: ਵਜੀਦਕੇ ਕਲਾ ਤੋਂ ਸੇਵਾ ਮੁਕਤ ਹੋਇਆ। ਸੇਵਾ ਮੁਕਤੀ ਸਮੇਂ ਸਟੇਜ ਤੇ ਸਾਥੀ ਸੁਖਦੇਵ ਬੜੀ, ਤਰਸੇਮ ਜੋਧਾ ਕਾ. ਚੰਦਰ ਸੇਖਰ ਤੇ ਆਗੂ ਬੈਠੇ ਸਨ। ਸਟੇਜ ਤੋਂ ਹੀ ਸਾਥੀ ਬੜੀ ਹੋਰਾਂ ਬੋਲ ਦਿੱਤਾ ਕਿ ਮਲਕੀਤ ਸਿੰਘ ਵਜੀਦਕੇ ਹੁਣ ਕਿਸਾਨੀ ਫਰੰਟ ਤੇ ਜਿਲ੍ਹੇ ਦੇ ਪ੍ਰਧਾਨ ਵਜੋ ਸੇਵਾ ਕਰਨਗੇ। ਉਸ ਸਮੇਂ ਕਿਸਾਨ ਸੰਘਰਸ਼ ਕਮੇਟੀ ਨਵੀਂ ਤਿਆਰ ਕੀਤੀ ਗਈ ਸੀ ਡਾ. ਸਤਨਾਮ ਸਿੰਘ ਅਜਨਾਲਾ ਖੇਤੀਬਾੜੀ ਮਹਿਕਮੇ ਤੋਂ ਡਿਪਟੀ ਡਾਇਰੈਕਟਰ ਰੀਟਾਇਰ ਹੋਏ ਸਨ, ਮਾਸਟਰ ਰਘਵੀਰ ਸਿੰਘ, ਅਰਸਾਲ ਸੰਧੂ ਮੱਘਣ ਕੁਹਾੜ ਤੇ ਹੋਰ ਕਈ ਮੁਲਾਜਮ ਸੇਵਾ ਮੁਕਤ ਹੋਏ ਸਨ ਇਸ ਵਿੱਚ ਸ਼ਾਮਲ ਹੋ ਗਏ। ਅਸੀਂ ਸਾਰੇ ਚਾਹੁੰਦੇ ਸੀ ਕਿ ਗੌਂ:ਟੀ:ਯੂ: ਵਾਂਗ ਕਿਸਾਨਾਂ ਦੀ ਵੀ ਇੱਕ ਜਥੇਬੰਦੀ ਹੋਵੇ। ਇਸ ਨੂੰ ਇੱਕ ਕਰਨ ਵਿੱਚ ਤਾਂ ਅਸੀਂ ਭਾਵੇਂ ਕਾਮਯਾਬ ਨਹੀਂ ਹੋਏ ਪਰ ਕਿਸਾਨਾਂ ਦੀਆਂ ਕਈ ਜਥੇਬੰਦੀਆਂ ਨੂੰ ਸਾਂਝੇ ਮਸਲਿਆਂ 'ਤੇ ਲੜਨ ਲਈ ਸਹਿਮਤ ਕਰ ਲਿਆ ਜਿਸ ਦੇ ਸਦਕਾ ਅਸੀਂ ਕਈ ਮੰਗਾਂ ਵੀ ਮਨਵਾਈਆਂ। ਬਿਜਲੀ ਦੇ ਬਿੱਲ ਤੇ ਨਰਮੇਂ ਦਾ ਮੁਆਵਜਾ ਦਵਾਉਣ ਤੇ ਦਿੱਲੀ ਵਰਗਾ ਮੋਰਚਾ ਲਾਉਣ ਵਿੱਚ ਸਫਲ ਹੋਏ। ਇਸੇ ਦੌਰਾਨ ਅਸੀਂ ਆਪਣੀ ਜਥੇਬੰਦੀ ਦਾ ਨਾਮ ਜਮਹੂਰੀ ਕਿਸਾਨ ਸਭਾ ਰੱਖ ਲਿਆ ਤੇ ਮੈਨੂੰ ਸੂਬਾ ਸਕੱਤਰ ਦੀ ਜਿੰਮੇਵਾਰੀ ਦਿੱਤੀ।

**6. ਸਵਾਲ :- ਦੁਕਾਨ ਨੁਮਾ ਪਰਾਈਵੇਟ ਸਕੂਲ ਸਰਕਾਰੀ ਸਕੂਲ ਸਿਸਟਮ ਨੂੰ ਕਿੰਨਾ ਕੁ ਨੁਕਸਾਨ ਪਹੁੰਚਾ ਰਹੇ ਹਨ? ਸਰਕਾਰ ਦੇ ਨਾਲ-ਨਾਲ ਲੋਕਾਂ ਦਾ ਵੀ ਕੋਈ ਕਸੂਰ ਹੈ?**

**ਜਵਾਬ :-** ਹਰੀਪਾਲ ਜੀ ਇਹ ਸਾਰਾ ਕੁੱਝ ਸਰਕਾਰ ਦੀ ਸੋਚੀ ਸਕੀਮ ਅਧੀਨ ਹੋ ਰਿਹਾ ਹੈ। 1992 ਤੋਂ ਮਨਮੋਹਨ ਵਿੱਤ ਮੰਤਰੀ ਬਣੇ ਤੇ ਸੰਸਾਰੀਕਰਨ ਤੇ ਵਪਾਰੀਕਰਨ ਦੀਆਂ ਨੀਤੀਆਂ ਸਦਕਾ ਸਾਰੇ ਸਰਕਾਰੀ ਅਦਾਰਿਆਂ ਨੂੰ ਖ਼ਤਮ ਕਰਨ ਦੇ ਉਦੇਸ ਨਾਲ ਅਦਾਰਿਆਂ ਵਿੱਚ ਨਵੀਂ ਭਰਤੀ ਬੰਦ ਕਰਕੇ ਪਰਾਈਵੇਟ ਕੀਤਾ। ਪਬਲਿਕ ਸੈਕਟਰ ਜੋ ਮੁਨਾਫੇ ਵਿੱਚ ਚਲਦਾ ਸੀ ਖ਼ਤਮ ਕਰਨਾ ਸ਼ੁਰੂ ਕੀਤਾ ਸੀ। ਲੋਕਾਂ ਨੇ ਉਸ ਸਮੇਂ ਇਸਦਾ ਡਟਵਾਂ ਵਿਰੋਧ ਕਰਨ ਦੀ ਥਾਂ ਚੁੱਪ ਧਾਰ ਲਈ ਜਿਸ ਅਰਥ ਬਣਦਾ ਹੈ ਸਹਿਮਤੀ।

**7. ਸਵਾਲ :- ਤੁਸੀਂ ਸਰਕਾਰੀ ਸਕੂਲਾਂ ਦੇ ਭਵਿੱਖ ਵਾਰੇ ਜਰੂਰ ਫਿਕਰਮੰਦ ਹੋਵੋਗੇਂ। ਤੁਹਾਨੂੰ ਲੱਗਦਾ ਹੈ ਕਿ ਸਰਕਾਰੀ ਸਕੂਲ ਸਿਸਟਮ ਬਚ ਸਕੇਗਾ ਕਿ ਨਹੀਂ?**

**ਜਵਾਬ :-** ਹਰੀਪਾਲ ਜੀ ਅਜ਼ਾਦੀ ਬਾਅਦ ਅਜੇਹਾ ਸਮਾਂ ਆਇਆ ਜਦੋਂ ਲੋਕਾਂ 'ਚ ਜਾਗਰਤੀ ਪੈਦਾ ਹੋਈ ਕਿ ਸਾਡੇ ਬੱਚੇ ਪੜ੍ਹਨੇ ਚਾਹੀਦੇ ਹਨ। ਪਿੰਡ-ਪਿੰਡ ਪ੍ਰਾਇਮਰੀ ਸਕੂਲ, ਮਿਡਲ ਸਕੂਲ ਤੇ ਹਾਈ ਸਕੂਲਾਂ ਦੀ ਮੰਗ ਹੋਈ ਅਤੇ ਇਹ ਬਣੇ ਵੀ। ਆਮ ਲੋਕਾਂ ਦੇ ਬੱਚੇ ਇਨ੍ਹਾਂ ਸਕੂਲਾਂ ਵਿੱਚ ਪੜ੍ਹਕੇ ਵੱਡੀਆਂ ਪੋਸਟਾਂ, ਡਾਕਟਰ, ਜੱਜ, ਡੀ.ਸੀ., ਬੀ.ਡੀ.ਓ ਤੇ ਹੋਰ ਅਹੁਦਿਆਂ ਤੇ ਬਿਰਾਜਮਾਨ ਹੋਏ। ਅੱਜ ਸਕੂਲ ਦੀਆਂ ਬਿਲਡਿੰਗਾਂ ਹਨ ਪਰ ਪੜ੍ਹਾਉਣ ਲਈ ਅਧਿਆਪਕ ਨਹੀਂ। ਅਧਿਆਪਕ ਟਰੇਨਿੰਗ ਕਰਕੇ ਸੜਕਾਂ 'ਤੇ ਹਨ। ਉਨ੍ਹਾਂ ਨੂੰ ਲਾਠੀਆਂ ਗੋਲੀਆਂ ਨਾਲ ਨਿਵਾਜਿਆ ਜਾਂਦਾ ਹੈ। ਇਹ ਸਭ ਕੁੱਝ ਸਾਮਰਾਜ ਪੱਖੀ ਨੀਤੀਆਂ ਸਦਕਾ ਹੈ। ਜਿਨ੍ਹਾਂ ਚਿਰ ਇਹ ਸਰਕਾਰਾਂ ਰਹਿਣਗੀਆਂ ਜੋ ਇਨ੍ਹਾਂ ਨੀਤੀਆਂ ਦੀਆਂ ਅਲੰਬਦਾਰ ਹਨ। ਇਹ ਸਿਸਟਮ ਬਚਣਾ ਮੁਸ਼ਕਿਲ ਹੈ।

**8. ਸਵਾਲ :- ਇੱਕ ਅਧਿਆਪਕ ਦੇ ਤੌਰ 'ਤੇ ਕੀ ਤੁਸੀਂ ਸੋਚਦੇ ਹੋ ਕਿ ਸਕੂਲਾਂ ਵਿੱਚ ਇੱਕ ਵਿਸ਼ਾ ਪ੍ਰਦੂਸ਼ਣ ਤੋਂ ਇਸ ਧਰਤੀ ਨੂੰ ਬਚਾਉਣ ਬਾਰੇ ਵੀ ਹੋਣਾ ਚਾਹੀਦਾ ਹੈ?**

**ਜਵਾਬ :-** ਹਰੀਪਾਲ ਜੀ ਇਹ ਅਹਿਮ ਸਵਾਲ ਹੈ, ਅੱਜ ਸਾਡੀ ਧਰਤੀ ਹੇਠਲਾ ਪਾਣੀ ਹੀ ਨਹੀਂ ਸਗੋਂ ਹਵਾ ਵੀ ਪ੍ਰਦੂਸ਼ਿਤ ਹੋ ਗਈ ਜਿਸ ਨਾਲ ਅਸੀਂ ਕੈਂਸਰ ਵਰਗੀਆਂ ਬਿਮਾਰੀਆਂ ਅਤੇ ਕਾਲੇ ਪੀਲੀਏ ਦੀ ਜਕੜ ਵਿੱਚ ਆ ਗਏ ਹਾਂ। ਇਸ ਵਾਰੇ ਸਾਨੂੰ ਸਰਕਾਰ ਦੀ ਝਾਕ ਛੱਡਕੇ ਬੁੱਧੀਜੀਵੀਆਂ, ਲੇਖਕਾਂ ਹੋਰ ਅਗਾਂਹਵਧੂ ਚਿੰਤਕ ਨੂੰ ਮੁਹਰਕੇ ਲੱਗੇ ਵੱਡੇ-ਵੱਡੇ ਤੇ ਛੋਟੇ ਸੈਮੀਨਾਰ ਪਿੰਡ-ਪਿੰਡ ਮੁਹੱਲੇ-ਮੁਹੱਲੇ ਕਰਨੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ।

**9. ਸਵਾਲ :- ਇੱਕ ਰਾਜਸੀ ਕਾਰਕੁੰਨ ਜਾਂ ਇਨਕਲਾਬੀ ਕਮਿਊਨਿਸਟ ਦੇ ਤੌਰ ਤੇ ਕੀ ਤੁਸੀਂ ਸੋਚਦੇ ਹੋ ਕਿ ਸਾਰੀਆਂ ਅਗਾਂਹਵਧੂ ਧਿਰਾਂ ਨੂੰ ਸਾਂਝੇ ਪ੍ਰੋਗਰਾਮ 'ਤੇ ਇਕੱਠੇ ਹੋ ਜਾਣਾ ਚਾਹੀਦਾ ਹੈ ਜਿਸ ਤਰ੍ਹਾਂ ਕਿਸਾਨ ਯੂਨੀਅਨਾਂ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਇਕੱਠੀਆਂ ਹੋਈਆਂ ਸਨ।**

**ਜਵਾਬ :** ਮੇਰੀ ਪਾਰਟੀ ਇਨਕਲਾਬੀ ਮਾਰਕਸਵਾਦੀ ਭਾਰਤ ਦਾ ਇਹ ਪੱਕਾ ਵਿਸ਼ਵਾਸ ਹੈ ਤੇ ਸਾਡੇ ਪ੍ਰੋਗਰਾਮ ਵਿੱਚ ਵੀ ਸਾਡੇ ਮਾਸਕ ਰਸਾਲੇ ਵਿੱਚ ਵੀ ਵਾਰ-ਵਾਰ ਲਿਖਿਆ ਗਿਆ ਹੈ ਕਿ ਸਾਰਿਆਂ ਵੱਖ-ਵੱਖ ਵਿਚਾਰ ਹੁੰਦੇ ਵੀ ਸਾਂਝੇ ਮਸਲਿਆਂ ਤੇ ਲੜਾਈਆਂ ਲੜਨੀਆਂ ਚਾਹੀਦੀਆਂ ਹਨ। ਇਨ੍ਹਾਂ ਇਕੱਠਾਂ ਵਿੱਚ ਮੱਤਭੇਦ ਵਾਲੇ ਮਸਲੇ ਪਾਸੇ ਰੱਖ ਕੇ ਇੱਕ ਦੂਜੇ ਦਾ ਸਤਿਕਾਰ ਕਰਕੇ ਇਕੱਠੇ ਹੋਣਾ ਚਾਹੀਦਾ ਹੈ। ਸਾਨੂੰ ਖੱਬੀਆਂ ਧਿਰਾਂ ਨੂੰ ਅਤੇ ਹਮਖਿਆਲ ਪਾਰਟੀਆਂ ਨੂੰ ਜ਼ਰੂਰ ਇਕੱਠੇ ਹੋਣਾ ਚਾਹੀਦਾ ਹੈ।

**10. ਸਵਾਲ :- ਕੀ ਅਸੀਂ ਪੰਜਾਬ ਵਿੱਚ ਧਰਮ ਨੂੰ ਬਿਲਕੁੱਲ ਇੱਕ ਪਾਸੇ ਰੱਖਕੇ, ਕਮਿਊਨਿਸਟਾਂ ਦੀ ਕੋਈ ਚੜ੍ਹਤ ਦੇਖ ਸਕਦੇ ਹਾਂ?**

**ਜਵਾਬ :-** ਪੰਜਾਬ ਅੰਦਰ ਧਰਮ ਨੂੰ ਪਾਸੇ ਕਰਕੇ ਖਾਸ ਕਰਕੇ ਸਿੱਖ ਧਰਮ ਜਿਸ ਵਿੱਚ ਦਸਾਂ ਗੁਰੂਆਂ, ਬਾਬਾ ਬੰਦਾ ਸਿੰਘ ਬਹਾਦਰ ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਪੰਜਾਬੀਆਂ ਵਿੱਚ ਕੁਰਬਾਨੀਆਂ ਦਾ ਜਜ਼ਬਾ ਭਰਿਆ ਕਦਾਚਿਤ ਚੜ੍ਹਤ ਨਹੀਂ ਹੋ ਸਕਦੀ। ਇਹ ਕਮਿਊਨਿਸਟਾਂ ਦੀ ਇੱਕ ਘਾਟ ਰਹੀ ਮੈਂ ਸਮਝਦਾ ਹਾਂ। 2001 ਤੋਂ ਜਦ ਤੋਂ ਸੀ.ਪੀ.ਐਮ ਵਿੱਚੋਂ ਆਰ.ਐਮ.ਪੀ.ਆਈ. ਹੋਂਦ ਵਿੱਚ ਆਈ ਇਸ ਤੋਂ ਖਾਸ ਧਿਆਨ ਦਿੱਤਾ ਗਿਆ ਹੈ। ਸਿਆਸੀ ਕਾਨਫਰੰਸਾਂ ਵਿੱਚ ਜਿੱਥੇ ਲੈਨਿਨ, ਕਾਰਲਮਾਰਕਸ, ਸਟਾਲਟ ਦੀ ਤਸਵੀਰ ਲੱਗਦੀਆਂ ਹਨ। ਉਸ ਤੋਂ ਵੀ ਉਤਾਂਹ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਬੰਦਾ ਸਿੰਘ ਬਹਾਦਰ, ਭਗਤ ਸਿੰਘ ਦੀਆਂ ਤਸਵੀਰਾਂ ਲਾਈਆਂ ਜਾਂਦੀਆਂ ਹਨ।

**11. ਸਵਾਲ :- ਪੰਜਾਬੀ ਨੌਜਵਾਨੀ ਦੇ ਪਰਵਾਸ ਨੂੰ ਤੁਸੀਂ ਕਿਸ ਤਰ੍ਹਾਂ ਸੋਚਦੇ ਹੋ ਕੀ ਤੁਹਾਨੂੰ ਨਹੀਂ ਲੱਗਦਾ ਕਿ ਇਸ ਦੇ ਨਾਂਹ ਵਾਚਕ ਨਤੀਜੇ ਪੰਜਾਬ ਨੂੰ ਬੜੀ ਛੇਤੀ ਭੁਗਤਣੇ ਪੈਣਗੇ।**

**ਜਵਾਬ :-** ਹਰੀਪਾਲ ਜੀ ਅੱਜ ਪੰਜਾਬੀ ਵਿੱਚ ਖਾਸ ਤੌਰ ਤੇ ਬਾਕੀ ਦੇਸ਼ ਵਿੱਚ ਵੀ ਇੱਕ ਦੌੜ ਲੱਗੀ ਹੋਈ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਬਾਹਰਲੇ ਮੁਲਕਾਂ ਵਿੱਚ ਭੇਜ ਦੇਈਏ। ਇਹ ਬਹੁਤ ਮੰਦਭਾਗਾ ਹੈ। ਇਸ ਨਾਲ ਪੰਜਾਬ ਦੀ ਆਰਥਿਕ ਹਾਲਤ ਤਬਾਹ ਹੋ ਜਾਵੇਗੀ। ਸਾਡਾ ਅਮੁੱਲ ਖਜ਼ਾਨਾ ਬਾਹਰਲੇ ਮੁਲਕ ਲੁੱਟ ਰਹੇ ਹਨ। ਇਸ ਦਾ ਕਾਰਨ ਵੀ ਸਾਡਾ ਸਿਸਟਮ ਹੈ। ਸਾਡੀਆਂ ਕਾਬਜ ਹਕੂਮਤਾਂ 7 ਦਹਾਕਿਆਂ ਤੋਂ ਬਾਅਦ ਵੀ ਕੋਈ ਅਜਿਹਾ ਸਿਸਟਮ ਨਹੀਂ ਦੇ ਸਕੀਆਂ ਜਿਸ ਵਿੱਚ ਕੋਈ ਆਦਮੀ ਜਾਂ ਵਿਦਿਆਰਥੀ ਜਿਸ ਵਿੱਚ ਕੰਮ ਕਰਕੇ ਆਪਣੀ ਉਪਜੀਵਕਾ ਕਮਾ ਸਕੇ।

**12. ਸਵਾਲ :- ਮਹਿਲ ਕਲਾਂ ਦੀ ਧਰਤੀ ਤੇ ਇੱਕ ਕਿਰਨਜੀਤ ਕਤਲ ਕਾਂਡ ਵਾਪਰਿਆ ਤੁਸੀਂ ਉਸ ਕਮੇਟੀ ਦੇ ਵੀ ਮੈਂਬਰ ਹੋ ਉਸ ਬਾਰੇ ਸੰਖੇਪ ਜਾਣਕਾਰੀ।**

**ਜਵਾਬ : -** ਹਰੀਪਾਲ ਜੀ ਮਹਿਲ ਕਲਾਂ ਐਕਸ਼ਨ ਕਮੇਟੀ ਨੇ ਇੱਕ ਅਜਿਹਾ ਰਾਹ ਜਾਂ ਦਿਸ਼ਾ ਲੋਕਾਂ ਨੂੰ ਦਿੱਤੀ ਜਿਸ ਵਿੱਚ ਸਾਬਤ ਕਰ ਦਿੱਤਾ ਕਿ ਵੱਖ-ਵੱਖ ਵਿਚਾਰਾਂ ਦੇ ਲੋਕ ਜੇਕਰ ਇਮਾਨਦਾਰੀ ਨਾਲ ਇਕੱਠਾ ਹੋਕੇ ਸਹੀ ਮੰਗ ਤੇ ਲੜਨ ਤਾਂ ਜਿੱਤ ਪ੍ਰਾਪਤ ਹੋ ਸਕਦੀ ਹੈ। ਜਿਸ ਸਦਕਾ ਸਮੇਂ ਜਾਬਰ ਨੂੰ ਮੂੰਹ ਦੀ ਖਾਣੀ ਪਈ ਤੇ ਉਨ੍ਹਾਂ ਨੂੰ ਸਜ਼ਾਵਾਂ ਭੁਗਤਣੀਆਂ ਪਈਆਂ ਤੇ ਲੋਕਾਂ ਦੇ ਹੌਂਸਲੇ ਬੁਲੰਦ ਹੋਏ। ਇਸੇ ਦੀ ਸੇਧ ਵਿੱਚ ਕਿਸਾਨਾਂ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਦਿੱਲੀ 'ਤੇ ਹੱਲਾ ਬੋਲਿਆ ਤੇ ਕਾਲੇ ਕਨੂੰਨ ਰੱਦ ਕਰਵਾਏ।

**13. ਸਵਾਲ :- ਮਲਕੀਤ ਜੀ ਤੁਹਾਨੂੰ ਸਰਕਾਰਾਂ ਦੇ ਜ਼ੁਲਮ ਵੀ ਝੱਲਣੇ ਪਏ ਹੋਣਗੇ?**

**ਜਵਾਬ :-** ਹਾਂ ਜੀ ਅਜੇਹਾ ਕਈ ਵਾਰ ਵਾਪਰਿਆ। ਪਹਿਲੀ ਜਦੋਂ ਸ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਅਸੀਂ ਧੂਰੀ ਕੋਲ ਉਨ੍ਹਾਂ ਦਾ ਆਪਣੀਆਂ ਮੰਗ ਮੰਨਵਾਉਣ ਲਈ ਘਿਰਾਓ ਕੀਤਾ ਤਾਂ ਮੇਰੀ ਬਦਲੀ ਘਰ ਤੋਂ ਕਾਫੀ ਦੂਰ ਕਰ ਦਿੱਤੀ ਤੇ ਲੱਗਪੱਗ ਇੱਕ ਸਾਲ ਬਾਅਦ ਜਥੇਬੰਦੀ ਦੇ ਦਬਾਅ ਸਦਕਾ ਰੱਦ ਹੋਈ। ਉੱਪਰ ਦੱਸਿਆ ਹੈ ਕਿ ਬੇਰੁਜ਼ਗਾਰ ਅਧਿਆਪਕਾਂ ਦੇ ਘੋਲ ਵਿੱਚ ਤਿੰਨ ਮਹੀਨੇ ਜੇਲ੍ਹ ਕੱਟੀ। ਅਧਿਆਪਕ ਮੁਲਾਜਮਾਂ ਦੀਆਂ ਮੰਗਾਂ ਲਈ ਲੜਦਿਆਂ ਅਨੇਕਾਂ ਵਾਰਾਂ ਪੁਲਿਸ ਦੀਆਂ ਡਾਂਗਾਂ ਪਿੰਡੇ ਤੇ ਲੜਾਈਆਂ। ਸੇਵਾ ਮੁਕਤੀ ਤੋਂ ਬਾਅਦ ਕਿਸਾਨ ਦੇ ਮਸਲਿਆਂ ਲਈ ਲੜਦਿਆਂ ਕਈ ਵਾਰ ਪੁਲਿਸ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਤੇ ਕਈ ਕਈ ਰਾਤਾਂ ਥਾਣਿਆਂ ਵਿੱਚ ਕੱਟਣੀਆਂ ਪਈਆਂ। ਟਰਾਈਡੈਂਟ ਫੈਕਟਰੀ ਦੇ ਮਾਲਕ ਨੇ ਜਦੋਂ ਸੰਘੇੜੇ ਛੰਨਾ ਧੌਲਾ ਆਦਿ ਪਿੰਡਾਂ ਦੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਜਬਰੀ ਇਕਵਾਇਰ ਕੀਤੀਆਂ ਤਾਂ ਇਸ ਦੇ ਖਿਲਾਫ ਲੰਮੀ ਲੜਾਈ ਲੜੀ ਤੇ ਜਿੱਤ ਪ੍ਰਾਪਤ ਕੀਤੀ। ਇਸ ਵਿੱਚ ਵੀ ਬਰਨਾਲਾ ਦੀ ਜੇਲ੍ਹ ਵਿੱਚ ਇੱਕ ਮਹੀਨੇ ਤੋਂ ਵੱਧ ਸਮਾਂ ਰਿਹਾ।


**15. ਸਵਾਲ :- ਹੁਣ ਇਸ ਉਮਰ ਵਿੱਚ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ ਤੇ ਪਰਿਵਾਰ ਬਾਰੇ?**

**ਜਵਾਬ :-** ਹਰੀਪਾਲ ਜੀ ਸਵਾ ਦੋ ਸਾਲ ਹੋਏ ਮੇਰੇ ਦਿਲ ਦੀਆਂ ਤਿੰਨੇ ਨਾੜਾਂ ਬਲਾਕ ਹੋ ਗਈਆਂ ਸਨ। ਮੈਨੂੰ ਬਾਈਪਾਸ ਸਰਜਰੀ ਕਰਵਾਉਣੀ ਪਈ ਜਿਸ ਕਰਕੇ ਕਮਜ਼ੋਰ ਹੋ ਗਿਆ ਹਾਂ। ਬਹੁਤਾ ਤੁਰ ਫਿਰ ਨਹੀਂ ਸਕਦਾ। ਮੈਂ ਸਰਗਰਮ ਸਿਆਸਤ ਤੋਂ ਸੇਵਾ ਮੁਕਤ ਹੋ ਗਿਆ ਹਾਂ। ਸਾਰਾ ਪਰਿਵਾਰ ਸੈੱਟ ਹੈ। ਮੇਰੇ ਸਾਰੇ ਭੈਣ ਭਰਾ ਤੇ ਬੱਚੇ ਕੈਨੇਡਾ ਪੱਕੇ ਤੌਰ 'ਤੇ ਰਹਿ ਰਹੇ ਹਨ ਤੇ ਅਸੀਂ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਾਂ।

# ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ ਉਨੀਵਾਂ ਸਲਾਨਾ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਮਨਾਇਆ

- ਗੁਰਿੰਦਰ ਮਾਨ -

ਐਤਵਾਰ 27 ਫਰਵਰੀ 2022 ਨੂੰ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ ਉਨੀਵਾਂ ਸਲਾਨਾ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਪਿਛਲੇ ਸਾਲ ਦੀ ਤਰ੍ਹਾਂ ਜ਼ੂਮ ਰਾਹੀਂ ਮਨਾਇਆ। ਪਲੀ ਦੇ ਸਰਗਰਮ ਮੈਂਬਰਾਂ ਦੇ ਨਾਲ ਨਾਲ ਇਸ ਵਿੱਚ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ, ਅਮਰੀਕਾ ਅਤੇ ਯੂ ਕੇ ਤੋਂ ਵੀ ਪੰਜਾਬੀ ਨਾਲ ਸਨੇਹ ਰੱਖਣ ਵਾਲੇ ਲੋਕ ਸ਼ਾਮਲ ਹੋਏ। ਤਿੰਨ ਘੰਟੇ ਤੋਂ ਵੀ ਵੱਧ ਸਮਾਂ ਚੱਲੇ ਇਸ ਸਮਾਗਮ ਨੂੰ ਡਾਕਟਰ ਕਮਲਜੀਤ ਕੈਂਬੋ ਨੇ ਪੰਜਾਬੀ ਕਵੀਆਂ ਦੀਆਂ ਪੰਜਾਬੀ ਬੋਲੀ ਬਾਰੇ ਲਿਖੀਆਂ ਕਵਿਤਾਵਾਂ ਦਾ ਸਮੇਂ ਸਮੇਂ ਜ਼ਿਕਰ ਕਰਦਿਆਂ ਬਹੁਤ ਖ਼ੂਬਸੂਰਤ ਅੰਦਾਜ਼ ਵਿੱਚ ਸਿਰੇ ਚੜ੍ਹਾਇਆ।




ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਿਟੀ ਡਾਇਰੈਕਟਰ ਸਟੀਵ ਲੈਵਰਨ ਨੇ ਸਮਾਗਮ ਦੀ ਸ਼ੁਰੂਆਤ ਇਹ ਕਹਿੰਦਿਆਂ ਕੀਤੀ ਕਿ ਅਸੀਂ ਆਦਿਵਾਸੀਆਂ ਦੀ ਅਸਪੁਰਦ ਜ਼ਮੀਨ (ਅਨਸੀਡਡ ਟੈਰੇਟਰੀ) ’ਤੇ ਇਕੱਤਰ ਹੋਏ ਹਾਂ। ਉਨ੍ਹਾਂ ਨੇ ਕਿਹਾ ਕਿ ਇਸ ਵਿਦਿਅਕ ਅਦਾਰੇ ਵਲੋਂ ਦੀਪਕ ਬਿਨਿੰਗ ਫਾਊਂਡੇਸ਼ਨ ਨਾਲ ਮਿਲ ਕੇ ਪੰਜਾਬੀ ਬੋਲੀ ਦੀ ਪੜ੍ਹਾਈ ਲਈ ਹੁੰਦੀਆਂ ਕੋਸ਼ਸ਼ਾਂ ਵਿੱਚ ਪਹਿਲਾਂ ਵਾਂਗ ਹੀ ਲਗਾਤਾਰ ਸਾਥ ਮਿਲਦਾ ਰਹੇਗਾ। ਪਲੀ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਸਾਰਿਆਂ ਦਾ ਸਵਾਗਤ ਕਰਦਿਆਂ ਇਸ ਸੰਸਥਾ ਦੇ ਸਰਗਰਮ ਮੈਂਬਰਾਂ, ਜਿਨ੍ਹਾਂ ਵਿੱਚ ਡਾਕਟਰ ਸਾਧੂ ਬਿਨਿੰਗ, ਪਾਲ ਬਿਨਿੰਗ, ਗੁਰਿੰਦਰ ਮਾਨ, ਰਜਿੰਦਰ ਸਿੰਘ ਪੰਧੇਰ, ਹਰਮਨ ਪੰਧੇਰ, ਦਇਆ ਜੌਹਲ, ਡਾਕਟਰ ਰਣਬੀਰ ਜੌਹਲ, ਡਾਕਟਰ ਕਮਲਜੀਤ ਕੈਂਬੋ, ਪ੍ਰਭਜੋਤ ਕੌਰ, ਡਾਕਟਰ ਇੰਦਰ ਮਾਨ ਦੀ ਜਾਣਪਛਾਣ ਕਰਵਾਈ। ਉਨ੍ਹਾਂ ਨੇ ਪਲੀ ਦੀਆਂ ਸਰਗਰਮੀਆਂ ਦਾ ਸੰਖੇਪ ਵੇਰਵਾ ਦਿੱਤਾ ਅਤੇ ਪੰਜਾਬੀ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਜਮਾਤਾਂ ਵਿੱਚ ਦਾਖਲ ਕਰਵਾਉਣ ਤਾਂਕਿ ਹੋਰ ਸਕੂਲਾਂ ਵਿੱਚ ਵੀ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਈ ਜਾ ਸਕੇ।

ਸਰੀ ਸਕੂਲ ਬੋਰਡ ਤੋਂ ਸੈਲਮਾ ਸਮਿੱਥ ਨੇ ਵੀ ਇਸ ਗੱਲ ਦਾ ਯਕੀਨ ਦੁਆਇਆ ਕਿ ਸਕੂਲ ਬੋਰਡ ਪੰਜਾਬੀ ਭਾਈਚਾਰੇ ਵਲੋਂ ਪੰਜਾਬੀ ਬੋਲੀ ਦੀ ਪੜ੍ਹਾਈ ਲਈ ਹੁੰਦੀਆਂ ਕੋਸ਼ਸ਼ਾਂ ਵਿੱਚ ਉਨ੍ਹਾਂ ਦੇ ਨਾਲ ਹੈ। ਸੰਸਥਾ ਦੇ ਉੱਪ ਪ੍ਰਧਾਨ ਡਾਕਟਰ ਸਾਧੂ ਬਿਨਿੰਗ ਨੇ ਇਸ ਗੱਲ ਵੱਲ ਧਿਆਨ ਦੁਆਇਆ ਕਿ ਪੰਜਾਬੀ ਬੋਲੀ ਦੇ ਸਬੰਧ ਵਿੱਚ ਅਸੀਂ ਕਈ ਵਾਰ ਤਸਵੀਰ ਦੇ ਇੱਕ ਪਾਸੇ ’ਤੇ ਜ਼ਿਆਦਾ ਜ਼ੋਰ ਦੇ ਕੇ ਨਿਰਾਸ਼ ਹੋ ਜਾਂਦੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬੀਆਂ ਵਲੋਂ ਹਰ ਪਾਸੇ ਮਾਂ-ਬੋਲੀ ਦਿਨ ਦੁਆਲੇ ਕੀਤੀਆਂ ਗਈਆਂ ਸਰਗਰਮੀਆਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਪੰਜਾਬੀ ਆਪਣੀ ਮਾਂ-ਬੋਲੀ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਫਿਕਰਮੰਦ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਕਨੇਡਾ ਦੀ ਫੈਡਰਲ ਸਰਕਾਰ ਦੀ ਭਾਸ਼ਾ ਨੀਤੀ ਵਿੱਚ ਤਬਦੀਲੀ ਦੀ ਮੰਗ ਕਰਨੀ ਚਾਹੀਦੀ ਹੈ ਤਾਂਕਿ ਅੰਗ੍ਰੇਜ਼ੀ ਅਤੇ ਫਰਾਂਸਸੀ ਤੋਂ ਬਿਨਾਂ ਹੋਰ ਭਾਸ਼ਾਵਾਂ ਨੂੰ ਵੀ ਮਾਨਤਾ ਮਿਲੇ।

ਪੰਜਾਬੀ ਅਧਿਆਪਕਾ ਪ੍ਰਭਜੋਤ ਕੌਰ ਨੇ ਸਰੀ ਦੇ ਐਲ ਏ ਮੈਥੇਸਨ ਸੈਕੰਡਰੀ ਸਕੂਲ ਵਲੋਂ ਢਾਹਾਂ ਪ੍ਰਵਾਰ ਦੇ ਸਹਿਯੋਗ ਨਾਲ ਹਰ ਸਾਲ ਕਰਵਾਏ ਜਾਂਦੇ ਪੰਜਾਬੀ ਕਹਾਣੀ ਮੁਕਾਬਲਿਆਂ ਬਾਰੇ ਵਿਸਥਾਰ ਵਿੱਚ ਜ਼ਿਕਰ ਕੀਤਾ। ਉਨ੍ਹਾਂ ਨੇ ਦੱਸਿਆਂ ਕਿ ਸੱਤ ਕਹਾਣੀ ਲੇਖਕਾਂ ਨੂੰ ਪੰਜ ਪੰਜ ਸੌ ਡਾਲਰ ਇਨਾਮ ਲਈ ਚੁਣਿਆਂ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਕਹਾਣੀਆਂ ਨੂੰ ਗੁਰਮੁਖੀ ਤੇ ਸ਼ਾਹਮੁਖੀ ਲਿਪੀ ਵਿੱਚ ਅਤੇ ਨਾਲ ਹੀ ਅੰਗ੍ਰੇਜ਼ੀ ਅਤੇ ਫਰਾਂਸੀਸੀ ਵਿੱਚ ਅਨੁਵਾਦ ਕਰਕੇ ਇੱਕ ਸੰਗ੍ਰਹਿ ਵਿੱਚ ਛਾਪਿਆ ਜਾਂਦਾ ਹੈ।

ਪੈਨਲ ਵਿੱਚਾਰ ਵਟਾਂਦਰੇ ਵਿੱਚ ਟਰਾਂਟੋ ਤੋਂ ਡਾਕਟਰ ਗੁਰਨਾਮ ਸਿੰਘ ਢਿੱਲੋਂ, ਐਡਮੰਟਨ ਤੋਂ ਦਲਬੀਰ ਸਿੰਘ, ਕੈਲਗਰੀ ਤੋਂ ਸੁਖਬੀਰ ਸਿੰਘ ਗਰੇਵਾਲ, ਐਡਮੰਟਨ/ਕੈਲਗਰੀ ਤੋਂ ਡਾਕਟਰ ਹਰਜੀਤ ਸਿੰਘ ਗਰੇਵਾਲ ਅਤੇ ਵੈਨਕੂਵਰ ਤੋਂ ਗੁਰਿੰਦਰ ਮਾਨ ਹੋਰੀਂ ਹਿੱਸਾ ਲਿਆ। ਇਨ੍ਹਾਂ ਬੁਲਾਰਿਆਂ ਨੇ ਪੰਜਾਬੀ ਦੀ ਪੜ੍ਹਾਈ ਸਬੰਧੀ ਆਪਣੀਆਂ ਖੁਦ ਦੀਆਂ ਸਰਗਰਮੀਆਂ ਤੋਂ ਬਿਨਾਂ ਆਪੋ ਆਪਣੇ ਇਲਾਕਿਆਂ ਵਿੱਚ ਪੰਜਾਬੀ ਦੀ ਪੜ੍ਹਾਈ ਦੀ ਸਥਿਤੀ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ। ਸਾਂਝੀ ਕੀਤੀ ਜਾਣਕਾਰੀ ਅਨੁਸਾਰ ਇਹ ਗੱਲ ਸਾਹਮਣੇ ਆਈ ਕਿ ਭਾਵੇਂ ਸਾਰੀਆਂ ਥਾਵਾਂ ’ਤੇ ਸਥਿਤੀ ਇੱਕੋ ਜਿਹੀ ਨਹੀਂ ਪਰ ਪੰਜਾਬੀ ਦੀ ਪੜ੍ਹਾਈ ਲਈ ਕੋਸ਼ਸ਼ ਹਰ ਜਗ੍ਹਾ ਹੋ ਰਹੀ ਹੈ। ਇੱਕ ਸਾਂਝਾ ਫਿਕਰ ਵੀ ਸਾਹਮਣੇ ਆਇਆ ਕਿ ਪੰਜਾਬੀ ਮਾਪਿਆਂ ਵਲੋਂ ਬੱਚਿਆਂ ਲਈ ਪੰਜਾਬੀ ਦੀ ਪੜ੍ਹਾਈ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ ਖਾਸ ਕਰ ਪੰਜਾਬ ਤੋਂ ਆ ਰਹੇ ਨਵੇਂ ਲੋਕਾਂ ਵਲੋਂ। ਤਕਰੀਬਨ ਸਾਰੇ ਹੀ ਚਿੰਤਕਾਂ ਦਾ ਇਹ ਵਿੱਚਾਰ ਸੀ ਕਿ ਸਾਨੂੰ ਕਨੇਡਾ ਵਿੱਚ ਪੰਜਾਬੀ ਦੀ ਪੜ੍ਹਾਈ ਵਾਸਤੇ ਸਾਂਝੇ ਤੌਰ ’ਤੇ ਕੁਝ ਯੋਜਨਾਵਾਂ ਉਲੀਕਣੀਆਂ ਚਾਹੀਦੀਆਂ ਹਨ। ਸ੍ਰੋਤਿਆਂ ਵਿੱਚ ਸ਼ਾਮਲ ਰੇਡੀਓ ਹੋਸਟ ਨਵਜੋਤ ਢਿੱਲੋਂ ਹੋਰਾਂ ਵਲੋਂ ਕੀਤੇ ਇੱਕ ਸਵਾਲ ਦੇ ਜਵਾਬ ਵਿੱਚ ਬਲਵੰਤ ਸੰਘੇੜਾ ਹੋਰੀਂ ਕਿਹਾ ਕਿ ਪਲੀ ਵਲੋਂ ਬੀ ਸੀ ਦੀ ਐਮ ਐਲ ਏ ਜਿੰਨੀ ਸਿੰਮਸ ਨਾਲ ਅਤੇ ਐਮ ਪੀ ਸੁੱਖ ਧਾਲੀਵਾਲ ਨਾਲ ਕੁਝ ਮਸਲੇ ਵਿੱਚਾਰਨ ਲਈ ਪਲੀ ਵਲੋਂ ਬੈਠਕਾਂ ਕਰਨ ਦੀ ਯੋਜਨਾ ਹੈ।

ਪ੍ਰੋਗਰਾਮ ਦੇ ਅਗਲੇ ਹਿੱਸੇ ਵਿੱਚ ਪਹਿਲਾਂ ਪਾਕਿਸਤਾਨੀ ਪਿਛੋਕੜ ਦੇ ਕਾਫੀ ਜਾਣੇ ਜਾਂਦੇ ਲੇਖਕ ਤਾਰਿਕ ਮਾਲਿਕ ਨੇ ਮਾਂ-ਬੋਲੀ ਬਾਰੇ ਆਪਣੀ ਕਵਿਤਾ ਸਾਂਝੀ ਕੀਤੀ। ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਪੰਜਾਬੀ ਸਿੱਖ ਰਹੇ ਵਿਦਿਆਰਥੀਆਂ ਨੇ ਕਵਿਤਾਵਾਂ, ਗੀਤ ਤੇ ਕਹਾਣੀਆਂ ਸਾਂਝੀਆਂ ਕਰ ਕੇ ਪੰਜਾਬੀ ਬੋਲੀ ਨਾਲ ਆਪਣੀ ਵੱਧ ਰਹੀ ਨੇੜਤਾ ਦਾ ਦਿਖਾਵਾ ਕੀਤਾ। ਹਿੱਸਾ ਲੈਣ ਵਾਲੇ ਵਿਦਿਆਰਥੀਆਂ ਵਿੱਚ ਸ਼ਾਮਲ ਸਨ: ਟਰਾਂਟੋ ਤੋਂ ਸੁਖਮਨ ਸਿੰਘ, ਅਵਨੀਤ ਕੌਰ, ਗੁਨਰੀਤ ਕੌਰ ਅਤੇ ਆਜ਼ਾਦ; ਕੈਲਗਰੀ ਤੋਂ ਨਿਮਰਤ ਕੌਰ ਧਾਰਨੀ, ਕੀਰਤ ਕੌਰ ਧਾਰਨੀ, ਪ੍ਰਭਰੂਪ ਸਿੰਘ ਮਾਂਗਟ ਅਤੇ ਸੁਖਮਨ ਕੌਰ ਸੰਧੂ; ਸਰੀ ਤੋਂ ਸੇਵਾ ਸਿੰਘ ਪੰਧੇਰ, ਸੁਖਮਨ ਕੌਰ, ਸਾਹਿਬ ਸਿੰਘ, ਅਤੇ ਭਵੀਨ ਕੌਰ ਗਿੱਲ; ਵੈਨਕੂਵਰ (ਯੂ ਬੀ ਸੀ) ਤੋਂ ਸ਼੍ਰੇਆ ਭਾਟੀਆ, ਪ੍ਰੀਤ ਕਿੰਗ, ਗੁਰਲੀਨ ਹੀਰ, ਗੁਰਕਰਨ ਢਿੱਲੋਂ, ਤਾਜਦੀਪ ਸੰਧੂ, ਕਰਮਬੀਰ, ਯਸ਼ਮੀਨ ਗਿੱਲ, ਅਨੂਪ ਸਾਰੰਗ, ਜਸਕਰਨ ਧਾਲੀਵਾਲ। ਨੌਜਵਾਨ ਪ੍ਰਭਜੋਤ ਸਿੰਘ ਨੇ ਆਪਣਾ ਗੀਤ ਸੁਣਾਇਆ। ਇਨ੍ਹਾਂ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਨੇ ਸ੍ਰੋਤਿਆਂ ਨੂੰ ਖੁਸ਼ ਵੀ ਕੀਤਾ ਤੇ ਪੰਜਾਬੀ ਬੋਲੀ ਦੇ ਭਵਿੱਖ ਬਾਰੇ ਆਸਵੰਦ ਵੀ।

ਅਖੀਰ ਵਿੱਚ ਬਲਵੰਤ ਸੰਘੇੜਾ ਜੀ ਨੇ ਸਾਰੇ ਸ੍ਰੋਤਿਆਂ, ਹਿੱਸਾ ਲੈਣ ਵਾਲੇ ਚਿੰਤਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਉਨਾਂ ਨੇ ਪੰਜਾਬੀ ਮੀਡੀਏ ਵਲੋਂ ਹਮੇਸ਼ਾ ਵਾਂਗ ਦਿੱਤੇ ਵੱਡਮੁੱਲੇ ਸਹਿਯੋਗ ਲਈ ਵੀ ਸ਼ੁਕਰੀਏ ਦੇ ਸ਼ਬਦ ਕਹੇ। ਨਾਲ ਹੀ ਉਨ੍ਹਾਂ ਨੇ ਅਧਿਆਪਕਾਂ ਅਤੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਬੱਚਿਆਂ ਨੂੰ ਇਸ ਪ੍ਰਗੋਰਾਮ ਵਿੱਚ ਸ਼ਾਮਲ ਹੋਣ ਲਈ ਉਤਸਾਹਤ ਕੀਤਾ ਖਾਸ ਕਰ ਟਰਾਂਟੋ ਤੋਂ ਸੁਰਜੀਤ ਕੌਰ ਅਤੇ ਕੈਲਗਰੀ ਤੋਂ ਸੁਖਵੀਰ ਸਿੰਘ ਗਰੇਵਾਲ ਹੋਰਾਂ ਦਾ। ਅੰਤ ਵਿੱਚ ਉਨ੍ਹਾਂ ਨੇ ਪ੍ਰੋਗਰਾਮ ਦੇ ਸੁਚੱਜੇ ਸੰਚਾਲਨ ਲਈ ਕਮਲਜੀਤ ਕੈਂਬੋ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਫਾਸ਼ੀਵਾਦੀਆਂ ਵਿਰੁੱਧ ਲੜਾਈ ਅਜੇ ਮੁੱਕੀ ਨਹੀਂ ਹੈ

-ਗੁਰਪ੍ਰੀਤ ਸਿੰਘ ਕੈਨੇਡਾ
ਉੱਘੇ ਪੱਤਰਕਾਰ

ਭਾਰਤ ਦੇ ਪੰਜ ਰਾਜਾਂ ’ਚ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਸਾਨੂੰ ਫ਼ਿਕਰਮੰਦ ਹੋਣਾ ਚਾਹੀਦਾ ਹੈ। ਪੰਜਾਬ ਵਿਚ, ਆਮ ਆਦਮੀ ਪਾਰਟੀ (ਆਪ) – ਜੋ ਭਾਜਪਾ ਅਤੇ ਵਿਰੋਧੀ ਧਿਰ ਦੀ ਕਾਂਗਰਸ ਪਾਰਟੀ ਦੇ ਤੀਜੇ ਬਦਲ ਵਜੋਂ ਉੱਭਰੀ ਹੈ – ਨੇ ਕੁਲ 117 ਵਿੱਚੋਂ 92 ਸੀਟਾਂ ਲੈ ਕੇ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕੀਤੀ ਹੈ, ਹਾਲਾਂਕਿ, ਸੱਤਾਧਾਰੀ ਸੱਜੇਪੱਖੀ ਹਿੰਦੂ ਰਾਸ਼ਟਰਵਾਦੀ ਬੀਜੇਪੀ ਨੇ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ (ਯੂਪੀ) ਸਮੇਤ ਹੋਰ ਚਾਰ ਰਾਜਾਂ ਵਿਚ ਜਿੱਤ ਪ੍ਰਾਪਤ ਕੀਤੀ ਹੈ।

ਯੂਪੀ ਵਿਚ, ਭਾਜਪਾ ਨੇ ਕੁਲ 403 ਵਿਧਾਨ ਸਭਾ ਸੀਟਾਂ ਵਿੱਚੋਂ 273 ਜਿੱਤੀਆਂ ਹਨ, ਜਦੋਂ ਕਿ ਗੁਆਂਢੀ ਰਾਜ ਉੱਤਰਾਖੰਡ ਵਿਚ ਉਨ੍ਹਾਂ ਨੇ ਕੁਲ 70 ਵਿੱਚੋਂ 47 ਜਿੱਤੀਆਂ ਹਨ। ਇਸੇ ਤਰ੍ਹਾਂ, ਮਨੀਪੁਰ ਅਤੇ ਗੋਆ ਵਿਚ ਭਾਜਪਾ ਨੇ ਕ੍ਰਮਵਾਰ 60 ਵਿੱਚੋਂ 32 ਅਤੇ 40 ਵਿਚੋਂ 20 ਸੀਟਾਂ ਜਿੱਤੀਆਂ ਹਨ। ਇਸ ਜਿੱਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 2024 ’ਚ ਹੋਣ ਵਾਲੀਆਂ ਅਗਲੀਆਂ ਆਮ ਚੋਣਾਂ ਵਿਚ ਇਕ ਹੋਰ ਜਿੱਤ ਦੀ ਭਵਿੱਖਬਾਣੀ ਕਰਨ ਲਈ ਕਾਫ਼ੀ ਭਰੋਸਾ ਦੇ ਦਿੱਤਾ ਹੈ।

ਇਹ ਵੱਖਰੀ ਗੱਲ ਹੈ ਕਿ ਜਦੋਂ 2014 ਤੋਂ ਉਹ ਪਹਿਲੀ ਵਾਰ ਪ੍ਰਧਾਨ ਮੰਤਰੀ ਚੁਣਿਆ ਗਿਆ ਸੀ ਉਦੋਂ ਤੋਂ ਲੈ ਕੇ ਮੋਦੀ ਜਨੂੰਨ ਪੰਜਾਬ ਵਿਚ ਬਿਲਕੁਲ ਹੀ ਕੰਮ ਨਹੀਂ ਆਇਆ। ਇਸ ਵਾਰ ਇਕ ਵਿਲੱਖਣ ਗੱਲ ਸਿਰਫ਼ ਇਹ ਰਹੀ ਕਿ ਪੰਜਾਬ ਦੇ ਵੋਟਰਾਂ ਨੇ ਸਾਰੇ ਰਵਾਇਤੀ ਆਗੂਆਂ ਅਤੇ ਪਾਰਟੀਆਂ ਨੂੰ ਨਕਾਰ ਕੇ ‘ਆਪ’ ਨੂੰ ਪੂਰਨ ਬਹੁਮਤ ਦੇ ਕੇ ਇਤਿਹਾਸ ਰਚ ਦਿੱਤਾ ਹੈ। ਦਿੱਲੀ ਤੋਂ ਬਾਦ ਪੰਜਾਬ ‘ਆਪ’ ਦੇ ਸਾਸ਼ਨ ਵਾਲਾ ਦੂਜਾ ਰਾਜ ਬਣ ਗਿਆ ਹੈ।

ਭਾਵੇਂ ਪੰਜਾਬ ਵਿਚ ਜਸ਼ਨਾਂ ਦਾ ਮਿਜ਼ਾਜ ਸਮਝ ’ਚ ਆਉਂਦਾ ਹੈ, ਪਰ ਫਾਸ਼ੀਵਾਦੀਆਂ ਖ਼ਿਲਾਫ਼ ਅਸਲ ਲੜਾਈ ਅਜੇ ਮੁੱਕੀ ਨਹੀਂ ਹੈ।

ਮੋਦੀ ਦੇ ਅਧੀਨ ਭਾਰਤ ਇਕ ਅਸਹਿਣਸ਼ੀਲ ਅਤੇ ਜ਼ਾਲਮ ਹਿੰਦੂ ਧਰਮਤੰਤਰੀ ਰਾਜ ਵਿਚ ਬਦਲ ਚੁੱਕਾ ਹੈ। ਪਿਛਲੇ ਅੱਠ ਸਾਲਾਂ ਵਿਚ ਰਾਜਨੀਤਿਕ ਅਸਹਿਮਤੀ ਰੱਖਣ ਵਾਲਿਆਂ ਅਤੇ ਧਾਰਮਿਕ ਘੱਟਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਈਸਾਈਆਂ ਉੱਪਰ ਹਮਲੇ ਵਧੇ ਹਨ। ਬਦਕਿਸਮਤੀ ਨਾਲ, ‘ਆਪ’ ਭਾਜਪਾ ਅਤੇ ਇਸ ਦੇ ਹਿੰਦੂ ਸਰਵਉੱਚਤਾਵਾਦੀ ਏਜੰਡੇ ਦੇ ਖ਼ਿਲਾਫ਼ ਇਕ ਮਜ਼ਬੂਤ ਵਿਚਾਰਧਾਰਕ ਲੜਾਈ ਦੇਣ ਵਿਚ ਅਸਫ਼ਲ ਰਹੀ ਹੈ। ਇੱਥੋਂ ਤੱਕ ਕਿ ਭਾਜਪਾ ਵੱਲੋਂ ਧਰਮ ਦੇ ਨਾਂ ’ਤੇ ਧਰੁਵੀਕਰਨ ਅਤੇ ਬਦੇਸ਼ੀ ਨੀਤੀਆਂ ਅਤੇ ਰਾਸ਼ਟਰੀ ਸੁਰੱਖਿਆ ਦੇ ਸਵਾਲ ਉੱਪਰ ਇਸ ਦੇ ਜੰਗਬਾਜ਼ ਸਟੈਂਡ ਵਿਰੁੱਧ ‘ਆਪ’ ਨੇ ਵਾਰ-ਵਾਰ ਬਹੁਤ ਹੀ ਨਰਮ ਰੁਖ਼ ਅਖ਼ਤਿਆਰ ਕੀਤਾ ਹੈ। ਸਿਆਸੀ ਹਲਕਿਆਂ ਵਿਚਲੇ ਬਹੁਤ ਸਾਰੇ ਆਲੋਚਕ ਹੈਰਾਨ ਹਨ ਕਿ ਕੀ ‘ਆਪ’ ਭਾਜਪਾ ਦੀ ‘ਬੀ’ ਟੀਮ ਹੈ?

ਇਹ ਚੰਗੀ ਤਰ੍ਹਾਂ ਸਥਾਪਿਤ ਹੈ ਕਿ ਭਾਜਪਾ ਨੇ ਮੁਸਲਮਾਨ ਵਿਰੋਧੀ ਲਫ਼ਾਜ਼ੀ ਵਰਤ ਕੇ ਯੂਪੀ ਵਰਗੇ ਸਥਾਨਾਂ ’ਚ ਸਮਾਜੀ ਮਾਹੌਲ ਨੂੰ ਬਹੁਤ ਜ਼ਿਆਦਾ ਜ਼ਹਿਰੀਲਾ ਕਰ ਦਿੱਤਾ ਹੈ ਜਿਸ ਦਾ ਇਸ ਨੂੰ ਸਪੱਸ਼ਟ ਤੌਰ ’ਤੇ ਸਿਆਸੀ ਲਾਭ ਮਿਲਿਆ ਹੈ। ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਐਸੇ ਸਵਾਲਾਂ ਉੱਪਰ ਜਾਂ ਤਾਂ ਨਰਮ ਰੁਖ਼ ਅਖ਼ਤਿਆਰ ਕਰਦਾ ਰਿਹਾ ਹੈ ਜਾਂ ਫਿਰ ਰਾਸ਼ਟਰੀ ਹਿਤ ਦੇ ਨਾਂ ’ਤੇ ਇਸ ਨੇ ਮੋਦੀ ਨੂੰ ਪਛਾੜਨ ਦੀ ਕੋਸ਼ਿਸ਼ ਕੀਤੀ ਹੈ।



ਮੌਜੂਦਾ ਨਤੀਜੇ ਸਿਰਫ਼ ਇਹ ਦੱਸਦੇ ਹਨ ਕਿ ਮੋਦੀ ਛੇਤੀ ਕੀਤਿਆਂ ਜਾਣ ਵਾਲਾ ਨਹੀਂ ਹੈ। ਅਜਿਹੇ ਸੂਬੇ ਵਿਚ ਜੋ ਪਹਿਲਾਂ ਹੀ ਉਸ ਦੇ ਵਿਰੁੱਧ ਹੈ ‘ਆਪ’ ਦੀ ਜਿੱਤ ਨਾਲ ਬਹੁਤਾ ਫ਼ਰਕ ਪੈਣ ਵਾਲਾ ਨਹੀਂ ਹੈ ਜਿਸ ਦੇ ਜਸ਼ਨ ਮਨਾਏ ਜਾ ਰਹੇ ਹਨ। ਜ਼ਰਾ ਸੋਚੋ: ਪੰਜਾਬ ਕੋਲ ਪਾਰਲੀਮੈਂਟ ਵਿਚ ਸਿਰਫ਼ 13 ਸੀਟਾਂ ਹਨ, ਜਦੋਂ ਕਿ ਯੂ.ਪੀ. ਕੋਲ 80 ਹਨ, ਜਿਸ ਦਾ ਮਤਲਬ ਹੈ ਕਿ ਮੋਦੀ ਨੂੰ ਯੂ.ਪੀ. ਉੱਪਰ ਕਬਜ਼ਾ ਰੱਖਣ, ਆਪਣਾ ਬਹੁਮਤ ਬਰਕਰਾਰ ਰੱਖਣ ਅਤੇ ਮੁਲਕ ਨੂੰ ਚਲਾਉਣ ਲਈ ਪੰਜਾਬ ਦੀ ਜ਼ਰੂਰਤ ਨਹੀਂ ਹੈ ਉਹ ਇਸ ਨੂੰ ਨਜ਼ਰਅੰਦਾਜ਼ ਕਰ ਸਕਦਾ ਹੈ। ਉਹ ਆਪਣੇ ਸੰਦ-ਸੰਦੇੜੇ ਵਿਚਲੇ ਹਰ ਸੰਦ ਦੀ ਵਰਤੋਂ ਕਰੇਗਾ। ਜੇਕਰ ਯੂ.ਪੀ. ਦੇ ਪ੍ਰਮੁੱਖ ਹਿੰਦੂ ਵੋਟਰ ਉਸ ਦੀ ਖ਼ਾਸ ਵੰਨਗੀ ਦੀ ਫਿਰਕਾਪ੍ਰਸਤ ਰਾਜਨੀਤੀ ਸਵੀਕਾਰ ਕਰਕੇ ਖ਼ੁਸ਼ ਹਨ, ਜੋ ਕਿ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਸਪੱਸ਼ਟ ਤੌਰ ’ਤੇ ਹੋਇਆ, ਤਾਂ ਅਸੀਂ ਕਿਸੇ ਵੀ ਤਰ੍ਹਾਂ ਇਹ ਨਹੀਂ ਸੋਚ ਸਕਦੇ ਕਿ ਆਉਣ ਵਾਲੇ ਸਮੇਂ ’ਚ ਕਿਸੇ ਵਕਤ ਮੁਲਕ ਉੱਪਰ ਉਸ ਦੀ ਜਕੜ ਢਿੱਲੀ ਪੈਣ ਜਾ ਰਹੀ ਹੈ। ਲਿਹਾਜ਼ਾ ਫਾਸ਼ੀਵਾਦੀਆਂ ਵਿਰੁੱਧ ਲੜਾਈ ਅਜੇ ਮੁੱਕੀ ਨਹੀਂ ਹੈ।

ਅਨੁਵਾਦ: ਬੂਟਾ ਸਿੰਘ

# ਸਤਲੁਜ-ਯਮਨਾ ਲਿੰਕ ਨਹਿਰ: ਪੰਜਾਬ ਦਾ ਰਿਸਦਾ ਨਾਸੂਰ



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ
604 910 9953.

ਪੰਜਾਬ ਦਾ ਨਾਮ ਤਾਂ ਬਣਿਆ ਹੀ ਇਸਦੇ ਪੰਜ ਪਾਣੀਆਂ ਦੀ ਬਦੌਲਤ ਹੈ। 'ਸਿੱਖ ਇਤਿਹਾਸ-ਭਾਗ ਪਹਿਲਾ' (ਖੁਸ਼ਵੰਤ ਸਿੰਘ) ਅਨੁਸਾਰ "ਜਦੋਂ ਆਰੀਆ ਲੋਕ ਪੰਜਾਬ ਵਿਚ ਆਏ ਤਾਂ ਪੰਜਾਬ ਵਿਚ ਸੱਤ ਦਰਿਆ ਸਨ, ਇਸ ਕਰਕੇ ਉਹਨਾਂ ਨੇ ਸੱਤ ਸਾਗਰਾਂ ਦੀ ਧਰਤੀ ਜਾਂ ਸਪਤ ਸਿੰਧੂ ਨਾਮ ਰੱਖਿਆ। ਈਰਾਨੀ ਲੋਕਾਂ ਨੇ (ਫ਼ਾਰਸ ਵਾਸੀਆਂ ਨੇ) ਆਰੀਆ ਵਾਲ਼ਾ ਨਾਮ ਲੈ ਕੇ ਹੀ ਇਸਨੂੰ 'ਹਫ਼ਤ ਹਿੰਦਵਾ' ਕਿਹਾ। ਕੁੱਝ ਸਮੇਂ ਮਗਰੋਂ ਜਦੋਂ ਸੱਤਵਾਂ ਦਰਿਆ ਸੁੱਕ ਗਿਆ, ਲੋਕਾਂ ਨੇ ਸਿੰਧ ਨੂੰ ਗਿਣਤੀ 'ਚੋਂ ਬਾਹਰ ਰੱਖਕੇ (ਕਿਉਂਕਿ ਇਹ ਕੇਵਲ ਸੂਬੇ ਦੀ ਰਾਜਧਾਨੀ ਦੀ ਬਾਹਰਲੀ ਸੀਮਾ ਹੀ ਸਪਸ਼ਟ ਕਰਦਾ ਸੀ) ਇਸਦਾ ਨਾਮ ਬਾਕੀ ਦੇ ਪੰਜ ਦਰਿਆਵਾਂ ਦੇ ਨਾਮ 'ਤੇ "ਪੈਂਟੋਪੋਟੇਮੀਆ" ਜਾਂ ਪੰਜਾਂ ਦਰਿਆਵਾਂ ਦੀ ਧਰਤੀ ਜਾਂ ਪੰਜ-ਆਬ (ਪੰਜਾਬ) ਰੱਖਿਆ।"

(SANDRP, November 18, 2016 ਤੋਂ ਧੰਨਵਾਦ ਸਹਿਤ)


ਭਾਰਤ ਸਰਕਾਰ ਵੱਲੋਂ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਨਹਿਰਾਂ ਰਾਹੀਂ ਜੋੜਨ ਦੇ ਸੰਦਰਭ ਵਿਚ 1966 ਤੋਂ ਹੀ ਵਿਵਾਦ-ਗ੍ਰਸਤ ਸਤਲੁਜ-ਯਮਨਾ ਲਿੰਕ (SYL) ਨਹਿਰ ਬਾਰੇ ਭਾਵੇਂ ਵੱਖੋ ਵੱਖ ਧਿਰਾਂ ਵੱਲੋਂ ਬਹੁਤ ਕੁੱਝ ਕਿਹਾ ਲਿਖਿਆ ਜਾ ਚੁੱਕਾ ਹੈ, ਬਹੁਤ ਸਾਰਾ ਪਾਣੀ ਪੁਲ਼ਾਂ ਹੇਠ ਵਗ ਚੁੱਕਾ ਹੈ, ਅਤੇ ਹੁਣ ਇਹ ਰਿਸਦਾ ਨਾਸੂਰ ਬਣ ਗਿਆ ਹੈ। ਪਰੰਤੂ SYL ਨਹਿਰ ਬਾਰੇ ਇੱਕ ਸੰਤੁਲਤ, ਨਿਰਪੱਖ, ਤੇ ਵਿਸਥਾਰ ਸਹਿਤ ਚਰਚਾ ਦੀ ਲੋੜ ਹੈ। ਪੰਜਾਬ ਦੇ ਜ਼ਮੀਨਦੋਜ਼ ਪਾਣੀਆਂ ਬਾਰੇ ਵੱਖਰੇ ਲੇਖ ਦੀ ਲੋੜ ਹੈ।

ਪੰਜਾਬ ਦੇ ਪਾਣੀਆਂ ਦੀ ਗ਼ੈਰ-ਕਾਨੂੰਨੀ ਲੁੱਟ ਦਾ ਭਖਦਾ ਮੁੱਦਾ ਸਤਲੁਜ ਜਮਨਾ ਲਿੰਕ ਨਹਿਰ ਹੈ। ਇਹ ਵਿਵਾਦ 01 ਨਵੰਬਰ, 1966 ਨੂੰ ਹਰਿਆਣਾ ਦੇ ਪੰਜਾਬ ਤੋਂ ਵੱਖ ਹੋਣ ਨਾਲ ਸ਼ੁਰੂ ਹੋਇਆ ਸੀ ਅਤੇ ਬਿਨਾਂ ਕਿਸੇ ਸਮਾਧਾਨ ਦੇ ਲਗਭਗ 50 ਸਾਲ ਪੂਰੇ ਹੋ ਗਏ ਹਨ। Wikipedia, ਮਾਰਚ 10, 2022 ਅਨੁਸਾਰ ਸਤਲੁਜ ਯਮੁਨਾ ਲਿੰਕ ਨਹਿਰ (SYL), ਸਤਲੁਜ ਅਤੇ ਯਮੁਨਾ ਦਰਿਆਵਾਂ ਨੂੰ ਜੋੜਦੀ ਭਾਰਤ ਵਿੱਚ ਨਿਰਮਾਣ ਅਧੀਨ 214 ਕਿਲੋਮੀਟਰ ਲੰਬੀ ਨਹਿਰ ਹੈ। ਪ੍ਰੰਤੂ ਇਸ ਪ੍ਰਸਤਾਵ ਨੂੰ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਕੇਸ ਨੂੰ ਭਾਰਤ ਦੀ ਸੁਪਰੀਮ ਕੋਰਟ ਵਿੱਚ ਭੇਜ ਦਿੱਤਾ ਗਿਆ। ਇਹ ਪੰਜਾਬ ਅਤੇ ਹਰਿਆਣਾ ਰਾਜਾਂ ਵਿਚਕਾਰ ਦਰਿਆਈ ਪਾਣੀਆਂ ਦੀ ਵੰਡ ਨੂੰ ਪਰਿਭਾਸ਼ਿਤ ਕਰਦਾ ਹੈ।

1947 ਵਿੱਚ ਪੰਜਾਬ ਦੀ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਵੰਡ ਤੋਂ ਬਾਅਦ, 'ਸਿੰਧ ਜਲ ਸੰਧੀ ਸਮਝੌਤੇ' ਤਹਿਤ ਸਿੰਧ ਬੇਸਿਨ ਨੂੰ ਵੀ ਦੋ ਹਿੱਸਿਆਂ ਵਿੱਚ ਵੰਡਿਆ ਗਿਆ, ਜਿਸ ਵਿੱਚ ਸਿੰਧ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਉੱਪਰਲੇ ਹਿੱਸੇ ਭਾਰਤ ਅਤੇ ਹੇਠਲੇ ਹਿੱਸੇ ਪਾਕਿਸਤਾਨ ਕੋਲ਼ ਚਲੇ ਗਏ। ਇਸ ਵੰਡ ਦੇ ਨਾਲ ਹੀ ਭਾਰਤ ਤੇ ਪਾਕਿਸਤਾਨ ਵਿਚ ਪਾਣੀਆਂ 'ਤੇ ਵਿਵਾਦ ਸ਼ੁਰੂ ਹੋ ਗਿਆ। ਜਦ ਨੌਬਤ ਜੰਗ ਤੱਕ ਪਹੁੰਚ ਗਈ ਤਾਂ ਵਿਸ਼ਵ ਬੈਂਕ ਨੇ ਦੋਵਾਂ ਦੇਸ਼ਾਂ ਵਿਚਕਾਰ ਸਾਲਸੀ ਧਿਰ ਬਣ ਕੇ 'ਸਿੰਧ ਜਲ ਸੰਧੀ' ਨਾਮ ਦਾ ਸਮਝੌਤਾ ਕਰਵਾ ਦਿੱਤਾ। ਇਸ ਸਮਝੌਤੇ ਤਹਿਤ ਭਾਰਤੀ ਪੰਜਾਬ ਨੂੰ ਰਾਵੀ, ਸਤਲੁਜ, ਬਿਆਸ ਤੇ ਯਮਨਾ; ਅਤੇ ਦੂਜੇ ਪਾਸੇ ਪਾਕਿਸਤਾਨੀ ਪੰਜਾਬ ਨੂੰ ਜਿਹਲਮ, ਸਿੰਧ ਤੇ ਚਨਾਬ ਦੀ ਮਾਲਕੀ ਮਿਲੀ। ਅਜੇ 1954 ਵਿੱਚ ਵਿਵਾਦ ਦੇ ਹੱਲ ਲਈ ਗੱਲਬਾਤ ਚੱਲ ਪਈ ਸੀ, ਪਰ ਸੰਧੀ ਹੋਣ ਦੀ ਉਮੀਦ ਵਿੱਚ ਭਾਰਤ ਵਿੱਚ ਗਤੀਵਿਧੀਆਂ ਪਹਿਲਾਂ ਹੀ ਸ਼ੁਰੂ ਹੋ ਚੁੱਕੀਆਂ ਸਨ। ਭਾਵੇਂ ਭਾਖੜਾ ਨੰਗਲ ਪ੍ਰਾਜੈਕਟ ਰਾਹੀਂ ਸਤਲੁਜ ਦਰਿਆ ਦੇ ਪਾਣੀ ਦਾ ਮੁੱਦਾ ਹੱਲ ਹੋ ਗਿਆ ਸੀ ਪਰ ਵੰਡ ਤੋਂ ਪਹਿਲਾਂ ਵਾਲ਼ੀ ਪਾਣੀ ਦੀ ਵਰਤੋਂ ਨੂੰ ਛੱਡ ਕੇ ਰਾਵੀ ਅਤੇ ਬਿਆਸ ਦਰਿਆਵਾਂ ਦੇ ਵਾਧੂ ਪਾਣੀਆਂ ਦਾ ਮੁੱਦਾ ਬਰਕਰਾਰ ਰਿਹਾ। 29 ਜਨਵਰੀ 1955 ਨੂੰ ਪੰਜਾਬ, ਪੈਪਸੂ, ਰਾਜਸਥਾਨ ਅਤੇ ਜੰਮੂ-ਕਸ਼ਮੀਰ ਰਾਜਾਂ ਨੇ ਦਰਿਆਈ ਪਾਣੀਆਂ ਦੀ ਵੰਡ ਦੇ ਸਬੰਧ ਵਿੱਚ ਇੱਕ ਸਮਝੌਤਾ ਕੀਤਾ, ਜਿਸ ਵਿੱਚ ਪੰਜਾਬ ਨੂੰ 5.9 MAF ਅਤੇ ਪੈਪਸੂ ਨੂੰ ਅਨੁਮਾਨਿਤ 15.85 MAF ਪਾਣੀ ਵਿੱਚੋਂ 1.3 MAF, ਰਾਜਸਥਾਨ ਨੂੰ 8 MAF ਅਤੇ ਜੰਮੂ-ਕਸ਼ਮੀਰ ਨੂੰ ਬਾਕੀ 0.65 MAF ਮੁਹੱਈਆ ਕਰਨਾ ਨਿਸ਼ਚਿਤ ਕੀਤਾ ਗਿਆ। 1956 ਵਿੱਚ ਪੰਜਾਬ ਅਤੇ ਪੈਪਸੂ ਦੇ ਰਲੇਵੇਂ ਨਾਲ ਪੰਜਾਬ ਦਾ ਕੁੱਲ ਹਿੱਸਾ 7.2 MAF ਹੋ ਗਿਆ। 1960 ਵਿੱਚ ਹੋਈ ਸਿੰਧ ਜਲ ਸੰਧੀ ਤਹਿਤ ਭਾਰਤ ਨੂੰ ਸਤਲੁਜ, ਰਵੀ ਅਤੇ ਬਿਆਸ ਤੋਂ ਪਾਣੀ ਦੀ "ਸੁਤੰਤਰ ਅਤੇ ਨਿਰਵਿਘਨ ਵਰਤੋਂ" ਕਰਨ ਦੀ ਆਗਿਆ ਮਿਲ਼ ਗਈ।

The Punjab Reorganization Act 1966: ਪੰਜਾਬ ਪੁਨਰਗਠਨ ਐਕਟ 1966 ਭਾਰਤ ਸਰਕਾਰ ਵੱਲੋਂ 18 ਸਤੰਬਰ 1966 ਨੂੰ ਪਾਸ ਕੀਤਾ ਗਿਆ, ਜਿਸ ਤਹਿਤ ਸਾਬਕਾ ਪੂਰਬੀ ਪੰਜਾਬ ਨੂੰ ਭੰਗ ਕਰ ਦਿੱਤਾ ਗਿਆ। ਸਾਬਕਾ ਪੂਰਬੀ ਪੰਜਾਬ ਵਿਚੋਂ ਮੌਜੂਦਾ ਪੰਜਾਬ ਤਰਾਸ਼ਿਆ ਗਿਆ; ਹਰਿਆਣੇ ਦਾ ਨਵਾਂ ਸੂਬਾ ਹੋਂਦ ਵਿਚ ਆਇਆ; ਟੈਰੀਟੋਰੀ ਇਲਾਕੇ ਨੂੰ ਹਿਮਾਚਲ ਪ੍ਰਦੇਸ਼ ਵਿੱਚ ਤਬਦੀਲ ਕਰ ਦਿੱਤਾ ਗਿਆ, ਜੋ ਉਸ ਸਮੇਂ ਇੱਕ ਕੇਂਦਰ ਸ਼ਾਸਿਤ ਖੇਤਰ ਸੀ; ਅਤੇ ਚੰਡੀਗੜ੍ਹ ਸ਼ਹਿਰ ਨੂੰ ਯੂਨੀਅਨ ਟੈਰੀਟੋਰੀ ਹੇਠ ਪੰਜਾਬ ਅਤੇ ਹਰਿਆਣਾ ਦੋਵਾਂ ਦੀ ਆਰਜ਼ੀ ਰਾਜਧਾਨੀ ਵਜੋਂ ਇੱਕ ਅਸਥਾਈ ਕੇਂਦਰ-ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ। ਭਾਰਤ ਸਰਕਾਰ ਨੇ ਇਸ ਐਕਟ ਵਿਚ ਧਾਰਾਵਾਂ 78,79 ਅਤੇ 80 ਤਿੰਨ ਧਾਰਾਂ ਜੋੜ ਦਿੱਤੀਆਂ। ਪੰਜਾਬ ਦੀ ਇਸ ਗ਼ੈਰ-ਕਾਨੂੰਨੀ ਵੰਡ ਦੇ ਨਤੀਜੇ ਵਜੋਂ ਪੰਜਾਬੀ ਸੂਬਾ ਲਹਿਰ ਦਾ ਜਨਮ ਹੋਇਆ। "he Punjab Reorganization Act, 1966 ਦੀ ਧਾਰਾ 78 ਤਹਿਤ 'ਪਾਣੀਆਂ ਦੀ ਵੰਡ', ਧਾਰਾ 79 ਤਹਿਤ 'ਦਰਿਆਵਾਂ ਜਾਂ ਨਹਿਰਾਂ ਦੀ ਉਸਾਰੀ', ਧਾਰਾ 80 ਤਹਿਤ 'ਹੈੱਡ ਵਰਕਸ ਦਾ ਕੰਟਰੋਲ' ਜਿਹੜਾ ਕਿ ਰਾਜ ਸਰਕਾਰਾਂ ਦੇ ਅਧਿਕਾਰ ਖੇਤਰਾਂ ਵਿੱਚ ਆਉਂਦਾ ਹੈ ਨੂੰ ਆਪਣੇ ਕੰਟਰੋਲ ਹੇਠ ਰੱਖ ਲਿਆ ਗਿਆ।

ਪੰਜਾਬ ਪੁਨਰਗਠਨ ਐਕਟ 1966 ਤੋਂ ਬਾਅਦ ਹਰਿਆਣਾ ਰਾਜ ਹੋਂਦ ਵਿਚ ਆਇਆ ਅਤੇ ਦਰਿਆਈ ਪਾਣੀਆਂ ਦੀ ਵੰਡ ਬਾਰੇ ਵਿਵਾਦ ਉੱਭਰਿਆ। ਹਰਿਆਣਾ ਨੇ ਪੰਜਾਬ ਦੇ ਦਰਿਆਵਾਂ ਦੇ ਕੁੱਲ 7.2 MAF ਪਾਣੀ ਵਿੱਚੋਂ 4.8 MAF ਦੀ ਮੰਗ ਕੀਤੀ, ਪਰ ਪੰਜਾਬ ਨੇ ਦਾਅਵਾ ਕੀਤਾ ਕਿ ਸਾਰੇ ਪਾਣੀ 'ਤੇ ਇਸ ਦਾ ਹੱਕ ਹੈ। ਕਿਉਂਕਿ ਕੋਈ ਸਮਝੌਤਾ ਨਹੀਂ ਹੋ ਸਕਿਆ, ਹਰਿਆਣਾ ਨੇ ਕੇਂਦਰ ਸਰਕਾਰ ਨੂੰ ਦਖ਼ਲ ਦੇਣ ਲਈ ਕਿਹਾ। 1976 ਵਿੱਚ, ਜਦੋਂ ਦੇਸ਼ ਅੰਦਰੂਨੀ ਐਮਰਜੈਂਸੀ ਅਧੀਨ ਸੀ, ਕੇਂਦਰ ਸਰਕਾਰ ਦੁਆਰਾ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ ਗਿਆ, ਜਿਸ ਨੇ ਦੋਵਾਂ ਰਾਜਾਂ ਨੂੰ 3.5 MAF ਪਾਣੀ ਪ੍ਰਤਿ ਰਾਜ ਅਲਾਟ ਕੀਤਾ ਜਦ ਕਿ ਦਿੱਲੀ ਨੂੰ ਬਾਕੀ 0.2 MAF ਮਿਲਿਆ। ਅਲਾਟ ਕੀਤੇ ਪਾਣੀ ਨੂੰ ਪੂਰੀ ਤਰ੍ਹਾਂ ਵਰਤੋਂ ਵਿਚ ਲਿਆਉਣ ਲਈ 'ਸਤਲੁਜ-ਯਮੁਨਾ ਲਿੰਕ' ਨਹਿਰ ਦੀ ਤਜਵੀਜ਼ ਕੀਤੀ ਗਈ। ਇਸ ਫ਼ੈਸਲੇ ਦਾ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਵਿਰੋਧ ਕੀਤਾ। 1977 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕੀਤੀ ਕਿ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦਰਮਿਆਨ ਪਾਣੀ ਦੀ ਵੰਡ ਦਾ ਫ਼ੈਸਲਾ ਸੁਪਰੀਮ ਕੋਰਟ ਕਰੇ ਅਤੇ ਕੇਂਦਰ ਸਰਕਾਰ ਦੇ ਆਦੇਸ਼ ਦੇ ਖ਼ਿਲਾਫ ਮੁਕੱਦਮਾ ਦਾਇਰ ਕੀਤਾ ਜਾਵੇ। ਪੰਜਾਬ ਦੀ ਅਕਾਲੀ ਦਲ ਦੀ ਸਰਕਾਰ ਵੱਲੋਂ ਇਸੇ ਸਾਲ ਨਹਿਰ ਦੀ ਉਸਾਰੀ ਸ਼ੁਰੂ ਕਰ ਦਿਤੀ ਗਈ। ਹਰਿਆਣਾ ਸਰਕਾਰ ਨੇ ਇਸ ਕੰਮ ਲਈ ਪੰਜਾਬ ਸਰਕਾਰ ਨੂੰ 10 ਮਿਲੀਅਨ ਰੁਪਏ ਮੁਹੱਈਆ ਕੀਤੇ। ਬਾਅਦ ਵਿੱਚ ਸਰਕਾਰ ਨੇ SYL ਨਹਿਰ ਲਈ ਜ਼ਮੀਨ ਹਾਸਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ। ਹਰਿਆਣਾ ਵਿੱਚਲੇ ਨਹਿਰ ਦੇ ਹਿੱਸੇ (92 ਕਿਲੋਮੀਟਰ) ਦੀ ਉਸਾਰੀ ਜੂਨ 1980 ਤੱਕ ਪੂਰੀ ਹੋ ਗਈ ਸੀ।




1980 ਵਿੱਚ ਪੰਜਾਬ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ (ਆਈ ਐਨ ਸੀ) ਦੇ ਸੱਤਾ ਵਿੱਚ ਆਉਣ ਤੋਂ ਬਾਅਦ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦਰਮਿਆਨ 31 ਦਸੰਬਰ 1981 ਨੂੰ ਇੱਕ ਸਮਝੌਤਾ ਹੋਇਆ, ਜਿਸ ਵਿਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਮੁੱਖ ਮੰਤਰੀ, ਅਤੇ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸ਼ਾਮਲ ਸਨ। ਸਮਝੌਤੇ ਤਹਿਤ ਪੰਜਾਬ ਦਾ ਹਿੱਸਾ ਵਧਾ ਕੇ 4.22 MAF ਅਤੇ ਰਾਜਸਥਾਨ ਦਾ 8.6 MAF ਕਰ ਦਿੱਤਾ ਗਿਆ ਜਦਕਿ ਕੁੱਲ 17. 17 MAF ਪਾਣੀ ਤੋਂ ਬਾਕੀ ਬਚਿਆ (4.35 MAF) ਹਰਿਆਣਾ ਦਾ ਹਿੱਸਾ ਪਹਿਲਾਂ ਵਾਲਾ ਹੀ ਰਿਹਾ। ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਬਾਅਦ ਸਾਰੇ ਰਾਜਾਂ ਨੇ ਸੁਪਰੀਮ ਕੋਰਟ ਤੋਂ ਆਪਣੇ ਮੁਕੱਦਮੇ ਵਾਪਸ ਲੈ ਲਏ। 8 ਅਪ੍ਰੈਲ 1982 ਨੂੰ ਇੰਦਰਾ ਗਾਂਧੀ ਨੇ ਰਸਮੀ ਤੌਰ 'ਤੇ ਹਰਿਆਣਾ ਦੇ ਕਪੂਰੀ ਪਿੰਡ ਵਿੱਚ SYL ਨਹਿਰ ਦੀ ਉਸਾਰੀ ਲਈ ਟੱਕ ਲਾਇਆ, ਜਿਸ ਨੇ ਪੰਜਾਬ ਵਿਚੋਂ ਭਾਖੜਾ ਡੈਮ ਤੋਂ ਲੈ ਕੇ ਹਰਿਆਣਾ ਦੇ ਕਰਨਾਲ ਸ਼ਹਿਰ ਤੱਕ ਪਾਣੀ ਲੈ ਜਾਣਾ ਸੀ। 23 ਅਪ੍ਰੈਲ ਨੂੰ ਪੰਜਾਬ ਸਰਕਾਰ ਨੇ ਇੱਕ ਵ੍ਹਾਈਟ ਪੇਪਰ ਜਾਰੀ ਕਰਕੇ ਸਮਝੌਤੇ ਦੀ ਸ਼ਲਾਘਾ ਕੀਤੀ। ਪੰਜਾਬ ਸਮਝੌਤੇ ਤਹਿਤ ਜੋ ਸ਼ਰਤਾਂ ਹੋਈਆਂ, ਉਨ੍ਹਾਂ ਅਨੁਸਾਰ ਹਰਿਆਣਾ, ਪੰਜਾਬ ਅਤੇ ਰਾਜਸਥਾਨ ਦੇ ਦਰਿਆਈ ਪਾਣੀ ਦੇ ਦਾਅਵਿਆਂ ਦੀ ਜਾਂਚ ਲਈ ਟ੍ਰਿਬਿਊਨਲ ਸਥਾਪਤ ਕੀਤਾ ਜਾਣਾ ਸੀ। ਅਕਾਲੀ ਦਲ ਅਕਤੂਬਰ 1985 ਵਿੱਚ ਪੰਜਾਬ ਵਿੱਚ ਮੁੜ ਸੱਤਾ ਵਿੱਚ ਆਇਆ ਅਤੇ 5 ਨਵੰਬਰ 1985 ਨੂੰ ਨਵੀਂ ਚੁਣੀ ਗਈ ਪੰਜਾਬ ਵਿਧਾਨ ਸਭਾ ਨੇ 1981 ਵਾਲ਼ੇ ਸਮਝੌਤੇ ਨੂੰ ਰੱਦ ਕਰ ਦਿੱਤਾ। ਰਾਵੀ ਅਤੇ ਬਿਆਸ ਵਾਟਰਜ਼ ਟ੍ਰਿਬਿਊਨਲ (ਜਿਸ ਨੂੰ ਇਸ ਦੇ ਚੇਅਰਮੈਨ ਵੀ. ਬਾਲਾਕ੍ਰਿਸ਼ਨ ਈਰਾਡੀ ਦੇ ਨਾਂ ਹੇਠ 'ਈਰਾਡੀ ਟ੍ਰਿਬਿਊਨਲ' ਵਜੋਂ ਵੀ ਜਾਣਿਆ ਜਾਂਦਾ ਹੈ) ਦਾ ਗਠਨ 2 ਅਪ੍ਰੈਲ 1986 ਨੂੰ ਕੀਤਾ ਗਿਆ ਸੀ। 30 ਜਨਵਰੀ 1987 ਨੂੰ ਟ੍ਰਿਬਿਊਨਲ ਨੇ 1955, 1976 ਅਤੇ 1981 ਦੇ ਸਮਝੌਤਿਆਂ ਦੀ ਕਾਨੂੰਨੀਤਾ ਨੂੰ ਬਰਕਰਾਰ ਰੱਖਿਆ। ਇਸ ਨੇ ਪੰਜਾਬ ਅਤੇ ਹਰਿਆਣਾ ਦੋਵਾਂ ਦੇ ਸ਼ੇਅਰਾਂ ਵਿੱਚ ਵੀ ਵਾਧਾ ਕੀਤਾ ਅਤੇ ਉਨ੍ਹਾਂ ਨੂੰ ਕ੍ਰਮਵਾਰ 5 MAF ਅਤੇ 3.83 MAF ਅਲਾਟ ਕੀਤੇ। ਇਸ ਨੇ ਇਹ ਵੀ ਨੋਟ ਕੀਤਾ ਕਿ ਜਿੱਥੇ ਹਰਿਆਣਾ ਵਿੱਚ ਨਹਿਰ ਦਾ ਹਿੱਸਾ ਪੂਰਾ ਹੋ ਗਿਆ ਸੀ, ਉੱਥੇ ਪੰਜਾਬ ਦਾ ਹਿੱਸਾ ਪੂਰਾ ਨਹੀਂ ਹੋਇਆ ਸੀ ਅਤੇ ਅਪੀਲ ਕੀਤੀ ਕਿ ਇਸ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾਵੇ। ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਪੰਜਾਬ ਦੀ ਅਕਾਲੀ ਦਲ ਸਰਕਾਰ ਨੇ ਨਹਿਰ ਦਾ ਨਿਰਮਾਣ ਸ਼ੁਰੂ ਕਰ ਦਿੱਤਾ, ਪਰ ਇਹ ਕਦੇ ਮੁਕੰਮਲ ਨਾ ਹੋ ਸਕਿਆ।

ਜੁਲਾਈ 1990 ਵਿੱਚ SYL ਦੇ ਨਿਰਮਾਣ ਦੇ ਵਿਰੋਧ ਵਿਚ ਇੱਕ ਚੀਫ਼ ਇੰਜੀਨੀਅਰ, ਨਿਗਰਾਨ ਇੰਜਨੀਅਰ ਅਤੇ ਚੰਡੀਗੜ੍ਹ ਨੇੜੇ ਇੱਕ ਪ੍ਰੋਜੈਕਟ ਸਾਈਟ 'ਤੇ ਕੰਮ ਕਰਨ ਵਾਲੇ 30 ਮਜ਼ਦੂਰਾਂ ਦੀ ਹੱਤਿਆ ਕਰ ਦਿੱਤੀ ਗਈ, ਜਿਸ ਕਾਰਨ ਨਹਿਰ ਦਾ ਨਿਰਮਾਣ ਰੋਕ ਦਿੱਤਾ ਗਿਆ। 1999 ਵਿੱਚ ਹਰਿਆਣਾ ਨੇ ਸੁਪਰੀਮ ਕੋਰਟ ਵਿੱਚ ਮੁਕੱਦਮਾ ਦਾਇਰ ਕਰਕੇ ਨਹਿਰ ਦੇ ਨਿਰਮਾਣ ਦੀ ਮੰਗ ਕੀਤੀ। 2002 ਵਿੱਚ ਸੁਪਰੀਮ ਕੋਰਟ ਨੇ ਪੰਜਾਬ ਨੂੰ ਇੱਕ ਸਾਲ ਦੇ ਅੰਦਰ SYL ਨਹਿਰ ਪੂਰੀ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਪੰਜਾਬ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਅਦਾਲਤ ਦੇ ਆਦੇਸ਼ ਦੀ ਸਮੀਖਿਆ ਲਈ ਪਟੀਸ਼ਨ ਦਾਇਰ ਕੀਤੀ, ਜਿਸ ਨੂੰ ਰੱਦ ਕਰ ਦਿੱਤਾ ਗਿਆ। 2004 ਵਿੱਚ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤੇ ਕਿ ਉਹ ਇੱਕ ਕੇਂਦਰੀ ਏਜੰਸੀ ਰਾਹੀਂ ਨਹਿਰ ਦਾ ਨਿਰਮਾਣ ਪੂਰਾ ਕਰੇ। ਪੰਜਾਬ ਸਰਕਾਰ ਤੋਂ ਨਹਿਰ ਦਾ ਕੰਮ ਸੰਭਾਲਣ ਲਈ ਕੇਂਦਰੀ ਲੋਕ ਨਿਰਮਾਣ ਵਿਭਾਗ ਦੀ ਨਿਯੁਕਤੀ 2 ਜੁਲਾਈ 2004 ਨੂੰ ਕੀਤੀ ਗਈ। ਪ੍ਰੰਤੂ, 12 ਜੁਲਾਈ 2004 ਨੂੰ ਪੰਜਾਬ ਵਿਧਾਨ ਸਭਾ ਨੇ "ermination of Agreement Act 2004 ਪਾਸ ਕੀਤਾ ਜਿਸ ਤਹਿਤ ਗੁਆਂਢੀ ਰਾਜਾਂ ਨਾਲ਼ ਆਪਣੇ ਸਾਰੇ ਦਰਿਆਈ ਪਾਣੀਆਂ ਦੇ ਸਮਝੌਤਿਆਂ ਨੂੰ ਰੱਦ ਕਰ ਦਿੱਤਾ, ਪਰ ਰਾਜਸਥਾਨ, ਦਿੱਲੀ ਅਤੇ ਹਰਿਆਣਾ ਨੂੰ ਜਾ ਰਹੇ ਦਰਿਆਈ ਪਾਣੀਆਂ ਨੂੰ ਉਵੇਂ ਹੀ ਰੱਖੇ ਜਾਣ ਦੀ ਕਾਨੂੰਨੀ ਮਾਨਤਾ ਦੇ ਦਿੱਤੀ। ਪੰਜਾਬ ਨੇ ਹਮੇਸ਼ਾ ਇਹ ਕਿਹਾ ਸੀ ਕਿ ਮਾਨਤਾ ਪ੍ਰਾਪਤ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨਾਂ ਅਨੁਸਾਰ "ਨਿਆਂ" ਕੀਤਾ ਜਾਣਾ ਚਾਹੀਦਾ ਹੈ। ਭਾਰਤ ਦੇ ਰਾਸ਼ਟਰਪਤੀ ਨੇ ਉਸੇ ਸਾਲ ਇਸ ਬਿੱਲ ਨੂੰ ਸੁਪਰੀਮ ਕੋਰਟ ਦੇ ਹਵਾਲੇ ਕਰ ਦਿੱਤਾ।

ਅਦਾਲਤ ਨੇ 7 ਮਾਰਚ 2016 ਨੂੰ ਪੰਜਾਬ ਵਿਧਾਨ ਸਭਾ ਵੱਲੋਂ ਬਿੱਲ 'ਤੇ ਸੁਣਵਾਈ ਸ਼ੁਰੂ ਕੀਤੀ। 15 ਮਾਰਚ 2016 ਨੂੰ ਪੰਜਾਬ ਵਿਧਾਨ ਸਭਾ ਨੇ ਸਰਬ-ਸੰਮਤੀ ਨਾਲ ਪੰਜਾਬ SYL ਨਹਿਰ ਜ਼ਮੀਨ ਸਬੰਧੀ "ransfer of Proprietary Act, 2016 ਪਾਸ ਕਰ ਦਿੱਤਾ, ਜਿਸ ਵਿੱਚ SYL ਨਹਿਰ ਬਣਾਉਣ ਲਈ ਮਾਲਕਾਂ ਤੋਂ ਲਈ ਗਈ ਜ਼ਮੀਨ ਵਾਪਸ ਕਰਨ ਦਾ ਪ੍ਰਸਤਾਵ ਰੱਖਿਆ ਗਿਆ। 18 ਮਾਰਚ ਨੂੰ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਨਹਿਰ ਦੇ ਨਿਰਮਾਣ ਲਈ ਇੱਕੁਵਾਇਰ ਕੀਤੀ ਜ਼ਮੀਨ 'ਤੇ ਪਹਿਲਾਂ ਵਾਲ਼ਾ ਫ਼ੈਸਲਾ ਜਿਉਂ ਦਾ ਤਿਉਂ ਰੱਖਣ ਦਾ ਹੁਕਮ ਦਿੱਤਾ। 10 ਨਵੰਬਰ ਨੂੰ ਅਦਾਲਤ ਨੇ ਆਪਣੀ ਰਾਏ ਦਿੱਤੀ ਕਿ ਪੰਜਾਬ ਸਰਕਾਰ ਦਾ 2004 ਦਾ ਬਿੱਲ ਜਿਸ ਨੇ ਦਰਿਆਈ ਪਾਣੀਆਂ ਦੇ ਸਮਝੌਤਿਆਂ ਨੂੰ ਖ਼ਤਮ ਕਰ ਦਿੱਤਾ ਸੀ, ਗ਼ੈਰ-ਕਾਨੂੰਨੀ ਸੀ। 15 ਨਵੰਬਰ ਨੂੰ ਸਰਕਾਰ ਨੇ ਇਕ ਕਾਰਜਕਾਰੀ ਆਦੇਸ਼ ਪਾਸ ਕੀਤਾ, ਨਹਿਰ ਦੀ ਖੁਦਾਈ ਲਈ ਇੱਕੁਵਾਇਰ ਕੀਤੀ ਜ਼ਮੀਨ ਨੂੰ ਡੀਨੋਟੀਫਾਈ ਕਰਕੇ ਪੰਜਾਬ ਦੇ ਵਿੱਤੀ ਆਮਦਨ ਕਮਿਸ਼ਨਰ ਵੱਲੋਂ ਜਾਰੀ ਨੋਟੀਫਿਕੇਸ਼ਨ ਰਾਹੀਂ ਇਸ ਨੂੰ ਆਪਣੇ ਮੂਲ ਮਾਲਕਾਂ ਨੂੰ ਵਾਪਸ ਕਰ ਦਿੱਤਾ। ਪੰਜਾਬ ਦੀ ਵਿਧਾਨ ਸਭਾ ਨੇ ਵੀ ਅਗਲੇ ਦਿਨ ਇੱਕ ਮਤਾ ਪਾਸ ਕੀਤਾ, ਜਿਸ ਵਿੱਚ ਆਪਣੇ ਗ਼ੈਰ-ਰਿਪੇਰੀਅਨ ਗੁਆਂਢੀ ਸੂਬੇ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਸਪਲਾਈ ਕੀਤੇ ਗਏ ਦਰਿਆਈ ਪਾਣੀ ਲਈ ਰਾਇਲਟੀ ਦੀ ਮੰਗ ਕੀਤੀ। ਸਾਰੀ ਡੀਨੋਟੀਫਾਈਡ ਜ਼ਮੀਨ ਨੂੰ 20 ਨਵੰਬਰ ਤੱਕ ਵਾਪਸ ਕਰ ਦਿੱਤਾ ਗਿਆ। ਸੁਪਰੀਮ ਕੋਰਟ ਨੇ 30 ਨਵੰਬਰ ਨੂੰ ਜ਼ਮੀਨ ਨਾਲ ਸਬੰਧਿਤ ਸਥਿਤੀ ਨੂੰ ਜਿਉਂ ਦਾ ਤਿਉਂ ਰੱਖਣ ਦਾ ਹੁਕਮ ਦਿੱਤਾ। 22 ਫਰਵਰੀ 2017 ਨੂੰ ਸੁਪਰੀਮ ਕੋਰਟ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ SYL ਨਹਿਰ ਦੇ ਨਿਰਮਾਣ ਬਾਰੇ ਆਪਣੇ ਆਦੇਸ਼ ਦੀ ਪਾਲਣਾ ਕਰਨੀ ਪਵੇਗੀ ਅਤੇ ਜੇ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਕਿਸੇ ਸਮਝੌਤੇ 'ਤੇ ਪਹੁੰਚਣ ਵਿੱਚ ਅਸਫ਼ਲ ਰਹੀਆਂ ਤਾਂ ਉਹ ਇੱਕ ਫ਼ੁਰਮਾਨ ਪਾਸ ਕਰੇਗੀ।

ਸ਼੍ਰੋਮਣੀ ਅਕਾਲੀ ਦਲ ਨੇ 12 ਅਪ੍ਰੈਲ 2016 ਨੂੰ ਲੁਧਿਆਣਾ ਵਿੱਚ SYL ਮੁੱਦੇ 'ਤੇ ਰੋਸ ਪ੍ਰਦਰਸ਼ਨ ਕੀਤਾ, ਜਦਕਿ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਸਰਕਾਰ 'ਤੇ 'ਦੋਹਰੀ ਬੋਲੀ ਬੋਲਣ' ਅਤੇ 'ਪੰਜਾਬ ਵਿਰੋਧੀ ਸਟੈਂਡ' ਦਾ ਦੋਸ਼ ਲਾਇਆ। 11 ਨਵੰਬਰ 2016 ਨੂੰ ਪੰਜਾਬ ਵਿਧਾਨ ਸਭਾ ਦੇ ਸਾਰੇ ਇੰਡੀਅਨ ਨੈਸ਼ਨਲ ਕਾਂਗਰਸੀ ਵਿਧਾਇਕਾਂ ਨੇ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਦੇ ਵਿਰੋਧ ਵਿੱਚ ਅਸਤੀਫ਼ਾ ਦੇ ਦਿੱਤਾ ਕਿ ਸੂਬੇ ਵੱਲੋਂ SYL ਨੂੰ ਖ਼ਤਮ ਕਰਨਾ ਗ਼ੈਰ-ਸੰਵਿਧਾਨਕ ਸੀ। ਆਮ ਆਦਮੀ ਪਾਰਟੀ ਨੇ ਉਸੇ ਦਿਨ ਕਪੂਰੀ ਪਿੰਡ ਵਿੱਚ ਅਣਮਿੱਥੇ ਸਮੇਂ ਲਈ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤਾ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਨੂੰ SYL ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਇਸ ਮੁੱਦੇ 'ਤੇ ਕਾਨੂੰਨ ਵਿਵਸਥਾ ਦੀ ਸਮੱਸਿਆ ਨੂੰ ਕਾਬੂ ਵਿਚ ਰੱਖਣ ਲਈ ਪੰਜਾਬ ਪੁਲਿਸ ਨੇ ਪੰਜਾਬ ਦੇ ਕੁੱਝ ਹਿੱਸਿਆਂ ਵਿੱਚ ਰੈਪਿਡ ਐਕਸ਼ਨ ਫੋਰਸ ਤਾਇਨਾਤ ਕੀਤੀ, ਹਰਿਆਣਾ ਨਾਲ ਲੱਗਦੀ ਸਰਹੱਦ ਸੀਲ ਕਰ ਦਿੱਤੀ ਅਤੇ 12 ਨਵੰਬਰ ਨੂੰ ਨੈਸ਼ਨਲ ਹਾਈਵੇ-1 'ਤੇ ਗਸ਼ਤ ਵਧਾ ਦਿੱਤੀ। ਖੂਈਆਂ ਸਰਵਰ ਪਿੰਡ ਵਿਖੇ 13 ਨਵੰਬਰ ਨੂੰ ਕਾਂਗਰਸ ਦੀ ਰੈਲੀ ਦਾ ਆਯੋਜਨ ਕੀਤਾ ਗਿਆ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਪੰਜਾਬ ਤੋਂ ਇੱਕ ਵੀ ਬੂੰਦ ਪਾਣੀ ਨਹੀਂ ਮਿਲੇਗਾ ਅਤੇ ਇਹ ਵੀ ਐਲਾਨ ਕੀਤਾ ਕਿ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਸਮੇਤ ਕਾਂਗਰਸ ਦਾ ਵਫ਼ਦ ਇਸ ਮੁੱਦੇ 'ਤੇ ਭਾਰਤ ਦੇ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੂੰ ਮਿਲੇਗਾ। ਵਫ਼ਦ ਨੇ 17 ਨਵੰਬਰ ਨੂੰ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ ਅਤੇ ਅਪੀਲ ਕੀਤੀ ਕਿ ਉਹ SYL ਮੁੱਦੇ ਦੀ ਜਾਂਚ ਕਰਨ ਲਈ ਪੈਨਲ ਬਣਾਉਣ ਅਤੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦੇਣ ਕਿ ਉਹ ਸੁਪਰੀਮ ਕੋਰਟ ਦੀ ਸਲਾਹ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਰਾਜ ਵਿੱਚ ਜ਼ਮੀਨੀ ਹਕੀਕਤਾਂ ਅਤੇ ਪਾਣੀ ਦੀ ਉੱਪਲਬਧਤਾ 'ਤੇ ਵਿਚਾਰ ਕਰੇ। ਅਮਰਿੰਦਰ ਸਿੰਘ ਨੇ ਇਸ ਮੁੱਦੇ ਦੇ ਵਿਰੋਧ ਵਿੱਚ 23 ਨਵੰਬਰ ਨੂੰ ਲੋਕ ਸਭਾ ਤੋਂ ਅਸਤੀਫ਼ਾ ਦੇ ਦਿੱਤਾ। ਪੰਜਾਬ ਸਰਕਾਰ ਦੇ ਮੰਤਰੀਆਂ ਦਾ ਇੱਕ ਵਫ਼ਦ 28 ਨਵੰਬਰ ਨੂੰ ਰਾਸ਼ਟਰਪਤੀ ਨੂੰ ਮਿਲ਼ਿਆ, ਜਿਸ ਵਿੱਚ ਉਨ੍ਹਾਂ ਨੂੰ ਅਪੀਲ ਕੀਤੀ ਗਈ ਕਿ ਉਹ ਰਿਪੇਰੀਅਨ ਜਲ ਅਧਿਕਾਰਾਂ ਵਿਰੁੱਧ ਕੋਈ ਸਲਾਹ ਸਵੀਕਾਰ ਨਾ ਕਰਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੱਸਿਆ ਕਿ ਨਹਿਰ ਲਈ ਇਕੁਵਾਇਰ ਕੀਤੀ ਜ਼ਮੀਨ ਅਸਲ ਮਾਲਕਾਂ ਨੂੰ ਵਾਪਸ ਦੇਣ ਤੋਂ ਬਾਅਦ ਵਿਵਾਦ ਹੱਲ ਹੋ ਗਿਆ ਹੈ।

ਜਨਵਰੀ 2017 ਵਿੱਚ, ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਐਲਾਨ ਕੀਤਾ ਕਿ ਉਹ 23 ਫਰਵਰੀ ਨੂੰ ਖ਼ੁਦ ਹੀ ਨਹਿਰ ਦੀ ਖੁਦਾਈ ਕਰੇਗੀ। ਇਸ ਦੇ ਜਵਾਬ ਵਿੱਚ ਪੰਜਾਬ ਸਰਕਾਰ ਨੇ ਪੰਜਾਬ-ਹਰਿਆਣਾ ਸਰਹੱਦ 'ਤੇ ਸੁਰੱਖਿਆ ਵਧਾ ਦਿੱਤੀ। 23 ਫਰਵਰੀ ਨੂੰ ਇਨੈਲੋ ਆਪਣੇ ਸਮਰਥਕਾਂ ਨਾਲ ਨਹਿਰ ਦੀ ਖੁਦਾਈ ਸ਼ੁਰੂ ਕਰਨ ਲਈ ਪੰਜਾਬ ਵਿੱਚ ਦਾਖਲ ਹੋਈ। ਇਸ ਦੇ 70 ਤੋਂ ਵੱਧ ਆਗੂਆਂ ਨੂੰ ਪੰਜਾਬ ਪੁਲਿਸ ਨੇ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ। ਹਰਿਆਣੇ ਦਾ ਦਾਅਵਾ ਹੈ ਕਿ ਇਹ ਸਤਲੁਜ ਦਰਿਆ ਦਾ ਰਿਪੇਰੀਅਨ ਸੂਬਾ ਹੈ ਕਿਉਂਕਿ ਸਿਰਸਾ ਨਦੀ ਦੇ ਉੱਪਰਲੇ ਹਿੱਸੇ ਜੋ ਸਤਲੁਜ ਦਰਿਆ ਦੀ ਸਹਾਇਕ ਨਦੀ ਹੈ, ਹਰਿਆਣਾ ਰਾਜ ਦੇ ਉੱਤਰ ਪੱਛਮੀ ਖੇਤਰ ਵਿਚ ਵਗਦੀ ਹੈ। ਰਾਜਸਥਾਨ ਦਾ ਦਾਅਵਾ ਹੈ ਕਿ ਇਹ ਵੀ ਸਤਲੁਜ ਦਰਿਆ ਦਾ ਰਿਪੇਰੀਅਨ ਸੂਬਾ ਹੈ ਕਿਉਂਕਿ ਇਸਦਾ ਉੱਤਰੀ ਖੇਤਰ ਨਦੀ ਬੇਸਿਨ ਦਾ ਹਿੱਸਾ ਹੈ। ਸਿੰਜਾਈ ਮਾਹਰਾਂ ਦਾ ਮੰਨਣਾ ਹੈ ਕਿ ਰਾਜਸਥਾਨ ਆਪਣੇ ਹਿੱਸੇ ਦਾ ਮਹੱਤਵਪੂਰਨ ਹਿੱਸਾ ਗੁਆ ਦੇਵੇਗਾ ਕਿਉਂਕਿ ਹਰੀਕੇ ਪੱਤਣ ਤੋਂ ਨਿੱਕਲਦੀਆਂ ਫ਼ੀਡਰ ਨਹਿਰਾਂ SYL ਕਾਰਨ ਪਾਣੀ ਦੀ ਮਾਤਰਾ ਗੁਆ ਦੇਣਗੀਆਂ। ਸਿੰਜਾਈ ਮਾਹਰਾਂ ਅਨੁਸਾਰ SYL ਲਿੰਕ ਨਹਿਰ ਨੂੰ ਪੰਜਾਬ ਦਾ ਪਾਣੀ ਦੇਣ ਦੀ ਥਾਂ ਇਕ ਬਦਲ ਵਜੋਂ ਲੱਗਭਗ 100 ਹਜ਼ਾਰ ਮਿਲੀਅਨ ਕਿਊਬਿਕ ਫੁੱਟ (ਟੀ ਐਮ ਸੀ ਫੁੱਟ) ਪਾਣੀ ਦੀ ਉੱਪਲਬਧਤਾ ਵਧਾਉਣ ਲਈ ਲਿੰਗਦੀ ਨਦੀ ('ਸੋ ਮੋਰੀਰੀ ਝੀਲ ਦੀ ਸਹਾਇਕ ਨਦੀ) ਦੇ ਪਾਣੀਆਂ ਨੂੰ ਉਂਗਤੀ ਚੂ ਨਦੀ ਨਾਲ ਜੋੜਨ ਲਈ 9 ਕਿਲੋਮੀਟਰ ਲੰਬੀ ਗਰੈਵਿਟੀ ਨਹਿਰ ਪੁੱਟ ਕੇ ਸਤਲੁਜ ਬੇਸਿਨ ਵੱਲ ਮੋੜਿਆ ਜਾ ਸਕਦਾ ਹੈ। ਉਂਗਤੀ ਚੂ ਨਦੀ, ਸਤਲੁਜ ਨਦੀ ਦੀ ਇੱਕ ਸਹਾਇਕ ਨਦੀ ਹੈ ਜਿਸਦਾ ਨਿਕਾਸ ਖੇਤਰ ਜੰਮੂ-ਕਸ਼ਮੀਰ ਰਾਜ ਵਿੱਚ ਸਥਿਤ ਹੈ। ਇਸ ਤਰ੍ਹਾਂ ਕਰਨ ਨਾਲ਼ ਪੰਜਾਬ ਤੋਂ ਖੋਹ ਕੇ ਇਸ ਨਹਿਰ ਲਈ ਪਾਣੀ ਬਚਾਉਣ ਦੀ ਲੋੜ ਨਹੀਂ ਰਹੇਗੀ। ਪਰ ਇਹ ਤਾਂ ਹੀ ਸੰਭਵ ਹੈ ਜੇ ਕੇਂਦਰ ਸਰਕਾਰ ਦੀ ਨੀਅਤ ਸਾਫ਼ ਹੋਵੇ।

ਇਹ ਨਹਿਰ 85% ਪੂਰੀ ਹੋ ਚੁੱਕੀ ਹੈ ਅਤੇ ਹਰਿਆਣਾ ਸਰਕਾਰ ਨੇ ਆਪਣੇ ਹਿੱਸੇ ਵਾਲ਼ੀ 92 ਕਿਲੋਮੀਟਰ ਨਹਿਰ ਪੂਰੀ ਕਰ ਲਈ ਹੈ। ਕਪੂਰੀ ਤੋਂ ਸ਼ੁਰੂ ਹੋਏ SYL ਦੇ ਮੁੱਦੇ ਨੂੰ ਪੰਜਾਬ ਦੇ ਲੋਕਾਂ ਨੇ ਸੂਬੇ ਦੀਆਂ ਲਟਕਦੀਆਂ ਮੰਗਾਂ- ਚੰਡੀਗੜ੍ਹ ਸਮੇਤ ਹੋਰਨਾ ਪੰਜਾਬੀ ਬੋਲਦੇ ਇਲਾਕਿਆਂ ਨੂੰ ਵਾਪਸ ਲੈਣ ਅਤੇ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਗੱਲ- ਨੂੰ 'ਆਨੰਦਪੁਰ ਦੇ ਮਤੇ' 'ਚ ਸ਼ਾਮਲ ਕਰ ਲਿਆ, ਕਿਉਂਕਿ ਇਸਦਾ ਪੰਜਾਬ ਦੀ ਹੋਂਦ ਅਤੇ ਹੋਣੀ ਨਾਲ਼ ਸਿੱਧਾ ਸਬੰਧ ਸੀ। ਆਨੰਦਪੁਰ ਦਾ ਮਤਾ ਸਾਰੇ ਸਟੇਟਾਂ ਲਈ ਵੱਧ ਅਧਿਕਾਰਾਂ (Autonomous Rights) ਦੀ ਗੱਲ ਕਰਦਾ ਹੈ। 'ਆਨੰਦਪੁਰ ਦੇ ਮਤੇ' ਖਿਲਾਫ਼ 1984 ਵਿਚ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਅਤੇ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਨ ਦਾ ਕਲੰਕ ਖੱਟਿਆ। ਜਿਵੇਂ ਲੇਖ ਦੇ ਸ਼ੁਰੂ ਵਿੱਚ ਕਿਹਾ ਗਿਆ ਹੈ ਕਿ SYL ਹੁਣ ਰਿਸਦੇ ਨਾਸੂਰ ਦਾ ਰੂਪ ਧਾਰਣ ਕਰ ਚੁੱਕਾ ਹੈ।

ਭਾਰਤ ਸਰਕਾਰ ਨੇ ਜਿਸ ਤਰ੍ਹਾਂ "he Punjab Reorganization Act, 1966 ਦੀ ਧਾਰਾ 78 ਤਹਿਤ 'ਪਾਣੀਆਂ ਦੀ ਵੰਡ', ਧਾਰਾ 79 ਤਹਿਤ 'ਦਰਿਆਵਾਂ ਜਾਂ ਨਹਿਰਾਂ ਦੀ ਉਸਾਰੀ', ਧਾਰਾ 80 ਤਹਿਤ 'ਹੈੱਡ ਵਰਕਸ ਦਾ ਕੰਟਰੋਲ' ਜਿਹੜਾ ਕਿ ਰਾਜ ਸਰਕਾਰਾਂ ਦੇ ਅਧਿਕਾਰ ਖੇਤਰਾਂ ਵਿੱਚ ਆਉਂਦਾ ਹੈ ਉਸ ਨੂੰ ਆਪਣੇ ਕੰਟਰੋਲ ਹੇਠ ਰੱਖ ਲਿਆ ਗਿਆ, ਉਸੇ ਸਾਜ਼ਿਸ਼ ਅਤੇ ਕੂਟਨੀਤੀ ਤਹਿਤ ਭਾਰਤ ਸਰਕਾਰ ਨੇ 23 ਫਰਵਰੀ, 2022 ਨੂੰ ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਦੇ ਨਿਯਮ 1974 ਵਿੱਚ ਸੋਧ ਕਰਨ ਲਈ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਨਾਲ਼ ਬੋਰਡ ਦੇ ਸਥਾਈ ਮੈਂਬਰਾਂ ਦੀ ਚੋਣ ਲਈ ਮਾਪਦੰਡਾਂ ਵਿੱਚ ਤਬਦੀਲੀ ਕੀਤੀ ਗਈ ਹੈ। ਨਵੇਂ ਨਿਯਮ ਨਿਯੁਕਤੀਆਂ ਲਈ ਤਕਨੀਕੀ ਯੋਗਤਾਵਾਂ ਨਿਰਧਾਰਤ ਕਰਦੇ ਹਨ ਅਤੇ ਨਾ ਸਿਰਫ਼ ਪੰਜਾਬ ਅਤੇ ਹਰਿਆਣਾ, ਬਲਕਿ ਪੂਰੇ ਭਾਰਤ ਤੋਂ ਮੈਂਬਰਾਂ ਦੀ ਨਿਯੁਕਤੀ ਲਈ ਰਾਹ ਪੱਧਰਾ ਕੀਤਾ ਜਾਣਾ ਹੈ। ਬੀਬੀਐਮਬੀ ਦੇ ਮੌਜੂਦਾ ਪ੍ਰਬੰਧਨ ਵਿੱਚ ਇੱਕ ਚੇਅਰਪਰਸਨ ਅਤੇ ਦੋ ਸਥਾਈ (Permanent) ਮੈਂਬਰ ਸ਼ਾਮਲ ਹਨ ਜੋ ਪੰਜਾਬ ਅਤੇ ਹਰਿਆਣਾ ਤੋਂ ਲਏ ਜਾਂਦੇ ਹਨ। ਉਨ੍ਹਾਂ ਨੂੰ ਪੰਜਾਬ ਅਤੇ ਹਰਿਆਣਾ ਤੋਂ ਕ੍ਰਮਵਾਰ ਮੈਂਬਰ-ਪਾਵਰ ਅਤੇ ਮੈਂਬਰ-ਇਰੀਗੇਸ਼ਨ ਵਜੋਂ ਨਾਮਜ਼ਦ ਕੀਤਾ ਜਾਂਦਾ ਹੈ। ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਸਮੇਤ ਹਰੇਕ ਮੈਂਬਰ ਰਾਜ ਦੀ ਨੁਮਾਇੰਦਗੀ ਹੈ ਜਿਸ ਨੂੰ ਸਬੰਧਿਤ ਰਾਜ ਸਰਕਾਰਾਂ ਦੁਆਰਾ ਨਾਮਜ਼ਦ ਕੀਤਾ ਜਾਂਦਾ ਹੈ। ਨਿਯਮ 1974 ਵਿੱਚ ਸੋਧ ਦੀ ਕੂਟਨੀਤੀ ਨਾਲ਼ ਭਾਰਤ ਸਰਕਾਰ ਪੰਜਾਬ ਨੂੰ ਸਥਾਈ ਮੈਂਬਰਸ਼ਿੱਪ ਤੋਂ ਦਰਕਿਨਾਰ ਕਰਕੇ ਪੰਜਾਬ ਤੋਂ ਬਾਹਰਲੇ ਸੂਬਿਆਂ 'ਚੋਂ ਮੈਂਬਰ ਲਵੇਗੀ ਅਤੇ ਪੰਜਾਬ ਆਪਣਾ ਇਹ ਸਥਾਈ ਹੱਕ ਵੀ ਖੋਹ ਬੈਠੇਗਾ। ਪੰਜਾਬ ਦੇ ਇੰਜੀਨੀਅਰਾਂ ਨੂੰ ਖ਼ਦਸ਼ਾ ਹੈ ਕਿ ਪੰਜਾਬ ਵਿਚ ਸ਼ਾਇਦ ਹੀ ਕੋਈ ਇੰਜੀਨੀਅਰ ਇਨ੍ਹਾਂ ਨਵੇਂ ਮਾਪਦੰਡਾਂ ਅਨੁਸਾਰ ਨਿਯੁਕਤੀ ਲਈ ਯੋਗ ਹੋਵੇਗਾ। ਇਸ ਨੂੰ ਸਿਰਫ਼ ਪੰਜਾਬ ਅਤੇ ਹਰਿਆਣਾ ਤੋਂ ਬਾਹਰੋਂ ਨਿਯੁਕਤ ਕੀਤੇ ਜਾਣ ਵਾਲੇ ਆਪਣੇ ਚਹੇਤੇ ਕਰਮਚਾਰੀਆਂ ਲਈ ਤਿਆਰ ਕੀਤਾ ਗਿਆ ਜਾਪਦਾ ਹੈ।

ਹੁਣ ਜਦ ਪੰਜਾਬ ਵਿਚ ਅਜੇ ਆਮ ਆਦਮੀ ਪਾਰਟੀ ਸਰਕਾਰ ਦੀ ਘੁੰਡ-ਚੁਕਾਈ ਹੀ ਹੋ ਰਹੀ ਹੈ ਤਾਂ ਹਰਿਆਣੇ ਦੇ ਮੁੱਖ-ਮੰਤਰੀ ਨੇ SYL ਵਾਲ਼ਾ ਰੇੜਕਾ ਖੜ੍ਹਾ ਕਰ ਕੇ ਪੰਜਾਬ ਦੇ ਜ਼ਖ਼ਮ ਫਿਰ ਹਰੇ ਕਰ ਦਿੱਤੇ ਹਨ। https://www.tribuneindia.com, 17 ਮਾਰਚ 2022 ਅਨੁਸਾਰ ਹਰਿਆਣਾ ਦੇ ਮੁੱਖ ਮੰਤਰੀ ਖੱਟਰ ਨੇ ਵੀਰਵਾਰ ਨੂੰ ਪੰਜਾਬ ਵਿੱਚ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ SYL ਨਹਿਰ ਦਾ ਮੁੱਦਾ ਉਠਾਇਆ ਕਿ ਗੁਆਂਢੀ ਰਾਜ ਦੀ ਹੁਣ ਦੁੱਗਣੀ ਜ਼ਿੰਮੇਵਾਰੀ ਹੈ ਕਿਉਂਕਿ "ਅਸੀਂ ਪੰਜਾਬ ਤੋਂ ਪਾਣੀ ਲੈ ਕੇ ਦਿੱਲੀ ਨੂੰ ਦੇਣਾ ਹੈ"। ਅਜਿਹੇ 'ਚ ਪੰਜਾਬ ਦੀ SYL ਨਹਿਰ ਲਈ ਪਾਣੀ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਜ਼ਿਆਦਾ ਹੈ ਕਿਉਂਕਿ ਹੁਣ ਦੋਵਾਂ ਸੂਬਿਆਂ 'ਚ ਆਮ ਆਦਮੀ ਪਾਰਟੀ (ਆਪ) ਦਾ ਰਾਜ ਹੈ। SYL ਨਹਿਰ, ਜਿਸ ਦਾ ਵੱਡਾ ਹਿੱਸਾ 1990 ਦੇ ਦਹਾਕੇ ਵਿੱਚ 750 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਪੂਰਾ ਕੀਤਾ ਗਿਆ ਸੀ, ਇੱਕ ਰਾਜਨੀਤਿਕ ਅਤੇ ਕਾਨੂੰਨੀ ਦਲਦਲ ਵਿੱਚ ਉਲਝਿਆ ਹੋਇਆ ਹੈ, ਜਿਸ ਵਿੱਚ ਪੰਜਾਬ ਅਤੇ ਹਰਿਆਣਾ ਵਿਵਾਦਪੂਰਨ ਨਹਿਰੀ ਮੁੱਦੇ ਅਤੇ ਦਰਿਆਈ ਪਾਣੀਆਂ ਦੀ ਵੰਡ 'ਤੇ ਆਪਣਾ-ਆਪਣਾ ਸਟੈਂਡ ਛੱਡਣ ਲਈ ਤਿਆਰ ਨਹੀਂ ਹਨ।

ਪੰਜਾਬ ਦੇ ਦਰਿਆਈ ਪਾਣੀਆਂ ਦੀ ਇਸ ਗ਼ੈਰ-ਕਾਨੂੰਨੀ ਲੁੱਟ ਨੂੰ ਰੋਕਣ ਲਈ 1966 ਦੇ Reorganization Act ਅਤੇ 2004 ਦੇ "ermination of Agreement Act ਦੀ ਧਾਰਾ 5 ਨੂੰ ਜੜ੍ਹੋਂ ਪੁੱਟਣ ਦੀ ਲੋੜ ਹੈ। ਪੰਜਾਬ ਦੇ ਪਾਣੀਆਂ ਦੀ ਅਸਲ ਪੁਆੜੇ ਦੀ ਜੜ੍ਹ ਇਹ Clauses 78 (ਦਰਿਆਈ ਪਾਣੀ), 79 (ਊਰਜਾ) and 80 (ਹੈੱਡਵਰਕਸ); ਅਤੇ 2004 ਦੇ "ermination of Agreement Act ਦੀ ਧਾਰਾ 5 ਹਨ। ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਸਿਰਫ਼ ਗੋਂਗਲੂਆਂ ਤੋਂ ਮਿੱਟੀ ਝਾੜਦੀਆਂ ਹਨ, ਉਹ ਕਦੇ ਵੀ ਇਨ੍ਹਾਂ ਨੂੰ ਰੱਦ ਕਰਨ ਜਾਂ ਸ਼ੰਸ਼ੋਧਨ ਦੀ ਭਾਰਤ ਸਰਕਾਰ ਤੋਂ ਮੰਗ ਨਹੀ ਕਰਦੀਆਂ। ਇਹ Clauses ਜਿੰਨੀ ਦੇਰ ਤੱਕ ਰੱਦ ਜਾਂ ਸ਼ੰਸ਼ੋਧਨ ਨਹੀਂ ਕੀਤੀਆਂ ਜਾਂਦੀਆਂ, ਉਨੀ ਦੇਰ ਪੰਜਾਬ ਦੇ ਦਰਿਆਈ ਪਾਣੀਆਂ ਵਾਲ਼ਾ ਪ੍ਰਨਾਲ਼ਾ ਉਥੇ ਦਾ ਉਥੇ ਹੀ ਰਹੇਗਾ। ਭਾਵੇਂ ਅਸੀਂ ਪੰਜਾਬ ਵਿਚ ਰਹਿੰਦੇ ਹਾਂ ਜਾਂ ਬਾਹਰ, ਸਾਡਾ ਕੋਈ ਵੀ ਧਾਰਮਿਕ ਅਕੀਦਾ ਹੋਵੇ, ਕੋਈ ਵੀ ਰਾਜਨੀਤਕ, ਸਮਾਜਿਕ ਰੁਤਬਾ ਅਤੇ ਆਰਥਿਕ ਦਸ਼ਾ ਹੋਵੇ, ਕੇਂਦਰ ਸਰਕਾਰ ਦੇ ਇਸ ਧੱਕੇ ਖ਼ਿਲਾਫ਼ ਸਾਨੂੰ ਅੱਜ ਇੱਕਮੁੱਠ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ। ਨਹੀਂ ਤਾਂ ਭਵਿੱਖ ਵਿਚ ਪੰਜਾਬ, ਜਿਸਦਾ ਨਾਂ ਹੀ ਇਸਦੇ ਆਬਾਂ (ਪਾਣੀਆਂ) ਕਰਕੇ ਹੈ, ਬੰਜਰ ਬਣ ਕੇ ਰਹਿ ਜਾਵੇਗਾ ਅਤੇ ਫਿਰ ਨਾ ਹੀ ਗੁਰੂਆਂ, ਪੀਰਾਂ, ਫ਼ਕੀਰਾਂ, ਮੁਰਸ਼ਦਾਂ ਦੇ ਵਰੋਸਾਏ ਪੰਜਾਬ ਦੀ ਹੋਂਦ ਬਚੇਗੀ ਤੇ ਨਾ ਹੀ ਇਸਦਾ ਵਿਰਸਾ ਅਤੇ ਸੰਸਕ੍ਰਿਤੀ।

# ਕਸ਼ਮੀਰ ਫ਼ਾਈਲਜ਼ ਦੇ ਨਾਂ ਹੇਠ ਘਿਣਾਉਣੀ ਸਿਆਸਤ ਵਿਰੁੱਧ ਵਿਸ਼ਾਲ ਲੋਕ-ਰਾਇ ਖੜ੍ਹੀ ਕਰਨ ਦੀ ਲੋੜ : ਜਮਹੂਰੀ ਅਧਿਕਾਰ ਸਭਾ

- ਬੂਟਾ ਸਿੰਘ -

ਅੱਜ ਪ੍ਰੈੱਸ ਬਿਆਨ ਜਾਰੀ ਕਰਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ 'ਕਸ਼ਮੀਰ ਫਾਈਲਜ਼' ਫਿਲਮ ਨੂੰ ਆਰ.ਐੱਸ.ਐੱਸ.-ਭਾਜਪਾ ਵੱਲੋਂ ਜੰਮੂ-ਕਸ਼ਮੀਰ ਬਾਰੇ ਤੱਥਾਂ ਨੂੰ ਆਪਣੇ ਫਾਸ਼ੀਵਾਦੀ ਰਾਜਨੀਤਕ ਏਜੰਡੇ ਅਨੁਸਾਰ ਤੋੜ-ਮਰੋੜ ਕੇ ਪੇਸ਼ ਕਰਨ ਦੀ ਘਿਣਾਉਣੀ ਚਾਲ ਕਰਾਰ ਦਿੰਦਿਆਂ ਇਸ ਵਿਰੁੱਧ ਵਿਆਪਕ ਲੋਕ ਰਾਇ ਬਣਾਉਣ ਦਾ ਸੱਦਾ ਦਿਤਾ ਹੈ। ਪ੍ਰਧਾਨ ਮੰਤਰੀ, ਵਿੱਤ ਮੰਤਰੀ ਅਤੇ ਭਾਜਪਾਈ ਮੁੱਖ ਮੰਤਰੀਆਂ ਸਮੇਤ ਸਮੁੱਚੇ ਭਗਵੇਂ ਪ੍ਰਚਾਰਤੰਤਰ ਵੱਲੋਂ ਫਿਲਮ ਨੂੰ ਪ੍ਰੋਮੋਟ ਕਰਨ ਅਤੇ ਭਾਜਪਾ ਦੀਆਂ ਰਾਜ ਸਰਕਾਰਾਂ ਵੱਲੋਂ ਫਿਲਮ ਨੂੰ ਟੈਕਸ ਤੋਂ ਛੋਟ ਦੇਣ ਤੋਂ ਸਪਸ਼ਟ ਹੋ ਗਿਆ ਹੈ ਕਿ ਇਹ ਫਿਲਮ ਕਸ਼ਮੀਰ ਬਾਰੇ ਝੂਠਾ ਬਿਰਤਾਂਤ ਸਿਰਜਣ ਦੇ ਪ੍ਰੋਜੈਕਟ ਦਾ ਹਿੱਸਾ ਹੈ। ਫਿਲਮ ਦਾ ਮਨੋਰਥ ਕਸ਼ਮੀਰੀ ਪੰਡਤਾਂ ਦੇ ਕਤਲਾਂ ਅਤੇ ਉਨ੍ਹਾਂ ਦੀ ਘਾਟੀ 'ਚੋਂ ਹਿਜ਼ਰਤ ਬਾਰੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਅਤੇ ਇਸ ਮੁੱਦੇ ਨੂੰ ਮੁਸਲਿਮ ਭਾਈਚਾਰੇ ਤੇ ਕਸ਼ਮੀਰ ਮਸਲੇ ਦੇ ਰਾਜਨੀਤਕ ਹੱਲ ਦੀ ਮੰਗ ਕਰਨ ਵਾਲੇ ਇਨਸਾਫ਼ਪਸੰਦਾਂ ਵਿਰੁੱਧ ਨਫ਼ਰਤ ਭੜਕਾਉਣ ਲਈ ਵਰਤਣਾ ਹੈ।

ਯਾਦ ਰਹੇ ਕਿ ਕਸ਼ਮੀਰੀ ਪੰਡਿਤ ਭਾਈਚਾਰੇ ਨਾਲ ਜ਼ਿਆਦਤੀਆਂ ਉਸ ਕੇਂਦਰ ਸਰਕਾਰ ਸਮੇਂ ਹੋਈਆਂ ਜਿਸ ਵਿਚ ਭਾਜਪਾ ਭਾਈਵਾਲ ਸੀ। ਇਸ ਇਤਿਹਾਸਕ ਤੱਥ ਬਾਰੇ ਚੁੱਪ ਵੱਟ ਲਈ ਗਈ ਹੈ। ਇਹ ਵੀ ਨੋਟ ਕਰਨਾ ਬਣਦਾ ਹੈ ਕਿ ਕਿ ਜੰਮੂ-ਕਸ਼ਮੀਰ ਵਿਚ ਸਿਰਫ਼ ਕਸ਼ਮੀਰ ਪੰਡਿਤ ਹੀ ਨਹੀ ਮਾਰੇ ਗਏ ਸਗੋਂ ਮੁਸਲਮਾਨ ਤੇ ਸਿੱਖ ਕਸ਼ਮੀਰੀ ਵੀ ਦਹਿਸ਼ਤਗਰਦੀ ਦੇ ਸ਼ਿਕਾਰ ਬਣੇ ਹਨ। ਪਾਕਿਸਤਾਨੀ ਸਪਾਂਸਰ ਜਾਂ ਹੋਰ ਕਥਿਤ ਦਹਿਸ਼ਤਗਰਦਾਂ ਵੱਲੋਂ ਕਸ਼ਮੀਰੀ ਪੰਡਿਤਾਂ ਤੋਂ ਵੀ ਜ਼ਿਆਦਾ ਗਿਣਤੀ 'ਚ ਮਾਰੇ ਗਏ ਮੁਸਲਿਮ ਅਤੇ ਹੋਰ ਕਸ਼ਮੀਰੀਆਂ ਦਾ ਜ਼ਿਕਰ ਵੀ ਨਾ ਕਰਨਾ ਅਤੇ ਇਸ ਨੂੰ ਕਸ਼ਮੀਰੀ ਪੰਡਿਤ ਬਨਾਮ ਮੁਸਲਮਾਨ ਬਣਾ ਕੇ ਫਿਰਕੂ ਜਨੂੰਨ ਭੜਕਾਉਣ ਲਈ ਵਰਤਣਾ ਬੇਹੱਦ ਖ਼ਤਰਨਾਕ ਖੇਡ ਹੈ। ਇਸ ਪ੍ਰਚਾਰ ਰਾਹੀਂ ਇਹ ਪ੍ਰਭਾਵ ਪੈਦਾ ਕੀਤਾ ਜਾ ਰਿਹਾ ਹੈ ਕਿ ਸਿਰਫ਼ ਤੇ ਸਿਰਫ਼ ਆਰ.ਐੱਸ.ਐੱਸ.-ਭਾਜਪਾ ਹੈ ਜੋ ਕਸ਼ਮੀਰੀ ਪੰਡਤਾਂ ਦੀ ਖ਼ੈਰਖਵਾਹ ਹੈ ਜਿਸ ਨੇ ਧਾਰਾ 370 ਦਾ ਖ਼ਾਤਮਾ ਕਰਕੇ ਰਿਆਸਤ ਦੀ ਤਰੱਕੀ ਦਾ ਰਾਹ ਖੋਲ੍ਹਿਆ ਹੈ। ਜਦਕਿ ਇਹ ਜੱਗ ਜ਼ਾਹਿਰ ਤੱਥ ਹੈ ਕਿ ਕਸ਼ਮੀਰੀ ਲੋਕਾਂ ਦੀ ਨਸਲਕੁਸ਼ੀ ਲਈ ਮੁੱਖ ਜ਼ਿੰਮੇਵਾਰ ਭਾਜਪਾ ਸਮੇਤ ਸਮੁੱਚੀ ਭਾਰਤੀ ਹੁਕਮਰਾਨ ਜਮਾਤ ਅਤੇ ਇਨ੍ਹਾਂ ਦੇ ਜੰਮੂ-ਕਸ਼ਮੀਰ ਵਿਚਲੇ ਜੋਟੀਦਾਰ ਸਿਆਸਤਦਾਨ ਹਨ ਜਿਨ੍ਹਾਂ ਨੇ ਕਸ਼ਮੀਰੀ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਰਾਇਸ਼ੁਮਾਰੀ ਰਾਹੀਂ ਮਸਲੇ ਦਾ ਰਾਜਨੀਤਕ ਹੱਲ ਕਰਨ ਦੀ ਬਜਾਏ ਇਸ ਸਰਜ਼ਮੀਨ ਨੂੰ ਬੇਹਿਸਾਬ ਫ਼ੌਜੀ ਛਾਉਣੀ ਅਤੇ ਕਸ਼ਮੀਰੀ ਲੋਕਾਂ ਦੀ ਕਤਲਗਾਹ ਬਣਾਇਆ ਹੋਇਆ ਹੈ।

ਭਾਰਤ ਦੀ ਹੁਕਮਰਾਨ ਜਮਾਤ ਕਦੇ ਵੀ ਕਸ਼ਮੀਰੀ ਪੰਡਤਾਂ ਦੇ ਮੁੜ-ਵਸੇਬੇ ਅਤੇ ਜਾਨ-ਮਾਲ ਦੀ ਸੁਰੱਖਿਆ ਲਈ ਈਮਾਨਦਾਰ ਨਹੀਂ ਰਹੀ ਇਸ ਨੂੰ ਕਸ਼ਮੀਰੀ ਪੰਡਤ ਵੀ ਸਮਝਦੇ ਹਨ। ਕਸ਼ਮੀਰੀ ਪੰਡਤ ਭਾਈਚਾਰੇ ਨੂੰ ਕਸ਼ਮੀਰ ਦੇ ਸਵੈ-ਨਿਰਣੇ ਦੇ ਸੰਘਰਸ਼ ਦੇ ਵਿਰੋਧ 'ਚ ਖੜ੍ਹਾ ਕਰਨ ਲਈ ਉਨ੍ਹਾਂ ਦੇ ਕਤਲਾਂ ਅਤੇ ਹਿਜ਼ਰਤ ਨੂੰ ਵਧਾ-ਚੜ੍ਹਾ ਕੇ ਫਿਰਕੂ ਰੰਗਤ ਦੇਣ ਦਾ ਮਾਸਟਰ-ਮਾਈਂਡ ਭਾਜਪਾਈ ਗਵਰਨਰ ਜਗਮੋਹਣ ਮਲਹੋਤਰਾ ਸੀ ਜਿਸ ਨੇ ਦਹਿਸ਼ਤ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਕਰਕੇ ਯੋਜਨਾਬੱਧ ਹਿਜ਼ਰਤ ਨੂੰ ਅੰਜ਼ਾਮ ਦਿੱਤਾ। ਫਿਰਕੂ ਕੱਟੜਪੰਥੀ ਗੁੱਟਾਂ ਵੱਲੋਂ ਸਿਰਫ਼ ਕਸ਼ਮੀਰੀ ਪੰਡਤਾਂ ਦੇ ਹੀ ਨਹੀਂ ਸਗੋਂ ਕਸ਼ਮੀਰੀ ਮੁਸਲਿਮ ਨਾਗਰਿਕਾਂ ਦੇ ਵੀ ਕਤਲ ਕੀਤੇ ਗਏ ਜਿਨ੍ਹਾਂ ਦੀ ਜ਼ੋਰਦਾਰ ਨਿੰਦਾ ਕੀਤੀ ਗਈ ਸੀ ਅਤੇ ਕੀਤੀ ਜਾਣੀ ਚਾਹੀਦੀ ਹੈ ਪਰ ਆਰ.ਐੱਸ.ਐੱਸ.-ਭਾਜਪਾ ਜਾਂ ਹੋਰ ਕਿਸੇ ਵੀ ਲੋਕ ਵਿਰੋਧੀ ਰਾਜਨੀਤਕ ਤਾਕਤ ਨੂੰ ਕਸ਼ਮੀਰੀ ਪੰਡਤਾਂ ਦੇ ਸੰਤਾਪ ਉੱਪਰ ਰਾਜਨੀਤਕ ਰੋਟੀਆਂ ਸੇਕਣ ਅਤੇ ਇਸ ਨੂੰ ਇਕ ਫਿਰਕੇ ਵਿਰੁੱਧ ਨਫ਼ਰਤ ਭੜਕਾਉਣ ਲਈ ਵਰਤਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਹ ਚੰਗੀ ਗੱਲ ਹੈ ਕਿ ਜ਼ਿਆਦਾਤਰ ਕਸ਼ਮੀਰੀ ਪੰਡਿਤ ਹੁਕਮਰਾਨਾਂ ਦੀਆਂ ਇਨ੍ਹਾਂ ਪਾਟਕਪਾਊ ਅਤੇ ਕਪਟੀ ਚਾਲਾਂ ਬਾਰੇ ਸੁਚੇਤ ਹਨ ਅਤੇ ਉਨ੍ਹਾਂ ਨੇ ਇਸ ਫਿਲਮ ਦੇ ਕੂੜ-ਪ੍ਰਚਾਰ ਦੇ ਜਾਲ ਵਿਚ ਫਸਣ ਦੀ ਬਜਾਏ ਇਸ ਦਾ ਵਿਰੋਧ ਕੀਤਾ ਹੈ। ਸਭਾ ਸਮਝਦੀ ਹੈ ਕਿ ਕਸ਼ਮੀਰੀਆਂ ਅਤੇ ਭਾਰਤ ਦੇ ਹੋਰ ਮਜ਼ਲੂਮ ਲੋਕਾਂ ਦੀ ਨਸਲਕੁਸ਼ੀ ਦੀਆਂ ਸਾਰੀਆਂ ਹੀ 'ਫ਼ਾਈਲਾਂ' ਈਮਾਨਦਾਰੀ ਨਾਲ ਖੁੱਲ੍ਹਣੀਆਂ ਚਾਹੀਦੀਆਂ ਹਨ। ਇਸ ਬਾਰੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਨੇ ਤੱਥ ਖੋਜ ਰਿਪੋਰਟਾਂ ਰਾਹੀਂ ਹਾਲਾਤ ਦਾ ਦਸਤਾਵੇਜ਼ੀਕਰਨ ਕਰਕੇ ਬਹੁਤ ਵੱਡਮੁੱਲਾ ਕੰਮ ਕੀਤਾ ਹੋਇਆ ਹੈ ਜਿਸ ਨੂੰ ਦਬਾਉਣ ਲਈ ਉੱਘੀਆਂ ਲੋਕਪੱਖੀ ਸ਼ਖ਼ਸੀਅਤਾਂ ਨੂੰ ਝੂਠੇ ਕੇਸਾਂ ਵਿਚ ਜੇਲ੍ਹਾਂ ਵਿਚ ਡੱਕਿਆ ਗਿਆ। ਦਰਅਸਲ, ਲੋਕ ਦੁਸ਼ਮਣ ਭਗਵੀਂ ਹਕੂਮਤ ਦੇ ਹਿਤ ਕਸ਼ਮੀਰ ਦੇ ਸਮੂਹ ਲੋਕਾਂ ਵੱਲੋਂ ਝੱਲੇ ਜਾ ਰਹੇ ਸੰਤਾਪ, ਆਰ.ਐੱਸ.ਐੱਸ.-ਭਾਜਪਾ ਦੇ ਰਾਜ ਵਿਚ ਗੁਜਰਾਤ ਕਤਲੇਆਮ 2002, ਕੋਵਿਡ ਮਹਾਮਾਰੀ ਅਤੇ ਕਾਰਪੋਰੇਟ ਹਿਤੈਸ਼ੀ ਨੀਤੀਆਂ ਰਾਹੀਂ ਜੰਗਲਾਂ-ਪਹਾੜਾਂ ਵਿੱਚੋਂ ਆਦਿਵਾਸੀ ਲੋਕਾਂ ਦੇ ਉਜਾੜੇ ਅਤੇ ਭਾਰਤੀ ਰਾਜ ਵੱਲੋਂ ਵੱਖ-ਵੱਖ ਰੂਪਾਂ 'ਚ ਆਪਣੇ ਹੀ ਲੋਕਾਂ ਨਸਲਕੁਸ਼ੀ ਉੱਪਰ ਪੜਦਾ ਪਾਈ ਰੱਖਣ 'ਚ ਹਨ।

ਸਮੂਹ ਇਨਸਾਫ਼ਪਸੰਦ ਤਾਕਤਾਂ ਨੂੰ ਕਸ਼ਮੀਰ ਫ਼ਾਈਲਜ਼ ਉੱਪਰ ਚਰਚਾਵਾਂ ਆਯੋਜਤ ਕਰਕੇ ਇਸ ਕਥਿਤ ਫਿਲਮ ਪਿੱਛੇ ਕੰਮ ਕਰਦੀ ਘਿਣਾਉਣੀ ਪਾਟਕਪਾਊ ਸਿਆਸਤ ਦਾ ਪਰਦਾਫਾਸ਼ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਆਰ.ਐੱਸ.ਐੱਸ-ਭਾਜਪਾ ਸਮੇਤ ਉਨ੍ਹਾਂ ਸਾਰੀਆਂ ਹੀ ਤਾਕਤਾਂ ਦੇ ਚਿਹਰੇ ਨੰਗੇ ਕਰਨੇ ਚਾਹੀਦੇ ਹਨ ਜੋ ਕਸ਼ਮੀਰ ਪੰਡਤਾਂ ਅਤੇ ਹੋਰ ਕਸ਼ਮੀਰੀਆਂ ਦੀ ਦਰਦਨਾਕ ਸਥਿਤੀ ਲਈ ਜ਼ਿੰਮੇਵਾਰ ਹਨ।

# ਹਿਜਾਬ ਬਾਬਤ ਕਰਨਾਟਕ ਹਾਈ ਕੋਰਟ ਦਾ ਫ਼ੈਸਲਾ ਨਾਗਰਿਕ ਆਜ਼ਾਦੀ ਦੇ ਖਿਲਾਫ਼ ਹੈ : ਜਮਹੂਰੀ ਅਧਿਕਾਰ ਸਭਾ

- ਬੂਟਾ ਸਿੰਘ -

ਅੱਜ ਪ੍ਰੈੱਸ ਬਿਆਨ ਜਾਰੀ ਕਰਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਹਿਜਾਬ ਦੇ ਮਾਮਲੇ 'ਚ ਕਰਨਾਟਕ ਹਾਈ ਕੋਰਟ ਦੇ ਤਿੰਨ ਮੈਂਬਰੀ ਬੈਂਚ ਦੇ ਫ਼ੈਸਲਿਆਂ ਉੱਪਰ ਟਿੱਪਣੀ ਕਰਦਿਆਂ ਕਿਹਾ ਕਿ ਅਦਾਲਤ ਵੱਲੋਂ ਇਹ ਕਹਿਣਾ ਕਿ ਹਿਜਾਬ ਇਸਲਾਮ ਦੇ ਲਾਜ਼ਮੀ ਧਾਰਮਿਕ ਰਿਵਾਜਾਂ ਦਾ ਹਿੱਸਾ ਨਹੀਂ ਹੈ ਅਤੇ ਇੰਞ ਸੰਵਿਧਾਨ ਦੀ ਧਾਰਾ 25 ਦੇ ਤਹਿਤ ਸੁਰੱਖਿਅਤ ਨਹੀਂ ਹੈ।" ਨਾਗਰਿਕ ਆਜ਼ਾਦੀ ਦੇ ਖ਼ਿਲਾਫ਼ ਹੈ। ਬੈਂਚ ਨੇ ਕਿਹਾ ਕਿ ਸਾਡਾ ਇਹ ਮੰਨਣਾ ਹੈ ਕਿ ਮੁਸਲਿਮ ਔਰਤਾਂ ਦਾ ਹਿਜਾਬ ਪਾਉਣਾ ਇਸਲਾਮਕ ਅਕੀਦੇ ਵਿਚ ਲਾਜ਼ਮੀ ਧਾਰਮਿਕ ਪ੍ਰੈਕਟਿਸ ਨਹੀਂ ਬਣਦਾ। ਬੈਂਚ ਨੇ ਕਰਨਾਟਕਾ ਸਰਕਾਰ ਵੱਲੋਂ ਵਿਦਿਅਕ ਸੰਸਥਾਵਾਂ ਵਿਚ ਹਿਜਾਬ ਉੱਪਰ ਪਾਬੰਦੀ ਨੂੰ ਜਾਇਜ਼ ਠਹਿਰਾਇਆ ਹੈ ਅਤੇ ਬਰਕਰਾਰ ਰੱਖਿਆ ਹੈ ਕਿ "ਸਕੂਲੀ ਵਰਦੀ ਪਾਉਣ ਲਈ ਕਹਿਣਾ ਸੰਵਿਧਾਨਕ ਤੌਰ 'ਤੇ ਪ੍ਰਵਾਨਿਤ ਵਾਜਬ ਰੋਕ ਹੈ ਜਿਸ ਉੱਪਰ ਵਿਦਿਆਰਥੀ ਇਤਰਾਜ਼ ਨਹੀਂ ਕਰ ਸਕਦੇ।"

ਸਭਾ ਸਮਝਦੀ ਹੈ ਕਿ ਇਹ ਫ਼ੈਸਲਾ ਔਰਤਾਂ ਦੀ ਪਹਿਰਾਵੇ ਦੀ ਸੱਭਿਆਚਾਰਕ ਆਜ਼ਾਦੀ ਦੇ ਖ਼ਿਲਾਫ਼ ਹੈ। ਸਿਰ ਢਕਣ ਲਈ ਹਿਜਾਬ ਪਾਉਣ ਨੂੰ ਕਦੇ ਵੀ ਸਕੂਲੀ ਵਰਦੀ ਦੀ ਉਲੰਘਣਾ ਨਹੀਂ ਮੰਨਿਆ ਗਿਆ। ਜੇ ਕੋਈ ਲੜਕੀ ਹਿਜਾਬ ਜਾਂ ਆਪਣੀ ਪਸੰਦ ਦਾ ਕੋਈ ਪਹਿਰਾਵਾ ਪਾ ਕੇ ਵਿਦਿਅਕ ਸੰਸਥਾ ਵਿਚ ਜਾਣਾ ਚਾਹੁੰਦੀ ਹੈ ਤਾਂ ਉਸ ਨੂੰ ਇਹ ਦਲੀਲ ਦੇ ਕੇ ਕਿਵੇਂ ਰੋਕਿਆ ਜਾ ਸਕਦਾ ਹੈ ਕਿ ਇਹ ਉਸ ਦੇ ਧਰਮ ਵਿਚ ਲਾਜ਼ਮੀ ਨਹੀਂ ਹੈ ਇਸ ਕਰਕੇ ਇਹ ਪਹਿਨ ਕੇ ਉਹ ਸਕੂਲ-ਕਾਲਜ ਨਹੀਂ ਆ ਸਕਦੀ। ਕੋਈ ਸਮਾਜਿਕ ਸਮੂਹ ਆਪਣੇ ਵਿਸ਼ੇਸ਼ ਸੱਭਿਆਚਾਰ ਅਨੁਸਾਰ ਕੋਈ ਪਹਿਰਾਵਾ ਪਹਿਨ ਸਕਦਾ ਹੈ, ਦੂਜਾ ਨਹੀਂ ਪਹਿਨਦਾ। ਇਹ ਵਿਅਕਤੀ ਦੀ ਆਪਣੇ ਸਮਾਜਿਕ ਮਾਹੌਲ ਅਨੁਸਾਰ ਆਜ਼ਾਦੀ ਹੈ। ਕਿਸੇ ਵਿਅਕਤੀ ਉੱਪਰ ਧਰਮ ਦੇ ਨਾਂ 'ਤੇ ਪਹਿਰਾਵਾ ਥੋਪਣਾ ਵੀ ਗ਼ਲਤ ਹੈ ਅਤੇ ਉਸ ਦੀ ਮਰਜ਼ੀ ਦੇ ਵਿਰੁੱਧ ਕੋਈ ਖਾਸ ਪਹਿਰਾਵਾ ਪਹਿਨਣ ਤੋਂ ਰੋਕਣਾ ਵੀ ਗ਼ਲਤ ਹੈ। ਇਸ ਨੂੰ ਧਰਮ ਨਾਲ ਜੋੜਨਾ ਹੀ ਗ਼ਲਤ ਹੈ। ਜੇ ਅਦਾਲਤ ਧਰਮ ਨਾਲ ਜੋੜ ਕੇ ਤਹਿ ਕਰਦੀ ਹੈ ਤਾਂ ਇਹ ਹੋਰ ਵੀ ਖਤਰਨਾਕ ਹੈ ਅਤੇ ਵਿਅਕਤੀ ਦੀ ਆਜ਼ਾਦੀ ਵਿਚ ਸਿੱਧਾ ਦਖਲ ਹੈ। ਅਜਿਹਾ ਕਰਕੇ ਜੱਜ ਧਾਰਮਿਕ ਪਾਦਰੀਆਂ ਦੀ ਭੂਮਿਕਾ ਨਿਭਾ ਰਹੇ ਹਨ। ਇਸ ਦਲੀਲ ਅਨੁਸਾਰ ਕੱਲ੍ਹ ਨੂੰ ਕੋਈ ਫ਼ੈਸਲਾ ਇਹ ਕਹਿ ਕੇ ਥੋਪਿਆ ਜਾ ਸਕਦਾ ਹੈ ਕਿ ਇਹ ਧਾਰਮਿਕ ਵਿਸ਼ਵਾਸ ਦੇ ਅਨੁਸਾਰ ਹੈ ਇਸ ਲਈ ਮੰਨਣਾ ਜ਼ਰੂਰੀ ਹੈ।

ਹਿਜਾਬ ਦਾ ਵਿਰੋਧ ਕਰਨ ਵਾਲੀਆਂ ਹਿੰਦੂ ਫਿਰਕਾਪ੍ਰਸਤ ਜਥੇਬੰਦੀਆਂ ਅਤੇ ਸਰਕਾਰ ਆਪਣੇ ਵਿਰੋਧ ਨੂੰ ਵਾਜਬ ਠਹਿਰਾਉਣ ਲਈ ਕਹਿੰਦੇ ਹਨ ਕਿ ਮੁਸਲਿਮ ਧਰਮ ਵਿਚ ਕੱਟੜਤਾ ਹੈ, ਇਸ ਵਿਚ ਔਰਤਾਂ ਨੂੰ ਕੋਈ ਆਜ਼ਾਦੀ ਨਹੀਂ ਹੈ। ਉਹ ਤਾਂ ਮੁਸਲਿਮ ਔਰਤਾਂ ਨੂੰ ਆਜ਼ਾਦੀ ਦੇਣਾ ਚਾਹੁੰਦੇ ਹਨ। ਦਰਅਸਲ, ਹਰ ਧਰਮ ਕਿਸੇ ਨਾ ਕਿਸੇ ਰੂਪ ਵਿਚ ਔਰਤਾਂ ਦੀ ਆਜ਼ਾਦੀ ਉੱਪਰ ਬੰਦਿਸ਼ਾਂ ਲਾਉਂਦਾ ਹੈ। ਕੀ ਸਿਰ ਢਕਣ ਦੇ ਸਭਿਆਚਾਰਕ ਵਰਤਾਰਿਆ ਨੂੰ ਇਸ ਕਸੌਟੀ 'ਤੇ ਪਰਖ਼ਿਆ ਜਾਵੇਗਾ। ਇਕ ਫਿਰਕੇ ਦੀਆਂ ਲੜਕੀਆਂ ਨੂੰ ਇਸ ਬਹਾਨੇ ਨਿਸ਼ਾਨਾ ਬਣਾਉਣਾ ਉਨ੍ਹਾਂ ਨੂੰ ਪੜ੍ਹਾਈ ਦੇ ਹੱਕ ਤੋਂ ਵਾਂਝੇ ਕਰਨਾ ਅਤੇ ਸਮਾਜਿਕ ਪਿਛੜੇਵੇਂ ਵੱਲ ਧੱਕਣਾ ਹੈ।

ਕਰਨਾਟਕਾ ਹਾਈਕੋਰਟ ਦਾ ਇਹ ਫ਼ੈਸਲਾ ਸੰਘ ਪਰਿਵਾਰ ਨੂੰ ਖੁਸ਼ ਕਰਨ ਵਾਲਾ ਅਤੇ ਵਿਤਕਰੇ ਵਾਲਾ ਹੈ ਜੋ ਖ਼ਾਸ ਫਿਰਕਿਆਂ ਮੁਸਲਿਮ ਅਤੇ ਈਸਾਈ ਨੂੰ ਨਿਸ਼ਾਨਾ ਬਣਾ ਕੇ ਬਹੁਗਿਣਤੀਵਾਦੀ ਸਿਆਸਤ ਕਰ ਰਹੇ ਹਨ ਅਤੇ ਧਾਰਮਿਕ ਘੱਟਗਿਣਤੀਆਂ ਨੂੰ ਦੋਇਮ ਦਰਜੇ ਦੇ ਦਬੂ ਨਾਗਰਿਕ ਬਣਾਉਣਾ ਚਾਹੁੰਦੇ ਹਨ। ਜਦ ਕਿ ਸੰਵਿਧਾਨ ਰਾਜ ਸਰਕਾਰਾਂ ਨੂੰ ਦਿਸ਼ਾ ਨਿਰਦੇਸ਼ ਦਿੰਦਾ ਹੈ ਕਿ ਨੀਤੀਆਂ ਵਿਤਕਰੇ ਰਹਿਤ ਹੋਣੀਆਂ ਚਾਹੀਦੀਆਂ ਹਨ। ਸੰਵਿਧਾਨ ਦੇ ਇਹ ਨੀਤੀ ਨਿਰਦੇਸ਼ ਅਦਾਲਤ ਦੀ ਨਜ਼ਰਸਾਨੀ ਤੋਂ ਬਾਹਰ ਰੱਖੇ ਗਏ ਇਸ ਕਰਕੇ ਜਨਤਾ ਦਾ ਫਰਜ਼ ਬਣਦਾ ਹੈ ਕਿ ਇਸ ਮੁੱਦੇ ਉੱਪਰ ਜ਼ੋਰਦਾਰ ਅਵਾਜ ਬੁਲੰਦ ਕੀਤੀ ਜਾਵੇ ਤਾਂ ਜੋ ਸੰਵਿਧਾਨ ਵਿਚ ਦਰਜ ਸਮਾਜੀ ਨਿਆਂ ਦੀ ਸਪਿਰਟ ਨੂੰ ਕਾਇਮ ਰਖਿਆ ਜਾ ਸਕੇ।

# ਮਨੁੱਖ ਉਤਪੰਨ ਕਰਨ ਵਾਲੇ ਬਾਂਦਰ ਅਜੇ ਤੱਕ ਕਿਉਂ ?



ਡਾ. ਬਲਜਿੰਦਰ
94170-79720
singh.drbaljinder@gmail.com



“ਜੇਕਰ ਮਨੁੱਖਾ ਜਨਮ (ਪੂਛਹੀਣ) ਬਾਂਦਰਾਂ ਤੋਂ ਹੋਇਆ ਹੈ ਤਾਂ ਫਿਰ ਉਹੀ (ਪੂਛਹੀਣ) ਬਾਂਦਰ ਹੁਣ ਤੱਕ ਕਿਓਂ ਜਿਓਂਦਾ ਘੁੰਮਦੇ-ਫਿਰਦੇ ਪਏ ਨੇ ?” ਏਪਸ ਭਾਵ ਪੂਛਹੀਣ ਬਾਂਦਰਾਂ ਨੂੰ ਤੱਕ ਕੇ ਸਹਿ-ਸੁਭਾ ਹੀ ਇਹ ਸੁਆਲ ਹੋਰਨਾਂ ਲੋਕਾਂ ਵਾਂਗ 2017 ’ਚ ਅਮਰੀਕਾ ਦੇ ਮਸਹੂਰ ਵਿਅੰਗ ਕਲਾਕਾਰ(ਕੋਮੇਡੀਅਨ) ਟਿਮ ਐਲਨ ਨੇ ਟਵਿੱਟਰ ’ਤੇ ਕੀਤੀ ਆਪਣੀ ਟਵੀਟ ’ਚ ਉਠਾਇਆ ਸੀ। ਇਹਦੇ ’ਚ ਹੈਰਾਨੀ ਦੀ ਕੋਈ ਵੀ ਗੱਲ ਨਹੀਂ ਕਿ ਉਸਦੀ ਇਸ ਟਵੀਟ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ 50,000 ਤੋਂ ਵੀ ਵੱਧ ਸੀ ਅਤੇ ਸੋਸਲ ਮੀਡੀਆ ਦੀ ਸਰਦਾਰੀ ਵਾਲੀ ਇਸ ਦੁਨੀਆਂ ’ਚ ਅੱਖ ਦੇ ਫੋਰ ’ਚ ਹੀ ਉਸਦੀ ਇਸ ਟਵੀਟ ਨੂੰ 13000 ਤੋਂ ਵੱਧ ਲੋਕਾਂ ਨੇ ਅਗਾਂਹ ਤੋਰਿਆ। ਇਹ ਗੱਲ ਸਾਬਤ ਕਰਦੀ ਹੈ ਕਿ ਅਜਿਹੀ ਸੋਚ ਰੱਖਣ ਵਾਲਾ ਟਿਮ ਇਕੱਲਾ ਵਿਅਕਤੀ ਨਹੀਂ ਸੀ। ਬਲਕਿ ਕਰੋੜਾਂ-ਕਰੋੜ ਹੋਰਨਾਂ ਲੋਕਾਂ ਦੇ ਜਿਹਨਾਂ ਅੰਦਰ ਵੀ ਇਹ ਸੁਆਲ ਕੁਲਬੁਲਾ ਰਿਹਾ ਸੀ। ਇਹ ਸੁਆਲ ਕਰੋੜਾਂ-ਕਰੋੜ ਉਹਨਾਂ ਲੋਕਾਂ ਦਾ ਹੈ ਜਿਹਨਾਂ ਨੂੰ ਪ੍ਰਜਾਤੀਆਂ ਦੇ ਸਹਿਜ-ਵਿਕਾਸ (ਐਵੋਲੂਸਨ) ਦਾ ਮਾੜਾ-ਮੋਟਾ ਇਲਮ ਹੈ ਅਤੇ ਬਹੁਤਿਆਂ ਦੇ ਤਾਂ ਅਜਿਹੀ ਡੂੰਘੀ ਸੋਚ ਵਾਲੀ ਗੱਲ ਸਿਰਾਂ ਤੋਂ ਉੱਪਰਦੀ ਗੁਜਰ ਜਾਣ ਵਾਲੀ ਵਾਂਗ ਹੈ।

ਅਜਿਹੀਆਂ ਗੱਲਾਂ/ਸੁਆਲਾਂ ਦਾ ਸਾਹਮਣਾ ਜੀਵ-ਵਿਗਿਆਨ ਜਾਂ ਆਮ ਰੂਪ ’ਚ ਹੀ ਵਿਗਿਆਨ ਦਾ ਅਧਿਆਪਣ ਕਰਾਉਣ ਵਾਲੇ ਅਧਿਆਪਕਾਂ ਨੂੰ ਕਰਨਾ ਪੈਂਦਾ ਹੈ। ਵਿਦਿਆਰਥੀਆਂ ਦੇ ਅਜਿਹੇ ਹੀ ਸੁਆਲਾਂ ਤੋਂ ਅੱਕੇ ਇੱਕ ਅਧਿਆਪਕ ਨੇ ਆਪਣੀ ਵਿਥਿਆ ਸੁਣਾਉਂਦਿਆਂ ਦੱਸਿਆ ਸੀ ਕਿ ਆਖਰਕਾਰ ਉਸਨੂੰ ਆਪਣੇ ਉਸ ਉਤਸੁਕ ਵਿਦਿਆਰਥੀ ਨੂੰ ਸਿਰਫ ਇਹ ਕਹਿਕੇ ਹੀ ਖਹਿੜਾ ਛੁਡਾਉਣਾ ਪਿਆ ਕਿ “ਕੀ ਤੇਰੇ ਕਾਲਜੇ ਫੇਰ ਠੰਢ ਪਊ ਅਤੇ ਤੈਨੂੰ ਫੇਰ ਸਬਰ ਆਊ ਜਦੋਂ ਮੈਂ ਕਿਸੇ ਅਜਿਹੇ ਬਾਂਦਰ ਨੂੰ ਆਪਣੇ ਨਾਲ ਕਲਾਸ ’ਚ ਲਿਆ ਹਾਜਰ ਕਰਾਂ ਜੀਹਨੇ ਆਪਣੇ ਇੱਕ ਹੱਥ ’ਚ ਆਪਣੀ ਪੂਛ ਫੜੀ ਹੋਈ ਹੋਵੇ ਅਤੇ ਉਹ ਬਾਂਦਰ ਆਕੇ ਤੁਹਾਡੇ ਸਾਹਮਣੇ ਆਪਣੀ ਪੂਛ ਦਾ ਮੁਜਾਹਰਾ ਕਰਦਿਆਂ ਇਹ ਉੱਚਰੇ ਕਿ ਮੈਂ ਹਾਂ ਇਹਦਾ (ਸਹਿਜ ਵਿਕਾਸ, ਐਵੋਲੂਸਨ) ਸਬੂਤ, ਮੈਂ ਹੁਣੇ-ਹੁਣੇ ਬਾਂਦਰ ਤੋਂ ਮਨੁੱਖ ਬਣਿਆਂ ਹਾਂ, ਆਹ ਦੇਖੋ ਮੇਰੀ ਪੂਛ!”

ਉੱਨੀਵੀ ਸਦੀ ਦੇ ਮੱਧ ’ਚ ਮਸਹੂਰ ਜੀਵ ਵਿਗਿਆਨੀ ਚਾਰਲਜ ਡਾਰਵਿਨ ਨੇ ਆਪਣੇ ਤਜਰਬਿਆਂ ਅਤੇ ਪੌਦਿਆਂ ’ਤੇ ਕੀਤੀ ਆਪਣੀ ਖੋਜਬੀਨ ਅਤੇ ਅਧਿਐਨ ਦੇ ਆਧਾਰ ’ਤੇ ਹਾਸਲ ਸਿੱਟਿਆਂ ’ਤੇ ਐਵੇਲੂਸਨ(ਸਹਿਜ ਵਿਕਾਸ) ਦਾ ਸਿਧਾਂਤ ਪੇਸ ਕੀਤਾ ਅਤੇ ਨਾਲ ਹੀ ਇਸ ਸਹਿਜ ਵਿਕਾਸ ਦੇ ਨੇਮ ਵੀ ਸੁਝਾਏ।

ਪਰ ਡਾਰਵਿਨ ਦੀ ਕਾਲਜਾਈ ਰਚਨਾ-ਦ ਓਰਿਜਿਨ ਆਫ ਸਪੀਸਿਜ (ਪ੍ਰਜਾਤੀਆਂ ਦੀ ਉਤਪਤੀ) - ਦੇ ਆਉਣ ਦੇ ਡੇਢ ਸੌ ਤੋਂ ਵੀ ਵੱਧ ਸਾਲ ਬੀਤ ਜਾਣ ਉਪਰੰਤ ਵੀ ਮਨੁੱਖ ਦੀ ਉਤਪਤੀ ਦੇ ਇਸ ਸਿਧਾਂਤ ਤੋਂ ਕਰੋੜਾਂ-ਕਰੋੜ ਲੋਕ ਅਣਭਿੱਜ ਹਨ ਅਤੇ ਬਹੁਤੇ ਵਿਦਿਆਰਥੀ ਵੀ ਮਨੋਮਨੀਂ ਇਹਨੂੰ ‘ਅਣਹੋਣੀ’ ਹੀ ਸਮਝਦੇ ਹਨ ਭਾਵੇਂ ਕਿ ਕਲਾਸ ’ਚੋਂ ਪਾਸ ਹੋਣ ਦੇ ਮਕਸਦ ਨਾਲ ਉਹ ਇਸਨੂੰ ਰੱਟਾ ਲਾ ਕੇ ਯਾਦ ਕਰ ਲੈਂਦੇ ਹਨ। ਆਪਣੇ ਇਸ ਲੇਖ ’ਚ ਅਸੀਂ ਇਸ ਪੱਖ ਤੋਂ ਹੀ ਸੰਬੋਧਤ ਹੋਣ ਦੀ ਕੋਸ਼ਿਸ਼ ਕਰ ਰਹੇ ਹਾਂ।

ਸਹਿਜ ਵਿਕਾਸ ਦਾ ਸਿਧਾਂਤ ਇਸ ਗੱਲ ’ਤੇ ਰੌਸਨੀ ਪਾਉਂਦਾ ਹੈ ਕਿ ਇਸ ਜਮੀਨ ’ਤੇ ਜੀਵ-ਜੰਤੂਆਂ ਤੇ ਪੌਦਿਆਂ ਭਾਵ ਬਨਸਪਤੀ ਦੀਆਂ ਜੋ ਵੀ ਪ੍ਰਜਾਤੀਆਂ ਮੌਜੂਦ ਹਨ ਜਾਂ ਜੋ ਪਹਿਲਾਂ ਵੀ ਇਸ ਧਰਤੀ ’ਤੇ ਰਹਿੰਦੀਆਂ ਰਹੀਆਂ ਸਨ ਉਹਨਾਂ ਸਾਰੀਆਂ ਦਾ ਆਪਸ ’ਚ ਬਹੁਤ ਹੀ ਗਹਿਰਾ ਰਿਸਤਾ ਹੈ। ਕੋਈ ਵੀ ਪ੍ਰਜਾਤੀ ਇਕੱਲੀ ਹੋਂਦ ’ਚ ਨਾ ਹੈ ਅਤੇ ਨਾ ਹੀ ਸੀ। ਇਸੇ ਦੇ ਹੀ ਸਬੰਧ ’ਚ ਵਾਸਰ ਕਾਲਜ ਦੇ ਮਾਨਵ ਵਿਗਿਆਨੀ ਜੈਕ ਕੌਂਫਰੋਨ ਦਾ ਕਹਿਣਾ ਹੈ ਕਿ “ਅਸੀਂ ਯਾਨੀ ਕਿ ਮਨੁੱਖ, ਅੱਜ ਦੀ ਦੁਨੀਆ ’ਚ ਜਿਓਂਦੇ ਤੁਰੇ-ਫਿਰਦੇ(ਜੀਵਤ) ਕਿਸੇ ਵੀ ਪ੍ਰਾਣੀ ਦੀ ਪ੍ਰਜਾਤੀ ਤੋਂ ਉਪਜੇ ਹੋਏ ਨਹੀਂ ਹਾਂ।” ਉਸਦਾ ਕਹਿਣ ਦਾ ਭਾਵ ਹੈ ਕਿ ਅੱਜ ਦੀ ਮਨੁੱਖ ਪ੍ਰਜਾਤੀ ਅਜੋਕੇ ਚਿੜੀਆ-ਘਰਾਂ ’ਚ ਕੈਦ ਰੱਖੇ ਗਏ ਗੌਰੀਲਿਆਂ ਜਾਂ ਚਿੰਪੈਂਜੀਆਂ ਤੋਂ ਵਿਕਸਤ ਨਹੀਂ ਹੋਈ। ਅਤੇ “ਇਹ ਸੋਚਣਾ ਇੱਕ ਬਿੱਲਕੁਲ ਹੀ ਗਲਤ ਧਾਰਨਾ ਹੈ ਕਿ (ਪੂਛਹੀਣ) ਬਾਂਦਰ ਬੱਸ ਮਨੁੱਖੀ ਸਰੂਪ (ਚੋਗਾ) ਧਾਰਨ ਕਰਨ ਤੋਂ ਸਿਰਫ ਇੱਕ ਹੀ ਕਦਮ ਦੀ ਦੂਰੀ ’ਤੇ ਸਨ ਜਾਂ ਬੱਸ ਐਸ ਪਾਸੇ ਵੱਲ ਨੂੰ ਰਾਹੇ-ਰਾਹ ਤੁਰੇ ਹੀ ਆ ਰਹੇ ਸਨ” ਅਤੇ ਰਾਹ ’ਚ ਹੀ ਕਿਤੇ ਵਿੱਝੜ ਗਏ। ਪਰ ਨਾਲ ਹੀ ਉਹਦਾ ਕਹਿਣਾ ਹੈ ਕਿ ਗੱਲ ਸਿਰਫ ਐਨੀ ਕੁ ਹੀ ਨਹੀਂ ਹੈ, ਉਹਦਾ ਕਹਿਣਾ ਹੈ ਕਿ “ਅੱਜ ਦਾ ਮਨੁੱਖ ਇਸ ਧਰਤੀ ’ਤੇ ਮਿਲੀਅਨ ਸਾਲ ਪਹਿਲਾਂ ਵਸਣ ਵਾਲੇ ਅਜੋਕੇ (ਪੂਛਹੀਣ) ਬਾਂਦਰਾਂ ਦੇ ਪੂਰਵਜਾਂ (ਜਿਹੜੀਆਂ ਪ੍ਰਜਾਤੀਆਂ ਕਿ ਹੁਣ ਅਲੋਪ ਹੋ ਚੁੱਕੀਆਂ ਹਨ) ਤੋਂ ਇੱਕ ਸਹਿਜ ਵਿਕਾਸ (ਐਵੋਲੂਸਨਰੀ) ਦੇ ਅਮਲ ਰਾਹੀਂ ਹੋਂਦ ’ਚ ਆਇਆ ਹੈ, ਉਸ ਅਮਲ ਰਾਹੀਂ ਜਿਸਨੂੰ ਕਿ “ਸਾਂਝੇ ਪੂਰਵਜ”(ਕਾਮਨ ਡੀਸੇਂਟ) ਹੋਣ ਦੇ ਅਮਲ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਭਾਵੇਂ ਕਿ ਅਸੀਂ (ਮਨੁੱਖ) ਇਹਨਾਂ ਪ੍ਰਜਾਤੀਆਂ ਨਾਲ ਆਪਣੇ ਪੂਰਬਲੇ ਸਾਂਝੇ ਪੂਰਵਜਾਂ ’ਚੋਂ ਉਪਜੇ ਹਾਂ ਪਰ ਕਰੋੜਾਂ ਸਾਲਾਂ ਦੇ ਸਮੇਂ ਦੇ ਬੀਤਣ ਨਾਲ ਸਾਡੀਆਂ ਸਾਰਿਆਂ ਦੀਆਂ ਪ੍ਰਜਾਤੀਆਂ ’ਚ ਹੀ ਤਬਦੀਲੀਆਂ ਆ ਚੁੱਕੀਆਂ ਹਨ। ਅਸੀਂ ਵੀ ਅਤੇ ਬਾਕੀ ਦੀਆਂ ਪ੍ਰਜਾਤੀਆਂ ਨੇ ਵੀ ਆਪੋ-ਆਪਣੇ ਆਬੋ-ਹਵਾ (ਵਾਤਾਵਰਣ) ਅਨੁਸਾਰ ਜਾਂ ਵਿਸੇਸ ਹਾਲਤਾਂ ਮੂਜਬ ਜਾਂ ਆਪਣੇ ਸੂਤ ਬਹਿੰਦੀਆਂ ਹਾਲਤਾਂ ਮੂਜਬ ਖੁਦ ਨੂੰ ਢਾਲ ਲਿਆ ਹੈ।” ਹੁਣ ਤੱਕ ਦੀ ਖੋਜ ਦੱਸਦੀ ਹੈ ਕਿ (ਪੂਛਹੀਣ)ਬਾਂਦਰਾਂ ਦੀਆਂ ਪ੍ਰਜਾਤੀਆਂ ’ਚੋਂ ਮਨੁੱਖਾ ਪ੍ਰਜਾਤੀ ’ਚ ਤਬਦੀਲੀ ਦਾ ਅਮਲ 8.3 ਤੋਂ 9.5 ਬਿਲੀਅਨ ਸਾਲ ਪਹਿਲਾਂ ਵਾਪਰਿਆ ਹੈ।

ਕਹਿਣ ਦਾ ਭਾਵ ਮਨੁੱਖਾਂ ਦੀਆਂ ਸਾਰੀਆਂ ਪ੍ਰਜਾਤੀਆਂ ਹੀ (ਪੂਛਹੀਣ) ਬਾਂਦਰ ਹਨ ਅਤੇ ਉਹ (ਪੂਛਹੀਣ) ਬਾਂਦਰਾਂ ਦੀਆਂ ਹੋਰਨਾਂ ਪ੍ਰਜਾਤੀਆਂ ਨਾਲ ਰਿਸ਼ਤੇਦਾਰੀ ’ਚ ਹਨ। ਇਸ ਲਿਹਾਜ ਨਾਲ ਸਾਰੀਆਂ ਪ੍ਰਜਾਤੀਆਂ ਦਰਮਿਆਨ ਸਰਵ-ਵਿਆਪੀ ਆਪਸੀ ਰਿਸਤੇਦਾਰੀ ਦੀ ਇਹ ਗੱਲ ਉਦੋਂ ਬਹੁਤ ਹੀ ਆਮ ਰੂਪ ’ਚ ਮਾਮੂਲੀ ਜਿਹੀ ਜਾਪਦੀ ਹੈ ਜਦੋਂ ਅਸੀਂ ਡੂੰਘਾਈ ’ਚ ਜਾਕੇ ਇਹ ਸੋਚਦੇ ਹਾਂ ਕਿ ਇਸ ਸਰ-ਜਮੀਨ ’ਤੇ ਮਿਲਣ ਵਾਲੀਆਂ ਪ੍ਰਾਣੀਆਂ ਦੀਆਂ ਸਾਰੀਆਂ ਹੀ ਪ੍ਰਜਾਤੀਆਂ ਦੇ ਪੂਰਵਜਾਂ ਨਾਲ ਸਾਡੀ ਗੂੜ੍ਹੀ ਰਿਸਤੇਦਾਰੀ ਹੋਣ ਦੀ ਗੱਲ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੀ ਹੈ। ਦੂਜੇ ਲਫਜਾਂ ’ਚ ਕਿਹਾ ਜਾਵੇ ਤਾਂ ਇਸ ਧਰਤੀ ’ਤੇ ਵਸਣ ਵਾਲੇ ਅਸੀਂ ਸਾਰੇ ਹੀ ਪ੍ਰਾਣੀ ਇੱਕ ਹੀ ਸਾਂਝੇ ਉਸ ਪੂਰਵਜ ਦੀ ਔਲਾਦ ਹਾਂ, ਜਿਹੜਾ ਕਿ ਇਸ ਧਰਤੀ ’ਤੇ ਕਰੋੜਾਂ-ਕਰੋੜ ਸਾਲ ਪਹਿਲਾਂ ਵਾਸਾ ਕਰਦਾ ਸੀ। ਇਸ ਦਾ ਅਰਥ ਇਹ ਵੀ ਬਣਦਾ ਹੈ ਕਿ ਮਨੁੱਖਾ ਪ੍ਰਜਾਤੀ ਦੀ ਰਿਸਤੇਦਾਰੀ ਵ੍ਹੇਲ ਮੱਛੀਆਂ, ਸਾਰਕਾਂ, ਪੇੜ-ਪੌਦਿਆਂ, ਗੰਡੋਇਆਂ ਅਤੇ ਬੈਕਟੀਰੀਆ ਨਾਲ ਵੀ ਹੈ।

ਕੌਂਫਰੋਨ ਦਾ ਇਹ ਵੀ ਕਹਿਣਾ ਹੈ ਕਿ ਮਨੁੱਖ ਬਾਰੇ ’ਚ ਕੀਤੀ ਗਈ ਅਜੋਕੀ ਡੂੰਘੀ ਖੋਜ ਵੀ ਇਹ ਦਿਖਾਉਂਦੀ ਹੈ ਕਿ “ਜਿਸ ਜੀਨਵੀ (ਜੇਨੇਟਿਕਸ) ਮਾਦੇ ਤੋਂ ਮਨੁੱਖੀ ਢਾਂਚਾ ਬਣਿਆ ਹੋਇਆ ਹੈ, ਉਸ ਜੀਨਵੀ ਮਾਦੇ ਦਾ ਹੀ ਬਹੁਤ ਸਾਰ ਵੱਡਾ ਹਿੱਸਾ ਜਾਨਵਰਾਂ (ਪ੍ਰਾਣੀਆਂ) ਦੇ ਢਾਂਚੇ ਨੂੰ ਘੜਣ ਵਾਲੇ ਮਾਦੇ ਨਾਲ ਹੀ ਜਾ ਮਿਲਦਾ ਹੈ। ਬਸ, ਫਰਕ ਸਿਰਫ ਐਨਾ ਕੁ ਹੀ ਹੈ ਕਿ ਉਸੇ ਹੀ ਜੀਨਵੀ ਮਾਦੇ ਨੇ ਵੱਖ-ਵੱਖ ਰੂਪ ਧਾਰਨ ਕਰ ਲਏ। ਸੰਖੇਪ ’ਚ ਕਿਹਾ ਜਾਵੇ ਤਾਂ ਅੱਜ ਅਸੀਂ ਆਪਣੇ(ਮਨੁੱਖ ਦੇ) ਪੂਰਵਜਾਂ ਦੇ ਸਬੰਧ ’ਚ ਜਦੋਂ ਵੀ ਜ਼ਿਕਰ ਕਰਦੇ ਹਾਂ ਤਾਂ ਬਹੁਤਾ ਕਰਕੇ (ਪੂਛਹੀਣ)ਬਾਂਦਰਾਂ ਦੀ ਪ੍ਰਜਾਤੀ ਦਾ ਹੀ ਕਰਦੇ ਹਾਂ, ਕਿਓਂਕਿ ਉਹ ਹੀ ਮਨੁੱਖਾ ਪ੍ਰਜਾਤੀ ਦੇ ਸੱਭ ਤੋਂ ਨੇੜਲੇ ਰਿਸਤੇਦਾਰ ਹਨ।”

**ਕੀ ਇਹ ਮਨੁੱਖਾ ਪ੍ਰਜਾਤੀ ਹੁਣ ਇਓਂ ਹੀ ਬਣੀ ਰਹੇਗੀ ?**

ਹੁਣ ਸੁਆਲ ਇੱਕ ਹੋਰ ਆ ਖੜ੍ਹਦਾ ਹੈ ਕਿ ਕੀ ਹੁਣ ਜਦੋਂ ਇੱਕ ਵਾਰੀ ਮਨੁੱਖਾ ਪ੍ਰਜਾਤੀ ਹੋਂਦ ’ਚ ਆ ਚੁੱਕੀ ਹੈ ਤਾਂ ਕੀ ਇਹ ਹੁਣ ਅੱਗੇ ਨੂੰ ਇਹੋ ਹੀ ਮਨੁੱਖਾ ਪ੍ਰਜਾਤੀ ਐਥੇ ਇਓਂ ਹੀ ਰਹਿੰਦੀ ਦੁਨੀਆਂ ਤੱਕ ਬਣੀ ਰਹੇਗੀ ? ਇਸ ਸੁਆਲ ਨੂੰ ਸਪੱਸਟ ਕਰਦਿਆਂ ਕੌਂਫਰੋਨ ਨੇ ਇਸ ਗਲਤ ਧਾਰਨਾ (ਸੰਕਲਪ) ਨੂੰ ਵੀ ਸਪੱਸਟ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਇਸ ਧਰਤ ਉਤਲੇ ਸਾਰੇ ਪ੍ਰਾਣੀ ਹੀ ਲਗਾਤਾਰਤਾ ਨਾਲ ਇਵੋਲਵ(ਵਿਕਸਤ) ਹੋ ਰਹੇ ਹਨ ਅਤੇ ਵਿਕਾਸ ਦੀ ਇਹੀ ਧਾਰਨਾ ਮਨੁੱਖਾਂ ’ਤੇ ਵੀ ਇੰਨ-ਬਿੰਨ ਲਾਗੂ ਹੁੰਦੀ ਹੈ। ਇਹਦੇ ਨਾਲ ਹੀ ਉਹ ਕਹਿੰਦਾ ਹੈ ਕਿ ਐਵੋਲੂਸਨ ਨੂੰ ਅਸੀਂ ਮਨੁੱਖੀ ਲੈਂਜ(ਸੀਸੇ) ਦੇ ਰਾਹੀਂ ਹੀ ਦੇਖਦੇ ਹਾਂ। ਐਵੋਲੂਸਨ ਦਾ ਨਿਸਾਨਾ ਮਹਿਜ ਮਨੁੱਖ ਘੜਣਾ/ਬਣਨਾ/ਬਣਾਉਣਾ ਨਹੀਂ ਹੈ ਅਤੇ ਜਿਹੜਾ ਪ੍ਰਾਣੀ/ਬਨਸਪਤੀ ਦਿਸਣ ਨੂੰ ਬਹੁਤ ਹੀ “ਮੁੱਢਲਾ”, ਬਹੁਤ ਹੀ “ਪ੍ਰਾਚੀਨ” ਦੀਹਦਾ ਹੈ, ਉਹਨੇ ਵੀ ਆਪਣਾ ਟੀਚਾ ਕਦੇ ਵੀ ਮਨੁੱਖ ਬਣਨ ਤੱਕ ਦਾ ਹੀ ਨਹੀਂ ਮਿਥਿਆ ਸੀ।

**ਐਵੋਲੂਸਨ ਦੀ ਹੱਦ ?**

ਐਵੋਲੂਸਨ ਬਾਰੇ ਇੱਕ ਹੋਰ ਗਲਤ ਧਾਰਨਾ ਇਹ ਬਣੀ ਹੋਈ ਹੈ ਕਿ ਮਨੁੱਖ ਦਾ ਐਦੂੰ ਅੱਗੇ ਕੋਈ ਵੀ ਵਿਕਾਸ ਨਹੀਂ ਹੋਣਾ। ਪਰ ਅਸੀਂ ਐਵੋਲੂਸਨ (ਸਹਿਜ ਵਿਕਾਸ) ਦਾ ਸਿਰਾ(ਚੋਟੀ) ਨਹੀਂ ਹਾਂ। ਇਓਂ ਸਮਝਣਾ ਵੀ ਇੱਕ ਗਲਤ ਧਾਰਨਾ ਹੈ ਕਿ ਹਰ ਜੀਵਤ ਵਸਤ ਹੀ ਮਨੁੱਖ ਬਣਨ ਵੱਲ ਅਹੁਲ ਰਹੀ ਹੈ, ਅਸਲ ’ਚ ਉਹਦਾ ਕਹਿਣਾ ਹੈ ਕਿ ਐਵੋਲੂਸਨ ਦਾ ਕੋਈ ਮਿਥਿਆ ਟੀਚਾ ਨਹੀਂ ਹੈ। ਸਮਾਜ ’ਚ ਵਿੱਚਰਦਿਆਂ ਅਸੀਂ ਐਵੋਲੂਸਨ ਲਕਬ ਦੇ ਨਾਲ-ਨਾਲ ਹੋਰ ਬਹੁਤ ਸਾਰਾ ਲੱਗ-ਲਿਬੇੜ ਜਮ੍ਹਾਂ ਕਰ ਲਿਆ ਹੋਇਆ ਹੈ ਜਿੱਥੇ ਜਾ ਕੇ ਸਾਡੀ ਇਹ ਸੋਚ ਬਣ ਖੜ੍ਹਦੀ ਹੈ ਕਿ ਐਵੋਲੂਸਨ ਦਾ ਅਮਲ ਇੱਕ ਕਿਸਮ ਦੀ ਸੁਧਾਈ ਕਰਨ ਦਾ ਅਮਲ ਹੀ ਹੈ।

ਪਰ ਇਹ ਇਓਂ ਨਹੀਂ ਹੈ ਕਿਓਂਕਿ ਜਿਸ ਵਾਤਾਵਰਣ, ਆਬੋ-ਹਵਾ, ਮਾਹੌਲ ਆਦਿ ’ਚ ਕੋਈ ਵੀ ਜੀਵ ਵਿੱਚਰਦਾ ਹੈ ਅਤੇ ਆਪਣੇ ਆਲੇ-ਦੁਆਲੇ ਦੇ ਵਰਤਾਰਿਆਂ ਨਾਲ ਉਹਦਾ ਨੇੜਲਾ ਰਿਸਤਾ ਅਤੇ ਉਹਨਾਂ ਸਥਿਤੀਆਂ ਨਾਲ ਜੂਝਣ ਆਦਿ ਰਾਹੀਂ ਹੀ ਉਸ ਦੇ ਅਗਲੇਰੇ ਵਿਕਾਸ, ਦਿਸਾ ਆਦਿ ਨੂੰ ਨਿਰਧਾਰਤ ਕਰਨ ’ਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਕੁੱਝ ਖੋਜਕਾਰਾਂ ਦਾ ਸੋਚਣਾ ਹੈ ਕਿ ਸਾਨੂੰ ਐਵੋਲੂਸਨ (ਸਹਿਜ ਵਿਕਾਸ) ਸੰਬੰਧੀ ਆਪਣੇ ਕੰਮ-ਢੰਗ ਨੂੰ ਮੁੜ-ਖੰਘਾਲਨਾ ਚਾਹੀਦਾ ਹੈ ਅਤੇ ਨਾਲ ਹੀ ਉਹਨਾਂ ਲਕਬਾਂ ਨੂੰ ਵੀ ਜੋ ਅਸੀਂ ਐਵੋਲੂਸਨ ਦੀ ਵਿਆਖਿਆ ਕਰਨ ਲਈ ਵਰਤੋਂ ’ਚ ਲਿਆਉਂਦੇ ਹਾਂ। ਇੱਕ ਹੋਰ ਗਲਤ ਧਾਰਨਾ ਇਹ ਹੈ ਕਿ ਐਵੋਲੂਸਨ ਇੱਕ ਸਿੱਧੀ ਰੇਖਾ ’ਚ ਚੱਲਣ ਵਾਲੀ ਪ੍ਰਕਿਰਿਆ ਹੈ ਯਾਨੀ ਕਿ ਐਵੋਲੂਸਨ (ਸਹਿਜ ਵਿਕਾਸ) ਮੁੱਢਲੇ ਪੜਾਅ ਤੋਂ ਲੈ ਕੇ ਉੱਚਤਮ ਵਿਕਸਤ ਪੜਾਅ ਤੱਕ ਇੱਕ ਸਿੱਧੀ-ਸਪਾਟ ਰੇਖਾ ’ਚ ਚੱਲਦਿਆਂ ਹੋਇਆ। ਯਾਨੀ ਕਿ ਕੋਈ ਵੀ ਬਹੁਤੀ ਉੱਥਲ-ਪੁੱਥਲ ਨਹੀਂ ਹੋਈ ਅਤੇ ਇੱਕ ਤੋਂ ਬਾਅਦ ਦੂਜੀ ਤੋਂ ਫਿਰ ਤੀਜੀ , ਫਿਰ ਚੌਥੀ ਅਤੇ ਇਓਂ ਹੀ ਪੌੜੀਓ-ਪੌੜੀ ਚੜ੍ਹਦਿਆਂ ਹੀ ਸਿਲਸਿਲੇ ਬੱਧ ਰੂਪ ’ਚ ਸਹਿਜ ਵਿਕਾਸ ਦਾ ਇਹ ਅਮਲ ਆਪਣੀ ਚਾਲੇ ਚੱਲਦਾ ਰਿਹਾ। ਪਰ ਇਸ ਢੰਗ ਨਾਲੋਂ ਐਵੋਲੂਸਨ ਸੰਬੰਧੀ ਇਓਂ ਸੋਚਣਾ ਵਧੇਰੇ ਦਰੁੱਸਤ ਰਹੇਗਾ ਕਿ ਇਹ ਅਮਲ “ਟਾਹਣੀਆਂ/ਸਾਖਾਵਾਂ ਫੁੱਟਣ” ਦੇ ਇੱਕ ਅਮਲ ਵਰਗਾ ਅਮਲ ਵੀ ਹੈ। ਵਿਗਿਆਨ ਦੀ ਭਾਸਾ ’ਚ ਗੱਲ ਕਰਦਿਆਂ ਤਕਨੀਕੀ ਤੌਰ ’ਤੇ ਇਸਨੂੰ ਕਲਾਡੋਜੈਨੇਸਿਸ ਜਾਂ ਇੱਕ ਸਾਂਝੇ ਪੂਰਵਜ ਤੋਂ “ਐਵੋਲੂਸਨ ਦੀ ਭਟਕਣ” ਰਾਹੀਂ ਇੱਕ ਨਵੀਂ ਕਿਸਮ ਦੇ ਪ੍ਰਾਣੀਆਂ ਦੇ ਇੱਕ ਨਵੇਂ ਜੁੱਟ ਦਾ ਉਤਪੰਨ ਹੋਣਾ ਕਿਹਾ ਜਾਂਦਾ ਹੈ। ਦੂਜੇ ਲਫਜਾਂ ’ਚ ਕਲਾਡੋਜੈਨੇਟਿਕ ਘਟਨਾਕਰਮ ਉਸ ਮੋੜ ’ਤੇ ਵਾਪਰਦਾ ਹੈ ਜਦੋਂ ਇੱਕ ਪ੍ਰਜਾਤੀ ਦੋ ਪ੍ਰਜਾਤੀਆਂ ’ਚ ਵੰਡੀ ਜਾਂਦੀ ਹੈ। ਅਤੇ ਇਹ ਹੀ ਉਹ ਪਲ ਹਨ ਜੋ ਕਿ ਐਵੋਲੂਸਨ ਨੂੰ ਸਮਝਣ/ਜਾਨਣ ਦੀ ਘੁੰਡੀ(ਕੁੰਜੀ) ਹਨ।

ਲੰਦਨ ਦੇ ਕੁਦਰਤੀ ਇਤਿਹਾਸ ਦੇ ਅਜਾਇਬ ਘਰ ਦੇ ਇੱਕ ਬਾਇਓਲਾਜਿਸਟ ਰਾਨਲਡ ਏ ਜੈੱਨਰ ਨੇ 2018 ’ਚ ਲਿਖੇ ਆਪਣੇ ਪੇਪਰ ’ਚ ਦੱਸਿਆ ਸੀ ਕਿ ‘ਪਰ ਇਹਦਾ ਅਰਥ ਇਹ ਬਿੱਲਕੁੱਲ ਨਹੀਂ ਹੈ ਕਿ ਐਵੋਲੂਸਨ ਨੂੰ ਸਿੱਧੀਆਂ ਰੇਖਾਵਾਂ ’ਚ ਚੱਲਦੇ ਹੋਣ ਵਜੋਂ ਦੇਖਣਾ ਕੋਈ ਲਾਹੇਵੰਦਾ ਨਹੀਂ ਹੈ। ਇਸ ਸਬੰਧੀ ਦਹਾਕਿਆਂ ਤੋਂ ਦਿੱਤੀਆਂ ਜਾ ਰਹੀਆਂ ਪ੍ਰਭਾਵਸਾਲੀ ਦਲੀਲਾਂ ਗਲਤ ਢੰਗ ਨਾਲ ਇਹ ਪੇਸਕਾਰੀ ਕਰਦੀਆਂ ਆਈਆਂ ਹਨ ਕਿ ਐਵੋਲੂਸਨ ਦੇ ਸਿੱਧੀ ਰੇਖਾ ’ਚ ਵਿਕਾਸ ਕਰਦੇ ਹੋਣਾ ਅਤੇ ਇਸਦੇ ਸਾਖਾਵਾਂ/ਟਾਹਣੀਆਂ ’ਚ ਵੰਡੇ ਜਾਣ ਵਾਲਾ ਹੋਣ ਵਾਲਾ ਹੋਣਾ ਇੱਕ ਦੂਜੇ ਦੇ ਵਿਰੋਧ/ਟਕਰਾਅ ’ਚ ਆ ਖੜ੍ਹੇ ਹਨ। ਜੈੱਨਰ ਕਹਿੰਦਾ ਹੈ ਕਿ ਸਿੱਧੀਆਂ ਰੇਖਾਵਾਂ ’ਚ ਹੋਣ ਵਾਲੇ ਵਿਕਾਸ ਦੇ ਪੱਖ ਚ ਦਿੱਤੀਆਂ ਜਾਂਦੀਆਂ ਅਜਿਹੀਆਂ ਦਲੀਲਾਂ ਕਿਸੇ ਇੱਕ ਸਾਂਝੇ ਪੂਰਵਜ ਦੀ ਕਿਸੇ ਜਾਇਜ ਸਿੱਧੀ ਰੇਖਾ ਤੋਂ ਹੋਣਾ ਅਤੇ ਸਾਂਝੇ ਪੂਰਵਜ ਦੇ ਬਿੱਖੜਣ ਤੋਂ ਨਿਕਲਣ ਵਾਲੀਆਂ ਸਿੱਧੀਆਂ ਰੇਖਾਵਾਂ ਦਰਮਿਆਨ ਸਾਖਾਵੀ ਸਬੰਧ ਹੋਣ ਵਿਚਕਾਰ ਵਖਰੇਵਿਆਂ ਨੂੰ ਉਜਾਗਰ ਨਹੀਂ ਕਰਦੇ ਯਾਨੀ ਕਿ ਇਸਨੂੰ ਨਹੀਂ ਦਿਖਾਉਂਦੇ।

**ਐਵੋਲੂਸਨ ਦਾ ਅਮਲ:**

**ਹੇਠਲੇ ਪੱਧਰ ਤੋਂ-ਉੱਤਲੇ ਪੱਧਰ ਵੱਲ**

**ਬਨਾਮ**

**ਉੱਪਰਲੇ ਪੱਧਰ ਤੋਂ-ਥੱਲੜੇ ਪੱਧਰ ਵੱਲ**

ਇਸ ਸੰਬੰਧੀ ਇਹ ਦੇਖਣ ਵਾਲਾ ਹੈ ਕਿ ਕੁੱਝ ਲੋਕ ਇਸ ਅਮਲ ਨੂੰ ਹੇਠਲੇ ਪੱਧਰ ਤੋਂ ਉਪਰਲੇ ਪੱਧਰ ਵੱਲ ਵਿਕਾਸ ਕਰਦੇ ਹੋਣ ਵਜੋਂ ਦੇਖਦੇ ਹਨ ਜਦਕਿ ਕੁੱਝ ਹੋਰ ਇਸਦੇ ਉਲਟ ਉੱਪਰਲੇ ਪੱਧਰ ਤੋਂ ਨੀਵੇਂ ਵਾਲੇ ਪੱਧਰ ਵੱਲ ਨੂੰ ਹੋਣ ਵਜੋ ਦੇਖਦੇ ਹਨ। ਯਾਨੀ ਕਿ ਐਵੋਲੂਸਨ ਦਾ ਅਧਿਐਨ ਕਰਨ ਵਾਲਿਆਂ ਦਰਮਿਆਨ ਵੀ ਇਸ ਗੱਲ ’ਤੇ ਇੱਕਮੱਤਤਾ ਨਹੀਂ ਹੈ ਕਿ ਇਸ ਮਸਲੇ ਨੂੰ ਸਮਝਣ ਦਾ ਵਧੀਆ ਢੰਗ-ਤਰੀਕਾਕਾਰ ਕੀ ਹੋਵੇ। ਸਾਇੰਸ ਰਸਾਲੇ ’ਚ 2021 ’ਚ ਛਪੇ ਇੱਕ ਪਰਚੇ ’ਚ ਨਿਊਯਾਰਕ ਸਿਟੀ ਦੇ ਕੁਦਰਤ ਦੇ ਇਤਿਹਾਸ ਦੇ ਅਮਰੀਕੀ ਅਜਾਇਬਘਰ ਨਾਲ ਜੁੜੇ ਐਵੋਲੂਸਨਰੀ ਜੀਵ ਵਿਗਿਆਨੀਆਂ ਨੇ ਇਸ ਸੰਬੰਧੀ ਵੱਖ-ਵੱਖ ਪੈਂਤੜੇ ਸੁਝਾਏ ਹਨ। ਇਹਨਾਂ ਵਿਗਿਆਨੀਆਂ ਨੇ ਮਨੁੱਖੀ ਐਵੋਲੂਸਨ ਦਾ ਅਧਿਐਨ ਕਰਨ ਲਈ ਅਤੇ ਇਹਨੂੰ ਸਮਝਣ ਲਈ ਦੋ ਮੁੱਖ ਪਹੁੰਚਾਂ ਪੇਸ ਕੀਤੀਆਂ ਹਨ: “ਉੱਤੋਂ-ਹੇਠਾਂ” ਵੱਲ ਅਤੇ “ਹੇਠੋਂ-ਉੱਤੇ” ਵੱਲ। ਉੱਤੋਂ-ਹੇਠਾਂ ਵੱਲ ਵਾਲੀ ਪਹੁੰਚ ਚਿੰਪੈਂਜੀਆ ਵਰਗੇ ਜੀਵੰਤ(ਜੀਵਤ) ਪੂਛਹੀਣ ਬਾਂਦਰਾਂ ਦੇ ਵਿਸਲੇਸਣ ’ਤੇ ਆਧਾਰਤ ਹੈ ਜਦਕਿ ਹੇਠੋਂ-ਉੱਤੇ ਵੱਲ ਵਾਲੀ ਪਹੁੰਚ ਪੂਛਹੀਣ ਬਾਂਦਰਾਂ ਦੀਆਂ ਲੁਪਤ ਹੋ ਚੁੱਕੀਆਂ ਪ੍ਰਜਾਤੀਆਂ ਦੇ ਅਵਸੇਸਾਂ (ਪਥਰਾਟਾਂ ਜਾਂ ਫਾਸਿਲਜ) ਨੂੰ ਕੇਂਦਰ ’ਚ ਰੱਖਦੀ ਹੈ। ਸਾਇੰਸ ਰਸਾਲੇ ’ਚ ਛਪੇ ਪਰਚੇ ’ਚ ਖੋਜਕਾਰਾਂ ਦਾ ਤਰਕ ਹੈ ਕਿ ਪੂਛਹੀਣ ਬਾਂਦਰਾਂ ਦੇ ਹੁਣ ਤੱਕ ਮਿਲੇ ਪਥਰਾਟ ਪੂਛਹੀਣ ਬਾਂਦਰਾਂ ਅਤੇ ਮਨੁੱਖਾਂ ਦੀ ਐਵੋਲੂਸਨ ਬਾਰੇ ਕੁੰਜੀਵਤ ਜਾਣਕਾਰੀ ਮੁਹੱਈਆ ਕਰਵਾ ਸਕਦੇ ਹਨ। ਅਧਿਐਨ ਕਰਤਾਵਾਂ ਦਾ ਇਹ ਵੀ ਕਹਿਣਾ ਹੈ ਕਿ ਇਹਨਾਂ ਦੋਵਾਂ ਪਹੁੰਚਾਂ ’ਤੇ ਨਜਰਸਾਨੀ ਕੀਤੇ ਬਿਨ੍ਹਾਂ ਵਿਗਿਆਨੀ ਐਵੋਲੂਸਨ ਦੀ ਮੁਕੰਮਲ ਤਸਵੀਰ ਹਾਸਲ ਨਹੀਂ ਕਰ ਸਕਦੇ। ਐਸਲੇ ਹਾਮੋਂਡ ਨੇ ਇੱਕ ਪ੍ਰੈਸ ਰਿਲੀਜ ’ਚ ਕਿਹਾ ਹੈ ਕਿ “ਪੂਛਹੀਣ ਬਾਂਦਰਾਂ ਦੀਆਂ ਜੀਵਤ ਪ੍ਰਜਾਤੀਆਂ ਲੁਪਤ ਹੋ ਚੁੱਕੀਆਂ ਪੂਛਹੀਣ ਬਾਂਦਰਾਂ ਦੀਆਂ ਪ੍ਰਜਾਤੀਆਂ ਦੇ ਬਹੁਤ ਹੀ ਵਿਸਾਲ ਗੁੱਟ (ਗਰੁੱਪ) ਦੀਆਂ ਯਾਦਗਾਰੀ ਨਿਸਾਨੀਆਂ ਹਨ।” ਅੱਗੇ ਗੱਲ ਕਰਦਿਆਂ ਉਹ ਦੱਸਦੀ ਹੈ ਕਿ “ਜਦੋਂ ਅਸੀਂ ਸਾਰੀਆਂ ਸਹਾਦਤਾਂ (ਸਬੂਤਾਂ) ਨੂੰ ਯਾਨੀ ਕਿ ਜੀਵਤ ਅਤੇ ਪਥਰਾਟੇ ਪੂਛਹੀਣ ਬਾਂਦਰਾਂ ਨੂੰ ਅਤੇ ਹੋਮੀਨਿਡ (ਮਨੁੱਖਾ ਪ੍ਰਜਾਤੀਆਂ ਵਰਗੀਆਂ)

ਪ੍ਰਜਾਤੀਆਂ ਨੂੰ ਧਿਆਨ ਗੋਚਰੇ ਲਿਆਉਂਦੇ ਹਾਂ ਤਾਂ ਇਹ ਗੱਲ ਸਪੱਸਟ ਨਿੱਤਰ ਕੇ ਸਾਹਮਣੇ ਆਉਂਦੀ ਹੈ ਕਿ ਪੂਛਹੀਣ ਬਾਂਦਰਾਂ ਦੀਆਂ ਕੁੱਝ ਕੁ ਪ੍ਰਜਾਤੀਆਂ ਦੇ ਆਧਾਰ ’ਤੇ ਘੜੀ ਗਈ ਮਨੁੱਖ ਦੀ ਐਵੋਲੂਸਨ (ਸਹਿਜ ਵਿਕਾਸ) ਦੀ ਜੋ ਕਹਾਣੀ ਅੱਜ ਕੱਲ੍ਹ ਚਰਚਾ ’ਚ ਹੈ, ਤਾਂ ਦੇਖਦੇ ਹਾਂ ਕਿ ਉਸ ਅੰਦਰੋਂ ਬਹੁਤ ਸਾਰੇ ਅਜਿਹੇ ਨੁਕਤੇ ਗਾਇਬ ਹਨ ਜਿੰਨਾਂ ’ਚੋਂ ਚਿੰਪੈਂਜੀ ਅਤੇ ਮਨੁੱਖ ਵਿਕਸਤ ਹੋਏ ਹਨ।” ਯਾਨੀ ਕਿ ਮਨੁੱਖਾਂ ਅਤੇ ਚਿੰਪੈਂਜੀਆਂ ਦਰਮਿਆਨ ਬਣਦੀ ਸਾਂਝ ਦਾ ਤੱਤ ਗਾਇਬ ਹੈ।

ਇਸ ਸਾਰੀ ਚਰਚਾ ਅਤੇ ਵਿਗਿਆਨਕ ਸਹਾਦਤਾਂ ਪੇਸ ਕਰਨ ਦਾ ਇੱਕ ਮਕਸਦ ਐਵੋਲੂਸਨ(ਸਹਿਜ ਵਿਕਾਸ) ਦੇ ਅਮਲ ਨੂੰ ਵਿਗਿਆਨਕ ਪੱਖ ਤੋਂ ਦੇਖਣ ਤੋਂ ਹੈ ਨਾ ਕਿ ਵਿਚਾਰਵਾਦੀ ਨਜੱਰੀਏ ਤੋਂ। ਵਿਗਿਆਨੀ ਤਾਂ ਆਪਣੇ ਤਜੱਰਬਿਆਂ ਅਤੇ ਵਰ੍ਹਿਆਂ ਬੱਧੀ ਛਾਣਬੀਣ ਤੇ ਖੋਜ ਕਾਰਜਾਂ ਦੇ ਸਿਰ ’ਤੇ ਕੁਦਰਤ ਦੇ ਨੇਮਾਂ ਦੀਆਂ ਗੁੱਥੀਆਂ ਤੇ ਗੁਲਝਣਾਂ ਨੂੰ ਸੁਲਝਾਉਣ ਤੇ ਸਮਝਣ ਦੇ ਰਾਹ ਪਏ ਹੋਏ ਹਨ ਅਤੇ ਇਹ ਸਾਬਤ ਕਰ ਰਹੇ ਹਨ ਕਿ ਐਵੋਲੂਸਨ ਦਾ ਸਿਧਾਂਤ ਇੱਕ ਬਹੁ-ਆਯਾਮੀ ਸਿਧਾਂਤ ਹੈ ਅਤੇ ਕਿਸੇ ਇੱਕ ਪੱਖ ਨੂੰ ਵਿਚਾਰਿਆਂ ਹੀ ਸਹੀ ਨਤੀਜੇ ’ਤੇ ਨਹੀਂ ਅੱਪੜਿਆ ਜਾ ਸਕਦਾ। ਪਰ ਲੋਕ ਦੋਖੀ ਤੇ ਵਿਗਿਆਨ ਦੋਖੀ ਸਕਤੀਆਂ ਆਪਣੇ ਸੌੜੇ ਨਿੱਜੀ ਹਿੱਤਾਂ ਨੂੰ ਮੂਹਰੇ ਰੱਖਦਿਆਂ ਵਿਗਿਆਨ ਦੀਆਂ ਇਹਨਾਂ ਪ੍ਰਾਪਤੀਆਂ ’ਤੇ ਲੀਕ ਮਾਰਕੇ ਆਪਣਾ ਹੀ ਰਾਗ ਅਲਾਪਣ ਲਈ ਯਤਨਸੀਲ ਹਨ। ਉਹ ਲੋਕਾਂ ਨੂੰ ਬਾਂਦਰ ਦੀ ਪੂਛ ਵਾਲੀ ਉਸੇ ਹੀ ਹਾਲਤ ’ਚ ਹੀ ਲੋਕਾਂ ਦੀ ਸਮਝ ਦੀ ਗਰਾਰੀ ਨੂੰ ਫਸਾਈ ਰੱਖੀ ਰੱਖਣ ਲਈ ਅੱਡੀ ਚੋਟੀ ਦਾ ਜੋਰ ਲਾ ਰਹੇ ਹਨ। ਇਸੇ ’ਚੋਂ ਹੀ ਉਹਨਾਂ ਵੱਲੋਂ ਇਹ ਭਾਰੂ ਵਿਚਾਰ ਪ੍ਰਚਾਰੇ-ਪ੍ਰਸਾਰਣ ਜਾਂਦੇ ਹਨ ਕਿ ਮਨੁੱਖੀ ਯੋਨੀ(ਜੂਨ) ਚੁਰਾਸੀ ਲੱਖ ਯੋਨੀਆਂ ਤੋਂ ਬਾਅਦ ਪ੍ਰਾਪਤ ਹੁੰਦੀ ਹੈ ਅਤੇ ਇਹ ਮਨੁੱਖ ਆਦਿ ਕਾਲ ਤੋਂ ਹੀ ਅਜਿਹਾ ਹੀ ਬਣਿਆ ਰਹਿ ਰਿਹਾ ਹੈ ਅਤੇ ਜਿਸ ਮਨੁੱਖ ਨੇ ਭਲੇ ਦੇ ਕਾਰਜ ਕੀਤੇ ਹੋਣਗੇ ਉਹ ਅਗਲੀ ਜੂਨ ’ਚ ਵਧੀਆ ਮਨੁੱਖੀ ਯੋਨੀ ਪ੍ਰਾਪਤ ਕਰੇਗਾ ਬਾਕੀ ਦੇ ਚੁਰਾਸੀ ਦੇ ਚੱਕਰਾਂ ’ਚ ਪਏ ਰਹਿਣਗੇ। ਜਦੋਂ ਸਿੱਧੀ ਰੇਖਾ ’ਚ ਵਿਕਾਸ ਅਮਲ ਨੂੰ ਨਕਾਰਨ ਦੀ ਗੱਲ ਆਉਂਦੀ ਹੈ ਤਾਂ ਰਾਜ ਭਾਗ ’ਤੇ ਕਾਬਜ ਜਮਾਤਾਂ ਇਸ ਅਮਲ ਨੂੰ ਸਥਿਰ, ਨਾਅਹਿਲ ਦਿਖਾ ਕੇ ਇਹ ਸਾਬਤ ਕਰਨ ਲਈ ਅੱਡੀ ਚੋਟੀ ਦਾ ਜੋਰ ਲਾ ਰਹੀਆਂ ਹਨ ਕਿ ਜਿਵੇਂ ਕਿ ਮਨੁੱਖ ਨੂੰ ਇਹ ਯੋਨੀ ਪ੍ਰਾਪਤ ਹੋਈ ਹੈ ਅਤੇ ਉਸਨੂੰ ਇਸ ਸੰਬੰਧੀ ਪ੍ਰਮਾਤਮਾ ਦਾ ਸੁਕਰ ਗੁਜਾਰ ਹੋਣਾ ਚਾਹੀਦਾ ਹੈ। ਅਤੇ ਇਹੀ ਅੰਤਮ ਯੋਨੀ ਹੈ ਜੋ ਕਿ ਪਰਮ ਸੁੱਖ ਦੇਣ ਵਾਲੀ ਹੈ। ਇਸ ਸਾਰੇ ਪ੍ਰਚਾਰ ਅਤੇ ਵਿਚਾਰਧਾਰਾ ਫੈਲਾਉਣ ਪਿੱਛੇ ਉਹਨਾਂ ਦਾ ਮਕਸਦ ਇਹ ਸਾਬਤ ਅਤੇ ਯਕੀਨੀ ਬਣਾਉਣਾ ਹੈ ਕਿ ਜਿਸ ਤਰ੍ਹਾਂ ਦਾ ਉਹਨਾਂ ਨੇ ਅੱਜ ਦਾ, ਜੋ ਚੱਲ ਰਿਹਾ ਨਿਜਾਮ ਘੜਿਆ ਹੈ, ਉਹ ਨਿਜਾਮ ਹੀ ਪਰਮ-ਸੱਚ ਹੈ ਅਤੇ ਉਸਤੋਂ ਅੱਗੇ ਕੋਈ ਵੀ ਵਿਕਾਸ ਨਹੀਂ ਹੋ ਸਕਦਾ, ਇਹਦੇ ਉਲਟ ਚੱਲ ਕੇ ਸਿਰਫ ਵਿਨਾਸ ਹੀ ਹੋਵੇਗਾ। ਉਹ ਆਪਣੀ ਲੁੱਟ-ਚੋਂਘ ’ਤੇ ਆਧਾਰਤ ਇਸ ਨਹੱਕੇ ਸਮਾਜਕ ਢਾਂਚੇ ਨੂੰ ਬਚਾਉਣ ਲਈ ਇਸ ਤਰ੍ਹਾਂ ਦੇ ਝੂਠੇ ਬਹਿਸ-ਭੇੜ ਨੂੰ ਉਗਾਸਾ ਦਿੰਦੇ ਹਨ ਅਤੇ ਉਸ ਨੂੰ ਪ੍ਰਚਾਰਦੇ ਵੀ ਹਨ।

ਪਰ ਕੁਦਰਤ ਇੱਕ ਅਟੱਲ ਸੱਚਾਈ ਹੈ ਅਤੇ ਵਿਗਿਆਨ ਇਸ ਨਿਰੰਤਰ ਪ੍ਰਵਾਹ ’ਚ ਰਹਿਣ ਵਾਲੇ ਅਮਲ ਨੂੰ ਸਮਝਣ ਦਾ ਹੀ ਨਾਓਂ ਹੈ। ਖੁਦ ਵਿਗਿਆਨ ਦੀਆਂ ਖੋਜਾਂ ਹੀ ਲੋਕ ਦੋਖੀ ਸਕਤੀਆਂ ਮੂਹਰੇ ਬਾਰ-ਬਾਰ ਨਵੇਂ ਤੋਂ ਨਵੇਂ ਸੁਆਲ ਅਤੇ ਉਹਨਾਂ ਦੇ ਹੱਲ ਤੇ ਸੁਝਾਅ ਲਿਆ ਖੜ੍ਹੇ ਕਰਦੀਆਂ ਹਨ। ਐਵੋਲੂਸਨ ਦੇ ਮਾਮਲੇ ’ਚ ਵੀ ਇਹੀ ਵਾਪਰਿਆ ਹੈ। ਵਿਗਿਆਨ ਨੇ ਐਵੋਲੂਸਨ ਦੇ ਜੜ੍ਹ ਅਤੇ ਗਤੀਵਿਹੀਨ ਹੋਣ ਦੇ ਸਾਰੇ ਦਾਅਵਿਆਂ ਨੂੰ ਨਕਾਰਦਿਆਂ ਨਵੀਆਂ ਲੱਭਤਾਂ ਆਸਰੇ ਉਪਰਲੀ ਗੱਲ ਨੂੰ ਹੋਰ ਵੀ ਪੁਖਤਾ ਬਣਾ ਦਿੱਤਾ ਹੈ। ਦੱਖਣੀ ਫਰਾਂਸ ਦੀ ਇੱਕ ਗੁਫਾ ’ਚੋਂ ਪਿੱਛੇ ਜਿਹੇ ਹੀ ਮਿਲੇ ਕੁੱਝ ਪਥਰਾਟਾਂ ਨੇ। ਪੂਛਹੀਣ ਬਾਂਦਰ ਦੇ ਹਾਲੀਆ ਮਿਲੇ ਇਹ ਪਥਰਾਟ, ਜੀਹਦੇ ’ਚ ਇੱਕ ਤੀਰ ਦੇ ਸਿਰੇ ’ਤੇ ਲੱਗੇ ਇੱਕ ਤਿੱਖੇ ਪੱਥਰ ਅਤੇ ਮਨੁੱਖੀ ਪ੍ਰਜਾਤੀ ਦੇ ਪ੍ਰਾਣੀ ਦਾ ਇੱਕ ਦੰਦ ਸਾਮਲ ਹੈ, ਨੇ ਯੂਰਪ ਅੰਦਰ ਸਾਡੀ ਅਜੋਕਾ ਮਨੁੱਖਾ ਪ੍ਰਜਾਤੀ ਦੇ ਹੋਂਦ ’ਚ ਆਉਣ ਦੇ ਕਾਲ ਨੂੰ ਹੀ 10,000 ਸਾਲ ਹੋਰ ਪਿਛਾਂਹ ਲਿਜਾ ਮਾਰਿਆ ਹੈ ਅਤੇ ਇਹ ਕਾਲ ਹੁਣ 54,000 ਸਾਲ ਹੋ ਗਿਆ ਹੈ। ਇਹ ਲੱਭਤ ਇਸ ਗੱਲ ਵੱਲ ਇਸਾਰਾ ਕਰਦੀ ਹੈ ਕਿ ਆਧੁਨਿਕ ਮਨੁੱਖ, ਮਨੁੱਖਾ ਨਸਲ ਦੀ ਇੱਕ ਹੋਰ ਪ੍ਰਜਾਤੀ- ਨੀਐਂਡਰਥਲਾਂ ਦੇ ਨਾਲੋ-ਨਾਲ ਰਹਿੰਦਾ ਰਿਹਾ ਹੈ ਜੀਹਦੇ ਬਾਰੇ ਪਹਿਲਾਂ ਸਾਇੰਸਦਾਨਾਂ ਨੂੰ ਕੇਵਲ ਸੱਕ ਹੀ ਸੀ ਅਤੇ ਜਿਸਨੂੰ ਹੁਣ ਤੱਕ ਉਹ ਪੱਕਿਆਂ ਤੌਰ ’ਤੇ ਸਥਾਪਤ ਨਹੀਂ ਕਰ ਸਕੇ ਸਨ, ਹੁਣ ਵਿਗਿਆਨੀ ਉਸ ਨੂੰ ਸਥਾਪਤ ਕਰਨ ਦੇ ਨੇੜ-ਤੇੜ ਅੱਪੜ ਗਏ ਹਨ। ਇਓਂ ਕੁਦਰਤ ਆਪਣੇ ਆਪ ’ਚ ਹੀ ਇੱਕ ਅਟੱਲ ਸੱਚਾਈ ਹੈ ਜਿਸ ਨਾਲ ਆਪਣੇ ਰਿਸਤੇ ਰਾਹੀਂ ਅਤੇ ਇਸ ਨਾਲ ਜਦੋਜਹਿਦ ਕਰਦਿਆਂ ਮਨੁੱਖ ਕੁਦਰਤ ਦੇ ਨੇਮਾਂ ਦੀ ਥਹੁ ਪਾ ਰਿਹਾ ਹੈ ਅਤੇ ਕੁਦਰਤ ਉਸ ਨੂੰ ਰਹਿਮਤਾਂ ਬਖਸ ਰਹੀ ਹੈ। ਇਹਨਾਂ ਰਹਿਮਤਾਂ ਨੂੰ ਆਪਣੇ ਪੱਖ ’ਚ ਕਾਮਯਾਬੀ ਨਾਲ ਵਰਤਣ ਲਈ ਜਰੂਰੀ ਹੈ ਕਿ ਇਹਨਾਂ ਨੇਮਾਂ ਨੂੰ ਡੂੰਘਾਈ ਨਾਲ ਸਮਝਿਆ ਜਾਵੇ ਅਤੇ ਜਨ ਸਾਧਾਰਨ ਦੀ ਇਹਨਾਂ ਪ੍ਰਤੀ ਬੇਰੁਖੀ ਨਾ ਹੋ ਕੇ ਉਹਨਾਂ ਦੀ ਗਹਿਰੀ ਦਿਲਚਸਪੀ ਹੋਵੇ। ਵਿਗਿਆਨਕ ਸੂਝ ਦਾ ਹਰ ਮਸਲੇ ’ਤੇ ਪ੍ਰਚਾਰ-ਪ੍ਰਸਾਰ ਕੀਤਾ ਹੀ ਜਾਵੇ। ਇਓਂ ਕਰਦਿਆਂ ਹੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਵਾਲੇ ਮੌਜੂਦਾ ਨਿਜਾਮ ਦੀ ਥਾਂ ’ਤੇ ਲੁੱਟੇ-ਪੁੱਟੇ ਜਾਣ ਵਾਲਿਆਂ ਦੀ ਪੁੱਗਤ ਵਾਲਾ ਇੱਕ ਨਿਆਂ ਆਧਾਰਤ ਨਵੀਆਂ ਰੌਸਨੀਆਂ ਬਿਖੇਰਨ ਵਾਲਾ ਸਮਾਜ ਉਸਾਰਿਆ ਜਾਣਾ ਸੰਭਵ ਹੈ।

---

ਬੱਬਰਾਂ ਦੇ ਸ਼ਹੀਦੀ ਦਿਹਾੜੇ ’ਤੇ

# ਇਤਿਹਾਸ ਦੀਆਂ ਪੈੜਾਂ ’ਤੇ ਚਿੰਤਨ ਦਾ ਵੇਲਾ

ਅਮੋਲਕ ਸਿੰਘ
98778 - 68710

27 ਫਰਵਰੀ ਦਾ ਦਿਹਾੜਾ ਤਿੰਨ ਇਤਿਹਾਸਕ ਲਹਿਰਾਂ ਦੇ ਸੰਗਮ ਦਾ ਅਭੁੱਲ ਦਿਹਾੜਾ ਹੈ। ਇਤਿਹਾਸ ਦੀਆਂ ਪੈੜਾਂ ਬੋਲਦੀਆਂ ਨੇ ਕਿ 27 ਫਰਵਰੀ 1926 ਨੂੰ ਕਿਸ਼ਨ ਸਿੰਘ ਗੜਗੱਜ (ਵੜਿੰਗ, ਜਲੰਧਰ), ਕਰਮ ਸਿੰਘ (ਮਾਣਕੋ, ਜਲੰਧਰ), ਨੰਦ ਸਿੰਘ (ਘੁੜਿਆਲ, ਜਲੰਧਰ), ਸੰਤਾ ਸਿੰਘ (ਛੋਟੀ ਹਰਿਓਂ, ਲੁਧਿਆਣਾ), ਦਲੀਪ ਸਿੰਘ (ਧਾਮੀਆਂ, ਹੁਸ਼ਿਆਰਪੁਰ) ਅਤੇ ਧਰਮ ਸਿੰਘ (ਹਿਯਾਤਪੁਰ ਰੁੜਕੀ, ਹੁਸ਼ਿਆਰਪੁਰ) ਅਤੇ 27 ਫਰਵਰੀ 1927 ਨੂੰ ਨਿੱਕਾ ਸਿੰਘ (ਗਿੱਲ, ਲੁਧਿਆਣਾ), ਮੁਕੰਦ ਸਿੰਘ (ਜਵੱਧੀ ਕਲਾਂ, ਲੁਧਿਆਣਾ), ਬੰਤਾ ਸਿੰਘ (ਗੁਰੂਸਰ, ਲੁਧਿਆਣਾ), ਸੁੰਦਰ ਸਿੰਘ (ਲਹੁਕਾ, ਅੰਮ੍ਰਿਤਸਰ), ਗੁੱਜਰ ਸਿੰਘ (ਢੱਪਈ, ਲੁਧਿਆਣਾ) ਅਤੇ ਨਿੱਕਾ ਸਿੰਘ ਦੂਜਾ (ਆਲੋਵਾਲ, ਅੰਮ੍ਰਿਤਸਰ) ਬੱਬਰ ਅਕਾਲੀ ਲਹਿਰ ਦੇ ਸੰਗਰਾਮੀਏ ਆਪਣੇ ਮੁਲਕ ਦੀ ਆਜ਼ਾਦੀ ਦੀ ਗੱਲ ਕਰਨ ਦੇ ਦੋਸ਼ ਤਹਿਤ ਬਰਤਾਨਵੀ ਹਕੂਮਤ ਵੱਲੋਂ ਲਾਹੌਰ ਕੇਂਦਰੀ ਜੇਲ੍ਹ ਵਿੱਚ ਫੰਦੇ ਤੇ ਲਟਕਾ ਕੇ ਸ਼ਹੀਦ ਕੀਤੇ ਗਏ।

ਇਹਨਾਂ ਬੱਬਰਾਂ ਨੇ ਗ਼ਦਰ ਲਹਿਰ ਦੀ ਲਹੂ ਰੱਤੀ ਮਿੱਟੀ ਨੂੰ ਆਪਣੇ ਲਹੂ ਸੰਗ ਹੋਰ ਗੂੜ੍ਹਾ ਕੀਤਾ। ਇਹ ਦਿਹਾੜਾ ਸੀ ਹੋਲੀ ਦਾ। ਜਦੋਂ ਲੋਕ ਹੋਲੀ ਦੇ ਰੰਗਾਂ ਵਿੱਚ ਮਸਤ ਸਨ ਤਾਂ ਇਸ ਬਾਰੇ “ਹੋਲੀ ਵਾਲੇ ਦਿਨ ਖ਼ੂਨ ਦੇ ਛਿੱਟੇ” ਨਾਮੀਂ ਲੇਖ ਲਿਖਿਆ ਸੀ 19 ਵਰ੍ਹਿਆਂ ਦੇ ਭਗਤ ਸਿੰਘ ਨੇ। ਪੰਜਾਬੀ ਯੁਵਕ ਦੇ ਨਾਂਅ ਹੇਠ 15 ਮਾਰਚ 1926 ਨੂੰ ਕਾਨਪੁਰ (ਯੂ.ਪੀ.) ਤੋਂ ਛਪਦੇ ਅਖ਼ਬਾਰ ‘ਪ੍ਰਤਾਪ’ ਵਿੱਚ ਛਪਿਆ ਇਹ ਲੇਖ; ਗ਼ਦਰ ਪਾਰਟੀ ਦਾ ਅਗਲਾ ਸਫ਼ਾ ਬੱਬਰ ਅਕਾਲੀ ਲਹਿਰ ਅਤੇ ਭਗਤ ਸਿੰਘ ਹੋਰਾਂ ਦੀ ਲਹਿਰ ਦਾ ਸੰਗਮ ਬਣਕੇ ਸਾਹਮਣੇ ਆਉਂਦਾ ਹੈ। ਇਤਿਹਾਸ ਦੀਆਂ ਲੜੀਆਂ ਅਤੇ ਕੜੀਆਂ ਨੂੰ ਜੋੜਦਾ ਇਹ ਲੇਖ ਦਰਸਾਉਂਦਾ ਹੈ ਕਿ ਜਬਰ ਜ਼ੁਲਮ, ਜਲ੍ਹਿਆਂਵਾਲਾ ਬਾਗ਼ ਵਰਗੇ ਖ਼ੂਨੀ ਕਾਂਡ ਅਤੇ ਫਾਂਸੀ ਦੇ ਫੰਦੇ ਇਤਿਹਾਸ ਦੇ ਵੇਗ ਨੂੰ ਰੋਕ ਨਹੀਂ ਸਕਦੇ।

ਭਗਤ ਸਿੰਘ ਨੇ ਸਮਾਜਕ ਹਾਲਾਤ ਦਾ ਇਹ ਪੱਖ ਵੀ ਗੰਭੀਰਤਾ ਨਾਲ ਸਾਹਮਣੇ ਲਿਆਂਦਾ ਕਿ ਇੱਕ ਬੰਨੇ ਮੁਲਕ ਦੇ ਆਜ਼ਾਦੀ ਲਈ ਲੜਨ ਮਰਨ ਵਾਲਿਆਂ ਦੇ ਮ੍ਰਿਤਕ ਸਰੀਰ ਉਹਨਾਂ ਦੇ ਪਰਿਵਾਰ ਅਤੇ ਸਾਕ-ਸਬੰਧੀ ਲਾਹੌਰ ਦੀਆਂ ਸੜਕਾਂ ’ਤੇ ਲੈ ਕੇ ਜਾ ਰਹੇ ਸਨ ਪਰ ਦੂਜੇ ਬੰਨੇ ਸ਼ਹਿਰ ਅੰਦਰ ਉਹੀ ਚਹਿਲ ਪਹਿਲ ਸੀ। ਇਸ ਬੇਗੌਰੀ ਦੀਆਂ ਜੜ੍ਹਾਂ ਕਿਵੇਂ ਸਾਡੇ ਸਮਾਜਕ ਤਾਣੇ-ਬਾਣੇ ਅੰਦਰ ਧੁਸੀਆਂ ਹਨ, ਇਸਨੂੰ ਸਮਝਣ ਦਾ ਸਰੋਕਾਰ ਭਗਤ ਸਿੰਘ ਦੇ ਸਮਿਆਂ ਦਾ ਹੀ ਨਹੀਂ ਸਗੋਂ ਸਾਡੇ ਸਮਿਆਂ ਦਾ ਵੀ ਬੇਹੱਦ ਗੰਭੀਰ ਸੁਆਲ ਹੈ।

1926, 1927 ਦੇ ਵਰ੍ਹਿਆਂ ਦੀ ਸ਼ੁਰੂਆਤ ਹੀ ਆਜ਼ਾਦੀ ਦੇ ਲਾੜਿਆਂ ਵੱਲੋਂ ਮੌਤ ਦੀ ਘੋੜੀ ਚੜ੍ਹਕੇ ਹੁੰਦੀ ਹੈ, ਇਸ ਤੋਂ ਪਹਿਲਾਂ 1923 ਵਿੱਚ ਬੰਬੇਲੀ, ਬਹਿਬਲਪੁਰ, ਮੰਨਣਹਾਣਾ, ਰੱਕੜਾਂ ਅਤੇ ਮੰਡੇਰਾਂ ਪਿੰਡਾਂ ਵਿੱਚ ਹੋਏ ਪੁਲਸ ਮੁਕਾਬਲਿਆਂ ਵਿੱਚ ਬੱਬਰ ਸ਼ਹੀਦੀ ਜਾਮ ਪੀ ਜਾਂਦੇ ਹਨ। ਇਸ ਦੀ ਅਗਲੀ ਲੜੀ ਜੇਲ੍ਹਾਂ ਵਿੱਚ ਸ਼ਹਾਦਤਾਂ, ਉਮਰ ਕੈਦ ਦੀ ਹੈ। ਇਸ ਤਰ੍ਹਾਂ ਹੀ 16 ਮਈ 1931 ਨੂੰ ਜਲੰਧਰ ਜੇਲ੍ਹ ਵਿੱਚ ਬੱਬਰ ਅਕਾਲੀ ਲਹਿਰ ਦੇ ਲਾਭ ਸਿੰਘ ਅਤੇ ਭਾਨ ਸਿੰਘ ਰੰਧਾਵਾ ਮਸੰਦਾਂ ਅਤੇ ਸਾਧੂ ਸਿੰਘ ਸਾਂਧਰਾ ਫਾਂਸੀ ਲਗਾਏ ਗਏ।



ਇਤਿਹਾਸ ਨਿਰੰਤਰ ਵਹਿੰਦਾ ਦਰਿਆ ਹੈ। ਇਸਦਾ ਅਤੀਤ, ਵਰਤਮਾਨ ਅਤੇ ਭਵਿੱਖ ਆਪਣੇ ਆਪ ’ਚ ਆਜ਼ਾਦ ਨਹੀਂ, ਸਗੋਂ ਅੰਤਰ-ਸੰਬੰਧਤ ਵਰਤਾਰੇ ਹਨ। ਬੱਬਰ ਅਕਾਲੀ ਲਹਿਰ ਦੀਆਂ ਲਹੂ ਭਿੱਜੀਆਂ ਪੈੜਾਂ ਨਾ ਇਸ ਤੋਂ ਸ਼ੁਰੂ ਹੋਈਆਂ ਅਤੇ ਨਾ ਹੀ ਬਰਤਾਨਵੀ ਹਾਕਮਾਂ ਅਤੇ ਉਹਨਾਂ ਦੇ ਦੇਸੀ ਝੋਲੀ ਚੁੱਕਾ ਵੱਲੋਂ ਹਰ ਹਰਬਾ ਵਰਤਣ ਤੇ ਮਿਟਾਈਆਂ ਜਾ ਸਕੀਆਂ।

ਗ਼ਦਰ ਲਹਿਰ ਨੇ ਸਾਮਰਾਜ ਤੋਂ ਮੁਕੰਮਲ ਆਜ਼ਾਦੀ, ਜਮਹੂਰੀਅਤ ਅਤੇ ਨਿਆਂ ’ਤੇ ਟਿਕੇ ਨਿਜ਼ਾਮ ਦੀ ਸਿਰਜਣਾ ਦਾ ਬਿਗਲ ਵਜਾਇਆ। 1913-15 ਦੇ ਮਹਾਨ ਗ਼ਦਰ ਨੂੰ ਲਹੂ ’ਚ ਡਬੋਣ ਲਈ ਹੁਕਮਰਾਨਾ ਨੇ ਪੂਰੀ ਤਾਕਤ ਝੋਕ ਦਿੱਤੀ। ਗ਼ਦਰ ਲਹਿਰ ਨੂੰ ਵਕਤੀ ਸੱਟ ਵੱਜੀ। ਚਿੰਗਾੜੀ ਸੁਲਘਦੀ ਰਹੀ। ਪੰਜਾਬ, ਰੋਹ ’ਚ ਬਲਣ ਲੱਗਾ। ਥਾਂ-ਥਾਂ ਬਗ਼ਾਵਤ ਦੀਆਂ ਲਾਟਾਂ ਉੱਠਣ ਲੱਗੀਆਂ। ਕਾਲ਼ੇ ਕਾਨੂੰਨ ਮੜ੍ਹੇ ਜਾਣ ਲੱਗੇ। ਹਵਾਈ ਹਮਲੇ ਹੋਣ ਲਗੇ। ਜਲ੍ਹਿਆਂਵਾਲਾ ਬਾਗ਼ ਅੰਦਰ ਖ਼ੂਨੀ ਵਿਸਾਖੀ ਦਾ ਹਿਰਦੇਵੇਦਕ ਕਾਂਡ ਰਚਿਆ ਤਾਂ ਜੋ ਬਾਗ਼ੀ ਸੁਰਾਂ ਲਹੂ ’ਚ ਡਬੋਈਆਂ ਅਤੇ ਖੂਹ ਵਿੱਚ ਦਫ਼ਨ ਕਰ ਦਿੱਤੀਆਂ ਜਾਣ।

ਬਰਤਾਨਵੀ ਦਾਬੇ ਖ਼ਿਲਾਫ਼ ਲੰਮਾ ਸਮਾਂ ਬਗ਼ਾਵਤੀ ਤੇਵਰਾਂ ਦਾ ਸੁਭਾਅ ਆਮ ਕਰਕੇ ਪੁਰ ਅਮਨ ਰਿਹਾ। ਕਹਿਰ ਦੇ ਝੱਖੜ ਝੱਲਕੇ ਵੀ ਇੱਕਾ ਦੁੱਕਾ ਘਟਨਾਵਾਂ ਨੂੰ ਛੱਡਕੇ ਗ਼ਦਰ ਲਹਿਰ ਪਿਛੋਂ ਸ਼ਾਂਤਮਈ ਅੰਦੋਲਾਂ ਨੇ ਜੋਰ ਫੜਿਆ। ਸ਼ਾਂਤਮਈ ਗੁਰਦੁਆਰਾ ਸੁਧਾਰ ਲਹਿਰ ਅਤੇ ਪੁਰਅਮਨ ਰਹਿਕੇ ਆਪਣੇ ਪਿੰਡੇ ’ਤੇ ਜ਼ੁਲਮ ਸਹਿਕੇ ਜਾਬਰ ਨੂੰ ਹਰਾਉਣ ਦੀ ਵਿਰਾਸਤੀ ਪਰੰਪਰਾ ਨੇ ਨਵੀਂ ਕਰਵਟ ਲਈ।

**‘ਚੂੰ ਕਾਰ ਅਜ ਹਮਾਂ ਹੀਲਤੇ ਕਰ ਗੁਜਸ਼ਤ**
**ਹਲਾਲ ਅਸਤ ਬਰਦਨ ਬਾ ਸ਼ਮਸ਼ੀਰ ਦਸਤ’**

ਇਹ ਆਵਾਜ਼ਾਂ ਮੋਰਚਿਆਂ ਵਿੱਚ ਆਉਣ ਲੱਗੀਆਂ। ਜਦੋਂ ਸਾਰੇ ਹੀਲੇ ਮੁੱਕ ਜਾਣ ਫ਼ਿਰ ਤਲਵਾਰ ਉਠਾਉਣਾ ਜਾਇਜ਼ ਹੈ। ਇਹ ਸੁਰ ਭਾਰੂ ਪੈ ਜਾਣ ਨਾਲ ਬੱਬਰ ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ ਵਾਲੇ ਅਕਾਲੀ ਮੋਰਚਿਆਂ ਦੇ ਮਾਰਗ ਨਾਲੋਂ ਅੱਗੇ ਵਧਕੇ ਗਰਮ ਤੇਵਰਾਂ ’ਤੇ ਆ ਗਈ। ਜਨਤਕ ਇਕੱਠ ਰੁਕਣ ਲੱਗੇ। ਬੱਬਰ ਅਕਾਲੀ, ਚਕਰਵਰਤੀ ਜੱਥੇ ਆਪਣਾ ਪ੍ਰਚਾਰ ਜਾਂ ਐਕਸ਼ਨ ਕਰਕੇ ਭੂਮੀਗਤ ਹੋਣ ਲੱਗੇ। ਖਾਸ ਕਰਕੇ ਗੋਰੇ ਹਾਕਮਾਂ ਦੀਆਂ ਥੰਮੀਆਂ, ਚੂਲਾਂ ਦਾ ਕੰਮ ਕਰਦੇ ਸ਼ਾਹੂਕਾਰਾਂ, ਟੋਡੀਆਂ, ਜੈਲਦਾਰਾਂ ਨੂੰ ਸਬਕ ਸਿਖਾਉਣ ਲੱਗੇ।

ਅਜੇਹੇ ਮਾਹੌਲ ਅੰਦਰ ਬੱਬਰ ਅਕਾਲੀ ਸੂਰਮਿਆਂ ਦੀ ਸੂਰਮਗਤੀ ਦੀਆਂ ਚਰਚਾਵਾਂ ਤਾਂ ਗਰਮਾਉਣ ਲੱਗੀਆਂ ਪਰ ਇਸ ਲਹਿਰ ਦਾ ਲੋਕ ਹਿਸਾ ਕਿਵੇਂ ਬਣਨ, ਇਸ ਸਰੋਕਾਰ ਦੀ ਡੋਰ, ਖਿਸਕਦੀ ਖਿਸਕਦੀ ਹੱਥੋਂ ਖਿਸਕਣ ਲੱਗੀ। ਲੋਕ ਜੱਥੇਬੰਦੀ, ਲੋਕ ਸੰਘਰਸ਼ ਉਪਰ ਟੇਕ ਰੱਖਕੇ ਚੱਲਣ ਦੀ ਬਜਾਏ ਰਾਹ ਬਦਲ ਗਿਆ। ਇਸ ਰਣਨੀਤੀ ਸਮੇਂ ਵਿਚਾਰ ਇਹ ਸੀ ਕਿ ਜਦੋਂ ਬਰਤਾਨਵੀ ਹਾਕਮਾਂ ਲਈ ਥੰਮੀਆਂ ਦਾ ਕੰਮ ਕਰ ਰਹੇ ਹਿੱਸਿਆਂ ਤੇ ਕਰਾਰੀ ਸੱਟ ਮਾਰਾਂਗੇ ਤਾਂ ਸਾਡੀ ਦਹਿਸ਼ਤ ਨਾਲ ਉਹ ਕੰਬ ਉਠਣਗੇ। ਲੋਕਾਂ ਦੇ ਹੌਂਸਲੇ ਬੁਲੰਦ ਹੋਣਗੇ ਅਤੇ ਲੋਕ ਧੜਾ ਧੜ ਆਜ਼ਾਦੀ ਦੀ ਲਹਿਰ ਵਾਲੀ ਗੱਡੀ ਵਿੱਚ ਸਵਾਰ ਹੋ ਜਾਣਗੇ।

ਇਤਿਹਾਸ ਗਵਾਹ ਹੈ ਕਿ ਵਾਪਰਿਆ ਇਹ ਕਿ ਲੋਕ ਹੌਲੀ ਹੌਲੀ ਬੱਬਰ ਅਕਾਲੀ ਲਹਿਰ ਨਾਲੋਂ ਲੋਕ ਦੂਰ ਹੋਣ ਲੱਗੇ ਬਾਵਜੂਦ ਇਸਦੇ ਕਿ ਉਹਨਾਂ ਦੀ ਕੁਰਬਾਨੀ ਤੋਂ ਲੋਕ ਵਾਰੇ ਵਾਰੇ ਜਾਂਦੇ ਸਨ। ਦਿਲੋਂ ਉਹਨਾਂ ਨਾਲ ਹਮਦਰਦੀ ਅਤੇ ਬਰਤਾਨਵੀ ਧਾੜਵੀਆਂ ਨਾਲ ਤਿੱਖੀ ਨਫ਼ਰਤ ਵੀ ਸੀ ਪਰ ਜੋ ਰਣਨੀਤੀ ਬੱਬਰ ਅਕਾਲੀ ਜੱਥੇ ਲੈ ਕੇ ਆਏ ਉਹ ਲੋਕ ਕਾਫ਼ਲੇ ਨਾ ਤੋਰ ਸਕੀ। ਜਨਤਾ ਦਾ ਜੰਗਲ ਪੈਦਾ ਨਾ ਕਰ ਸਕੀ। ਲੋਕ-ਤਾਕਤ ਦਾ ਕਿਲਾ ਨਾ ਉਸਾਰ ਸਕੀ। ਗੋਰੇ ਹਾਕਮਾਂ ਨੇ ਸਾਧਾਂ, ਵੈਦਾਂ, ਟਾਊਟਾਂ, ਸਮੱਗਲਰਾਂ, ਡੇਰਿਆਂ ਦਾ ਖੁਫ਼ੀਆ ਤੰਤਰ ਜਾਲ ਐਨਾ ਕੁ ਫੈਲਾਅ ਦਿੱਤਾ ਕਿ ਉਹ ਬੱਬਰ ਦੇਸ਼ ਭਗਤਾਂ ਨੂੰ ਘੇਰਨ, ਕਾਬੂ ਕਰਨ, ਫੜਨ, ਘੇਰਕੇ ਮੁਕਾਬਲੇ ਬਣਾਕੇ ਮਾਰਨ ਦੀ ਨੀਤੀ ਨੂੰ ਅੱਡੀ ਲਾਉਣ ਲੱਗੇ।

ਬੱਬਰ ਅਕਾਲੀ ਦੋਆਬਾ ਅਖ਼ਬਾਰ ਛਾਪਣ, ਉਤਾਰੂ ਪ੍ਰੈਸ ਅਤੇ ਪ੍ਰਚਾਰ ਦੇ ਅਨੇਕਾਂ ਢੰਗ ਤਰੀਕਿਆਂ ਰਾਹੀਂ ਲੋਕਾਂ ਨੂੰ ਜਗਾਉਣ ਦੇ ਅਥਾਹ ਯਤਨ ਹੋਏ। ਬੱਬਰ ਅਕਾਲੀ ਲਹਿਰ ਵਿੱਚ ਅਗਲੀ ਕਤਾਰ ਵਿੱਚ ਲੜਨ ਅਤੇ ਸ਼ਹਾਦਤਾਂ ਪਾਉਣ ਵਾਲਿਆਂ ਦੇ ਪਿੱਛੇ ਜਿਨ੍ਹਾਂ ਪਰਿਵਾਰਾਂ ਖਾਸ ਕਰਕੇ ਔਰਤਾਂ ਨੇ ਅਮੁੱਲਾ ਯੋਗਦਾਨ ਪਾਇਆ। ਜੇ ਕਿਤੇ ਪ੍ਰਤੀਬੱਧਤਾ, ਸਮਰਪਣ ਅਤੇ ਆਪਾ ਵਾਰਨ ਦੀ ਲਟਲਟ ਬਲਦੀ ਇਹ ਜਵਾਲਾ ਅਤੇ ਨਿਸ਼ਾਨੇ ਦੀ ਸਪੱਸ਼ਟਤਾ ਨਾਲ ਜਨਤਕ ਲਹਿਰ ਬਣਾਉਣ ਵਿੱਚ ਕਾਮਯਾਬ ਹੋ ਜਾਂਦੀ ਤਾਂ ਇਤਿਹਾਸ ਦਾ ਮੁਹਾਂਦਰਾ ਹੋਰ ਦਾ ਹੋਰ ਹੀ ਹੋਣਾ ਸੀ।

ਬੱਬਰ ਅਕਾਲੀ ਲਹਿਰ ਵਿੱਚ ਸਿੱਖ, ਮੁਸਲਮਾਨ, ਹਿੰਦੂ ਸਭ ਨੇ ਕੁਰਬਾਨੀਆਂ ਦਾ ਮਸ਼ਾਲ ਜਗਦੀ ਰੱਖਦਿਆਂ ਅਥਾਹ ਯੋਗਦਾਨ ਪਾਇਆ। ਇਸ ਲਹਿਰ ਵਿੱਚ ਸਿੱਖਾਂ ਦੇ ਨਾਲ ਊਧੋ ਪੰਡਤ ਨੂਸੀ, ਫਕੀਰੀਆ, ਸਵਾਮੀ ਪੂਰਨਾ ਨੰਦ, ਜੀਵਾ ਘੁਮਿਆਰ, ਤੂਫ਼ੈਲ ਮੁਹੰਮਦ ਉਰਫ਼ ਤੂਲਾ, ਚੰਨਣ ਪੰਡਿਤ ਉਰਫ਼ ਚੰਨਣ ਸਿੰਘ ਅਤੇ ਨੱਥੂ ਰਾਮ ਵਰਗਿਆਂ ਦੀ ਸੰਗਰਾਮੀ ਗਾਥਾ ਉਹਨਾਂ ਫ਼ਿਰਕੂ ਫਾਸ਼ੀ ਤਾਕਤਾਂ ਨੂੰ ਕਰਾਰਾ ਜਵਾਬ ਹੈ, ਜਿਹੜੇ ਹਰ ਪਲ ਸਮਾਜਕ ਭਾਈਚਾਰੇ ਨੂੰ ਵੰਡਣ, ਪਾੜਨ, ਨਫ਼ਰਤ ਦੀ ਜ਼ਹਿਰ ਚਾੜ੍ਹਨ ਅਤੇ ਕਤਲੋਗਾਰਦ ਕਰਾਕੇ ਸਿਵਿਆਂ ਵਿੱਚ ਆਪਣੇ ਸੌੜੇ ਸਿਆਸੀ ਮਨੋਰਥਾਂ ਦੀਆਂ ਰੋਟੀਆਂ ਸੇਕਣ ਵਿੱਚ ਗਲਤਾਨ ਹਨ।

ਬੱਬਰ ਅਕਾਲੀ ਲਹਿਰ ਦਾ ਮਹੱਤਵਪੂਰਣ ਇਤਿਹਾਸਕ ਮੋੜ ਹੈ 5 ਜੁਲਾਈ 1938 ਨੂੰ ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਵਿੱਚ ਕਿਸਾਨ ਸਭਾ ਦੀ ਸਥਾਪਨਾ ਕਰਨਾ। ਇਸ ਕਮਾਲ ਦੀ ਘਟਨਾ ਨੇ ਬੱਬਰ ਅਕਾਲੀ ਲਹਿਰ ਅੰਦਰ ਨਵੀਂ ਚੇਤਨਾ ਦਾ ਸੰਚਾਰ ਕੀਤਾ। ਬੱਬਰਾਂ ਨੇ ਐਲਾਨ ਕੀਤਾ ਕਿ ਅੰਬ ਸਾਡੇ, ਖੇਤ ਸਾਡੇ, ਨਹਿਰਾਂ, ਸੜਕਾਂ, ਰਾਹਾਂ ਤੇ ਲੱਗੇ ਅੰਬਾਂ ਦੇ ਦਰਖ਼ਤ ਸਾਡੇ ਇਹ ਬਾਹਰੋਂ ਆਏ ਧਾੜਵੀ ਕੌਣ ਹੁੰਦੇ ਨੇ ਸਾਡੇ ਅੰਬਾਂ ਦੀ ਬੋਲੀ ਲਾਉਣ ਵਾਲੇ। ਬੱਬਰਾਂ ਦਾ ਐਲਾਨ ਸੁਣਕੇ ਠੇਕੇਦਾਰਾਂ ਅਤੇ ਜ਼ੈਲਦਾਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ ਠੇਕੇ ਵਾਸਤੇ ਬੋਲੀ ਦੇਣ ਤੋਂ ਹੀ ਤਿੱਤਰ ਹੋ ਗਏ। ਬੱਬਰਾਂ ਦਾ ਇਹ ਇਤਿਹਾਸ ਅੱਜ ਘਰ-ਘਰ, ਗਲੀ-ਗਲੀ ਲਿਜਾਣ ਵਾਲਾ ਹੈ ਜਦੋਂ ਸਾਡੇ ਖੇਤਾਂ, ਖਣਿਜ ਪਦਾਰਥਾਂ, ਸੜਕਾਂ, ਬਿਜਲੀ, ਪਾਣੀ, ਸਿੱਖਿਆ, ਸਿਹਤ, ਰੁਜ਼ਗਾਰ, ਇਤਿਹਾਸ, ਸਾਹਿਤ/ਸਭਿਆਚਾਰ ਦੀ ਦੇਸੀ-ਬਦੇਸੀ ਕਾਰਪੋਰੇਟ ਘਰਾਣੇ ਅਤੇ ਹਾਕਮ ਬੋਲੀ ਲਗਾ ਰਹੇ ਹਨ।

27 ਫਰਵਰੀ ਦਾ ਦਿਹਾੜਾ, ਬੱਬਰਾਂ ਦੇ ਇਤਿਹਾਸ ਦੀ ਸਾਮਰਾਜ ਅਤੇ ਉਸਦੇ ਸੇਵਾਦਾਰਾਂ ਵਿਰੋਧੀ ਸੁਰ ਨੂੰ ਸੰਭਾਲਣ, ਸਮਿਆਂ ਦੀ ਹਾਣੀ ਬਣਾਉਣ ਅਤੇ ਇਸ ਤੋਂ ਲੋਕ ਗੀਤ, ਸਮੂਹ ਗਾਇਨ ਦੀ ਸਿਰਜਣਾ ਕਰਦਿਆਂ ਲੋਕਾਂ ਦੇ ਜੀਵਨ ’ਚ ਖੇੜਾ ਲਿਆਉਣ ਵਾਲਾ ਨਵਾਂ ਨਰੋਆ ਸਮਾਜ ਸਿਰਜਣ ਦਾ ਅਹਿਦ ਕਰਨ ਦਾ ਦਿਹਾੜਾ ਹੈ। ਇਹ ਵੇਲਾ ਇਤਿਹਾਸ ਦੀਆਂ ਪੈੜਾਂ ’ਤੇ ਸਵੈ-ਮੰਥਨ ਅਤੇ ਚਿੰਤਨ ਦਾ ਵੇਲਾ ਹੈ।

# ਭਗਵੇਂ ਪ੍ਰਚਾਰਤੰਤਰ ਦਾ ਨਵਾਂ ਫਿਰਕੂ ਹਮਲਾ: ‘ਦ ਕਸ਼ਮੀਰ ਫ਼ਾਈਲਜ਼’



ਬੂਟਾ ਸਿੰਘ ਨਵਾਂਸ਼ਹਿਰ
94634-74342



ਇਨ੍ਹੀਂ ਦਿਨੀਂ ਭਗਵੇਂ ਫਿਲਮਸਾਜ਼ ਵਿਵੇਕ ਰੰਜਨ ਅਗਨੀਹੋਤਰੀ ਦੀ ਫਿਲਮ ‘ਦ ਕਸ਼ਮੀਰ ਫ਼ਾਈਲਜ਼’ ਬਹੁਤ ਚਰਚਾ ’ਚ ਹੈ ਜਿਸ ਦਾ ਪ੍ਰਚਾਰ ਕਰਨ ’ਚ ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਪੂਰੀ ਮਸ਼ੀਨਰੀ ਜੁੱਟੀ ਹੋਈ ਹੈ। ਇਹ ਉਹੀ ਅਗਨੀਹੋਤਰੀ ਹੈ ਜਿਸ ਨੇ ‘ਸ਼ਹਿਰੀ ਨਕਸਲੀ’ ਦੀ ਨਿਆਰੀ ਪ੍ਰੀਭਾਸ਼ਾ ਈਜਾਦ ਕੀਤੀ ਸੀ ਕਿ ਆਪਣੇ ਦਿਮਾਗ ਤੋਂ ਕੰਮ ਲੈਣ ਵਾਲਾ ਹਰ ਉਹ ਅਧਿਆਪਕ ‘ਸ਼ਹਿਰੀ ਨਕਸਲੀ’ ਹੈ ਜੋ ਆਪਣੇ ਵਿਦਿਆਰਥੀਆਂ ਨੂੰ ਧਾਰਮਿਕ ਗ੍ਰੰਥਾਂ ਅਤੇ ਰੂੜੀਵਾਦੀ ਸੰਸਕ੍ਰਿਤੀ ਉੱਪਰ ਸਵਾਲ ਕਰਨੇ ਸਿਖਾਉਂਦਾ ਹੈ। ਭਾਜਪਾ ਦੀਆਂ ਯੂ.ਪੀ., ਗੁਜਰਾਤ, ਹਰਿਆਣਾ ਅਤੇ ਕਈ ਹੋਰ ਸਰਕਾਰਾਂ ਵੱਲੋਂ ਫਿਲਮ ਨੂੰ ਟੈਕਸ ਤੋਂ ਛੋਟ ਦਿੱਤੀ ਗਈ ਹੈ। ਨਰਿੰਦਰ ਮੋਦੀ ਜਿੱਥੇ ਬੀ.ਜੇ.ਪੀ. ਦੀ ਪਾਰਲੀਮੈਂਟਰੀ ਇਕੱਤਰਤਾ ਵਿਖੇ ‘ਦ ਕਸ਼ਮੀਰ ਫ਼ਾਈਲਜ਼’ ਨੂੰ ਇਹ ਕਹਿ ਕੇ ਪ੍ਰੋਮੋਟ ਕਰਦਾ ਹੈ ਕਿ ਐਸੀਆਂ ਫਿਲਮਾਂ ‘ਅਕਸਰ ਹੀ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਕਿਉਂਕਿ ਇਸ ਵਿਚ ਉਹ ‘ਸੱਚ’ ਦਿਖਾਇਆ ਗਿਆ ਹੈ ਜਿਸ ਨੂੰ ਸਾਲਾਂ ਤੋਂ ਦਬਾ ਕੇ ਰੱਖਿਆ ਗਿਆ ਸੀ। ਨਾਲ ਹੀ ਉਹ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ’ਚ ਆਵਾਜ਼ ਉਠਾਉਣ ਵਾਲੇ ‘ਬੇਚੈਨ’ ਆਲੋਚਕਾਂ ਨੂੰ ਖ਼ਾਸ ਨਿਸ਼ਾਨਾ ਬਣਾਉਂਦਾ ਹੈ ਕਿ ਉਹ ਤੱਥਾਂ ਨੂੰ ਸਵੀਕਾਰ ਕਰਨ ਦੀ ਬਜਾਏ ਫਿਲਮ ਨੂੰ ਬਦਨਾਮ ਕਰਨ ਲਈ ਮੁਹਿੰਮ ਚਲਾ ਰਹੇ ਹਨ। ਸੰਘ ਦਾ ਮੁਖੀ ਮੋਹਨ ਭਾਗਵਤ ਫਿਲਮਸਾਜ਼ ਅਗਨੀਹੋਤਰੀ ਅਤੇ ਉਸ ਦੀ ਟੀਮ ਨਾਲ ਉਚੇਚੇ ਤੌਰ ’ਤੇ ਮੁਲਾਕਾਤ ਕਰਦਾ ਹੈ। ਭਾਗਵਤ ‘ਸੱਚ ਦੀ ਭਾਲ ਕਰਨ ਵਾਲਿਆਂ’ ਨੂੰ ਇਹ ਫਿਲਮ ਲਾਜ਼ਮੀ ਦੇਖਣ ਦੀ ਸਿਫ਼ਾਰਸ਼ ਕਰਦਾ ਹੈ ਕਿਉਂਕਿ ਇਹ ‘ਇਕ ਸ਼ਾਨਦਾਰ ਸਕ੍ਰਿਪਟ, ਇਕ ਡੂੰਘੀ ਖੋਜ, ਇਕ ਮੁਕੰਮਲ ਕਲਾਤਮਕ ਕਿਰਤ’ ਹੈ। ਆਮ ਤੌਰ ’ਤੇ ਸਮਾਜ ਨੂੰ ਚੰਗੀ ਸੇਧ ਦੇਣ ਵਾਲੀਆਂ ਫਿਲਮਾਂ ਨੂੰ ਟੈਕਸ ਤੋਂ ਛੋਟ ਦੇ ਕੇ ਉਤਸ਼ਾਹਤ ਕੀਤਾ ਜਾਂਦਾ ਹੈ, ਪਰ ਸੰਘ ਬਰਗੇਡ ਲਈ ਫਿਲਮਾਂ ਆਪਣੇ ਨਫ਼ਰਤ ਦੇ ਏਜੰਡੇ ਨੂੰ ਪ੍ਰਚਾਰਨ ਦਾ ਸੰਦ ਹਨ। ‘ਮੁੱਖਧਾਰਾ’ ਸਿਨਮਾ ਕਦੇ ਵੀ ਸੱਚ ਨੂੰ ਈਮਾਨਦਾਰੀ ਨਾਲ ਪੇਸ਼ ਨਹੀਂ ਕਰਦਾ। ਕਲਾਤਮਕ ਫਿਲਮਾਂ ਵਿਚ ਬਹੁਤ ਸਾਰੀ ਕਲਪਨਾ ਹੁੰਦੀ ਹੈ ਪਰ ‘ਦ ਕਸ਼ਮੀਰ ਫ਼ਾਈਲਜ਼’ ਤਾਂ ਖੁੱਲ੍ਹ-ਮ-ਖੁੱਲ੍ਹਾ ਨਫ਼ਰਤ ਦਾ ਪੁਲੰਦਾ ਹੈ। ਸੰਘ ਬਰਗੇਡ ਝੂਠ ਫੈਲਾ ਕੇ ਦੇਸ਼-ਦੁਨੀਆ ਨੂੰ ਗੁੰਮਰਾਹ ਕਰ ਰਿਹਾ ਹੈ ਕਿ ਇਸ ਫਿਲਮ ਨੇ ਕਸ਼ਮੀਰ ਦਾ ਉਹ ਸੱਚ ਸਾਹਮਣੇ ਲਿਆਂਦਾ ਹੈ ਜਿਸ ਨੂੰ ਸਿਆਸੀ ਜਮਾਤ ਅਤੇ ਮਨੁੱਖੀ ਹੱਕਾਂ ਦੇ ਕਾਰਕੁੰਨਾਂ ਯਾਨੀ ‘ਸ਼ਹਿਰੀ ਨਕਸਲੀਆਂ’ ਨੇ ਛੁਪਾਇਆ ਹੋਇਆ ਸੀ। ਸੱਚ ਇਹ ਹੈ ਕਿ ਕਸ਼ਮੀਰੀ ਪੰਡਿਤਾਂ ਦੀ ਦਾਸਤਾਂ ਕਦੇ ਵੀ ਲੁਕੀ-ਛਿਪੀ ਨਹੀਂ ਸੀ।

ਕਸ਼ਮੀਰੀ ਪੰਡਿਤ ਭਾਈਚਾਰੇ ਦੀ ਹਿਜ਼ਰਤ 1989-90 ’ਚ ਹੋਈ। ਮੀਡੀਆ ਰਿਪੋਰਟਾਂ ਅਤੇ ਹੋਰ ਸਰੋਤਾਂ ਦੇ ਰੂਪ ’ਚ ਇਸ ਦੀ ਜਾਣਕਾਰੀ ਜਨਤਕ ਤੌਰ ’ਤੇ ਉਪਲਬਧ ਹੈ। ਉਦੋਂ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਦੀ ਪੁਣਛਾਣ ਕਰਕੇ ਕੋਈ ਵੀ ਵਿਅਕਤੀ ਕਸ਼ਮੀਰੀ ਪੰਡਿਤਾਂ ਦੇ ਸੰਤਾਪ ਬਾਰੇ ਆਪਣੀ ਆਜ਼ਾਦ ਸੋਚ ਬਣਾ ਸਕਦਾ ਹੈ। ਪਰ ਆਰ.ਐੱਸ.ਐੱਸ.-ਬੀ.ਜੇ.ਪੀ. ਵੱਲੋਂ ਅਤਿਅੰਤ ਚਲਾਕੀ ਅਤੇ ਬੇਈਮਾਨੀ ਨਾਲ ਇਹ ਪ੍ਰਭਾਵ ਸਿਰਜਿਆ ਗਿਆ ਹੈ ਕਿ ਅਗਨੀਹੋਤਰੀ ਵੱਲੋਂ ਫਿਲਮ ਬਣਾਉਣ ਲਈ ਤੱਥ ਖੋਜੇ ਜਾਣ ਤੋਂ ਪਹਿਲਾਂ ਕਸ਼ਮੀਰੀ ਪੰਡਿਤਾਂ ਦੇ ਸੰਤਾਪ ਦੀ ਕਿਸੇ ਨੂੰ ਜਾਣਕਾਰੀ ਨਹੀਂ ਸੀ। ਇਹ ਗੱਲ ਕਿਸੇ ਵੀ ਪੱਖੋਂ ਸੱਚ ਨਹੀਂ ਹੈ। ਜਦੋਂ 1989 ’ਚ ਕਸ਼ਮੀਰੀ ਪੰਡਿਤਾਂ ਉੱਪਰ ਹਮਲੇ ਸ਼ੁਰੂ ਹੋਏ ਉਸ ਵਕਤ ਭਾਰਤ ਵਿਚ ਵਿਸ਼ਵਨਾਥ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਸਰਕਾਰ ਸੀ ਜਿਸ ਨੂੰ ਬੀ.ਜੇ.ਪੀ. ਦੀ ਹਮਾਇਤ ਸੀ। ਜਨਵਰੀ 1990 ’ਚ ਜਦੋਂ ਕਸ਼ਮੀਰ ਪੰਡਿਤਾਂ ਉੱਪਰ ਜ਼ੁਲਮ ਸਿਖ਼ਰਾਂ ’ਤੇ ਸੀ ਅਤੇ ਵੱਡੇ ਪੈਮਾਨੇ ’ਤੇ ਹਿਜ਼ਰਤ ਹੋਈ ਉਦੋਂ ਭਾਜਪਾ ਦਾ ਖ਼ਾਸ-ਮ-ਖ਼ਾਸ ਜਗਮੋਹਣ ਜੰਮੂ-ਕਸ਼ਮੀਰ ਦਾ ਰਾਜਪਾਲ ਸੀ ਅਤੇ ਮੁਫ਼ਤੀ ਮੁਹੰਮਦ ਸਈਦ ਗ੍ਰਹਿ ਮੰਤਰੀ ਸੀ। ਭਾਜਪਾ ਵਿਚ ਬਾਕਾਇਦਾ ਸ਼ਾਮਿਲ ਹੋਣ ਤੋਂ ਬਾਦ ਜਗਮੋਹਣ ਜੂਨ ਤੋਂ ਲੈ ਕੇ ਨਵੰਬਰ 1999 ਤੱਕ ਕੇਂਦਰੀ ਸ਼ਹਿਰੀ ਵਿਕਾਸ ਅਤੇ ਗ਼ਰੀਬੀ ਮਿਟਾਓ ਮੰਤਰੀ ਵੀ ਰਿਹਾ। ਮਾਰਚ 1998 ਤੋਂ ਲੈ ਕੇ ਮਈ 2004 ਤੱਕ ਕੇਂਦਰ ਵਿਚ ਭਾਜਪਾ ਦੀ ਸਰਕਾਰ ਸੀ। ਬੀ.ਜੇ.ਪੀ. ਦਾ ਆਪਣਾ ਕੱਟੜ ਆਗੂ ਐੱਲ.ਕੇ. ਅਡਵਾਨੀ ਕੇਂਦਰੀ ਗ੍ਰਹਿ ਮੰਤਰੀ ਸੀ। ਉਸੇ ਅਰਸੇ ’ਚ 11 ਜੂਨ 1999 ਨੂੰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਜਾਂਚ ਟੀਮ ਕਸ਼ਮੀਰੀ ਪੰਡਿਤਾਂ ਉੱਪਰ ਜ਼ੁਲਮਾਂ ਦੀ ਜਾਂਚ ਲਈ ਭੇਜੀ ਗਈ। ਇਸ ਟੀਮ ਨੇ ਕਸ਼ਮੀਰੀ ਪੰਡਿਤਾਂ ਉੱਪਰ ਜ਼ੁਲਮਾਂ ਦਾ ਸੱਚ ਸਵੀਕਾਰ ਕੀਤਾ ਪਰ ਉਸ ਨੂੰ ਨਸਲਕੁਸ਼ੀ ਨਹੀਂ ਕਿਹਾ। ਹਿਜ਼ਰਤ ਤੋਂ ਬਾਦ 22 ਸਤੰਬਰ 1990 ਨੂੰ ਕਸ਼ਮੀਰੀ ਪੰਡਿਤਾਂ ਨੇ ਅਲ ਸਫ਼ਾ ਅਖ਼ਬਾਰ ਦੇ ਸੰਪਾਦਕ ਨੂੰ ਇਕ ਸਮੂਹਿਕ ਚਿੱਠੀ ਲਿਖੀ ਸੀ ਜਿਸ ਉਨ੍ਹਾਂ ਨੇ ਸਪਸ਼ਟ ਰੂਪ ਵਿਚ ਲਿਖਿਆ ਸੀ ਕਿ ਹਿਜ਼ਰਤ ਇਕ ਸਾਜ਼ਿਸ਼ ਹੈ ਅਤੇ ਗਵਰਨਰ ਜਗਮੋਹਣ ਵੱਲੋਂ ਕਸ਼ਮੀਰ ਪੰਡਿਤਾਂ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ ਜਦੋਂ ਕਿ ਉਨ੍ਹਾਂ ਦਾ ਆਪਣੇ ਹਮਸਾਏ ਮੁਸਲਮਾਨਾਂ ਨਾਲ ਕੋਈ ਵੈਰ-ਵਿਰੋਧ ਨਹੀਂ ਹੈ। ਮਾਰਚ 2015 ਤੋਂ ਜਨਵਰੀ 2016 ਤੱਕ ਜੰਮੂ-ਕਸ਼ਮੀਰ ਵਿਚ ਪੀ.ਡੀ.ਪੀ. ਅਤੇ ਬੀ.ਜੇ.ਪੀ. ਦੀ ਗੱਠਜੋੜ ਸਰਕਾਰ ਰਹੀ। ਮੁਫ਼ਤੀ ਦੀ ਮੌਤ ਤੋਂ ਬਾਦ ਵੀ ਬੀ.ਜੇ.ਪੀ. (ਜੂਨ 2018 ’ਚ ਹਮਾਇਤ ਵਾਪਸ ਲਏ ਜਾਣ ਤੱਕ) ਪੀ.ਡੀ.ਪੀ. ਨਾਲ ਸੱਤਾ ’ਚ ਭਾਈਵਾਲ ਰਹੀ ਜਦੋਂ ਮਹਿਬੂਬਾ ਮੁਫ਼ਤੀ ਮੁੱਖ ਮੰਤਰੀ ਸੀ। ਅਗਸਤ 2019 ’ਚ ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਲੈ ਕੇ ਜੰਮੂ-ਕਸ਼ਮੀਰ ਸਿੱਧਾ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਹੈ। ਅੱਧੀ ਦਰਜਨ ਤੋਂ ਉੱਪਰ ਖ਼ੁਫ਼ੀਆ ਏਜੰਸੀਆਂ ਦੇ ਨਾਲ-ਨਾਲ ਆਰ.ਐੱਸ.ਐੱਸ.-ਬੀ.ਜੇ.ਪੀ. ਦਾ ਜੰਮੂ-ਕਸ਼ਮੀਰ ਵਿਚ ਵਿਆਪਕ ਤਾਣਾਬਾਣਾ ਹੈ ਅਤੇ ਸ਼ੁਰੂ ਤੋਂ ਹੀ ਇਸ ਦਾ ਜੰਮੂ-ਕਸ਼ਮੀਰ ਉੱਪਰ ਫੋਕਸ ਰਿਹਾ ਹੈ। ਆਰ.ਐੱਸ.ਐੱਸ.-ਬੀ.ਜੇ.ਪੀ. ਵਾਲੇ ਇਨ੍ਹਾਂ ਤੱਥਾਂ ਤੋਂ ਮੁੱਕਰ ਨਹੀਂ ਸਕਦੇ। ਇਹ ਕਹਿਣਾ ਨਿਰੋਲ ਬੇਈਮਾਨੀ ਹੈ ਕਿ ਕਸ਼ਮੀਰੀ ਪੰਡਿਤਾਂ ਉੱਪਰ ਜ਼ੁਲਮਾਂ ਦੇ ਤੱਥ ਛੁਪੇ ਹੋਏ ਸਨ ਅਤੇ ਜਦੋਂ ਕਸ਼ਮੀਰੀ ਮੁਸਲਮਾਨਾਂ ਦੇ ਜ਼ੁਲਮਾਂ ਕਾਰਨ ਕਸ਼ਮੀਰੀ ਪੰਡਿਤਾਂ ਨੂੰ ਹਿਜ਼ਰਤ ਕਰਨੀ ਪਈ ਤਾਂ ਮੁਸਲਮਾਨਾਂ ਨੂੰ ਖ਼ੁਸ਼ ਕਰਨ ਲਈ ਸਿਆਸੀ ਜਮਾਤ ਨੇ ਜ਼ੁਲਮਾਂ ਦੀ ਧੂੰ ਨਹੀਂ ਨਿਕਲਣ ਦਿੱਤੀ।

ਜਿਸ ਨੂੰ ਸੰਘ ਮੁਖੀ ‘ਡੂੰਘੀ ਖੋਜ ਵਾਲੀ ਕਲਾਤਮਕ ਕਿਰਤ’ ਦੱਸਦਾ ਹੈ ਉਹ ਦਰਅਸਲ ਸੋਸ਼ਲ ਮੀਡੀਆ ਉੱਪਰ ਪਰੋਸੀ ਜਾਂਦੀ ਅਤਿਅੰਤ ਘਟੀਆ ਦਰਜੇ ਦੀ, ਮੁਸਲਿਮ ਵਿਰੋਧੀ ਅਤੇ ਕਸ਼ਮੀਰ ਦੇ ਸਵੈਨਿਰਣੇ ਦੇ ਹੱਕ ’ਚ ਆਵਾਜ਼ ਉਠਾਉਣ ਵਾਲਿਆਂ ਦੀ ਕਿਰਦਾਰਕੁਸ਼ੀ ਕਰਨ ਵਾਲੀ ਨਫ਼ਰਤੀ ਪ੍ਰਚਾਰ ਸਮੱਗਰੀ ਦਾ ਫਿਲਮੀ ਰੂਪ ਹੈ। ਫਿਲਮ ਸਮੂਹ ਮੁਸਲਿਮ ਕਸ਼ਮੀਰੀਆਂ ਨੂੰ ਬੇਕਿਰਕ ਦਹਿਸ਼ਤਗਰਦ, ਮਜ਼ਲੂਮ ਪੰਡਿਤਾਂ ਨੂੰ ਤਸੀਹੇ ਦੇਣ ਵਾਲੇ ਜ਼ਾਲਮ, ਗੁਆਂਢੀ ਪੰਡਤਾਂ ਨੂੰ ਲੁੱਟਣ ਵਾਲੇ ਧਾੜਵੀ, ਹਿੰਦੂ ਔਰਤਾਂ ਨੂੰ ਬੇਪੱਤ ਕਰਨ ਵਾਲੇ ਦਾਨਵ ਬਣਾ ਕੇ ਪੇਸ਼ ਕਰਦੀ ਹੈ। ਪਾਕਿਸਤਾਨ ਪੱਖੀ ਦਹਿਸ਼ਤੀ ਗਰੁੱਪਾਂ ਅਤੇ ਆਜ਼ਾਦ ਕਸ਼ਮੀਰ ਲਈ ਲੜਨ ਵਾਲੇ ਧਰਮਨਿਰਪੱਖ ਹਿੱਸਿਆਂ ਸਭ ਨੂੰ ਜਾਣ-ਬੁੱਝ ਕੇ ਰਲਗੱਡ ਕੀਤਾ ਗਿਆ ਹੈ। ਕਸ਼ਮੀਰੀ ਪੰਡਿਤਾਂ ਨੂੰ ਜਬਰੀ ਮੁਸਲਮਾਨ ਬਣਾਉਣ ਦੀ ਮਨਘੜਤ ਕਹਾਣੀ ਵੀ ਪਰੋਸੀ ਗਈ ਹੈ। ਹਿੰਦੂ ਫਿਰਕੇ ਨੂੰ ਮੁਸਲਮਾਨ ਫਿਰਕੇ ਵਿਰੁੱਧ ਭੜਕਾਉਣ ਲਈ ਖ਼ਾਸ ਚੁਣਵੀਂਆਂ ਘਟਨਾਵਾਂ ਨੂੰ ਘੋਰ ਸਨਸਨੀਖ਼ੇਜ਼ ਰੂਪ ਦਿੱਤਾ ਗਿਆ ਹੈ। ਜਿਵੇਂ ਮੁਸਲਿਮ ਦਹਿਸ਼ਤਗਰਦਾਂ ਵੱਲੋਂ 24 ਕਸ਼ਮੀਰੀ ਹਿੰਦੂ ਔਰਤ-ਮਰਦਾਂ-ਬੱਚਿਆਂ ਨੂੰ ਗੋਲੀਆਂ ਮਾਰ ਕੇ ਕਤਲ ਕਰਨ ਅਤੇ ਇਕ ਔਰਤ ਨੂੰ ਨਿਰਵਸਤਰ ਕਰਨ ਉਪਰੰਤ ਸਮੂਹਿਕ ਬਲਾਤਕਾਰ ਕਰਕੇ ਆਰੀ ਨਾਲ ਚੀਰਨ ਦੀਆਂ ਘਟਨਾਵਾਂ। ਕਥਿਤ ਮੁਸਲਿਮ ਦਹਿਸ਼ਤਗਰਦਾਂ ਵੱਲੋਂ ਕੀਤੇ ਕਸ਼ਮੀਰੀ ਪੰਡਿਤਾਂ ਦੇ ਕਤਲਾਂ ਦੀ ਤੁਲਨਾ ਨਾਜ਼ੀਆਂ ਵੱਲੋਂ ਯਹੂਦੀਆਂ ਦੀ ਨਸਲਕੁਸ਼ੀ ਨਾਲ ਕਰਨ ਤੋਂ ਫਿਲਮਸਾਜ਼ ਦੀ ਮਨਸ਼ਾ ਸਪਸ਼ਟ ਹੋ ਜਾਂਦੀ ਹੈ।

ਜੰਮੂ-ਕਸ਼ਮੀਰ ਵਿਚ ਸਵੈਨਿਰਣੇ ਲਈ ਲਹਿਰ ਦੇ ਉਭਰਨ ਦੇ ਸਮੇਂ ਤੋਂ ਲੈ ਕੇ ਇਕ ਲੱਖ ਦੇ ਕਰੀਬ ਕਸ਼ਮੀਰੀ ਮਾਰੇ ਜਾ ਚੁੱਕੇ ਹਨ। ਪਰ ਸੰਘੀ ਫਿਲਮਸਾਜ਼ ਦੀ ‘ਡੂੰਘੀ ਖੋਜ’ ਅਨੁਸਾਰ ਉੱਥੇ ਸਿਰਫ਼ ਕਸ਼ਮੀਰ ਪੰਡਤਾਂ ਦੀ ਨਸਲਕੁਸ਼ੀ ਹੋਈ ਹੈ। ਫ਼ੌਜ ਅਤੇ ਪਾਕਿਸਤਾਨ ਪੱਖੀ ਦਹਿਸ਼ਤੀ ਗਰੁੱਪਾਂ ਵੱਲੋਂ ਕਸ਼ਮੀਰੀਆਂ ਦਾ ਕਤਲੇਆਮ ਅਤੇ ਲੁੱਟਮਾਰ, ਹਿਰਾਸਤੀ ਕਤਲ, ਕੁਨਨ-ਪੌਸ਼ਪੁਰਾ ਵਰਗੇ ਸਮੂਹਿਕ ਬਲਾਤਕਾਰਾਂ ਦੇ ਹੌਲਨਾਕ ਕਾਂਡ, ਪੈਲੇਟ ਗੰਨਾਂ ਨਾਲ ਅੰਨ੍ਹੇ ਕੀਤੇ ਨੌਜਵਾਨ, ਅਗਵਾ ਕਰਕੇ ਲਾਪਤਾ ਕਰ ਦਿੱਤੇ ਗਏ ਹਜ਼ਾਰਾਂ ਕਸ਼ਮੀਰੀ, ਉਨ੍ਹਾਂ ਦਹਿ ਹਜ਼ਾਰਾਂ ਔਰਤਾਂ ਦਾ ਸੰਤਾਪ ਜਿਨ੍ਹਾਂ ਦੇ ਪਰਿਵਾਰਾਂ ਦੇ ਮਰਦ ਅਗਵਾ ਕਰਨ ਪਿੱਛੋਂ ਮਾਰ ਕੇ ਖ਼ਪਾ ਦਿੱਤੇ ਗਏ, ਥਾਂ-ਥਾਂ ਬਣੀਆਂ ਅਣਪਛਾਤੀਆਂ ਕਬਰਾਂ ਵਗੈਰਾ ਇਹ ਸਭ ਫਿਲਮਸਾਜ਼ ਅਨੁਸਾਰ ਭਾਰਤੀ ਫ਼ੌਜ ਨੂੰ ਬਦਨਾਮ ਕਰਨ ਲਈ ਘੜਿਆ ਕੋਰਾ ਝੂਠ ਹੈ। ਬਸ ਉਹੀ ਸੱਚ ਹੈ ਜੋ ਆਰ.ਐੱਸ.ਐੱਸ.-ਭਾਜਪਾ ਕਹਿ ਰਹੀ ਹੈ।

ਫਿਲਮ ਤੱਥਾਂ ਨੂੰ ਤੋੜ-ਮਰੋੜ ਕੇ ਅਤੇ ਖ਼ਾਸ ਤੱਥਾਂ ਨੂੰ ਦਬਾ ਕੇ ਜੋ ਤਸਵੀਰ ਪੇਸ਼ ਕਰਦੀ ਹੈ ਉਸ ਅਨੁਸਾਰ ਸਿਰਫ਼ ਤੇ ਸਿਰਫ਼ ਆਰ.ਐੱਸ.ਐੱਸ.-ਭਾਜਪਾ ਹੀ ਹੈ ਜੋ ਕਸ਼ਮੀਰੀ ਪੰਡਤਾਂ ਦੀ ਖ਼ੈਰਖਵਾਹ ਹੈ ਜਿਸ ਨੇ ਧਾਰਾ 370 ਦਾ ਖ਼ਾਤਮਾ ਕਰਕੇ ਰਿਆਸਤ ਦੀ ਤਰੱਕੀ ਦਾ ਰਾਹ ਖੋਲ੍ਹਿਆ; ਕਿ ਹੋਰ ਕਿਸੇ ਪ੍ਰਧਾਨ ਮੰਤਰੀ ਵਿਚ ਮੋਦੀ ਦੀ ਤਰ੍ਹਾਂ ਧਾਰਾ 370 ਤੋਂ ਕਸ਼ਮੀਰ ਨੂੰ ਮੁਕਤ ਕਰਾਉਣ ਦੀ ਹਿੰਮਤ ਨਹੀਂ ਸੀ। ਫਿਲਮ ਅਨੁਸਾਰ ਕਥਿਤ ਧਰਮਨਿਰਪੱਖ ਯਾਨੀ ਕਾਂਗਰਸ ਵਰਗੀਆਂ ਰਾਜਨੀਤਕ ਤਾਕਤਾਂ ਤਾਂ ਮੁਸਲਮਾਨਾਂ ਨੂੰ ਖ਼ੁਸ਼ ਕਰਨ ਲਈ ਕਸ਼ਮੀਰੀ ਪੰਡਿਤਾਂ ਦਾ ਮੁੱਲ ਵੱਟਣ ਵਾਲੀਆਂ ਗਿਰਝਾਂ ਹਨ। ਕਿ ਰਾਜੀਵ ਗਾਂਧੀ ਨੇ ਕਸ਼ਮੀਰੀ ਪੰਡਿਤਾਂ ਦੀ ਮੱਦਦ ਨਹੀਂ ਕੀਤੀ। ਕਾਂਗਰਸ ਅਤੇ ਹੋਰ ਲੋਕ ਦੁਸ਼ਮਣ ਪਾਰਟੀਆਂ ਦੀ ਭੂਮਿਕਾ ਬਾਰੇ ਕੋਈ ਵਿਵਾਦ ਨਹੀਂ ਹੈ ਪਰ ਬੀ.ਜੇ.ਪੀ. ਤਾਂ ਕੇਂਦਰ ਅਤੇ ਜੰਮੂ-ਕਸ਼ਮੀਰ ਵਿਚ ਖ਼ੁਦ ਸੱਤਾ ਵਿਚ ਰਹੀ ਹੈ। ਕੀ ਇਸ ਨੇ ਕਸ਼ਮੀਰੀ ਪੰਡਿਤਾਂ ਦੀ ਸਾਰ ਲਈ? ਕੀ ਇਸ ਨੇ ਉਨ੍ਹਾਂ ਦੀ ਘਾਟੀ ’ਚ ਵਾਪਸੀ ਲਈ ਅਤੇ ਉਨ੍ਹਾਂ ਦੇ ਮੁੜ-ਵਸੇਬੇ ਅਤੇ ਹੋਰ ਮੱਦਦ ਲਈ ਕੋਈ ਕਦਮ ਚੁੱਕੇ?

ਇਹ ਜੱਗ ਜ਼ਾਹਿਰ ਤੱਥ ਹੈ ਕਿ ਕਸ਼ਮੀਰੀ ਲੋਕਾਂ ਦੀ ਨਸਲਕੁਸ਼ੀ ਲਈ ਸਮੁੱਚੀ ਭਾਰਤੀ ਹੁਕਮਰਾਨ ਜਮਾਤ ਅਤੇ ਇਸ ਦੇ ਜੰਮੂ-ਕਸ਼ਮੀਰ ਵਿਚਲੇ ਜੋਟੀਦਾਰ ਸਿਆਸਤਦਾਨ ਮੁੱਖ ਜ਼ਿੰਮੇਵਾਰ ਹਨ ਜੋ ਕਸ਼ਮੀਰੀ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਰਾਇਸ਼ੁਮਾਰੀ ਰਾਹੀਂ ਮਸਲੇ ਦਾ ਰਾਜਨੀਤਕ ਹੱਲ ਕਰਨ ਦੀ ਬਜਾਏ ਹਮੇਸ਼ਾ ਕਪਟੀ ਚਾਲਾਂ ਚੱਲਦੇ ਰਹੇ ਅਤੇ ਜਿਨ੍ਹਾਂ ਨੇ ਇਸ ਸਰਜ਼ਮੀਨ ਨੂੰ ਕੁਚਲਣ ਲਈ ਫ਼ੌਜ ਨੂੰ ਖੁੱਲ੍ਹੀ ਛੁੱਟੀ ਦੇ ਕੇ ਕਤਲਗਾਹ ਬਣਾਇਆ ਹੋਇਆ ਹੈ। ਚਾਹੇ ਕਾਂਗਰਸ ਹੈ ਜਾਂ ਬੀ.ਜੇ.ਪੀ. ਜਾਂ ਕੋਈ ਹੋਰ ਹਕੂਮਤ, ਭਾਰਤ ਦੀ ਹੁਕਮਰਾਨ ਜਮਾਤ ਕਦੇ ਵੀ ਕਸ਼ਮੀਰੀ ਪੰਡਤਾਂ ਦੀ ਆਪਣੇ ਘਰਾਂ ’ਚ ਵਾਪਸੀ, ਉਨ੍ਹਾਂ ਦੇ ਮੁੜ-ਵਸੇਬੇ ਅਤੇ ਜਾਨ-ਮਾਲ ਦੀ ਸੁਰੱਖਿਆ ਲਈ ਈਮਾਨਦਾਰ ਅਤੇ ਸੁਹਿਰਦ ਨਹੀਂ ਰਹੀ। ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਭੂਮਿਕਾ ਸਭ ਤੋਂ ਜ਼ਿਆਦਾ ਘਿਣਾਉਣੀ ਹੈ। ਇਹ ਪੂਰੀ ਦੁਨੀਆ ਨੂੰ ਪਤਾ ਹੈ ਕਿ ਕਸ਼ਮੀਰੀ ਪੰਡਿਤ ਭਾਈਚਾਰੇ ਨੂੰ ਕਸ਼ਮੀਰ ਦੇ ਸਵੈ-ਨਿਰਣੇ ਦੇ ਸੰਘਰਸ਼ ਦੇ ਵਿਰੋਧ ’ਚ ਖੜ੍ਹਾ ਕਰਨ ਲਈ ਉਨ੍ਹਾਂ ਦੇ ਕਤਲਾਂ ਅਤੇ ਹਿਜ਼ਰਤ ਨੂੰ ਵਧਾ-ਚੜ੍ਹਾ ਕੇ ਫਿਰਕੂ ਰੰਗਤ ਦੇਣ ਦਾ ਮਾਸਟਰ-ਮਾਈਂਡ ਭਾਜਪਾਈ ਗਵਰਨਰ ਜਗਮੋਹਣ ਮਲਹੋਤਰਾ ਸੀ ਜਿਸ ਨੇ ਦਹਿਸ਼ਤ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਕਰਕੇ ਯੋਜਨਾਬੱਧ ਹਿਜ਼ਰਤ ਨੂੰ ਅੰਜ਼ਾਮ ਦਿੱਤਾ। ਫਿਰਕੂ ਕੱਟੜਪੰਥੀ ਗੁੱਟਾਂ ਵੱਲੋਂ ਸਿਰਫ਼ ਕਸ਼ਮੀਰੀ ਪੰਡਤਾਂ ਦੇ ਹੀ ਨਹੀਂ ਸਗੋਂ ਕਸ਼ਮੀਰੀ ਮੁਸਲਿਮ ਨਾਗਰਿਕਾਂ ਦੇ ਵੀ ਕਤਲ ਕੀਤੇ ਗਏ। ਭਾਰਤ ਦੀਆਂ ਇਨਸਾਫ਼ਪਸੰਦ ਤਾਕਤਾਂ ਵੱਲੋਂ ਇਨ੍ਹਾਂ ਸਾਰੇ ਕਤਲਾਂ ਦਾ ਹਮੇਸ਼ਾ ਵਿਰੋਧ ਕੀਤਾ ਜਾਂਦਾ ਰਿਹਾ ਹੈ। ਪਰ ਆਰ.ਐੱਸ.ਐੱਸ.-ਬੀ.ਜੇ.ਪੀ. ਨੇ ਆਪਣੀ ਖ਼ਸਲਤ ਅਨੁਸਾਰ ਇਨ੍ਹਾਂ ਸਾਰੇ ਤੱਥਾਂ ਨੂੰ ਦਰਕਿਨਾਰ ਕਰ ਦਿੱਤਾ ਅਤੇ ਚੁਣਵੇਂ ਤੱਥਾਂ ਨੂੰ ਉਨ੍ਹਾਂ ਦੇ ਅਸਲ ਪ੍ਰਸੰਗ ਨਾਲੋਂ ਤੋੜ ਕੇ ਨਫ਼ਰਤ ਫੈਲਾਉਣ ਦਾ ਸਾਧਨ ਬਣਾ ਲਿਆ। ਇਹ ਕਸ਼ਮੀਰੀ ਲੋਕਾਂ ਨਾਲ ਭਾਰਤੀ ਹੁਕਮਰਾਨ ਜਮਾਤ ਦੇ ਵਿਸ਼ਵਾਸਘਾਤ ਨੂੰ ਇਤਿਹਾਸ ਦੇ ਪੰਨਿਆਂ ’ਚੋਂ ਮਿਟਾ ਦੇਣ ਅਤੇ ਆਰ.ਐੱਸ.ਐੱਸ.-ਬੀ.ਜੇ.ਪੀ. ਨੂੰ ਹਿੰਦੂਆਂ ਦੀ ਵਾਹਦ ਰੱਖਿਅਕ ਬਣਾ ਕੇ ਪੇਸ਼ ਕਰਨ ਲਈ ਘੜਿਆ ਝੂਠਾ ਬਿਰਤਾਂਤ ਹੈ।

ਫਿਲਮ ਝੂਠੇ ਅੰਕੜਿਆਂ ਰਾਹੀਂ ਹਿੰਸਾ ਦਾ ਸ਼ਿਕਾਰ ਹੋਏ ਕਸ਼ਮੀਰ ਪੰਡਤਾਂ ਦੀ ਗਿਣਤੀ ਨੂੰ ਬੇਹੱਦ ਵਧਾ-ਚੜ੍ਹਾ ਕੇ ਪੇਸ਼ ਕਰਦੀ ਹੈ ਕਿ ਹਥਿਆਰਬੰਦ ਲੜਾਈ ਸ਼ੁਰੂ ਹੋਣ ਤੋਂ ਲੈ ਕੇ 4000 ਕਸ਼ਮੀਰੀ ਪੰਡਿਤਾਂ ਦੀ ਹੱਤਿਆ ਕਰ ਦਿੱਤੀ ਗਈ ਅਤੇ ਪੰਜ ਲੱਖ ਹਿਜ਼ਰਤ ਕਰਨ ਲਈ ਮਜਬੂਰ ਹੋ ਗਏ। ਜਦਕਿ ਕਸ਼ਮੀਰੀ ਪੰਡਿਤ ਸੰਘਰਸ਼ ਸੰਮਤੀ ਦੇ ਸਰਵੇਖਣ ਅਨੁਸਾਰ ਇਹ ਗਿਣਤੀ 399 ਤੋਂ ਲੈ ਕੇ 650 ਤੱਕ ਹੋ ਸਕਦੀ ਹੈ। ਖੋਜਕਾਰ ਅਲੈਗਜੈਂਡਰ ਇਵਾਨਜ਼ ਦਾ ਕਹਿਣਾ ਹੈ ਕਿ 1990 ’ਚ ਕਸ਼ਮੀਰ 160000-170000 ਕਸ਼ਮੀਰੀ ਪੰਡਿਤ ਸਨ ਜਿਨ੍ਹਾਂ ’ਚੋਂ ਜ਼ਿਆਦਾਤਰ ਹਿੰਸਾ ਕਾਰਨ ਉੱਥੋਂ ਛੱਡ ਕੇ ਆ ਗਏ। ਜੰਮੂ ਕਸ਼ਮੀਰ ਸਰਕਾਰ ਦੀ ਵੈੱਬਸਾਈਟ ਕਹਿੰਦੀ ਹੈ ਕਿ 60000 ਕਸ਼ਮੀਰ ਹਿੰਦੂ ਪਰਿਵਾਰਾਂ ਨੇ ਕਸ਼ਮੀਰ ਘਾਟੀ ’ਚੋਂ ਹਿਜ਼ਰਤ ਕੀਤੀ। ਫਿਲਮ ਦੇ ਦਾਅਵੇ ਇਨ੍ਹਾਂ ਵਿੱਚੋਂ ਕਿਸੇ ਵੀ ਅੰਕੜੇ ਨਾਲ ਮੇਲ ਨਹੀਂ ਖਾਂਦੇ।

ਨਫ਼ਰਤ ਭੜਕਾਉਣ ਲਈ ਫਿਲਮ ਸਮੁੱਚੇ ਕਸ਼ਮੀਰੀ ਮੁਸਲਮਾਨ ਭਾਈਚਾਰੇ ਨੂੰ ਗੁਆਂਢੀ ਕਸ਼ਮੀਰੀ ਪੰਡਿਤਾਂ ਦੇ ਦੁਸ਼ਮਣ ਬਣਾ ਕੇ ਪੇਸ਼ ਕਰਦੀ ਹੈ। ਜਦ ਕਿ ਹਕੀਕਤ ਇਹ ਹੈ ਕਿ ਕਸ਼ਮੀਰ ਮੁਸਲਮਾਨ ਨਾ ਸਿਰਫ਼ ਖ਼ੁਦ ਪਾਕਿਸਤਾਨ ਪੱਖੀ ਦਹਿਸ਼ਤੀ ਗਰੋਹਾਂ ਹੱਥੋਂ ਕਤਲ ਹੋਏ ਸਗੋਂ ਉਨ੍ਹਾਂ ਵੱਲੋਂ ਖ਼ਤਰਾ ਮੁੱਲ ਲੈ ਕੇ ਆਪਣੇ ਗੁਆਂਢੀ ਕਸ਼ਮੀਰੀ ਪੰਡਿਤਾਂ ਦੀ ਰਾਖੀ ਕਰਨ ਅਤੇ ਉਨ੍ਹਾਂ ਨੂੰ ਆਪਣਾ ਅਨਿੱਖੜ ਹਿੱਸਾ ਸਮਝਣ ਦੀਆਂ ਵੀ ਬੇਸ਼ੁਮਾਰ ਮਿਸਾਲਾਂ ਹਨ ਜੋ ਕਸ਼ਮੀਰੀਅਤ ਦੀ ਸੱਚੀ ਧਰਮਨਿਰਪੱਖ ਭਾਵਨਾ ਦੀ ਤਰਜ਼ਮਾਨੀ ਕਰਦੀਆਂ ਹਨ। ਪਰ ਇਹ ਹਕੀਕਤ ਸੰਘ ਬਰਗੇਡ ਦੇ ਨਫ਼ਰਤ ਭੜਕਾਊ ਰਾਜਨੀਤਕ ਪ੍ਰੋਜੈਕਟ ਦੇ ਵਿਰੋਧ ’ਚ ਜਾਂਦੀ ਹੋਣ ਕਾਰਨ ਉਹ ਇਸ ਨੂੰ ਦਬਾਉਂਦੇ ਹਨ।

ਫਿਲਮ ਸਿਰਫ਼ ਕਸ਼ਮੀਰੀ ਪੰਡਿਤਾਂ ਦੀ ਗੱਲ ਕਰਦੀ ਹੈ ਪਰ ਉਨ੍ਹਾਂ ਅਤਿਅੰਤ ਘਿਣਾਉਣੇ ਕਤਲ ਕਾਂਡਾਂ ਬਾਰੇ ਚੁੱਪ ਹੈ ਜੋ ਜੰਮੂ-ਕਸ਼ਮੀਰ ਪੁਲਿਸ, ਸੁਰੱਖਿਆ ਬਲਾਂ ਅਤੇ ਭਾਰਤੀ ਫ਼ੌਜ ਵੱਲੋਂ ਕੀਤੇ ਗਏ। ਜਿਨ੍ਹਾਂ ਨੇ ਵੱਖ-ਵੱਖ ਘਟਨਾਵਾਂ ਵਿਚ ਦਰਜਨਾਂ ਆਮ ਕਸ਼ਮੀਰੀਆਂ ਨੂੰ ਬੇਕਿਰਕੀ ਨਾਲ ਗੋਲੀਆਂ ਨਾਲ ਭੁੰਨ ਦਿੱਤਾ ਅਤੇ ਇਹ ਹੁਣ ਵੀ ਹੋ ਰਿਹਾ ਹੈ। ਫਿਲਮ ਚਿੱਟੀਸਿੰਘ ਪੁਰਾ ਕਤਲੇਆਮ ਵਰਗੇ ਨਿਹਾਇਤ ਖ਼ੌਫ਼ਨਾਕ ਕਾਂਡਾਂ ਦੀ ਗੱਲ ਨਹੀਂ ਕਰਦੀ ਜਦੋਂ 20 ਮਾਰਚ 2000 ਨੂੰ ਘਾਟੀ ਦੇ ਇਸ ਪਿੰਡ ’ਚ 36 ਸਿੱਖਾਂ ਨੂੰ ਰਾਤ ਸਮੇਂ ਫ਼ੌਜ ਦੀਆਂ ਵਰਦੀਆਂ ਪਾਈ ਗਰੋਹ ਵੱਲੋਂ ਘਰਾਂ ਤੋਂ ਬਾਹਰ ਧੂਹ ਕੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਅਮਰੀਕਨ ਰਾਸ਼ਟਰਪਤੀ ਬਿੱਲ ਕਲਿੰਟਨ ਦੀ ਭਾਰਤ ਫੇਰੀ ਮੌਕੇ ਹੋਏ ਇਸ ਕਤਲੇਆਮ ਨੂੰ ਕਸ਼ਮੀਰੀ ਗਰੁੱਪਾਂ ਦੇ ਖ਼ਾਤੇ ਪਾਇਆ ਗਿਆ। ਪਰ ਹਕੀਕਤ ਹੋਰ ਪਾਸੇ ਇਸ਼ਾਰਾ ਕਰਦੀ ਸੀ। ਅਮਰੀਕਾ ਦੀ ਸਾਬਕਾ ਸੈਕਟਰੀ ਆਫ਼ ਸਟੇਟ ਮੈਡਲੀਨ ਅਲਬ੍ਰਾਈਟ ਨੇ ਰਾਸ਼ਟਰਪਤੀ ਦੇ ਹਵਾਲੇ ਨਾਲ ਆਪਣੀ ਕਿਤਾਬ ‘ਦ ਮਾਈਟੀ ਐਂਡ ਦ ਆਲਮਾਈਟੀ’ ਵਿਚ ਇਸ ਕਤਲੇਆਮ ਬਾਰੇ ਲਿਖਿਆ - ‘ਮੇਰੀ ਭਾਰਤ ਫੇਰੀ ਦੌਰਾਨ ਕੁਝ ਹਿੰਦੂ ਅੱਤਵਾਦੀਆਂ ਨੇ ਅਠੱਤੀ ਸਿੱਖਾਂ ਦਾ ਕਤਲੇਆਮ ਕਰਕੇ ਆਪਣਾ ਗੁੱਸਾ ਕੱਢਣ ਦਾ ਫ਼ੈਸਲਾ ਕੀਤਾ। ਜੇ ਮੈਂ ਉਸ ਫੇਰੀ ’ਤੇ ਨਾ ਗਿਆ ਹੁੰਦਾ ਤਾਂ ਉਹ ਮੌਤ ਦਾ ਸ਼ਿਕਾਰ ਹੋਏ ਸ਼ਾਇਦ ਅੱਜ ਜਿਊਂਦੇ ਹੁੰਦੇ।’ ਇਸ ਟਿੱਪਣੀ ਤੋਂ ਬੌਖਲਾਈ ਭਾਰਤ ਸਰਕਾਰ ਦੇ ਦਬਾਓ ਹੇਠ ਪ੍ਰਕਾਸ਼ਕ ਨੂੰ ਕਿਤਾਬ ਵਿੱਚੋਂ ‘ਹਿੰਦੂ ਮਿਲੀਟੈਂਟਸ’ ਹਟਾ ਕੇ ‘ਐਂਗਰੀ ਰੈਡੀਕਲ’ ਸ਼ਬਦ ਪਾਉਣਾ ਪਿਆ ਸੀ।

(ਬਾਕੀ ਸਫ਼ਾ 36 ’ਤੇ)

# ਮਾ. ਬਲਦੇਵ ਸਿੰਘ ਬੁਰਜ ਲਿੱਟਾਂ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ



ਰਾਏਕੋਟ : ਜਮਹੂਰੀ ਲਹਿਰ ਦੇ ਆਗੂ ਮਾ. ਬਲਦੇਵ ਸਿੰਘ ਬੁਰਜ ਲਿੱਟਾਂ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸਾਹਿਬ ਸਿੱਧੂ ਪੋਤੀ ਪਿੰਡ ਬੁਰਜ ਲਿੱਟਾਂ ਵਿਖੇ ਹੋਇਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ ਪਾਇਆ ਗਿਆ ਤੇ ਰਾਗੀ ਜਥੇ ਵਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਭੋਗ ਉਪਰੰਤ ਹੋਏ ਸ਼ਰਧਾਂਜਲੀ ਸਮਾਗਮ ਦੌਰਾਨ ਵੱਖ-ਵੱਖ ਕਿਸਾਨ, ਮੁਲਾਜ਼ਮ ਤੇ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਆਗੂਆਂ ਜੋਗਿੰਦਰ ਅਜ਼ਾਦ ਸੀਨੀਅਰ ਟੀਚਰਜ਼, ਚਰਨ ਸਿੰਘ ਨੂਰਪੁਰਾ ਪ੍ਰਧਾਨ ਬੀਕੇਯੂ ਉਗਰਾਹਾਂ, ਅਵਤਾਰ ਸਿੰਘ ਬੁਰਜ ਲਿੱਟਾਂ, ਦਲਜੀਤ ਸਿੰਘ ਡੀਟੀਐਫ, ਜ਼ਿਲ੍ਹਾ ਸਕੱਤਰ ਲੁਧਿਆਣਾ ਆਦਿ ਨੇ ਮਾ. ਬਲਦੇਵ ਸਿੰਘ ਬੁਰਜ ਲਿੱਟਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਖਿਆ ਕਿ ਉਨ੍ਹਾਂ ਆਪਣੇ ਜੀਵਨ ਦੌਰਾਨ ਹਰ ਸੰਘਰਸ਼ ਵਿਚ ਵੱਧ ਚੜ੍ਹਕੇ ਯੋਗਦਾਨ ਪਾਇਆ, ਜਿਸ ਕਰਕੇ ਇਸ ਆਗੂ ਨੂੰ ਹਰ ਸੰਘਰਸ਼ ਲੜਨ ਸਮੇਂ ਯਾਦ ਰੱਖਿਆ ਜਾਵੇਗਾ। ਇਸ ਮੌਕੇ ਬੁਲਾਰਿਆਂ ਨੇ ਉਨ੍ਹਾਂ ਵਲੋਂ ਵੱਖ-ਵੱਖ ਸੰਘਰਸ਼ਾਂ 'ਚ ਪਾਏ ਯੋਗਦਾਨ ਨੂੰ ਯਾਦ ਕੀਤਾ। ਇਸ ਮੌਕੇ ਜਥੇਬੰਦੀਆਂ ਵਲੋਂ ਉਨ੍ਹਾਂ ਦੀ ਪਤਨੀ ਹਰਬੰਸ ਕੌਰ, ਛੋਟੇ ਭਰਾ ਮਾ. ਜੋਰਾ ਸਿੰਘ, ਪੁੱਤਰ ਸੁਖਦੀਪ ਸਿੰਘ ਕੈਨੇਡਾ ਅਤੇ ਪੁੱਤਰੀ ਮਨਦੀਪ ਕੌਰ ਕੈਨੇਡਾ ਨੂੰ ਵਿਸ਼ੇਸ਼ ਤੌਰ 'ਤੇ ਸਿਰੋਪਾਓ ਭੇਟ ਕਰਦਿਆਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਪਰਿਵਾਰ ਵਲੋਂ ਵੱਖ-ਵੱਖ ਧਾਰਮਿਕ ਅਤੇ ਸਿੱਖਿਆ ਸੰਸਥਾਵਾਂ ਨੂੰ ਦਾਨ ਵਜੋਂ ਰਾਸ਼ੀ ਦਾਨ ਕੀਤੀ ਗਈ। ਇਸ ਮੌਕੇ ਹਰਦੇਵ ਸਿੰਘ ਪ੍ਰਧਾਨ ਡੀਟੀਐਫ, ਨਰੈਣ ਦੱਤ ਇਨਕਲਾਬੀ ਕੇਂਦਰ, ਅਜਮੇਰ ਸਿੰਘ ਬੀਕੇਯੂ ਡਕੌਂਦਾ, ਨਿਰਪਾਲ ਸਿੰਘ ਜਲਾਲਦੀਵਾਲਾ, ਕੁਲਵੰਤ ਸਿੰਘ ਤਰਕ ਲੋਕ ਮੋਰਚਾ, ਦਲੀਪ ਸਿੰਘ ਲੋਕ ਮੋਰਚਾ, ਗੁਰਪ੍ਰੀਤ ਸਿੰਘ ਨੂਰਪੁਰਾ ਪ੍ਰਧਾਨ ਬਲਾਕ ਬੀਜੇਯੂ ਉਗਰਾਹਾਂ, ਗਿਆਨ ਸਿੰਘ ਹਲਵਾਰਾ, ਕਸਤੂਰੀ ਲਾਲ ਸਕੱਤਰ ਪੰਜਾਬ, ਪ੍ਰਿੰ. ਬੂਟਾ ਸਿੰਘ, ਡਾ. ਗੁਰਮੇਲ ਸਿੰਘ ਗਰੇਵਾਲ, ਮਾ. ਭੁਪਿੰਦਰ ਸਿੰਘ ਗਰੇਵਾਲ, ਡਾ. ਨਾਜਰ ਸਿੰਘ, ਡਿਪਟੀ ਸਰਬਜੀਤ ਸਿੰਘ, ਪ੍ਰਿੰ. ਬਲਵਿੰਦਰ ਸਿੰਘ ਨੱਥੋਵਾਲ, ਪ੍ਰੇਮ ਕੁਮਾਰ, ਬਲਦੇਵ ਸਿੰਘ ਵੜੈਚ ਕੈਨੇਡਾ, ਜਸਵੰਤ ਸਿੰਘ ਜੀਰਖ ਤਹਿਸੀਲ ਸੁਸਾਇਟੀ, ਪ੍ਰਿੰ. ਕਰਮਜੀਤ ਸਿੰਘ ਰਾਏਕੋਟ, ਪ੍ਰਿੰ. ਸੰਤੋਖ ਸਿੰਘ ਗਿੱਲ, ਗੱਗੂ ਸਿੰਘ ਗਰੇਵਾਲ ਕੈਨੇਡਾ, ਹਰੀਸ਼ ਮੋਦਗਿੱਲ, ਲਾਭ ਸਿੰਘ, ਚੰਨਾ ਸਿੰਘ, ਗਿਆਨ ਸਿੰਘ, ਪਰਮਜੀਤ ਸਿੰਘ ਪਨੇਸਰ, ਰਾਮ ਪ੍ਰਸ਼ਾਦ, ਡਾ. ਬਚਿੱਤਰ ਸਿੰਘ ਰਾਜਗੜ੍ਹ, ਅਮਰਜੀਤ ਸਿੰਘ, ਮਨਜੀਤ ਸਿੰਘ, ਦਰਬਾਰਾ ਸਿੰਘ, ਸੰਤ ਸਿੰਘ ਰਾਜੋਆਣਾ, ਬਲਜੀਤ ਸਿੰਘ ਹੇਰਾਂ, ਜਸਵੀਰ ਸਿੰਘ ਬੁਰਜ ਲਿੱਟਾਂ, ਰਜਿੰਦਰ ਸਿੰਘ ਬੁਰਜ ਲਿੱਟਾਂ, ਚੇਅਰਮੈਨ ਬਲਵੰਤ ਸਿੰਘ ਬੁਰਜ ਲਿੱਟਾਂ, ਸਰਪੰਚ ਹਰਿੰਦਰਪਾਲ ਸਿੰਘ ਬੁਰਜ ਲਿੱਟਾਂ, ਬਲਵਿੰਦਰ ਸਿੰਘ ਰਾਜਪੁਰ, ਡਾ.ਸ਼ਿੰਗਾਰਾ ਸਿੰਘ ਬੁਰਜ ਹਰੀ ਸਿੰਘ, ਮਾ. ਪ੍ਰੀਤਮ ਸਿੰਘ ਬਰ੍ਹਮੀ, ਗੁਰਮੇਲ ਸਿੰਘ ਸਿੱਧੂ, ਮਾ. ਦਰਸ਼ਨ ਸਿੰਘ ਰਾਜੋਆਣਾ, ਹਰਜੀਤ ਸਿੰਘ ਸਿੱਧੂ, ਜੋਗਿੰਦਰ ਸਿੰਘ ਸਿੱਧੂ ਆਦਿ ਹਾਜ਼ਰ ਸਨ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਾਰਚ ਮਹੀਨਾਵਾਰ ਮੀਟਿੰਗ 'ਚ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਜਜ਼ਬੇ ਪ੍ਰਤੀ ਸੋਹਲੇ ਗਾਏ


ਜ਼ੋਰਾਵਰ ਬਾਂਸਲ

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਾਰਚ ਮਹੀਨਾਵਾਰ ਪ੍ਰਧਾਨ ਦਵਿੰਦਰ ਮਲਹਾਂਸ ਦੀ ਪ੍ਰਧਾਨਗੀ ਹੇਠ ਹੋਈ ਤੇ ਉਨ੍ਹਾਂ ਆਪ ਹੀ ਇਸ ਮੀਟਿੰਗ ਦਾ ਸੰਚਾਲਨ ਕੀਤਾ। ਮੀਟਿੰਗ ਦਾ ਆਗਾਜ਼ ਕਰਦਿਆਂ ਉਨ੍ਹਾਂ ਆਏ ਹੋਏ ਸਾਹਿਤਕ ਪ੍ਰੇਮੀਆਂ ਤੇ ਬੁੱਧੀਜੀਵੀਆਂ ਦਾ ਸਵਾਗਤ ਕੀਤਾ ਤੇ 'ਜੀ ਆਇਆਂ ਨੂੰ' ਆਖਿਆ। 'ਹੋਲੀ' ਤੇ 'ਹੋਲਾ ਮਹੱਲਾ' ਰੰਗਾਂ ਦਾ ਤਿਉਹਾਰ, ਚੌਦਾਂ ਮਾਰਚ ਨੂੰ ਨਾਨਕਸ਼ਾਹੀ ਸੰਮਤ 554 ਪਹਿਲੀ ਚੇਤ ਨਾਲ ਨਵੇਂ ਮਹੀਨੇ ਅਤੇ ਨਵੇਂ ਸਾਲ ਦਾ ਆਗਾਜ਼ ਹੋਇਆ ਹੈ। ਜਿਸ ਦੀਆਂ ਸਭ ਨੂੰ ਮੁਬਾਰਕਾਂ ਸ਼ੁੱਭ-ਇੱਛਾਵਾਂ

ਪੰਜਾਬੀ ਲਿਖਾਰੀ ਸਭਾ (ਰਜਿ:) ਕੈਲਗਰੀ ਕਨੇਡਾ
PUNJABI WRITERS ASSOCIATION (REGD) CALGARY CANADA

ਦਿੱਤੀਆ। ਸਭਾ ਦੀ ਪਰੰਪਰਾ ਮੁਤਾਬਕ ਸਾਹਿਤ ਤੇ ਸਮਾਜਿਕ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਯਾਦ ਕੀਤਾ, ਜੋ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਈਆਂ ਹਨ। ਸਿਰਮੌਰ ਲੋਕ ਪੱਖੀ ਗਾਇਕ ਅਮਰਜੀਤ ਗੁਰਦਾਸਪੁਰੀ, ਜੋ ਇਪਟਾ ਲਹਿਰ ਦੇ ਬਾਨੀਆਂ ਚੋਂ ਪ੍ਰਮੁੱਖ ਸਨ। ਸ਼ਾਇਰੀ ਦੇ ਭੱਖਦੇ ਸੂਰਜ ਦੇਵ ਦਰਦੀ ਵੀ ਸਦੀਵੀ ਵਿਛੋੜਾ ਦੇ ਗਏ ਹਨ। ਉੱਘੇ ਪੰਜਾਬੀ ਆਲੋਚਕ ਡਾ ਰਜਨੀਸ਼ ਬਹਾਦਰ ਜੀ ਜਿਹਨਾਂ ਜੰਮੂ ਯੂਨੀਵਰਸਿਟੀ ਤੋਂ ਪੀ ਐੱਚ ਡੀ ਕਰਨ ਉਪਰੰਤ ਆਪਣਾ ਅਧਿਆਪਨ ਸਫਰ ਡੀ ਏ ਵੀ ਕਾਲਜ ਜਲੰਧਰ ਤੋਂ ਸ਼ੁਰੂ ਕੀਤਾ ਤੇ ਵੀਹ ਸੌ ਸਤਾਰਾਂ ਵਿੱਚ ਪੰਜਾਬੀ ਵਿਭਾਗ ਤੋਂ ਰਿਟਾਇਰ ਹੋਏ। ਉਹ 'ਪ੍ਰਵਚਨ' ਰਸਾਲੇ ਦੇ ਸੰਪਾਦਕ ਤੇ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਟਰੱਸਟੀ ਵੀ ਸਨ। ਪੰਜਾਬੀ ਲਿਖਾਰੀ ਸਭਾ ਵਲੋ ਇਨ੍ਹਾਂ ਸਭਨਾਂ ਦੇ ਸਦੀਵੀ ਵਿਛੋੜੇ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ, ਸ਼ਰਧਾ ਦੀ ਅਕੀਦੇ ਭੇਟ ਕੀਤੇ ਗਏ।

# ਪੁਸਤਕ 'ਕ੍ਰਾਂਤੀਕਾਰੀ ਸ਼ੇਰ ਜੰਗ, ਸ਼ੇਰਾਂ ਵਰਗਾ ਸ਼ੇਰ' ਕੀਤੀ ਰਿਲੀਜ਼




ਇਤਿਹਾਸ ਦੇ ਅਣਗੌਲੇ ਨਾਇਕ ਕ੍ਰਾਂਤੀਕਾਰੀ ਸੇਰ ਜੰਗ ਬਾਰੇ ਖੋਜੀ ਇਤਿਹਾਸਕਾਰ ਰਾਕੇਸ ਕੁਮਾਰ ਦੀ ਕਿਤਾਬ 'ਕ੍ਰਾਂਤੀਕਾਰੀ ਸੇਰ ਜੰਗ, ਸੇਰਾਂ ਵਰਗਾ ਸੇਰ 'ਰਿਲੀਜ ਕੀਤੀ ਗਈ

ਸੇਰ ਜੰਗ 22 ਸਾਲ ਦੀ ਉਮਰ ਵਿੱਚ ਆਜਾਦੀ ਦੀ ਲਹਿਰ ਵਿਚ ਕੁੱਦ ਪਏ। ਇਹ ਭਗਤ ਸਿੰਘ, ਭਗਵਤੀ ਚਰਨ ਵੋਹਰਾ ਤੇ ਊਧਮ ਸਿੰਘ ਦੇ ਸਾਥੀ ਰਹੇ ਨੇ ਇਹ ਨੌਜਵਾਨ ਭਾਰਤ ਸਭਾ, ਜੈਤੋ ਮੋਰਚੇ, ਪਰਜਾ ਮੰਡਲ,ਬੱਬਰ ਅਕਾਲੀ ਲਹਿਰ ਵਿਚ ਸਰਗਰਮ ਰਹੇ।

ਕ੍ਰਾਂਤੀਕਾਰੀਆਂ ਨੂੰ ਜਦੋਂ ਭਗਤ ਸਿੰਘ ਤੇ ਬਟੂਕੇਸਵਰ ਦੱਤ ਨੂੰ ਜੇਲ੍ਹ ਵਿਚੋਂ ਛੁਡਾਉਣ ਲਈ ਪੈਸੇ ਦੀ ਲੋੜ ਸੀ ਤਾਂ ਇਹਨਾਂ ਨੇ ਆਪਣੇ ਦੋਸਤਾਂ ਸਾਹਿਬ ਸਿੰਘ ਸਲਾਣਾ, ਹਰਨਾਮ ਸਿੰਘ ਚਮਕ ਤੇ ਹੋਰਨਾਂ ਨਾਲ ਮਿਲ ਕੇ ਅਹਿਮਦਗੜ੍ਹ ਕੋਲ ਰੇਲ ਗੱਡੀ ਡਕੈਤੀ ਦੀ ਅਸਫਲ ਕੋਸ਼ਿਸ਼ ਕੀਤੀ ਸੀ ਜਿਸ ਵਿੱਚ ਇਹਨਾਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜਾ ਹੋਈ ਸੀ

ਜੇਲ੍ਹ ਵਿਚ ਬਟੂਕੇਸਵਰ ਦੱਤ, ਭਗਤ ਸਿੰਘ ਤੇ ਗਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਨਾਲ ਰਹੇ ਤੇ ਜੇਲ੍ਹ ਵਿੱਚ ਬਿਤਾਏ ਦਿਨਾਂ ਦੀਆਂ ਇਨ੍ਹਾਂ ਦੀਆਂ ਯਾਦਾਂ ਨੇ ।

ਦੇਸ਼ ਦੀ ਆਜ਼ਾਦੀ ਲਈ ਇਹ 12 ਸਾਲ ਅੰਗਰੇਜ਼ੀ ਜੇਲ੍ਹ ਵਿਚ ਰਹੇ ਤਸੀਹੇ ਝੱਲੇ।

ਰਾਕੇਸ ਕੁਮਾਰ ਇਸ ਤੋਂ ਪਹਿਲਾਂ 15 ਕਿਤਾਬਾਂ ਦੇ ਲੇਖਕ ਹਨ। ਇਹਨਾਂ ਦਾ ਸਹੀਦ ਊਧਮ ਸਿੰਘ, ਗਦਰ ਲਹਿਰ ਦਾ ਸਹਿਤ, ਗੁਲਾਬ ਕੌਰ, ਭਗਤ ਸਿੰਘ ਦਾ ਫਿਰੋਜਪੁਰ ਦਾ ਗੁਪਤ ਟਿਕਾਣਾ ਸਮੇਤ ਅੱਠ ਵਿਸ਼ਿਆਂ ਤੇ ਖੋਜੀ ਕੰਮ ਹੈ। ਪਿਛਲੇ ਦਿਨੀਂ ਇਹਨਾਂ ਦੀ ਕਿਤਾਬ ਨੂੰ ਭਾਸਾ ਵਿਭਾਗ ਵੱਲੋਂ ਪ੍ਰਿੰਸੀਪਲ ਤੇਜਾ ਸਿੰਘ ਇਨਾਮ ਮਿਲਿਆ ਹੈ।

ਇਹਨਾਂ ਦੀਆਂ ਰੇਲਵੇ ਦੇ ਭੂਮੀ ਪ੍ਰਬੰਧਨ ਬਾਰੇ ਤਿੰਨ ਕਿਤਾਬਾਂ ਨੇ। ਇਹਨਾਂ ਨੂੰ ਰੇਲਵੇ ਵਿਭਾਗ ਵੱਲੋਂ ਰੇਲਵੇ ਦੇ ਤਿੰਨ ਨੈਸਨਲ ਇਨਾਮ ਸਮੇਤ ਹੋਰ ਕਈ ਇਨਾਮ ਮਿਲੇ ਹਨ। ਇਹਨਾਂ ਨੂੰ ਰੇਲਵੇ ਦੇ ਭਾਰਤ ਦੇ ਸਾਰੇ ਕਰਮਚਾਰੀਆਂ ਤੋਂ ਵੱਧ ਇਨਾਮ ਮਿਲੇ ਹਨ।

ਬਾਬ ਫਰੀਦ ਸੋਸਾਇਟੀ ਫਰੀਦਕੋਟ ਵੱਲੋਂ ਉਨ੍ਹਾਂ ਨੂੰ ਸਾਲ 2011ਵਿਚ ਬਾਬਾ ਫਰੀਦ ਇਮਾਨਦਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ

ਇਸ ਮੋਕੇ ਰਜਿੰਦਰ ਗੋਇਲ, ਹਰਮੇਸ ਕੁਮਾਰ, ਰਾਕੇਸ ਕੁਮਾਰ, ਜਸਵੀਰ ਕੌਰ, ਪਲਕ ਅਗਰਵਾਲ, ਸਮੇਤ ਹੋਰ ਕਈ ਮੌਜੂਦ ਸਨ

**ਰਾਕੇਸ਼ ਕੁਮਾਰ**
**9530503412**









# ਫਿਰਕੂ ਨਫਰਤ ਦੀ ਸੁਲਗਦੀ ਗਾਥਾ 'ਕਸ਼ਮੀਰ ਫਾਈਲਜ਼'

ਡਾ. ਕੁਲਦੀਪ ਕੌਰ
91-98554-04330

ਭਾਰਤ ਵਿਚ ਕੇਂਦਰੀ ਸੱਤਾ ਉਤੇ ਕਾਬਜ਼ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਆਰ.ਐਸ.ਐਸ. ਮੁਲਕ ਦੇ ਸਿਆਸੀ ਖੇਤਰ ਵਿਚ ਹੀ ਨਹੀਂ, ਕਲਾ ਸਮੇਤ ਹੋਰ ਬਹੁਤ ਸਾਰੇ ਖੇਤਰਾਂ ਵਿਚ ਵੀ ਹਿੰਦੂ ਰਾਸ਼ਟਰ ਦਾ ਏਜੰਡਾ ਜ਼ੋਰ-ਸ਼ੋਰ ਨਾਲ ਚਲਾ ਰਹੀਆਂ ਹਨ ਇਸ ਕਾਰਜ ਵਿਚ ਮੁਸਲਮਾਨਾਂ ਨੂੰ ਮੁੱਖ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਕਿ ਫਿਰਕੂ ਭਾਵਨਾਵਾਂ ਭੜਕਾ ਕੇ ਧਾਰਮਿਕ ਧਰੁਵੀਕਰਨ ਕੀਤਾ ਜਾ ਸਕੇ।

ਹਾਲ ਹੀ ਵਿਚ ਆਈ ਫਿਲਮ 'ਦਿ ਕਸ਼ਮੀਰ ਫਾਈਲਜ਼' ਅਜਿਹੀ ਹੀ ਫਿਲਮ ਹੈ ਜਿਸ ਵਿਚ ਕਸ਼ਮੀਰੀ ਪੰਡਿਤਾਂ ਉਤੇ ਵਧੀਕੀਆਂ ਦੇ ਬਹਾਨੇ ਮੁਸਲਮਾਨਾਂ ਖਿਲਾਫ ਭੜਕਾਹਟ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਬਾਰੇ ਵਿਸਥਾਰ ਸਹਿਤ ਚਰਚਾ ਡਾ. ਕੁਲਦੀਪ ਕੌਰ ਨੇ ਆਪਣੇ ਇਸ ਲੇਖ 'ਚ ਕੀਤੀ ਹੈ।




ਫਿਲਮ 'ਕਸ਼ਮੀਰ ਫਾਈਲਜ਼' ਦੇਖਣ ਤੋਂ ਪਹਿਲਾ 'ਤਾਸ਼ਕੰਦ ਫਾਈਲਜ਼' ਅਤੇ 'ਬੁੱਧ ਇੰਨ ਟ੍ਰੈਫਿਕ ਜਾਮ' ਫਿਲਮਾਂ ਦੇਖਣਾ ਇਸ ਲਈ ਜ਼ਰੂਰੀ ਹੈ ਕਿ ਭਾਰਤੀ ਫਿਲਮਸਾਜ਼ਾਂ ਦੀ ਅਗਲੀ ਨਸਲ ਅਤੇ ਭਾਰਤੀ ਦਰਸ਼ਕਾਂ ਦੀਆਂ ਅਗਲੀਆਂ ਪੀੜ੍ਹੀਆਂ ਇਹ ਜਾਣ ਸਕਣ ਕਿ ਫਿਲਮ ਨੂੰ ਕਿਵੇਂ ਨਹੀਂ ਬਣਾਉਣਾ ਚਾਹੀਦਾ। ਸਿਨੇਮਾ ਮਨੁੱਖੀ ਤਰਾਸਦੀਆਂ, ਵਿਚਾਰਾਂ, ਸਭਿਅਤਾ ਦੇ ਸਵਾਲਾਂ ਅਤੇ ਹੋਂਦ ਜਾਂ ਪਛਾਣ ਦੇ ਮਸਲਿਆਂ ਨੂੰ ਜ਼ਬਾਨ ਤਾਂ ਦੇ ਸਕਦਾ ਹੈ ਪਰ ਇਸ ਦਾ ਇਸਤੇਮਾਲ ਨਸਲਵਾਦੀ/ਧਾਰਮਿਕ ਧਰੁਵੀਕਰਨ ਜਾਂ ਗੈਰ-ਵਿਗਿਆਨਕ, ਤਰਕਹੀਣ ਤੇ ਪ੍ਰਸੰਗ ਨਾਲੋਂ ਨਿਖੇੜ ਕੇ ਇਤਿਹਾਸਕਾਰੀ ਕਰਨ ਲਈ ਨਹੀਂ ਕੀਤਾ ਜਾ ਸਕਦਾ। ਸਿਨੇਮਾ ਦੇ ਇਤਿਹਾਸ ਵਿਚ ਅਜਿਹੀਆਂ ਅਨੇਕਾਂ ਫਿਲਮਾਂ ਹਨ ਜਿਨ੍ਹਾਂ ਵਿਚ ਮਨੁੱਖਾਂ ਨਾਲ ਹੁੰਦੀ ਲੁਪਤ ਤੇ ਜ਼ਾਹਿਰ ਹਿੰਸਾ ਦੀਆਂ ਮਹੀਨ ਤੋਂ ਮਹੀਨ ਪਰਤਾਂ ਫਰੋਲੀਆਂ ਗਈਆਂ ਹਨ, ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਆਮ ਲੋਕਾਈ ਨੂੰ ਹੋਰ ਸੰਵੇਦਨਸ਼ੀਲ ਤਰੀਕਿਆਂ ਨਾਲ ਸੋਚਣ ਲਈ ਜਾਗਰੂਕ ਕੀਤਾ ਗਿਆ ਹੈ, ਮਨੁੱਖੀ ਕਤਲੇਆਮ ਤੋਂ ਬਾਅਦ ਜ਼ਾਲਮਾਂ, ਹਤਿਆਰਿਆਂ ਤੇ ਦਹਿਸ਼ਤਗਰਦਾਂ ਦੀ 'ਜਿੱਤ' ਨੂੰ ਨਿਰਾਰਥਕ ਸਾਬਿਤ ਕੀਤਾ ਗਿਆ ਹੈ, ਮਨੁੱਖੀ ਜੰਗਾਂ/ਦੰਗਿਆਂ/ਖਾਨਾਜੰਗੀਆਂ ਤੇ ਨਸਲਘਾਤਾਂ ਵਿਚੋਂ ਸਾਬਤ ਬਚੇ ਲੋਕਾਂ ਲਈ ਮਮਤਾ, ਹਮਦਰਦੀ ਤੇ ਹਰ ਸੰਭਵ ਮਦਦ ਦਾ ਹੋਕਾ ਦਿੱਤਾ ਗਿਆ ਹੈ ਪਰ ਇਹ ਕਿੱਦਾਂ ਦੀ ਫਿਲਮ ਹੈ ਜਿਸ ਵਿਚ ਪੀੜਤਾਂ ਨੂੰ ਮੋਹਰੇ ਵਾਂਗ ਇਸਤੇਮਾਲ ਕਰਕੇ ਉਨ੍ਹਾਂ ਦੇ ਭਵਿੱਖ 'ਤੇ ਹੀ ਸਵਾਲੀਆਂ ਨਿਸ਼ਾਨ ਲਗਾ ਦਿੱਤਾ ਗਿਆ ਹੈ। ਫਿਲਮ ਰਾਹੀਂ ਘੱਟ-ਗਿਣਤੀਆਂ ਤੇ ਸਿਆਸੀ-ਸਮਾਜਿਕ ਤੌਰ 'ਤੇ ਆਪਣੀ ਜ਼ਿੰਦਗੀ ਦੀ ਜੰਗ ਲੜ ਰਹੇ ਲੋਕਾਂ ਖਿਲਾਫ ਤੇ ਉਨ੍ਹਾਂ ਲਈ ਕਿਸੇ ਵੀ ਪੱਧਰ 'ਤੇ ਬੋਲਣ-ਲਿਖਣ-ਪੜ੍ਹਨ ਜਾਂ ਪੈਰਵੀ ਕਰਨ ਵਾਲੀਆਂ ਧਿਰਾਂ ਨੂੰ ਹੀ ਮੁਜਰਿਮਾਂ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਗਿਆ ਹੈ।

ਇਸ ਫਿਲਮ ਦੀ ਪ੍ਰਚਾਰਕ ਲਾਬੀ ਦੀ ਲਿਸਟ ਬਹੁਤ ਲੰਮੀ ਹੈ ਪਰ ਇਸ ਨਾਲ ਸਬੰਧਿਤ ਨਵ-ਫਾਸ਼ੀਵਾਦੀ ਗਲੋਬਲ ਪ੍ਰਚਾਰ (ਡਿਸਕੋਰਸ) ਦਾ ਝਲਕਾਰਾ ਵਾਰ-ਵਾਰ ਫਿਲਮ ਵਿਚ ਪੈਂਦਾ ਹੈ। ਫਿਲਮ ਇਸਲਾਮੋਫੋਬੀਆ ਨੂੰ ਕਈ ਗੁਣਾ ਜ਼ਰਬ ਦਿੰਦੀ ਹੈ। ਫਿਲਮ ਵਿਚੋਂ 9/11 ਤੋਂ ਬਾਅਦ ਅਮਰੀਕਨ ਤੇ ਬਾਰਤਾਨਵੀ ਮੁੱਖਧਾਰਾ ਦੇ ਮੁਲਲਮਾਨਾਂ ਖਿਲਾਫ ਸਿਰਜੇ ਵੱਡੇ ਬਿਰਤਾਤਾਂ ਨੂੰ ਆਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ। ਫਿਲਮ ਆਲਮੀ ਪੱਧਰ 'ਤੇ ਉੱਭਰ ਰਹੇ ਨਵ-ਫਾਸ਼ੀਵਾਦੀ ਰੁਝਾਨਾਂ ਦੇ ਹੱਕ ਵਿਚ ਭੁਗਤਦੀ ਹੈ ਜਿਸ ਵਿਚ 'ਹਿੰਸਾ' ਬਾਰੇ ਪੂਰੀ ਬਹਿਸ ਨੂੰ ਸਿਰਫ 'ਬੰਦੂਕ ਦੀ ਗੋਲੀ' ਜਾਂ 'ਕਤਲ ਕਰਨ' ਤੱਕ ਮਹਿਦੂਦ ਕਰ ਦਿੱਤਾ ਗਿਆ ਹੈ। ਇਸ ਵਿਚ ਸਟੇਟ ਦੇ ਫੌਜੀਕਰਨ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਕੱਟੜ ਰਾਸ਼ਟਰਵਾਦ ਦੀ ਜ਼ਹਿਰੀਲੀ ਪੁੱਠ ਚਾੜ੍ਹਦਿਆਂ ਇਸ ਤੱਥ ਨੂੰ ਬਿਲਕੁਲ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ ਕਿ ਇਸ ਤਰਾਸਦੀ ਸਮੇਂ ਪੂਰਾ ਤੰਤਰ ਤੇ ਪ੍ਰਬੰਧ ਤਾਂ ਪੀੜਤ ਧਿਰ ਦਾ 'ਆਪਣਾ' ਹੀ ਸੀ, ਫਿਰ ਇਸ ਸਭ ਕਿਉਂ ਤੇ ਕਿਵੇਂ ਵਾਪਰਨ ਦਿੱਤਾ ਗਿਆ?

ਇੰਨੀ ਬੇਰਹਿਮੀ ਤੇ ਕਰੂਰਤਾ ਦੇ ਦੌਰ ਵਿਚ ਭਾਰਤੀ ਅਦਾਲਤਾਂ, ਸੰਸਦ ਤੇ ਸਰਕਾਰ ਆਖਿਰ ਕਰ ਕੀ ਰਹੀ ਸੀ? ਕੀ ਅਸੀਂ 'ਭਾਰਤ ਦੇ ਨਾਗਰਿਕ' ਇੰਝ ਦੰਗਿਆਂ, ਕਤਲੇਆਮਾਂ, ਨਫਰਤਾਂ ਤੇ ਸਿਆਸੀ-ਧਾਰਮਿਕ ਵਿਚ ਮਰਨ, ਕਤਲ ਹੋਣ ਜਾਂ ਉੱਜੜਨ ਲਈ ਹੀ ਪੈਂਦਾ ਹੁੰਦੇ ਹਾਂ? ਕਿਉਂ 1947, 1984, 1992, 2002 ਵਾਰ-ਵਾਰ ਵਾਪਰਦੇ ਹਨ? ਕੀ ਕੋਈ ਅਜਿਹੀ ਫਿਲਮ ਨਹੀਂ ਬਣਾਈ ਜਾ ਸਕਦੀ ਜਿਹੜੀ ਪਿਛਲੀ ਪੂਰੀ ਸਦੀ ਦੌਰਾਨ ਵਾਪਰੇ ਅਜਿਹੇ ਅਣਮਨੁੱਖੀ ਵਰਤਾਰਿਆਂ ਦੀ ਸਿਆਸੀ-ਆਰਥਿਕਤਾ ਅਤੇ ਧਾਰਮਿਕ ਫਿਰਕਾਪ੍ਰਸਤੀ ਦੀ ਕੱਟੜਤਾ ਨੂੰ ਸੰਬੋਧਿਤ ਹੋ ਸਕੇ?

ਇਸ ਫਿਲਮ ਦੇ ਨਿਰਮਾਣ ਅਤੇ ਪ੍ਰਚਾਰ ਦਾ ਪਹਿਲਾ ਸਿਰਾ ਜਰਮਨ ਤਾਨਾਸ਼ਾਹ ਹਿਟਲਰ ਅਤੇ ਉਸ ਦੇ ਪ੍ਰਾਪੇਗੰਡਾ ਮੰਤਰੀ ਗੋਇਬਲਜ਼ ਦੁਆਰਾ ਨਿਰਮਾਣ ਕਰਵਾਈ ਫਿਲਮ 'ਦਿ ਇੰਟਰਨਲ ਜਿਊ' ਨਾਲ ਜਾ ਜੁੜਦਾ ਹੈ। ਉਸ ਫਿਲਮ ਦੀ ਰਿਲੀਜ਼ ਤੋਂ ਕੁਝ ਦਿਨ ਪਹਿਲਾ ਜਰਮਨੀ ਸਰਕਾਰ ਨੇ ਇੱਕ ਫੋਟੋ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਜਿਸ ਵਿਚ 265 ਫੋਟੋਆਂ ਰੱਖੀਆਂ ਗਈਆਂ। ਹਰ ਫੋਟੋ ਦਾ ਸਿਰਲੇਖ ਅਜਿਹਾ ਸੀ ਜੋ ਯਹੂਦੀਆਂ ਦੇ ਇਤਿਹਾਸ, ਉਨ੍ਹਾਂ ਦੇ ਸਾਹਿਤ, ਕਲਾ, ਸਭਿਆਚਾਰਕ ਪ੍ਰੰਪਰਾਵਾਂ ਤੇ ਖਾਣ-ਪੀਣ, ਪਹਿਨਣ ਦੀਆਂ ਆਦਤਾਂ ਨੂੰ ਘਟੀਆ, ਗੰਦਾ ਤੇ ਅਸਭਿਅਕ ਦੱਸਦਾ ਸੀ। 1938 ਵਿਚ ਗੋਇਬਲਜ਼ ਨੇ ਕੁਝ ਕੈਮਰਾਮੈਨਾਂ ਨੂੰ ਪੋਲੈਂਡ ਭੇਜਿਆ ਜਿਨ੍ਹਾਂ ਨੇ ਉੱਥੇ ਪੂਰਾ ਸਾਲ ਲਗਾਤਾਰ ਯਹੂਦੀਆਂ ਦੀਆਂ ਨਿਸ-ਦਿਨ ਦੀਆਂ ਗਤੀਵਿਧੀਆਂ ਰਿਕਾਰਡ ਕੀਤੀਆਂ। ਬਹੁਤ ਸਾਲਾਂ ਬਾਅਦ ਪਤਾ ਲੱਗਿਆ ਕਿ ਇਨ੍ਹਾਂ 'ਅਸਲੀ' ਕਿਰਦਾਰਾਂ ਵਿਚੋਂ ਬਹੁਤੇ ਤਾਂ ਹਿਟਲਰ ਦੇ ਹੀ ਸਿਪਾਹੀ ਸਨ ਜਿਨ੍ਹਾਂ ਨੇ ਫਿਲਮ ਵਿਚ ਜਾਣ-ਬੁੱਝ ਕੇ ਅਜਿਹੀਆਂ ਹਰਕਤਾਂ ਕੀਤੀਆਂ ਤਾਂ ਕਿ ਯਹੂਦੀਆਂ ਦੀ ਕਿਰਦਾਰਕੁਸ਼ੀ ਕੀਤੀ ਜਾ ਸਕੇ। ਗੋਇਬਲਜ਼ ਅਨੁਸਾਰ ਫਿਲਮ ਅਜਿਹੀ ਹੋਵੇ ਜਿਹੜੀ ਜਰਮਨ ਨਾਜ਼ੀਆਂ ਨੂੰ ਉੱਚ ਨਸਲ, ਉੱਚ ਕਿਰਦਾਰ ਤੇ ਉੱਚ ਵਿਚਾਰਾਂ ਵਾਲੇ ਤੇ ਯਹੂਦੀਆਂ ਨੂੰ ਅਸਭਿਅਕ, ਬਰਬਰ, ਜ਼ਾਲਮ ਤੇ ਭਾਵਨਾ-ਰਹਿਤ ਸਾਬਿਤ ਕਰ ਸਕੇ ਜਿਸ ਨਾਲ ਉਨ੍ਹਾਂ ਨੂੰ ਨਿਕਟ ਭਵਿੱਖ ਵਿਚ 'ਸਬਕ ਸਿਖਾਉਣਾ' ਲਈ ਵਰਤੇ ਗਏ ਢੰਗ-ਤਰੀਕਿਆਂ 'ਤੇ ਕੋਈ ਵੀ ਸੁਹਿਰਦ ਇਨਸਾਨ ਉਂਗਲ ਨਾ ਚੁੱਕ ਸਕੇ। ਇਸ ਫਿਲਮ ਵਿਚ ਵੀ ਇੱਕ ਖਾਸ ਦਹਿਸ਼ਤਗਰਦ ਦੀ ਇੰਟਰਵਿਊ ਰਾਹੀਂ ਇਹ ਸੰਦੇਸ਼ ਦੇਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਮੁਸਲਮਾਨ ਵਿਚ ਨਾ ਤਾਂ ਕੋਈ ਆਤਮਾ ਹੁੰਦੀ ਹੈ, ਨਾ ਹੀ ਉਸ ਵਿਚ ਨੈਤਕਿਤਾ ਨਾਮ ਦੀ ਕੋਈ ਚੀਜ਼ ਹੈ। ਉਹ ਇੰਨਾ ਕੱਟੜ ਅਤੇ ਨਿਰਦਈ ਹੈ ਕਿ ਮੌਕਾ ਆਉਣ ਉਤੇ ਆਪਣੀ ਮਾਂ ਨੂੰ ਵੀ ਕਤਲ ਕਰ ਸਕਦਾ ਹੈ। ਦਿਲਚਸਪ ਤੱਥ ਇਹ ਹੈ ਕਿ ਆਧੁਨਿਕ, ਲੋਕਤੰਤਰੀ ਤੇ ਬਹੁ-ਸਭਿਆਚਾਰ ਦਾ ਲਕਬ ਲਈ ਫਿਰਦੇ ਹਾਲੀਵੁੱਡ ਸਿਨੇਮਾ ਦੀ ਬਹੁਤ ਸਾਰੀਆਂ ਫਿਲਮਾਂ ਅਜਿਹੀਆਂ ਹਨ ਜਿਨ੍ਹਾਂ ਦਾ ਬਿਉਰਾ ਵਿਵੇਕ ਅਗਨੀਹੋਤਰੀ ਦੀ ਫਿਲਮ ਦੇ ਦਹਿਸ਼ਤਗਰਦ ਨਾਲ ਮਿਲਦਾ ਹੈ। ਇਸ ਪ੍ਰਸੰਗ ਵਿਚ ਗੌਰ ਕਰਨ ਵਾਲਾ ਮੁੱਦਾ ਇਹ ਹੈ ਕਿ ਇਹ ਫਿਲਮਾਂ ਮੁਸਲਮਾਨ ਵਿਰੋਧੀ ਤਾਂ ਹਨ ਹੀ, ਪਿਤਾ-ਪੁਰਖੀ ਖਾਸੇ, ਕਾਲੇ ਲੋਕਾਂ ਵਿਰੁਧ, ਸਮਾਜਵਾਦ ਵਿਰੋਧੀ ਤੇ ਵੱਖਰੀ ਕਬਾਇਲੀ ਜਾਂ ਇਲਾਕਾਈ ਪਛਾਣ, ਵੱਖਰੀ ਜ਼ਬਾਨ, ਵੱਖਰੇ ਸਭਿਆਚਾਰ, ਵੱਖਰੀ ਲਿੰਗਕ ਪਛਾਣ ਅਤੇ ਵਿਚਾਰਾਂ ਦੇ ਵਖਰੇਵੇਂ 'ਤੇ ਸਿੱਧਾ ਟੱਕ ਮਾਰਦੀਆਂ ਹਨ। ਉਨ੍ਹਾਂ ਵਿਚ ਅਰਬ ਲੋਕਾਂ, ਕਾਲਿਆਂ ਅਤੇ ਆਦਿਵਾਸੀਆਂ ਨੂੰ ਖਲਨਾਇਕ ਜਾਂ ਦਹਿਸ਼ਤਗਰਦ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਵਰਗਾਂ ਬਾਰੇ ਮਿੱਥਾਂ ਸਿਰਜਣ ਤੇ ਰੂੜੀਵਾਦੀ ਚਿਤਰਨ ਵਿਚ ਸਭ ਤੋਂ ਪ੍ਰਮੁੱਖ ਫਿਲਮ ਹੈ 'ਟਰੂ ਲਾਈਜ਼'। ਇਸ ਫਿਲਮ ਵਿਚ ਮੁੱਖ ਦਹਿਸ਼ਤਗਰਦ ਫਲਸਤੀਨੀ ਹੈ, ਤੇ ਫਿਲਮ ਦਾ ਸਭ ਤੋਂ ਵੱਧ ਦੁਹਰਾਇਆ ਜਾਣ ਵਾਲਾ ਸੰਵਾਦ ਹੈ- 'ਇਹ ਅਰਬ ਇੱਕ ਦਿਨ ਸਾਨੂੰ ਵੇਚ ਦੇਣਗੇ'। ਇੱਕ ਹੋਰ ਫਿਲਮ 'ਦਿ ਰੂਲਜ਼ ਆਫ ਇੰਗੇਜ਼ਮੈਂਟ' ਦਰਸਾਉਂਦੀ ਹੈ ਕਿ ਕਿਵੇਂ ਮੁਸਲਮਾਨਾਂ ਤੇ ਅਰਬਾਂ ਦੇ ਬੱਚੇ ਤੇ ਔਰਤਾਂ ਵੀ ਦਹਿਸ਼ਤਗਰਦ ਹੀ ਹੁੰਦੇ ਹਨ। ਦਿਲਚਸਪ ਤੱਥ ਇਹ ਹੈ ਕਿ ਦੂਜਾ ਪਾਸਾ ਦਿਖਾਉਂਦੀਆਂ ਫਿਲਮਾਂ ਜਿਵੇਂ 'ਇੰਨ ਦਿ ਵੈਲੀ ਆਫ ਇਲਾਹ' ਨਾ ਸਿਰਫ ਬੁਰੀ ਤਰ੍ਹਾਂ ਬਾਕਸ ਆਫਿਸ 'ਤੇ ਫਲਾਪ ਹੋ ਜਾਂਦੀਆਂ ਹਨ ਸਗੋਂ ਹਰ ਤਰ੍ਹਾਂ ਦੇ ਇਨਾਮ-ਸਨਮਾਨ ਤੋਂ ਵੀ ਵਾਂਝੀਆਂ ਰਹਿ ਜਾਂਦੀਆਂ ਹਨ। ਇਸ ਦਾ ਦੂਜਾ ਅਰਥ ਇਹ ਵੀ ਨਿਕਲਦਾ ਹੈ ਕਿ ਜਿਸ ਫਿਲਮ ਇੰਡਸਟਰੀ ਵਿਚ 98 ਫੀਸਦ ਨਿਰਮਾਣ, ਨਿਰਦੇਸ਼ਨ ਅਤੇ ਵੇਚਣ-ਵੱਟਣ ਤੇ ਸਾਮਰਾਜਵਾਦੀ ਤੇ ਬਸਤੀਵਾਦੀ ਤਾਕਤਾਂ ਦਾ ਕਬਜ਼ਾ ਹੋਵੇ, ਉਹ ਫਿਰ ਸੱਚ ਦੀ ਹਾਮੀ ਭਰ ਕੇ ਆਪਣੀ ਕਮਾਈ ਦਾ ਨੁਕਸਾਨ ਕਿਉਂ ਕਰੇ? ਇੱਥੇ ਪੂੰਜੀ ਦੇ ਮੁਨਾਫੇ ਅੱਗੇ ਸਾਰੀਆਂ ਮਨੁੱਖੀ ਕਦਰਾਂ-ਕੀਮਤਾਂ ਤੇ ਆਦਰਸ਼ ਖੋਖਲੇ ਸਾਬਿਤ ਹੁੰਦੇ ਹਨ। ਇਸ ਦੀ ਪ੍ਰਤੱਖ ਉਦਾਹਰਨ ਫਿਲਮ 'ਦਿ ਸਟੋਨ ਮਰਚੈਂਟ' ਹੈ ਜਿਸ ਵਿਚ ਅਰਬਾਂ ਨੂੰ ਰੋਮ ਦੇ ਹਵਾਈ ਅੱਡੇ ਅਤੇ ਯਾਤਰੀਆਂ ਨੂੰ ਅੰਨ੍ਹੇਵਾਹ ਗੋਲੀਆਂ ਨਾਲ ਭੁੰਨਦੇ ਦਿਖਾਇਆ ਗਿਆ ਹੈ।

ਫਿਲਮ 'ਕਸ਼ਮੀਰ ਫਾਈਲਜ਼' ਦੇਖਦਿਆ ਵਾਰ-ਵਾਰ ਦੀਪਾ ਮਹਿਤਾ ਦੁਆਰਾ ਨਿਰਦੇਸ਼ਤ ਸੀਰੀਜ਼ 'ਲੈਲਾ' ਦੇ ਦ੍ਰਿਸ਼ ਅੱਖਾਂ ਅੱਗੇ ਉੱਭਰਦੇ ਹਨ। ਉਸ ਫਿਲਮ ਵਿਚ ਇਸ ਫਿਲਮ ਦੇ ਲੁਪਤ ਸੁਨੇਹੇ ਦੀ ਤਰਜ਼ 'ਤੇ ਸਥਾਪਿਤ ਹੋਏ 'ਆਰੀਆਵਰਤ' ਦੇ 'ਸ਼ੁੱਧੀਕਰਨ' ਕੈਂਪ ਹਨ। ਫਿਲਮ 'ਕਸ਼ਮੀਰ ਫਾਈਲਜ਼' ਦੁਆਰਾ ਪ੍ਰਚਾਰ ਕੀਤੇ ਝੂਠ ਕਿ ਸਾਰੇ ਕਸ਼ਮੀਰੀ ਲੋਕਾਂ ਦਾ ਜਬਰਦਸਤੀ ਧਰਮ ਪਰਿਵਰਤਨ ਕਰਵਾ ਕੇ ਉਨ੍ਹਾਂ ਨੂੰ ਹਿੰਦੂ ਬਣਾਇਆ ਗਿਆ ਹੈ, ਦੀ ਸਿਆਸਤ ਦਾ ਅਗਲਾ ਪਿੜ 'ਲੈਲਾ' ਵਿਚ ਜਾ ਖੁੱਲ੍ਹਦਾ ਹੈ ਜਿੱਥੇ ਰਾਜਾ ਦੀ ਥਾਂ ਤਕਨੀਕ ਤੇ ਪੂੰਜੀ ਦੀ ਅਥਾਹ ਸੱਤਾ ਦੇ ਨਸ਼ੇ ਵਿਚ ਚੂਰ ਤਾਨਾਸ਼ਾਹ ਖੁਦ ਤੋਂ ਜ਼ਰਾ ਵੀ ਅਲੱਗ ਦਿਸਦੇ, ਸੋਚਦੇ, ਖਾਂਦੇ-ਪੀਦੇ ਲੋਕਾਂ ਨੂੰ ਨੇਸਤਨਾਬੂਦ ਕਰਨ 'ਤੇ ਉਤਾਰੂ ਹੈ। ਇਹ ਸੀਰੀਜ਼ ਇੱਕ ਮੁਲਕ ਨੂੰ ਨਫਰਤ ਤੇ ਧਾਰਮਿਕ ਕੱਟੜਤਾ ਦੀ ਬੇਦੀ 'ਤੇ ਹਲਾਲ ਕਰਨ ਦੀ ਕਹਾਣੀ ਹੈ। ਇਸ ਮੁਲਕ ਵਿਚੋਂ ਮਨੁੱਖੀ ਆਜ਼ਾਦੀਆਂ, ਸਾਹਿਤ ਵਿਧਾਵਾਂ, ਕਲਾਵਾਂ ਤੇ ਚਿੰਤਨ ਦੇ ਖੇਮੇ ਪੂਰੀ ਤਰ੍ਹਾਂ ਉਖੜ ਚੁੱਕੇ ਹਨ। ਉਹ ਮੁਲਕ ਨਾਲ ਨਾਗਰਿਕਾਂ ਦੀਆਂ ਜ਼ਿੰਦਗੀਆਂ ਨਾਲ ਇੱਦਾਂ ਖੇਡਦਾ ਹੈ ਜਿਵੇਂ ਕਿਸੇ ਵੀਡੀਉ ਗੇਮ ਵਿਚ ਬੱਚੇ ਲਗਾਤਾਰ ਸਿਰਫ ਸਵਾਦ ਲਈ ਹਜ਼ਾਰਾਂ ਕਿਰਦਾਰਾਂ ਨੂੰ ਮਾਰ ਦਿੰਦੇ ਹਨ। ਹੁਣ ਦੇ ਹਾਲਾਤ ਵਿਚ ਇਸ ਦਾ ਪ੍ਰਛਾਵਾਂ 'ਕਸ਼ਮੀਰ ਫਾਈਲਜ਼' ਵਿਚੋਂ ਦੇਖਿਆ ਜਾ ਸਕਦਾ ਹੈ।

ਫਿਲਮ 'ਕਸ਼ਮੀਰ ਫਾਈਲਜ਼' ਵਿਚ ਕੁਝ ਨੁਕਤਿਆਂ ਨੂੰ ਵਾਰ-ਵਾਰ ਆਧਾਰ ਬਣਾ ਕੇ ਕਿਰਦਾਰਾਂ ਰਾਹੀਂ ਉਨ੍ਹਾਂ ਦਾ ਪ੍ਰਚਾਰ ਕਰਨ ਦੀ ਕੋਸ਼ਿਸ ਕੀਤੀ ਗਈ ਹੈ ਪਰ ਕਹਾਣੀ ਦੇ ਕਿਰਦਾਰ ਉਨ੍ਹਾਂ ਨੁਕਤਿਆਂ ਦੇ ਜੁਗਾੜ ਵਿਚ ਫਿੱਟ ਨਹੀਂ ਬੈਠਦੇ। ਉਦਾਹਰਨ ਵਜੋਂ ਪੁਸ਼ਕਰ ਦੇ ਦੋਸਤ ਜਿਹੜੇ ਚੰਗੇ ਅਹੁਦਿਆਂ 'ਤੇ ਹੋਣ ਅਤੇ ਉਸ ਦੀ ਤਰਾਸਦੀ ਬਾਰੇ ਸਾਰਾ ਕੁਝ ਜਾਣਨ ਦੇ ਬਾਵਜੂਦ ਤੀਹ ਸਾਲਾਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਦੀ ਮਦਦ ਨਹੀਂ ਕਰਦੇ। ਅਜਿਹਾ ਹੀ ਸੱਤਾਧਾਰੀ ਧਿਰ ਬਾਰੇ ਕਿਹਾ ਜਾ ਸਕਦਾ ਹੈ। ਦੂਜੇ ਨੁਕਤੇ ਅਨੁਸਾਰ ਕ੍ਰਿਸ਼ਨਾ ਜੋ ਕਹਾਣੀ ਦਾ ਮੁੱਖ ਕਿਰਦਾਰ ਹੈ, ਦੇ ਪਿਤਾ ਦਾ ਕਤਲ 19 ਜਨਵਰੀ, 1990 ਨੂੰ ਹੁੰਦਾ ਹੈ ਜਦਕਿ ਉਸ ਦੀ ਮਾਂ ਤੇ ਉਸ ਦਾ ਭਰਾ ਇਸ ਤੋਂ 13 ਸਾਲ ਬਾਅਦ 2003 ਵਿਚ ਨੰਦੀਮਰਗ ਦੇ ਕਤਲੇਆਮ ਵਿਚ ਮਾਰੇ ਜਾਂਦੇ ਹਨ। ਉਨ੍ਹਾਂ ਦੋਹਾਂ ਭਰਾਵਾਂ ਦੀ ਉਮਰ ਦੋਵਾਂ ਥਾਵਾਂ 'ਤੇ ਇੱਕੋ ਰਹਿੰਦੀ ਹੈ। ਕਿੰਨਾ ਅਜੀਬ ਹੈ ਕਿ ਪੂਰੀ ਫਿਲਮ ਵਿਚ ਉਨ੍ਹਾਂ ਸਾਲਾਂ ਵਿਚ ਮਾਰੇ ਗਏ ਮੁਸਲਮਾਨਾਂ ਦਾ ਜ਼ਿਕਰ ਤੱਕ ਨਹੀਂ ਜਦਕਿ ਦਹਿਸ਼ਤਗਰਦਾਂ ਦੀਆਂ ਗੋਲੀਆਂ ਨੇ ਹਿੰਦੂ-ਮੁਸਲਮਾਨ ਦਾ ਕੋਈ ਫਰਕ ਨਹੀਂ ਕੀਤਾ। ਇਹ ਸਿਰਫ ਫਿਲਮ ਬਣਾਉਣ ਵਾਲਿਆਂ ਦੀ ਅੱਖ ਦਾ ਟੀਰ ਹੈ ਕਿ ਉਨ੍ਹਾਂ ਨੂੰ ਤਸਵੀਰ ਦਾ ਇੱਕੋ ਪਾਸਾ ਦਿਸਿਆ। ਉਨ੍ਹਾਂ ਦਾ ਇਹੀ ਟੀਰ ਜੇ.ਐਨ.ਯੂ. ਦੀ ਕਿਰਦਾਰਕੁਸ਼ੀ ਕਰਦੇ ਸਮੇਂ ਨਜ਼ਰ ਆਉਂਦਾ ਹੈ ਜਿੱਥੇ ਉਹ ਅਧਿਆਪਨ ਵਰਗੇ ਕਿੱਤੇ ਉੱਤੇ ਕਾਲਖ ਮਲਦਿਆਂ ਜ਼ਰਾ ਵੀ ਲਿਹਾਜ਼ ਨਹੀਂ ਕਰਦੇ। ਫਿਲਮ ਵਿਚ ਅਸਲੀ ਖਲਨਾਇਕ 'ਦਹਿਸ਼ਤਗਰਦਾਂ' ਅਤੇ ਉਨ੍ਹਾਂ ਦੀ ਸਾਲਾਂ ਤੱਕ ਪੁਸ਼ਤਪਨਾਹੀ ਕਰਨ ਵਾਲੇ ਧਾਰਮਿਕ ਫਿਰਕਾਪ੍ਰਸਤਾਂ ਨੂੰ ਨਹੀਂ ਸਗੋਂ ਮਨੁੱਖੀ ਅਧਿਕਾਰਾਂ ਲਈ ਬੋਲਣ ਵਾਲਿਆਂ, ਬੁੱਧੀਜੀਵੀਆਂ, ਸਵਾਲ ਕਰਨ ਵਾਲੀਆਂ ਔਰਤ ਚਿੰਤਕਾਂ ਅਤੇ ਸਮਾਜਿਕ ਮੁੱਦਿਆਂ 'ਤੇ ਗੱਲ ਕਰਨ ਵਾਲੇ ਮੀਡੀਆ ਨੂੰ ਬਣਾਇਆ ਗਿਆ ਹੈ। ਇਸ ਦਾ ਪ੍ਰਸੰਗ ਵੀ ਸਪਸ਼ਟ ਹੋ ਜਾਂਦਾ ਹੈ ਜਦੋਂ ਮੁਲਕ ਦਾ ਗ੍ਰਹਿ ਮੰਤਰੀ ਖੁਦ ਮੰਨਦਾ ਹੈ ਕਿ 'ਮਨੁੱਖੀ ਅਧਿਕਾਰ' ਵਿਦੇਸ਼ੀ ਧਾਰਨਾ ਹੈ ਤੇ ਪ੍ਰਧਾਨ ਮੰਤਰੀ ਸੰਸਦ ਵਿਚ ਆਪਣੇ ਹੱਕ ਮੰਗਣ ਵਾਲਿਆਂ ਦਾ 'ਅੰਦੋਲਨਜੀਵੀ' ਕਹਿ ਕੇ ਮਜ਼ਾਕ ਉਡਾਉਂਦਾ ਹੈ।

ਇਹ ਤੱਥ ਮਹਤੱਵਪੂਰਨ ਹੈ ਕਿ ਇਸ ਫਿਲਮ ਨੂੰ ਹਿੰਦੀ ਸਿਨੇਮਾ ਵਿਚ ਮੁਸਲਿਮ ਕਿਰਦਾਰਾਂ ਦੀ ਪੇਸ਼ਕਾਰੀ ਨਾਲੋਂ ਤੋੜ ਕੇ ਨਾ ਪੜ੍ਹਿਆ ਜਾਵੇ, ਉਲਟਾ ਇਹ ਫਿਲਮ ਅਜਿਹੀਆਂ ਹਜ਼ਾਰਾਂ ਫਿਲਮਾਂ ਵਿਚੋਂ ਇੱਕ ਹੈ ਜਿਨ੍ਹਾਂ ਰਾਹੀ ਘੱਟ-ਗਿਣਤੀਆਂ ਤੇ ਵੱਖਰੀ ਜੀਵਨ ਸ਼ੈਲੀ ਨੂੰ ਦਹਿਸ਼ਤਗਰਦੀ ਜਾਂ ਮੂਰਖਤਾ ਨਾਲ ਜੋੜਿਆ ਜਾਂਦਾ ਹੈ। ਮੁਲਕ ਦੀ ਅਖੰਡਤਾ ਬਹੁਤ ਚੰਗੀ ਗੱਲ ਹੈ ਪਰ ਉਸ ਲਈ ਮੁਲਕ ਵਾਸੀਆਂ ਦਾ ਸਾਬਤ-ਸਬੂਤੇ ਜ਼ਿੰਦਾ ਬਚਣਾ ਤੇ ਆਤਮ-ਸਨਮਾਨ ਨਾਲ ਜਿਊਣਾ ਪਹਿਲੀ ਸ਼ਰਤ ਹੈ। ਸਿਆਸਤ ਵਿਚ ਆਪਣੇ ਸੌੜੇ ਹਿੱਤ ਪੂਰ ਰਹੇ ਨੇਤਾਵਾਂ ਦੀਆਂ ਗਲਤੀਆਂ ਤੇ ਅਸਫਲਤਾਵਾਂ ਕਿਵੇਂ ਨਿਰਦੋਸ਼ਾਂ ਦੀਆਂ ਜ਼ਿੰਦਗੀਆਂ ਦਾਅ 'ਤੇ ਲਾ ਸਕਦੀਆਂ ਹਨ, ਇਸ ਦਾ ਸਬਕ ਇਸ ਫਿਲਮ ਵਿਚ ਹੈ ਪਰ ਇਹ ਸਬਕ ਅਧੂਰਾ ਹੈ। ਇਸ ਦੇ ਅਗਲੇ ਪੰਨੇ ਭਾਰਤੀ ਨਾਗਰਿਕਾਂ ਦੇ ਬਹੁਤ ਸਾਰੇ ਹੋਰ ਵਰਗਾਂ ਨਾਲ ਵਾਪਰੀਆਂ ਅਜਿਹੀਆਂ ਹੀ ਗੈਰ-ਮਨੁੱਖੀ ਫਾਈਲਾਂ ਨਾਲ ਭਰੇ ਪਏ ਹਨ। ਅਸਲ ਮਸਲਾ ਇਨ੍ਹਾਂ ਫਾਈਲਾਂ ਦੇ ਨਿਬੇੜੇ ਅਤੇ ਪੀੜਤਾਂ ਨੂੰ ਇਨਸਾਫ ਦੇਣ ਤੇ ਭਵਿੱਖ ਵਿਚ ਅਜਿਹੀ ਸਿਆਸਤ ਦੀ ਫਾਈਲ ਸਦਾ ਲਈ ਠੱਪ ਕਰਨ ਦਾ ਹੈ।


Best Mobile Signs
All kinds of mobile sign board
best mobile sign
call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Ajay pal
Manager
604-653-7841
Jatinder Singh
Manager
403-992-0004
Office : 416-644-8881
7270 106 Ave SE Calgary, AB T2C 4Y5

# ਰੰਗ ਮੰਚ ਕਾਫਲੇ ਦੀ ਲੋਕਾਂ ਨਾਲ ਗਲਵੱਕੜੀ; ਜਿੱਥੇ ਵੱਜਦੀ ਬੱਦਲ ਵਾਂਗੂੰ ਗੱਜਦੀ 'ਸ਼ੰਮਾਂ ਵਾਲੀ ਡਾਂਗ' ਸਾਹਿਬ ਦੀ

**ਅਮੋਲਕ ਸਿੰਘ**
**98778 - 68710**

ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸਹਾਦਤ ਨੂੰ ਸਮਰਪਿਤ ਮਾਰਚ ਮਹੀਨੇ ਮੌਕੇ ਮਾਨਸਾ ਜ਼ਿਲ੍ਹੇ ਦੇ ਪਿੰਡ ਪਿੰਡ ਰੰਗ ਮੰਚ ਕਾਫਲਾ ਵੀ ਪੂਰੀ ਠੁੱਕ ਅਤੇ ਮਾਣ ਨਾਲ ਆਮ ਆਦਮੀ ਦੀ ਮੁਕਤੀ ਲਈ ਸਹੀਦਾਂ ਵੱਲੋਂ ਦਰਸਾਇਆ ਸੁਵੱਲੜਾ ਸੁਨੇਹਾ ਦੇਣ ਲਈ ਦਿਨ ਰਾਤ ਸਫ਼ਰ 'ਤੇ ਰਿਹਾ।

ਇਸ ਮੌਕੇ ਨਾਟਕਾਂ, ਨੁੱਕੜ ਨਾਟਕਾਂ, ਗੀਤ-ਸੰਗੀਤ, ਪੁਸਤਕ ਅਤੇ ਚਿਤਰਕਲਾ ਪ੍ਰਦਰਸ਼ਨੀਆਂ ਰਾਹੀਂ ਲੋਕਾਂ ਨੂੰ ਸਾਂਝੀ, ਅਮੀਰ ਇਤਿਹਾਸਕ ਵਿਰਾਸਤ ਨੂੰ ਅੱਗੇ ਤੋਰਦਿਆਂ ਸੋਨੇ ਦੀ ਸਵੇਰ ਲਿਆਉਣ ਲਈ ਪੈਗਾਮ ਦਿੱਤਾ ਗਿਆ ਕਿ, ਮਸਾਲਾਂ ਬਾਲ ਕੇ ਚੱਲਣਾ, ਜਦੋਂ ਤੱਕ ਰਾਤ ਬਾਕੀ ਹੈ।

ਰੰਗ ਮੰਚ ਕਾਫਲੇ ਨੇ 7 ਦਿਨਾਂ ਵਿਚ ਮਾਨਸਾ ਜ਼ਿਲ੍ਹੇ ਦੇ 20 ਪਿੰਡਾਂ ਅੰਦਰ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਅਤੇ ਰਚਨਾ 'ਸ਼ੰਮਾਂ ਵਾਲੀ ਡਾਂਗ' ਦਾ ਮੰਚਣ ਕਰਕੇ ਵਿਲੱਖਣ ਪੈੜਾਂ ਪਾਈਆਂ। ਡੇਢ ਘੰਟੇ ਦੇ ਇਸ ਨਾਟਕ ਵਿੱਚ ਡਾ. ਸਾਹਿਬ ਸਿੰਘ ਦੀ ਇੱਕ ਪਾਤਰੀ ਅਦਾਕਾਰੀ ਇਉਂ ਜਾਪਦੀ ਹੈ ਜਿਵੇਂ ਕਿ ਦਰਜਣਾਂ ਕਲਾਕਾਰ ਇਸ ਨਾਟਕ ਦਾ ਮੰਚਣ ਕਰ ਰਹੇ ਹੋਣ। ਪਟਕਥਾ, ਸੰਗੀਤ, ਰੰਗ ਮੰਚੀ ਤੱਤ, ਕਲਾਤਮਕ ਪੱਖ, ਕੁਦਰਤੀ ਰੌਸ਼ਨੀ ਦੀ ਬਾਖ਼ੂਬ ਵਰਤੋਂ, ਤਨਜ਼, ਸੈਨਤਾਂ, ਗ਼ਮ, ਰੋਹ, ਵਿਦਰੋਹ, ਨਾਬਰੀ, ਸਵੈ-ਮੰਥਨ, ਸਮਾਜਿਕ ਨੈਤਿਕ ਫ਼ਰਜਾਂ ਦੀ ਪਹਿਚਾਣ ਕਰਾਉਂਦਾ ਨਾਟਕ 'ਸ਼ੰਮਾਂ ਵਾਲੀ ਡਾਂਗ' ਲੁੱਟ,ਜਬਰ ਅਤੇ ਵਿਤਕਰਿਆਂ ਤੋਂ ਮੁਕਤ ਸਾਂਝੀਵਾਲਤਾ ਭਰਿਆ ਸਮਾਜ ਸਿਰਜਣ ਲਈ ਦਰਸ਼ਕਾਂ ਦੇ ਮਨ ਦੀ ਡਾਇਰੀ 'ਤੇ, ਕੀ ਕਰਨਾ ਲੋੜੀਏ ਦਾ ਮਾਟੋ ਉੱਕਰ ਰਿਹਾ ਹੈ।

ਮਾਨਸਾ ਜ਼ਿਲ੍ਹੇ ਦੇ ਪਿੰਡ ਬੱਛੂਆਣਾ ਤੋਂ ਚੱਲਿਆ ਰੰਗ ਮੰਚ ਕਾਫਲਾ ਦੋਦੜਾ, ਭਾਜੜਾਂ, ਕਣਕਵਾਲ, ਰਾਮਪੁਰ, ਮੰਡੇਰ, ਕੁਲਾਣਾ, ਬਹਾਦਰਪੁਰ, ਕਿਸਨਗੜ੍ਹ, ਰਾਮਾਂ ਨੰਦੀ ਭੰਮੇ ਕਲਾਂ, ਭੀਖੀ, ਅਕਲੀਆ, ਲੜ,ਝੱਬਰ, ਫੱਤਾ ਮਾਲੋਕਾ, ਮੀਰਪੁਰ ਕਲਾਂ (ਬਲਾਕ ਬੁਢਲਾਡਾ, ਝੁਨੀਰ, ਭੀਖੀ, ਸਰਦੂਲਗੜ੍ਹ) ਦੇ ਪਿੰਡਾਂ 'ਚ ਸ਼ੰਮਾਂ ਵਾਲੀ ਡਾਂਗ' ਨਾਟਕ ਖੇਡਦਾ ਹੋਇਆ ਆਪਣੀ ਰੰਗ ਮੰਚੀ ਜ਼ਮੀਨ 'ਤੇ ਖੜ੍ਹਕੇ ਨਾਟਕੀ ਵਿਧਾ ਰਾਹੀਂ ਇਹ ਸਫ਼ਲ ਸੁਨੇਹਾ ਦਿੰਦਾ ਰਿਹਾ ਕਿ, "ਪਾ ਗਲਵੱਕੜੀ ਕਲਮ ਕਲਾ ਸੰਗਰਾਮਾਂ ਦੀ, ਇਹਦੇ ਸੀਨੇ ਧਮਕ ਹੈ ਲੋਕ-ਤੂਫ਼ਾਨਾਂ ਦੀ"।

ਮਿੱਟੀ ਦੇ ਪੁੱਤ ਡਾ. ਸਾਹਿਬ ਸਿੰਘ ਦਾ ਅਨੇਕਾਂ ਮਾਵਾਂ ਮੱਥਾ ਚੁੰਮਦੀਆਂ ਰਹੀਆਂ।

ਰੰਗ ਮੰਚ ਕਾਫਲੇ ਦੀ ਨਿਰਾਲੀ ਅਤੇ ਮਟਕ ਭਰੀ ਤੋਰ, ਲੋਕ ਗਾਥਾ ਅਤੇ ਲੋਕ ਗੀਤ ਵਰਗਾ ਪ੍ਰਭਾਵ ਸਿਰਜ ਰਹੀ ਸੀ। ਪਿੰਡਾਂ ਦੇ ਦਿਲਕਸ ਨਜਾਰੇ ਦਾ ਦ੍ਰਿਸ਼ ਦੇਖਿਆਂ ਹੀ ਬਣਦਾ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਝੰਡਿਆਂ ਵਾਲੀਆਂ ਗੱਡੀਆਂ ਲੋਕਾਂ ਨੂੰ ਅੱਗੇ ਅੱਗੇ ਸੁਨੇਹਾ ਲਾਉਂਦੀਆਂ। ਇਹ ਕੋਈ ਨੁੱਕੜ ਨਾਟਕ ਨਹੀਂ। ਮੁਕੰਮਲ ਰੰਗ ਮੰਚ ਹੈ। ਲਾਈਟ ਸਾਊਂਡ ਹੈ। ਦਿਨੇ ਸੂਰਜ ਦੀਆਂ ਪਿੱਪਲਾਂ, ਬੋਹੜਾਂ ਦੀਆਂ ਟਾਹਣੀਆਂ ਅਤੇ ਪੱਤਿਆਂ ਵਿਚੀਂ ਗੁਜਰਦੀ ਰੌਸਨੀ ਰੰਗ ਮੰਚ ਤੇ ਰੌਸਨੀਆਂ ਦਾ ਪ੍ਰਭਾਵ ਸਿਰਜਦੀ। ਸੰਮਾਂ ਵਾਲੀ ਡਾਂਗ ਨਾਟਕ ਡੇਢ ਘੰਟੇ ਦਾ ਇੱਕ ਪਾਤਰੀ ਨਾਟਕ ਹੈ। ਡਾ. ਸਾਹਿਬ ਸਿੰਘ ਦੀ ਰਚਨਾ ਉਹਨਾਂ ਦੀ ਨਿਰਦੇਸਨਾ ਅਤੇ ਉਹਨਾਂ ਦੀ ਹੀ ਕਾਬਲ ਏ ਤਾਰੀਫ ਅਦਾਕਾਰੀ ਲੋਕਾਂ ਦੇ ਮਨ ਮਸਤਕ ਉਪਰ ਅਮਿੱਟ ਛਾਪ ਛੱਡਦੀ ਹੈ। ਰੰਗ ਮੰਚ ਕਾਫਲੇ ਦੇ ਪ੍ਰਬੰਧਕ ਅਤੇ ਮੰਚਣ ਕਰਨ ਵਾਲੀ ਟੀਮ ਦੀ ਸਮੁੱਚੀ ਸਰਗਰਮੀ ਨੂੰ ਪਿੰਡਾਂ ਦੇ ਪਿੰਡ ਪਲਕਾਂ 'ਤੇ ਬਿਠਾਉਂਦੇ ਰਹੇ। ਲੋਕਾਂ ਦੇ ਮਨ ਮਸਤਕ 'ਤੇ ਉੱਕਰਿਆ ਹੋਇਆ ਕਿ ਰੰਗ ਮੰਚ ਕਾਫਲੇ ਵਾਲੇ ਉਹੀ ਕਾਫ਼ਲੇ ਦਾ ਅਹਿਮ ਹਿੱਸਾ ਨੇ ਜਿਹੜਾ ਪਿੰਡਾਂ, ਟੋਲ ਪਲਾਜ਼ਿਆਂ, ਮਾਲ ਪਲਾਜ਼ਿਆਂ, ਪੈਟਰੋਲ ਪੰਪਾਂ ਅਤੇ ਦਿੱਲੀ ਬਾਰਡਰਾਂ 'ਤੇ ਸਾਡੇ ਨਾਲ ਹੱਸਿਆ, ਨਾਲ ਰੋਇਆ, ਨਾਲ ਦੁੱਖ-ਸੁੱਖ ਭੋਗੇ, ਜ਼ਬਰ ਦਾ ਸ਼ਿਕਾਰ ਹੋਏ ਅਤੇ ਨੱਚਦੇ ਗਾਉਂਦੇ, ਅਹਿਦ ਕਰਦੇ ਫਤਿਹ ਮਾਰਚ ਵਿੱਚ ਨਾਟਕ ਕਰਦਿਆਂ ਜਿਵੇਂ ਦਿੱਲੀ ਵੱਲ ਕੂਚ ਵਿੱਚ ਸਿਰ ਜੋੜਕੇ ਗਏ ਉਸੇ ਤਰ੍ਹਾਂ ਵਾਪਸ ਪਰਤੇ। ਇਹ ਅੱਜ ਵੀ ਚੇਤਨਾ ਅਤੇ ਚਿੰਤਨ ਲਈ ਤੀਜੀ ਅੱਖ ਖੋਲ੍ਹਕੇ ਤੁਰਨ ਲਈ ਚਾਨਣ ਦਾ ਛੱਟਾ ਦੇ ਰਹੇ ਹਨ। ਹਜ਼ਾਰਾਂ ਮਰਦਾਂ ਔਰਤਾਂ, ਰੰਗ ਮੰਚ ਦੇ ਅਜੇਹੇ ਦਰਸ਼ਕ ਬਣ ਗਏ ਜਿਹੜੇ ਇਹ ਵਿਚਾਰ ਆਤਮਸਾਤ ਕਰ ਗਏ ਕਿ, 'ਸਾਡੇ ਦੁੱਖਾਂ ਦਾ ਰੰਗ ਮੰਚ, ਸਾਡੇ ਕਲਿਆਣ ਦਾ ਮਾਰਗ ਦਰਸਕ ਵੀ ਹੈ।'

ਰੰਗ ਮੰਚ ਕਾਫਲੇ ਦੀਆਂ ਪੇਸ਼ਕਾਰੀਆਂ ਮੌਕੇ ਸਾਰੇ ਪ੍ਰਬੰਧ ਪਿੰਡਾਂ ਦੇ ਪਿੰਡ ਆਪੇ ਕਰ ਰਹੇ ਹਨ। ਮੰਚ, ਪੰਡਾਲ, ਸਾਊਂਡ, ਚਾਹ-ਪਾਣੀ, ਰਹਾਇਸ਼ ਆਦਿ ਐਨਾ ਵਿਉਂਤਬੱਧ ਅਤੇ ਲੜੀਬੱਧ ਕਿ ਕਾਫਲੇ ਦੇ ਕਲਾਕਾਰ ਮੁਹੱਬਤ ਦੀ ਹੋਈ ਬਰਸਾਤ, ਜ਼ਿੰਦਗੀ ਭਰ ਭੁੱਲ ਨਹੀਂ ਸਕਣਗੇ। ਪੰਡਾਲ ਵਿੱਚ ਮਜ਼ਦੂਰ, ਕਿਸਾਨ, ਵਿਦਿਆਰਥੀ, ਨੌਜਵਾਨ, ਬਜ਼ੁਰਗ, ਬੱਚੇ, ਗੱਭਰੂ, ਮੁਟਿਆਰਾਂ ਸਭ ਜੁੜੇ। ਡੇਢ ਘੰਟੇ ਦੀ ਇੱਕ ਪਾਤਰੀ ਪੇਸ਼ਕਾਰੀ ਵਿੱਚ ਚੁੱਪ ਦਾ ਸਨਾਟਾ ਵੀ, ਗੂੰਜ਼ਦੇ ਨਾਅਰੇ ਵੀ, ਗ਼ਮ ਦੀਆਂ ਛੱਲਾਂ ਵੀ, ਰੋਹ ਦਾ ਜਵਾਰਭਾਟਾ ਵੀ, ਸਮਾਜ ਨੂੰ ਖਾ ਰਹੀ ਸਿਉਂਕ ਵਾਲੀ ਉਸ ਥਾਂ ਨੂੰ ਸਾੜ ਸੁੱਟਣ ਦੇ ਮਚਲਦੇ ਵਲਵਲੇ ਵੀ ਜਿੱਥੋਂ ਸਿਉਂਕ ਜਨਮ ਲੈਂਦੀ ਹੈ। ਡਾ. ਸਾਹਿਬ ਸਿੰਘ ਦੇ ਨਾਟਕ ਵਿੱਚ ਲੋਕ ਗੀਤ, ਲੋਕ ਮੁਹਾਵਰਾ, ਲੋਕ ਪੀੜ, ਲੋਕ ਸਰੋਕਾਰ, ਲੋਕ ਰੋਹ ਸਭ ਕੁੱਝ ਨਾਲ-ਨਾਲ ਹੀ ਤੁਰਦਾ ਅਤੇ ਦਰਸ਼ਕਾਂ ਨੂੰ ਤੋਰਦਾ ਹੈ। ਕਮਾਲ ਇਸ ਗੱਲ ਦਾ ਕਿ ਉੱਚੀ ਸੁਰ ਵਾਲੇ ਨਾਟਕ ਦਾ ਵਿਸ਼ਾ ਅਤੇ ਅਦਾਕਾਰੀ ਆਪਣੀ ਰੰਗ ਮੰਚੀ ਭਾਸ਼ਾ ਦਾ ਗਹਿਰਾ ਅਦਬ ਕਰਦੀ ਹੈ ਇਹ ਰੰਗ ਮੰਚ ਨਾ ਦਿਸ਼ਾ-ਵਿਹੂਣਾ ਹੈ ਨਾ ਹੀ ਨਾਅਰਿਆਂ ਦਾ ਓਟ ਆਸਰਾ ਲੈਂਦਾ ਹੈ। ਇਹ ਕਲਾ ਅਤੇ ਕੋਮਲਤਾ ਦਾ ਅਜੇਹਾ ਜਾਦੂ ਕਰਦਾ ਹੈ ਜੋ ਮਿਹਨਤ ਮੁਸ਼ੱਕਤ ਕਰਦੇ ਲੋਕਾਂ ਦੀ ਸੁੱਤੀ ਕਲਾ ਜਗਾਉਂਦਾ ਹੈ। ਉਹਨਾਂ ਨੂੰ ਸੂਰਜਾਂ ਦੇ ਹਮਸਫ਼ਰ ਬਣਾਉਂਦਾ ਹੈ। ਸਮਾਜ ਨੂੰ ਬਦਲਣ ਦੀ ਸੋਝੀ ਪੈਦਾ ਕਰਦਾ ਹੈ। ਇਸਦਾ ਪ੍ਰਮਾਣ ਇੱਕ ਦਰਸ਼ਕ ਦਾ ਲੇਖਕ, ਨਿਰਦੇਸਕ ਅਤੇ ਅਦਾਕਾਰ ਅੱਗੇ ਸਵੈ-ਕਥਨ ਹੈ; "ਡਾ. ਸਾਹਿਬ, ਕਸਰ ਤਾਂ ਸਾਡੇ ਬੁਲਾਰੇ ਵੀ ਕੋਈ ਨਹੀਂ ਛੱਡਦੇ ਪਰ ਸਾਨੂੰ ਧੁਰ ਅੰਦਰ ਤੱਕ ਝੰਜੋੜਨ ਅਤੇ ਆਪਣੀ ਜ਼ਿੰਦਗੀ ਬਾਰੇ ਸੋਚਣ ਲਾਉਣ ਦਾ ਜੋ ਜਾਗ ਨਾਟਕਾਂ ਰਾਹੀਂ ਲੱਗਦਾ ਹੈ ਇਹਦਾ ਕੋਈ ਜਵਾਬ ਨਹੀਂ।"

ਇਸਤੋਂ ਪਹਿਲਾਂ ਬਠਿੰਡਾ ਜ਼ਿਲ੍ਹੇ ਦੇ 12 ਪਿੰਡਾਂ ਵਿੱਚ 24 ਥਾਵਾਂ ਤੇ ਸੰਮਾਂ ਵਾਲੀ ਡਾਂਗ ਲੋਕ ਮੁਕਤੀ ਦੇ ਰਾਹ ਤੁਰਨ ਦਾ ਚੋਣ ਨਿਸਾਨ ਬਣਕੇ ਲਿਸਕੀ। ਬਠਿੰਡਾ, ਮੁਕਤਸਰ, ਫਰੀਦਕੋਟ, ਮੋਗਾ, ਰੋਪੜ ਨਵਾਂ ਸਹਿਰ, ਜਲੰਧਰ, ਅੰਮ੍ਰਿਤਸਰ ਕਪੂਰਥਲਾ ਆਦਿ ਕਿੰਨੇ ਹੀ ਜ਼ਿਲ੍ਹਿਆਂ ਵਿੱਚ ਇਸ ਨਾਟਕ ਨੇ ਦਰਸਾਇਆ ਕਿ ਮੀਡੀਆ, ਸੋਸਲ ਮੀਡੀਆ ਰੰਗ ਮੰਚ ਦਾ ਪਿੜ ਨਹੀਂ ਖੋਹ ਸਕਦਾ। ਇਹ ਨਾਟਕ ਦਰਸਕਾਂ ਨੂੰ ਕਦੇ ਇਤਿਹਾਸ ਦੇ ਝਰੋਖੇ ਵਿਚ ਲੈ ਜਾਂਦਾ ਹੈ ਕਦੇ ਲੋਕ ਸਭਿਆਚਾਰ ਦੀ ਬਰਸਾਤ ਕਰਦਾ ਹੈ।

ਕਦੇ ਮੋਰਚੇ ਤੇ ਕਦੇ ਕਲਮ ਦੇ ਮੋਰਚੇ ਤੇ।


ਅਦਾਕਾਰ ਮੰਚ ਮੁਹਾਲੀ ਦੇ ਨਿਰਦੇਸਕ ਡਾ. ਸਾਹਿਬ ਸਿੰਘ ਜਦੋਂ ਬਠਿੰਡਾ ਦੇ ਪਿੰਡ ਕੋਠਾ ਗੁਰੂ ਨਾਟਕ ਖੇਡ ਰਹੇ ਸੀ ਉਸ ਵੇਲੇ ਦੀ ਇੱਕ ਘਟਨਾ ਦਾ ਜ਼ਿਕਰ ਬਹੁਤ ਜ਼ਰੂਰੀ ਹੈ। ਕਿਸਾਨ ਆਗੂ ਬੂਟਾ ਸਿੰਘ ਦੀ ਯਾਦ ਵਿੱਚ ਪਿੰਡ ਕੋਠਾ ਗੁਰੂ 'ਸ਼ੰਮਾਂ ਵਾਲੀ ਡਾਂਗ' ਦੇ ਮੰਚਣ ਸਮੇਂ ਪੰਡਾਲ ਵਿੱਚੋਂ ਕੁੱਝ ਔਰਤਾਂ ਚੱਲਦੇ ਨਾਟਕ ਵਿਚੋਂ ਉੱਠਕੇ ਘਰਾਂ ਨੂੰ ਤੁਰ ਪਈਆਂ। ਪ੍ਰਬੰਧਕਾਂ ਜਦੋਂ ਉਹਨਾਂ ਕੋਲ ਜਾ ਕੇ ਕਾਰਨ ਪੁੱਛਿਆ ਤਾਂ ਉਹਨਾਂ ਨੇ ਛਲਕਦੀਆਂ ਅੱਖਾਂ ਨਾਲ ਦੱਸਿਆ ਕਿ, "ਨਾਟਕ ਦੇਖਿਆ ਨਹੀਂ ਜਾਂਦਾ ਐਨਾ ਦਰਦ! ਇਹ ਤਾਂ ਸਾਡੇ ਘਰਾਂ ਦੀ ਕਹਾਣੀ ਹੈ। ਵੀਰੇ! ਸਾਡਾ ਬਲੱਡ ਵਧ ਗਿਆ। ਸਾਥੋਂ ਬੈਠ ਕੇ ਦੇਖਿਆ ਨੀ ਜਾਂਦਾ।

ਮੰਚ ਤੋਂ ਦੱਸਿਆ ਜਾਂਦਾ ਹੈ ਕਿ, "ਅਸੀਂ ਤੁਹਾਡੇ ਸਾਰੇ ਦੁੱਖੜੇ ਸਮਝਦੇ ਹਾਂ। ਅਜੇਹੇ ਪੀੜ-ਪਰੁੰਨੇ ਨਾਟਕ ਸਾਡੇ ਸਮਾਜ ਦੀ ਹਕੀਕਤ ਦਾ ਹੀ ਮੰਚਣ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਸਾਡੇ ਸਮਾਜ ਦੀ ਅਜੇਹੀ ਸਿਰਜਣਾ ਹੋਵੇ ਜਿੱਥੇ ਦੁੱਖਾਂ ਦੇ ਪਹਾੜ ਨਾ ਟੁੱਟਣ। ਸਭ ਲਈ ਸੁੱਖ ਚੈਨ, ਸਾਂਝੀਵਾਲਤਾ, ਨਿਆਂ ਅਤੇ ਖੁਸ਼ਹਾਲੀ ਹੋਵੇ। ਫਿਰ ਸਾਡੇ ਨਾਟਕਾਂ ਦਾ ਵਿਸ਼ਾ ਵੀ ਹੋਰ ਹੋਵੇਗਾ। ਸੋਚਣ ਦੀ ਗੱਲ ਤਾਂ ਇਹ ਹੈ ਕਿ ਜੇ ਨਾਟਕ ਮੰਚਣ ਵਿੱਚ ਦਿਖਾਈ ਪੀੜ ਸਾਡੇ ਲਈ ਅਸਹਿ ਹੈ ਤਾਂ ਜ਼ਰਾ ਕਿਆਸ ਕਰੋ ਕਿ ਇਹ ਸਭ ਕੁੱਝ ਆਪਣੇ ਪਿੰਡੇ 'ਤੇ ਹੰਢਾ ਰਹੇ ਲੋਕਾਂ ਦੀ ਮਨੋਦਸ਼ਾ ਕੀ ਹੋਏਗੀ।

ਪਿੰਡ ਚੱਠੇਵਾਲਾ ਵਿੱਚ ਕਰਜ਼ਾ ਪੀੜਤਾ ਦੇ ਘਰਾਂ ਵਿੱਚ ਕੁਰਕੀ ਕਰਨ ਆਈਆਂ ਗਾਰਦਾਂ ਦਾ ਲੋਕ ਤਾਕਤ ਦੇ ਜ਼ੋਰ ਟਾਕਰਾ ਕੀਤਾ ਸੀ ਉੱਥੇ ਨਾਟਕ ਮਗਰੋਂ ਨਾਟਕੀ ਕਲਾ ਦੀਆਂ ਘਰ ਘਰ ਗੱਲਾਂ ਹੋ ਰਹੀਆਂ ਕਿ ਇਹ ਆਪਣੇ ਪਿੰਡ ਦੀ ਕਹਾਣੀ ਹੈ।


ਗੋਬਿੰਦਪੁਰਾ ਦਾ ਮਿਸਾਲੀ ਘੋਲ ਇਹ ਨਾਟਕ ਦੇਖਦਿਆਂ ਲੋਕਾਂ ਦੀਆਂ ਅੱਖਾਂ ਵਿਚ ਰੋਹ ਬਣਕੇ ਉੱਤਰ ਆਉਂਦਾ ਹੈ। ਗੋਬਿੰਦਪੁਰਾ ਕਹਿੰਦਾ ਹੈ ਕਿ ਇਹ ਕਹਾਣੀ ਤਾਂ ਸਾਡੇ ਪਿੰਡ ਦੀ ਹੈ। ਸ਼ਹੀਦ ਜੈਮਲ ਪੱਡਾ ਦਾ ਪਿੰਡ ਹੋਵੇ, ਰੇਲ ਕੋਚ ਫੈਕਟਰੀ ਕਪੂਰਥਲਾ ਹੋਵੇ, ਪੰਜਾਬ ਦਾ ਦੂਰ ਕਿਨਾਰਾ ਸਰਦੂਲਗੜ੍ਹ ਦੇ ਪਿੰਡ ਹੋਣ ਭਾਵੇਂ ਐੱਸ ਜੀ ਜੀ ਐੱਸ ਕਾਲਜ ਮਾਹਿਲਪੁਰ ਹੋਵੇ ਮਜਦੂਰਾਂ, ਕਿਸਾਨਾਂ, ਮੁਲਾਜਮਾਂ, ਵਿਦਿਆਰਥੀਆਂ, ਮਰਦਾਂ, ਔਰਤਾਂ ਸਭਨਾਂ ਵਿੱਚ ਗਿਆ ਇਹ ਨਾਟਕ ਰੰਗ ਮੰਚ ਦੀ ਨਵੀਓਂ ਨਵੀਂ ਨੁਹਾਰ ਲੋਕ ਚੇਤਨਾ ਨਾਲ ਕਦਮ ਤਾਲ ਕਰਕੇ ਅੱਗੇ ਤੋਰਨ ਦੀਆਂ ਸੈਨਤਾਂ ਕਰਦੀ ਜਾਏ ਇਹ ਗੂਹੜੇ ਰੰਗ ਫ਼ਿਜਾ ਵਿੱਚ ਭਰ ਰਿਹਾ ਨਾਟਕ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਰਿਹਾ ਹੈ।

ਚੋਣਾਂ ਦੀ ਰੁੱਤ ਆਈ ਤੇ ਚਲੀ ਗਈ। ਲੋਕਾਂ ਦੀ ਜ਼ਿੰਦਗੀ ਵਿੱਚ ਬਸੰਤ ਰੁੱਤ ਕਦੋਂ ਆਏਗੀ ਵਰਗੇ ਸੁਲਘਦੇ ਸੁਆਲ ਕਰਦਾ ਰੰਗ ਮੰਚੀ ਕਾਫਲਾ, ਉਡਕੇ ਕਿਤੇ ਨਹੀਂ ਜਾਏਗਾ। ਉਹ ਆਪਣੇ ਲੋਕਾਂ ਦੇ ਅੰਗ ਸੰਗ ਰਹੇਗਾ। ਆਪਣੇ ਹਿੱਸੇ ਦੀ ਮੋਮਬੱਤੀ ਜਗਦੀ ਰੱਖੇਗਾ। ਖਟਕੜ ਕਲਾਂ, ਪਾਸ ਦੇ ਪਿੰਡ ਤਲਵੰਡੀ ਸਲੇਮ ਜਦੋਂ ਸਾਹਿਬ ਸਿੰਘ ਹੋਰ ਨਾਟਕ ਕਰਦਾ ਹੈ ਸਮਾਪਤੀ ਤੇ ਇਹਨਾਂ ਨਾਟਕਾਂ ਦੀ ਪੇਸਕਾਰੀ ਦੇ ਨਾਲ ਨਾਲ ਸੰਮਾਂ ਵਾਲੀ ਡਾਂਗ ਦਾ ਜ਼ਿਕਰ ਆਪਣੇ ਹਿੱਸੇ ਦੀ ਥਾਂ ਵਿਚਾਰ ਚਰਚਾ ਦੌਰਾਨ ਲੈ ਹੀ ਲੈਂਦਾ ਹੈ। ਕਲਮ ਅਤੇ ਸੰਮਾਂ ਵਾਲੀ ਡਾਂਗ ਦੀ ਸਕੀਰੀ ਦਾ ਇਹ ਅਹਿਦ ਲੈਂਦਾ ਤੁਰਿਆ ਜਾ ਰਿਹੈ ਇਹ ਕਾਫਲਾ। ਨਾਟਕ ਵੇਖਕੇ ਜਾਂਦੇ ਦਰਸਕ ਵਿਚਾਰਾਂ ਕਰਦੇ ਹੋਏ ਜਾਂਦੇ ਨੇ ਕਿ ਚੋਣਾਂ ਦੇ ਮੌਸਮ ਵਾਲੇ ਚੋਣ ਟੈਮ ਤਾਂ ਲੰਘ ਗਿਆ ਹੈ ਹੁਣ ਆਉਣ ਵਾਲੇ ਸਮੇਂ ਵਿੱਚ ਇਹ ਦੱਸਣਾ ਪੈਣਾ ਹੈ ਕਿ ਜਦੋਂ ਸਾਡੀ ਆਰਥਕ, ਸਮਾਜਿਕ ਜ਼ਿੰਦਗੀ ਉਪਰ ਚੌਤਰਫੇ ਡੰਗ ਮਾਰਦਾ ਨਾਗ ਤੁਹਾਡੇ ਚੁੱਲ੍ਹੇ ਚੌਂਕੇ ਤੱਕ ਪਹੁੰਚ ਜਾਵੇ ਫਿਰ ਸੰਮਾਂ ਵਾਲੀ ਡਾਂਗ ਨਾਲ ਉਸਨੂੰ ਹਮਲੇ ਕਰਨ ਤੋਂ ਰੋਕਣ ਲਈ ਪੁੱਠਾ ਕਰ ਦੇਣਾ ਅਣਸਰਦੀ ਲੋੜ ਹੁੰਦੀ ਹੈ। ਲੋਕਾਂ ਦੇ ਫਿਕਰਾਂ ਦੀ ਬਾਂਹ ਫੜਕੇ ਸਦਾ ਸਫਰ ਤੇ ਰਹਿਣ ਵਾਲੇ ਡਾ.ਸਾਹਿਬ ਸਿੰਘ ਨੂੰ ਰੰਗ ਮੰਚ ਅਤੇ ਲੋਕਾਂ ਦੀ ਘੁੱਟਕੇ ਗਲਵੱਕੜੀ।











## Sudden demise of Gurpreet Toor Web Advisor "Sarokaran-Di-Awaz"



Gurpreet Toor
s/o Manmohan S Toor (USA)
left this world
on 2nd March 2022
in his 40 year age.
He was nephew of
Devinder Singh Toor
( Managing Director)
" Sarokaran-Di-Awaz

THE TEAM OF NEWS PAPER "SAROKARAN-DI-AWAZ" PAYS TRIBUTE TO THE DEPARTED SOUL. OUR HEARTFELT CONDOLENCES TO BEREAVED TOOR FAMILY. CONTRIBUTIONS OF GURPREET TO OUR NEWSPAPER WILL BE REMEMBERED ALWAYS.

From:
Harbans Singh ( Chief- Editor)
Master Bhajan singh Gill ( Editor)
Dr Hardeep Singh Atwal ( Editor)

PRO-PEOPLE ARTS PROJECT MEDIA GROUP
ਸਰੋਕਾਰਾਂ ਦੀ ਆਵਾਜ਼
Voice of Social Concerns
e-mail: ppapmg@gmail.com www.ppapmg.com

# ਸਾਮਰਾਜੀਆਂ ਦੀ ਹਥਿਆਰ ਖੇਡ



-ਜਸਬੀਰ ਦੀਪ

ਦੁਨੀਆਂ ਅੰਦਰ ਹਥਿਆਰਾਂ ਦੀ ਖੇਡ ਵੱਡੇ ਦੇਸ਼ਾਂ ਦਰਮਿਆਨ ਚੱਲ ਰਹੀ ਹੈ। ਅਮਰੀਕਾ ਇਸ ਖੇਡ ਦਾ ਬਾਦਸ਼ਾਹ ਹੈ। ਦੁਨੀਆਂ ਨੂੰ ਅਮਨ ਦਾ ਪਾਠ ਪੜ੍ਹਾਉਣ ਵਾਲੀ ਇਹ ਮਹਾਸ਼ਕਤੀ 96 ਦੇਸ਼ਾਂ ਨੂੰ ਹਥਿਆਰ ਵੇਚਦੀ ਹੈ। ਸਾਊਦੀ ਅਰਬ, ਆਸਟ੍ਰੇਲੀਆ ਅਤੇ ਦੱਖਣੀ ਕੋਰੀਆ ਨੂੰ ਸੱਭ ਤੋਂ ਵੱਧ। ਜਦਕਿ ਰੂਸ ਭਾਰਤ, ਚੀਨ ਅਤੇ ਅਲਜੀਰੀਆ ਨੂੰ ਸੱਭ ਤੋਂ ਵੱਧ ਹਥਿਆਰ ਵੇਚਦਾ ਹੈ। ਇਹਨਾਂ ਵਿਚੋਂ ਸੱਭ ਤੋਂ ਵੱਡਾ ਖ੍ਰੀਦਦਾਰ ਭਾਰਤ ਹੈ। ਪਿਛਲੇ ਸਮੇਂ ਵਿਚ ਅਮਰੀਕਾ ਦਾ ਹਥਿਆਰਾਂ ਦਾ ਕਾਰੋਬਾਰ 15 ਫੀਸਦੀ ਵਧਿਆ ਹੈ ਜਦਕਿ ਰੂਸ ਦੇ ਹਥਿਆਰਾਂ ਦੇ ਕਾਰੋਬਾਰ ਵਿਚ 22 ਫੀਸਦੀ ਕਮੀ ਆਈ ਹੈ। ਭਾਰਤ ਫਰਾਂਸ ਅਤੇ ਇਸਰਾਇਲ ਕੋਲੋਂ ਵੀ ਕਾਫੀ ਹਥਿਆਰ ਖ੍ਰੀਦਦਾ ਹੈ। ਪੰਜ ਦੇਸ਼ ਦੁਨੀਆਂ ਦੇ ਕੁੱਲ ਹਥਿਆਰਾਂ ਦਾ 75 ਫੀਸਦੀ ਹਥਿਆਰ ਵੇਚਦੇ ਹਨ। ਇਹ ਅਮਰੀਕਾ, ਰੂਸ, ਫਰਾਂਸ, ਜਰਮਨ ਅਤੇ ਚੀਨ ਹਨ। ਚੀਨ ਅਜਿਹਾ ਦੇਸ਼ ਹੈ ਜੋ ਹਥਿਆਰ ਵੱਡੀ ਗਿਣਤੀ ਵਿਚ ਵੇਚਦਾ ਅਤੇ ਖ੍ਰੀਦਦਾ ਹੈ। ਇਹ ਦੂਜੇ ਦੇਸ਼ਾਂ ਕੋਲੋਂ ਹਥਿਆਰ ਖ੍ਰੀਦ ਕੇ ਉਹਨਾਂ ਵਿਚ ਰਿਵਰਸ ਇੰਜੀਨੀਅਰਿੰਗ (ਹਥਿਆਰ ਖੋਹਲਕੇ ਉਹਨਾਂ ਦੇ ਪੁਰਜਿਆਂ ਵਿਚ ਤਬਦੀਲੀ ਕਰਨਾ) ਰਾਹੀਂ ਉਹਨਾਂ ਨੂੰ ਹੋਰ ਦੇਸ਼ਾਂ ਨੂੰ ਵੇਚਦਾ ਹੈ। 2018 ਤੋਂ ਬਾਅਦ ਭਾਰਤ ਨੇ ਰੂਸ ਕੋਲੋਂ ਹਥਿਆਰ ਖ੍ਰੀਦਣੇ ਕਾਫੀ ਘਟਾ ਦਿੱਤੇ ਹਨ ਅਤੇ ਅਮਰੀਕਾ ਕੋਲੋਂ ਹਥਿਆਰ ਖ੍ਰੀਦਣੇ ਵਧਾ ਦਿੱਤੇ ਹਨ। ਮੱਧ ਪੂਰਵ ਨੇ ਪਿਛਲੇ 5 ਸਾਲਾਂ ਵਿਚ ਹਥਿਆਰ ਖ੍ਰੀਦਣੇ ਕਾਫੀ ਵਧਾ ਦਿੱਤੇ ਹਨ। ਇਹ ਵਾਧਾ 25 ਫੀਸਦੀ ਦਰਜ ਕੀਤਾ ਗਿਆ ਹੈ। ਮੱਧ ਪੂਰਬ ਦੇਸ਼ਾਂ ਵਿਚੋਂ ਸਾਊਦੀ ਅਰਬ, ਮਿਸਰ, ਕਤਰ ਦੇਸ਼ਾਂ ਨੇ ਹਥਿਆਰਾਂ ਦੀ ਖ੍ਰੀਦਦਾਰੀ ਵਿਚ ਕਾਫੀ ਤੇਜੀ ਲਿਆਂਦੀ ਹੈ। ਹਥਿਆਰਾਂ ਦਾ ਕਾਰੋਬਾਰ ਕਾਫੀ ਵਧ ਫੁੱਲ ਰਿਹਾ ਹੈ। ਸਾਮਰਾਜੀ ਤਾਕਤਾਂ ਵਲੋਂ ਆਪਣੇ ਹਥਿਆਰ ਵੇਚਣ ਲਈ ਧਰਤੀ ਦੇ ਇਕ ਜਾਂ ਇਕ ਤੋਂ ਵੱਧ ਟੁਕੜਿਆਂ ਉੱਤੇ ਜੰਗ ਦੇ ਭਾਂਬੜ ਬਾਲਣੇ ਹੁੰਦੇ ਹਨ ਅਤੇ ਆਪਣੇ ਹਥਿਆਰ ਵੇਚਣੇ ਹੁੰਦੇ ਹਨ। ਇਸ ਲਈ ਕਿਹਾ ਜਾਂਦਾ ਹੈ ਕਿ ਸਾਮਰਾਜ ਦਾ ਦੂਜਾ ਨਾਂਅ ਜੰਗ ਹੈ। ਸਾਮਰਾਜ ਜੰਗ ਤੋਂ ਬਿਨਾਂ ਜਿਊਂਦਾ ਨਹੀਂ ਰਹਿ ਸਕਦਾ। ਲੁੱਟ ਦੀ ਮੰਡੀ ਦਾ ਵਿਸਥਾਰ ਕਰਨ ਲਈ ਸਾਮਰਾਜੀ ਜੰਗਾਂ ਨੂੰ ਜਨਮ ਦਿੰਦੇ ਹਨ। ਬੀਤੇ ਵਿਚ ਹੋਈਆਂ ਦੋ ਸੰਸਾਰ ਜੰਗਾਂ ਇਹਨਾਂ ਦੀ ਆਪਸੀ ਖਹਿ-ਭੇੜ ਦਾ ਸਿੱਟਾ ਸਨ। ਸਾਮਰਾਜੀ ਦੂਸਰੇ ਦੇਸ਼ਾਂ ਨੂੰ ਇਕ ਦੂਜੇ ਵਿਰੁੱਧ ਉਕਸਾਉਂਦੇ ਅਤੇ ਭੜਕਾਉਂਦੇ ਹਨ। ਫਿਰ ਆਪਣੀਆਂ ਸ਼ਰਤਾਂ ਉੱਤੇ ਉਹਨਾਂ ਨੂੰ ਹਥਿਆਰ ਵੇਚਕੇ ਉਹਨਾਂ ਦੀ ਆਜਾਦੀ ਖੋਂਹਦੇ ਹਨ। ਆਪਣੇ ਭੈੜੇ ਮਨਸੂਬਿਆਂ ਦੀ ਪੂਰਤੀ ਲਈ ਸਾਮਰਾਜੀ ਇਰਾਕ, ਅਫਗਾਨਿਸਤਾਨ, ਸੀਰੀਆ ਨੂੰ ਜੰਗ ਦਾ ਕੇਂਦਰ ਬਣਾ ਚੁੱਕੇ ਹਨ। ਯਮਨ ਵਿਚ ਤਬਾਹੀ ਕਰ ਰਹੇ ਹਨ। ਹੁਣ ਇਹਨਾਂ ਨੇ ਯੂਕਰੇਨ ਨੂੰ ਆਪਣੀ ਲੜਾਈ ਦਾ ਕੇਂਦਰ ਬਣਾਇਆ ਹੈ।

ਯੂਕਰੇਨ ਪੂਰਬੀ ਯੂਰਪ ਵਿਚ ਆਉਂਦਾ ਹੈ ਅਤੇ ਇਹ ਪ੍ਰਭੂਸੱਤਾ ਸੰਪਨ ਦੇਸ਼ ਹੈ ਜੋ ਪਹਿਲਾਂ ਸੋਵੀਅਤ ਯੂਨੀਅਨ ਦਾ ਹਿੱਸਾ ਸੀ। 1991 ਵਿਚ ਇਹ ਸੋਵੀਅਤ ਯੂਨੀਅਨ ਨਾਲੋਂ ਅਲੱਗ ਹੋਇਆ। ਇਸਦੀ ਹੱਦ ਰੂਸ ਨਾਲ ਵੀ ਲੱਗਦੀ ਹੈ। ਰੂਸ ਅਤੇ ਯੂਕਰੇਨ ਦਰਮਿਆਨ ਪੰਗਾ ਉਸ ਸਮੇਂ ਪਿਆ ਜਦੋਂ ਅਮਰੀਕਾ ਦੀ ਅਗਵਾਈ ਵਾਲੇ ਨਾਟੋ (ਫੌਜੀ ਗੱਠਜੋੜ) ਨੇ ਯੂਕਰੇਨ ਨੂੰ ਨਾਟੋ ਵਿਚ ਸ਼ਾਮਲ ਕਰਨ ਲਈ ਸਰਗਰਮੀਆਂ ਤੇਜ ਕੀਤੀਆਂ। ਜੇਕਰ ਇਹ ਨਾਟੋ ਵਿਚ ਸ਼ਾਮਲ ਹੁੰਦਾ ਹੈ ਤਾਂ ਯੂਕਰੇਨ ਵਿਚ ਪ੍ਰਮਾਣੂ ਹਥਿਆਰਾਂ ਸਮੇਤ ਨਾਟੋ ਆਪਣੇ ਮਾਰੂ ਹਥਿਆਰ ਤਾਇਨਾਤ ਕਰ ਸਕਦਾ ਹੈ ਜਾਣੀ ਕਿ ਰੂਸ ਦੇ ਸਿਰ ਉੱਤੇ।ਜੋ ਰੂਸ ਲਈ ਬਰਦਾਸ਼ਤੋਂ ਬਾਹਰ ਹੈ।

ਸਾਮਰਾਜੀ ਦੇਸ਼ ਕਾਫੀ ਸਮੇਂ ਤੋਂ ਦੂਸਰੇ ਦੇਸ਼ਾਂ ਦੀ ਧਰਤੀ ਉੱਤੇ ਆਪਣੀ ਜੰਗ ਲੜਦੇ ਆਏ ਹਨ। ਪਹਿਲਾਂ ਉਹਨਾਂ ਦੇਸ਼ਾਂ ਨੂੰ ਆਪਣੇ ਹਥਿਆਰਾਂ ਨਾਲ ਖੰਡਰ ਬਣਾਉਂਦੇ ਹਨ ਫਿਰ ਉਹਨਾਂ ਦੇਸ਼ਾਂ ਦੀ ਮੁੜ ਉਸਾਰੀ ਦੇ ਨਾਂਅ ਉੱਤੇ ਵੱਡਾ ਮੁਨਾਫ਼ਾ ਕਮਾਉਂਦੇ ਹਨ। ਉਹਨਾਂ ਦੇਸ਼ਾਂ ਦੇ ਕੁਦਰਤੀ ਸਰੋਤਾਂ ਅਤੇ ਮਿਹਨਤ ਸ਼ਕਤੀ ਦੀ ਲੁੱਟ ਕਰਦੇ ਹਨ ਅਤੇ ਉਹਨਾਂ ਦੇਸ਼ਾਂ ਦੀ ਬਾਂਹ ਮਰੋੜਕੇ ਆਪਣੇ ਹਿੱਤ ਪੂਰਤੀ ਵਾਲੇ ਸਮਝੌਤੇ ਕਰਦੇ ਹਨ। ਮੌਜੂਦਾ ਹਾਲਾਤ ਵਿਚ ਰੂਸ ਅਮਰੀਕਾ ਦੇ ਮਗਰ ਦੁਨੀਆਂ ਦੇ ਦੇਸ਼ਾਂ ਦੀ ਕਤਾਰਬੰਦੀ ਹੋ ਰਹੀ ਹੈ, ਲਾਲਚ ਦੇ ਕੇ ਧਮਕੀਆਂ ਦੇ ਕੇ। ਰੂਸ ਆਏ ਦਿਨ ਯੂਕਰੇਨ ਉੱਤੇ ਫੌਜੀ ਹਮਲੇ ਤੇਜ ਕਰ ਰਿਹਾ ਹੈ।ਫੌਜੀ ਟਿਕਾਣਿਆਂ ਦੇ ਨਾਲ ਨਾਲ ਸਿਵਲੀਅਨ ਇਲਾਕਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਤਬਾਹੀ ਦੀਆਂ ਡਰਾਉਣੀਆਂ ਤਸਵੀਰਾਂ ਸਾਹਮਣੇ ਆ ਰਹੀਆਂ ਹਨ। ਰੂਸੀ ਰਾਸ਼ਟਰਪਤੀ ਪੁਤਿਨ ਯੂਰਪ ਨੂੰ ਧਮਕੀਆਂ ਦੇ ਰਿਹਾ ਹੈ ਕਿ ਜੇਕਰ ਯੂਰਪ ਨੂੰ ਰੂਸ ਲਈ ਨੋ ਫਲਾਈ ਜੋਨ ਐਲਾਨਿਆਂ ਜਾਂਦਾ ਹੈ ਤਾਂ ਇਸਨੂੰ ਯੂਰਪ ਵਲੋਂ ਰੂਸ ਵਿਰੁੱਧ ਜੰਗ ਛੇੜਨ ਵਜੋਂ ਦੇਖਿਆ ਜਾਵੇਗਾ।ਭਾਰਤ ਇਸ ਜੰਗ ਵਿਚ ਆਪਣਾ ਸਟੈਂਡ ਸਪੱਸ਼ਟ ਨਹੀਂ ਕਰ ਸਕਿਆ।

ਇਸ ਜੰਗ ਵਿਚ ਆਰਥਿਕ ਅਤੇ ਵਿੱਤੀ ਪਾਬੰਦੀਆਂ ਦੇ ਵੀ ਹਥਿਆਰ ਵਰਤੇ ਜਾ ਰਹੇ ਹਨ।


ਦੁਨੀਆਂ ਪ੍ਰਮਾਣੂ ਹਥਿਆਰਾਂ ਦੇ ਢੇਰ ਤੇ ਬੈਠੀ ਹੈ। ਅਮਰੀਕਾ ਵਲੋਂ 1945 ਨੂੰ ਜਪਾਨ ਉੱਤੇ ਸੁੱਟੇ ਗਏ ਪ੍ਰਮਾਣੂ ਬੰਬਾਂ ਨਾਲੋਂ ਕਈ ਗੁਣਾਂ ਘਾਤਕ ਬੰਬਾਂ ਦੇ ਢੇਰ ਉੱਤੇ। ਅਮਰੀਕਾ ਨੇ ਜਪਾਨ ਦੇ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ ਉੱਤੇ ਦੋ ਐਟਮੀ ਬੰਬ ਸੁੱਟਕੇ 1 ਲੱਖ 50 ਹਜਾਰ ਲੋਕਾਂ ਨੂੰ ਮਾਰ ਦਿੱਤਾ ਸੀ। ਸਵੀਡਨ ਸਥਿਤ ਸੰਸਥਾ ਥਿੰਕ ਟੈਂਕ 'ਸਕਾਟਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ(ਸਿਪਰੀ) ਪਿਛਲੇ ਸਾਲ ਇਕ ਰਿਪੋਰਟ ਵਿਚ ਕਿਹਾ ਸੀ ਕਿ 2021 ਦੇ ਸ਼ੁਰੂ ਵਿਚ 9 ਦੇਸ਼ਾਂ ਕੋਲ 13400 ਪ੍ਰਮਾਣੂ ਹਥਿਆਰ ਸਨ ਜਿਹਨਾਂ ਵਿਚੋਂ 3720 ਉਹਨਾਂ ਦੀਆਂ ਫੌਜਾਂ ਕੋਲ ਹਨ ਜਿਸ ਵਿਚੋਂ 1800 ਹਥਿਆਰ ਹਾਈ ਅਲਰਟ ਤੇ ਰਹਿੰਦੇ ਹਨ। ਅਮਰੀਕਾ ਕੋਲ 5550 ਪ੍ਰਮਾਣੂ ਹਥਿਆਰ ਹਨ ਜਿਹਨਾਂ ਵਿਚੋਂ 1800 ਹਾਈ ਅਲਰਟ ਤੇ ਹਨ।ਰੂਸ ਕੋਲ 6250 ਪ੍ਰਮਾਣੂ ਹਥਿਆਰ ਹਨ ਜਿਹਨਾਂ ਵਿਚੋਂ 1625 ਹਾਈ ਅਲਰਟ ਤੇ ਹਨ। ਫਰਾਂਸ ਕੋਲ290, ਪਾਕਿਸਤਾਨ ਕੋਲ 165, ਭਾਰਤ ਕੋਲ 156, ਇਸਰਾਇਲ ਕੋਲ90 ਪ੍ਰਮਾਣੂ ਹਥਿਆਰ ਹਨ।

ਦੇਸ਼ਾਂ ਦਰਮਿਆਨ ਯੁੱਧ ਸਿਰਫ ਮਾਰੂ ਹਥਿਆਰਾਂ ਨਾਲ ਹੀ ਨਹੀਂ ਹੁੰਦਾ ਇਹ ਬਹੁ ਪਰਤੀ ਅਤੇ ਕਈ ਅਦਿੱਖ ਮੋਰਚਿਆਂ ਤੇ ਵੀ ਲੜਿਆ ਜਾਂਦਾ ਹੈ। ਯੂਕਰੇਨ ਅਤੇ ਰੂਸੀ ਯੁੱਧ ਜੋ ਦਰਅਸਲ ਫੌਜੀ ਗੱਠਜੋੜ ਨਾਟੋ ਅਤੇ ਰੂਸ ਦਰਮਿਆਨ ਯੁੱਧ ਹੈ ਦੇ ਵਿਚ ਵਿੱਤੀ ਸੰਸਥਾਵਾਂ ਰਾਹੀਂ ਵੀ ਲੜਾਈ ਲੜੀ ਜਾ ਰਹੀ ਹੈ। ਇਕ ਵਿੱਤੀ ਸੰਸਥਾ ਸਵਿਫਟ (ਸੁਸਾਇਟੀ ਫਾਰ ਵਰਡਵਾਈਡ ਇੰਟਰਬੈਂਕ ਫਾਈਨਾਂਸ਼ੀਅਲ ਟੈਲੀ ਕਮਿਊਨੀਕੇਸ਼ਨ) ਹੈ। ਇਹ ਇਕ ਬੈਲਜੀਅਮ ਸਹਿਕਾਰੀ ਸਮਿਤੀ ਹੈ ਜੋ ਦੁਨੀਆਂ ਭਰ ਦੇ ਬੈਂਕਾਂ ਦਰਮਿਆਨ ਵਿੱਤੀ ਲੈਣ ਦੇਣ ਅਤੇ ਭੁਗਤਾਨ ਦੀ ਤਾਮੀਲ ਨਾਲ ਸਬੰਧਤ ਸੇਵਾਵਾਂ ਪ੍ਰਦਾਨ ਕਰਦੀ ਹੈ। ਇਸਦਾ ਮੁੱਖ ਕਾਰਜ ਮੁੱਖ ਸੰਦੇਸ਼ ਨੈੱਟਵਰਕ ਦੇ ਰੂਪ ਵਿਚ ਕੰਮ ਕਰਨਾ ਹੈ ਜਿਸਦੇ ਮਾਧਿਅਮ ਰਾਹੀਂ ਕੌਮਾਂਤਰੀ ਭੁਗਤਾਨ ਸ਼ੁਰੂ ਕੀਤੇ ਜਾਂਦੇ ਹਨ। ਇਹ ਵਿੱਤੀ ਸੰਸਥਾਨਾਂ ਨੂੰ ਸਾਫਟਵੇਅਰ ਅਤੇ ਸੇਵਾਵਾਂ ਵੇਚਦਾ ਹੈ। ਜ਼ਿਆਦਾਤਰ ਆਪਣੀ ਮਾਲਕੀ ਵਾਲੇ 'ਸਵਿਫਨੈੱਟ ਅਤੇ 150 9362 ਬਿਜਨੈਸ ਆਈਡੈਂਟੀਫਾਈਰ ਕੋਡ (ਬੀ.ਆਈ.ਸੀ) ਉੱਤੇ ਵਰਤੋਂ ਲਈ ਜਿਸਨੂੰ 'ਸਵਿਫਟ ਕੋਡ' ਦੇ ਰੂਪ ਵਿਚ ਜਾਣਿਆਂ ਜਾਂਦਾ ਹੈ। ਸਵਿਫਟ 3 ਮਈ 1973 ਨੂੰ ਸਥਾਪਤ ਕੀਤਾ ਗਿਆ ਸੀ ਜਿਸਦਾ ਮੁੱਖ ਦਫਤਰ ਲਾ ਹਲਪੇ ਬੈਲਜੀਅਮ ਵਿਚ ਹੈ। ਇਸਦੇ ਕਰਮਚਾਰੀਆਂ ਦੀ ਗਿਣਤੀ 3000 ਹੈ। ਸੀਮਾ ਪਾਰ ਲੈਣ ਦੇਣ ਦੇ ਸੰਦਰਭ ਵਿਚ, ਇਹ ਕਦਮ ਅਕਸਰ ਸੰਵਾਦਦਾਤਾ ਬੈਂਕਿੰਗ ਖਾਤਿਆਂ ਦੇ ਮਾਧਿਅਮ ਰਾਹੀਂ ਹੁੰਦਾ ਹੈ ਜੋ ਵਿੱਤੀ ਸੰਸਥਾਨਾਂ ਦੇ ਕੋਲ ਇਕ ਦੂਜੇ ਦੇ ਕੋਲ ਹੁੰਦਾ ਹੈ।

2015 ਵਿਚ ਸਵਿਫਟ ਨੇ 200 ਤੋਂ ਵੱਧ ਦੇਸ਼ਾਂ ਅਤੇ ਖੇਤਰਾਂ ਵਿਚ 11000 ਤੋਂ ਵੱਧ ਸੰਸਥਾਨਾਂ ਨੂੰ ਜੋੜਿਆ। ਸਵਿਫਟ ਸੁਰੱਖਿਅਤ ਸੰਦੇਸ਼ ਅਮਰੀਕਾ, ਨੀਦਰਲੈਂਡ ਅਤੇ ਸਵਿਟਜ਼ਰਲੈਂਡ ਵਿਚ ਸਥਿਤ ਤਿੰਨ ਡਾਟਾ ਕੇਂਦਰਾਂ ਤੋਂ ਚਲਾਇਆ ਜਾਂਦਾ ਹੈ। ਡਾਟਾ ਕੇਂਦਰ ਲਗਭਗ ਸਹੀ ਸਮੇਂ ਵਿਚ ਜਾਣਕਾਰੀ ਸਾਂਝਾ ਕਰਦੇ ਹਨ। ਸਵਿਫਟ ਆਪਣੇ ਡਾਟਾ ਸੰਚਾਰਤ ਕਰਨ ਦੇ ਲਈ ਪਣਡੁੱਬੀ ਸੰਚਾਰ ਕੇਬਲ ਦੀ ਵਰਤੋਂ ਕਰਦਾ ਹੈ।

ਸਵਿਫਟ ਵਲੋਂ ਵਿੱਤੀ ਪਾਬੰਦੀਆਂ ਲਾਉਣ ਦਾ ਇਹ ਪਹਿਲਾ ਮੌਕਾ ਨਹੀਂ ਇਸਤੋਂ ਪਹਿਲਾਂ ਸਵਿਫਟ ਵਲੋਂ 2012 ਵਿਚ ਇਰਾਕ ਤੇ ਪਾਬੰਦੀਆਂ ਲਾਈਆਂ ਗਈਆਂ ਸਨ ਜੋ 2016 ਤੱਕ ਲਾਗੂ ਰਹੀਆਂ। ਇਹ ਵੀ ਇਕ ਸੱਚਾਈ ਹੈ ਕਿ ਯੂਰਪੀ ਸੰਘ ਦੇ ਅੰਦਰੂਨੀ ਲੈਣ ਦੇਣ ਉੱਤੇ ਅਮਰੀਕਾ ਦਾ ਨਿਯੰਤਰਣ ਹੈ। ਜਿਸਨੂੰ ਡੈਨਮਾਰਕ ਦਾ ਡੈਨਿਸ਼ ਦੈਨਿਕ ਅਖਬਾਰ ਬਰਲਿੰਗਸਕੇ 26 ਫਰਵਰੀ 2012 ਦੇ ਅੰਕ ਵਿਚ ਪ੍ਰਕਾਸ਼ਿਤ ਕਰ ਚੁੱਕਾ ਹੈ।

ਕਹਿੰਦੇ ਹਨ ਕਿ ਅੱਗ ਅਤੇ ਜੰਗ ਦਾ ਕੋਈ ਪਤਾ ਨਹੀਂ ਹੁੰਦਾ ਕਿ ਇਹ ਕਦੋਂ ਅਤੇ ਕਿਸ ਪਾਸੇ ਫੈਲ ਜਾਵੇ। ਦੂਰ ਬੈਠਕੇ ਜੰਗ ਦੀਆਂ ਗੱਲਾਂ ਕਰਨਾ ਸੌਖਾ ਹੁੰਦਾ ਹੈ ਪਰ ਇਸਦੇ ਸਿੱਟੇ ਆਮ ਅਤੇ ਬੇਕਸੂਰ ਲੋਕਾਂ ਦੀ ਤਬਾਹੀ ਵਿਚ ਨਿਕਲਦੇ ਹਨ। ਸਾਨੂੰ ਨਾ ਸਿਰਫ ਇਸ ਜੰਗ ਦੇ ਛੇਤੀ ਖਤਮ ਹੋਣ ਦੀ ਇੱਛਾ ਕਰਨੀ ਚਾਹੀਦੀ ਹੈ ਸਗੋਂ ਇਸ ਨਿਹੱਕੀ ਜੰਗ ਦਾ ਤਿੱਖਾ ਵਿਰੋਧ ਕਰਨਾ ਚਾਹੀਦਾ ਹੈ।










# Over a barrel: The case for a windfall profits tax to address surging gasoline prices



Do you support a windfall profits tax on oil and gas corporations? Let us know at the bottom of this article and sign up to receive e-mail updates!

The recent surge in oil prices has caused pain at the pumps for many working people, further stoked inflation in the economy, and led to a rash of bad ideas to double down on fossil fuels. The flipside of this economic pain has been massive profits for the oil and gas industry.

Even before Russia's invasion of Ukraine, industry profits rebounded strongly in 2021 after the COVID-induced slowdown of 2020. For example, Canadian Natural Resources booked a record $7.7 billion profit, while Suncor merely flirted with all-time highs at $4 billion. Picture oil execs gleefully throwing money around the boardroom and you're not far off the mark.

This clearly shows it's time to bring in a windfall profits tax on the oil and gas sector. Ideally the tax would be national and revenues redistributed back to households, as transfers to those with low to medium incomes, or be used to support reductions in transit fares and investments that move us off fossil fuels.

In many ways, the oil and gas industry is at the heart of the current conflict in Ukraine. Russia accounts for about 12 per cent of world oil and 17 per cent of gas production. Russia's war on Ukraine is essentially being funded by oil and gas revenues. A boycott of Russian oil and gas represents a major shock in the short term though much depends on the supply response from OPEC countries, who expand and contract production based on their own strategic interests.

Beyond the geopolitics of oil, the unfolding climate crisis is telling us we need to rapidly cut out fossil fuels from our energy diet. This is a bad time to double down on fossil fuels by increasing public funding for the massively over-budget Trans Mountain Pipeline Expansion, reviving Keystone XL pipeline or expanding infrastructure for liquefied natural gas exports.

Another bad political response to pain at the pumps is to cut fuel taxes. In Alberta, for example, Premier Kenney cut the 13 cent-a-litre fuel tax.

Alberta can make this political trade-off because high oil prices translate into higher royalties paid to the government by the industry. In most other provinces cutting fuel taxes cannibalizes the revenues that pay for the very roads and bridges drivers use.

It's not fair that ordinary Canadians are told to sacrifice when shareholders and executives garner massive unearned income. Those windfall industry profits are an example of what economists call an economic rent, which means unearned income by virtue of ownership, as opposed to income that flows from new productive investments in capital equipment or hiring people. Economists consider it both efficient and fair to tax economic rents at a high rate. In the current context, those super-high prices were not necessary to bring today's oil production online.

A windfall profits tax could do much more for people hit by high gas prices at the pump than cutting fuel taxes. Revenues could flow directly to low- and middle-income households that bear the brunt of recent price hikes, unlike fuel tax cuts that also give rebates to the wealthy.

Congressional Democrats in the United States, for example, have proposed a 50 per cent tax per barrel on the differential between current oil prices and the 2015 to 2019 average price of $66 per barrel. An appropriate baseline for Canadian producers would need to be determined for a Canadian tax.

While oil prices seem to have peaked and even come down somewhat, the industry will likely drag its heels on lowering pump prices. This is another reason to bring in a windfall profits tax.

Remember that Canadian oil and gas reserves are a public resource and extraction is publicly subsidized in many ways. Yet, unlike most countries with oil reserves that have created public corporations, Canada has handed extraction and processing to private companies who then gouge consumers at every opportunity.

In the past, governments have stepped in to prevent profiteering during wartime. Today is no different. A windfall profits tax makes sense to ease pain at the pumps while keeping us on a pathway to get off fossil fuels as quickly as possible.

# ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਪਰਮਜੀਤ ਕਾਹਮਾ ਨੂੰ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ





ਨਵਾਂਸ਼ਹਿਰ, (ਜਸਬੀਰ ਦੀਪ) : ਅੱਜ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਬਕਾ ਸੂਬਾਈ ਜਨਰਲ ਸਕੱਤਰ ਪਰਮਜੀਤ ਕਾਹਮਾ ਨੂੰ ਪਿੰਡ ਕਾਹਮਾ ਦੇ ਗੁਰਦੁਆਰਾ ਸਾਹਿਬ ਵਿਖੇ ਵੱਖ ਵੱਖ ਆਗੂਆਂ ਵਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇੱਥੇ ਵਰਨਣਯੋਗ ਹੈ ਕਿ 22 ਮਾਰਚ ਨੂੰ ਸਿਵਲ ਹਸਪਤਾਲ ਨਵਾਂਸ਼ਹਿਰ ਵਿਖੇ ਦਿਲ ਦੀ ਧੜਕਣ ਬੰਦ ਹੋਣ ਕਾਰਨ ਉਹਨਾਂ ਦਾ ਦੇਹਾਂਤ ਹੋ ਗਿਆ ਸੀ। ਸ਼ਰਧਾਂਜਲੀ ਭੇਟ ਕਰਦੇ ਹੋਏ ਸੀ ਪੀ ਆਈ (ਐਮ ਐਲ) ਐਨ ਡੀ ਦੇ ਸੀਨੀਅਰ ਸੂਬਾਈ ਆਗੂ ਦਰਸ਼ਨ ਸਿੰਘ ਖਟਕੜ, ਜ਼ਿਲਾ ਆਗੂਆਂ ਕੁਲਵਿੰਦਰ ਸਿੰਘ ਵੜੈਚ, ਦਲਜੀਤ ਸਿੰਘ ਐਡਵੋਕੇਟ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਗੁਰਬਖਸ਼ ਕੌਰ ਸੰਘਾ, ਸੀ ਪੀ ਆਈ (ਐਮ) ਦੇ ਆਗੂ ਦਰਸ਼ਨ ਸਿੰਘ ਮੱਟੂ, ਸੀ ਪੀ ਆਈ ਐਮ ਐਲ (ਲਿਬਰੇਸ਼ਨ) ਦੇ ਆਗੂ ਹਰਭਗਵਾਨ ਭੀਖੀ,ਹਰੀ ਰਾਮ ਰਸੂਲਪੁਰੀ ਨੇ ਕਿਹਾ ਕਿ ਪਰਮਜੀਤ ਕਾਹਮਾ ਹਿੰਮਤੀ, ਦਲੇਰ ਅਤੇ ਅਗਵਾਈ ਦੇਣ ਵਾਲੇ ਜੁਝਾਰੂ ਆਗੂ ਸਨ। ਉਹਨਾਂ ਦੀ ਅਗਵਾਈ ਵਿਚ ਪੀ ਐਸ ਯੂ ਨੇ ਕਈ ਘੋਲ ਲੜੇ। ਉਹ ਫੁੱਟਬਾਲ ਦੇ ਚੰਗੇ ਖਿਡਾਰੀ ਅਤੇ ਸੁਲਝੇ ਹੋਏ ਕਵੀ ਸਨ। ਉਹਨਾਂ ਦੇ ਤੁਰ ਜਾਣ ਨਾਲ ਪਰਿਵਾਰ ਅਤੇ ਸਮਾਜ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਮਾਜ ਸੇਵੀ ਅਤੇ ਢਾਹਾਂ ਹਸਪਤਾਲ ਦੇ ਪ੍ਰਧਾਨ ਹਰਦੇਵ ਸਿੰਘ ਕਾਹਮਾ, ਪ੍ਰਗਤੀਸ਼ੀਲ ਲੇਖਕ ਮੰਚ ਪੰਜਾਬ ਦੇ ਪ੍ਰਧਾਨ ਡਾਕਟਰ ਸੁਰਜੀਤ ਜੱਜ, ਪ੍ਰਿੰ. ਜਸਪਾਲ ਸਿੰਘ, ਸਵਿੰਦਰ ਸਿੰਘ ਬੈਂਸ ਸੇਵਾ ਮੁਕਤ ਐਸ ਪੀ, ਸਵਰਨ ਸਿੰਘ ਕਾਹਮਾ ਨੰਬਰਦਾਰ, ਕਾਂਗਰਸ ਪਾਰਟੀ ਦੇ ਆਗੂ ਸਤਵੀਰ ਸਿੰਘ ਪੱਲੀ ਝਿੱਕੀ, ਪੀਐਫਏ ਦੇ ਸਕੱਤਰ ਹਰਜਿੰਦਰ ਸਿੰਘ ਨੇ ਕਿਹਾ ਕਿ ਉਹ ਸ਼ਹੀਦ ਭਗਤ ਸਿੰਘ ਫੁਟਬਾਲ ਟੂਰਨਾਮੈਂਟ ਕਮੇਟੀ ਬੰਗਾ ਦੇ ਵਿੱਤ ਸਕੱਤਰ ਸਨ ਅਤੇ ਬੰਗਾ ਵਿਖੇ ਹਰ ਸਾਲ ਕਰਵਾਏ ਜਾਂਦੇ ਸੂਬਾ ਪੱਧਰੀ ਫੁਟਬਾਲ ਟੂਰਨਾਮੈਂਟ ਨੂੰ ਉਹਨਾਂ ਦੀ ਵਿਸ਼ੇਸ਼ ਦੇਣ ਹੈ ਜਿਸਨੂੰ ਸਦਾ ਯਾਦ ਕੀਤਾ ਜਾਂਦਾ ਰਹੇਗਾ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਬਲੱਡ ਡੋਨਰਜ਼ ਕੌਂਸਲ ਨਵਾਂਸ਼ਹਿਰ, ਦੋਆਬਾ ਫੁਟਬਾਲ ਕਲੱਬ ਖੇੜਾ(ਮਾਹਲ ਪੁਰ) ਪਲਸ ਮੰਚ, ਡੀਐਫਏ ਸ਼ਹੀਦ ਭਗਤ ਸਿੰਘ ਨਗਰ, ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਨਵਾਂਸ਼ਹਿਰ, ਜੀਵਨ ਜਾਗ੍ਰਿਤੀ ਮੰਚ ਗੜ੍ਹਸ਼ੰਕਰ ਵਲੋਂ ਭੇਜੇ ਸ਼ੋਕ ਸੰਦੇਸ਼ ਵੀ ਪੜ੍ਹੇ ਗਏ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਸਮਰਾ, ਬੂਟਾ ਸਿੰਘ ਮਹਿਮੂਦ ਪੁਰ, ਸੱਤਪਾਲ ਸਲੋਹ, ਪ੍ਰਿੰ. ਹਰਜੀਤ ਸਿੰਘ ਮਾਹਲ, ਪ੍ਰਿੰ. ਬਿੱਕਰ ਸਿੰਘ ਗੜ੍ਹਸ਼ੰਕਰ, ਐਡਵੋਕੇਟ ਪਰਮਜੀਤ ਚਾਹਲ,ਐਮ ਪੀ ਏ ਪੀ ਦੇ ਸੂਬਾਈ ਆਗੂ ਜਸਵਿੰਦਰ ਭੋਗਲ, ਸਾਹਿਤਕਾਰ ਅਜਮੇਰ ਸਿੱਧੂ, ਰੁਪਿੰਦਰ ਕੌਰ ਦੁਰਗਾ ਪੁਰ ਪ੍ਰਵੀਨ ਕੁਮਾਰ ਨਿਰਾਲਾ, ਸੁਰਿੰਦਰ ਸਿੰਘ ਬੈਂਸ, ਸੰਧੂ ਵਰਿਆਣਵੀ, ਹਰਬੰਸ ਹੀਉਂ, ਜਸਪਾਲ ਸਿੰਘ ਗਿੱਦਾ, ਮਾਸਟਰ ਮੁਕੇਸ਼ ਕੁਮਾਰ, ਹਰਬੰਸ ਗੋਹਲੜੋਂ, ਮਾਸਟਰ ਨਰਿੰਦਰ ਸਿੰਘ ਉੜਾਪੜ, ਹਰਸ਼ਰਨ ਸਿੰਘ ਭਾਤਪੁਰ, ਮਾਸਟਰ ਪ੍ਰੀਤਮ ਸਿੰਘ ਲੱਲੀਆਂ, ਜਸਵੰਤ ਖਟਕੜ, ਮਾਸਟਰ ਸਰਬਜੀਤ ਮੰਗੂਵਾਲ, ਤਰਸੇਮ ਸਿੰਘ ਬੈਂਸ, ਲਾਲ ਸਿੰਘ ਬੈਂਸ, ਬਲਜੀਤ ਸਿੰਘ ਧਰਮਕੋਟ, ਅਵਤਾਰ ਸਿੰਘ ਤਾਰੀ, ਗੁਰਦਿਆਲ ਰੱਕੜ, ਕਮਲਜੀਤ ਸਨਾਵਾ, ਬਲਵੀਰ ਸਿੰਘ ਸੰਘਾ ਦਰਸ਼ਨ ਸਿੰਘ ਕਾਹਮਾ, ਸੁੱਚਾ ਸਿੰਘ ਕਾਹਮਾ, ਅਮਰਜੀਤ ਸਿੰਘ ਕਾਹਮਾ, ਪਰਮਜੀਤ ਕਾਹਮਾ ਦੀ ਪਤਨੀ ਸੁਨੀਤਾ ਕਾਹਮਾ, ਉਹਨਾਂ ਦੇ ਪੁੱਤਰ ਸਚਿਨ ਕਾਹਮਾ ਅਤੇ ਹੋਰ ਵੀ ਸ਼ਖਸੀਅਤਾਂ ਮੌਜੂਦ ਸਨ।

# Letter to the Canadian Government through Federal Members of Parliament

This is to inform you, esteemed Members of Parliament, that hundreds of international students have been cheated by some Quebec-based educational institutions (Montreal) using the Canadian visa program for students. While the government allowed educational institutions to use this legal document to bring in many international students to the country, they demand exorbitant legal and other fees, after which they declare bankruptcy leaving the status of the poor victims in limbo.

We therefore request, the Canadian government to (1)arrange these international students to another school or college to enable them to complete the remainder of their study and extend the validity of their visa, (2) to take responsibility of paying the cost of their education since they have paid the course in full and they come to the country legally, unaware that these unscrupulous educational institutions are using this process as a money-making scheme. All these students are under extreme mental and financial stress, and now forming a negative image of Canada because of the unpleasant experience they suffered, and finally (3) to investigate vigorously these educational institutions and prosecute those guilty individuals and organizations to the full extent of the law for victimizing innocent international students and discrediting the good image of Canada to the whole world.

We hope, you will take it serious and act on it as soon as possible.

1-Pro-people arts project media group (Sarokaran di awaz)

2-Punjabi Literary and Cultural Association Winnipeg

Harnek Dhaliwal

3-Progressive cultural association Calagary

Master bhajan singh

4-Sikh Virsa Magzine Calgary

Harcharan Parhar

5-East Indian Defence committee Vancouver -Iqbal singh Purewal

**– Kuldip Boparai and Harbans Singh (PRO – PEOPLE ARTS PROJECT MEDIA GROUP)**

ਹਿੰਸਾ ਦੇ ਪੁਜਾਰੀ

# ਅਦਿੱਤਿਆਨਾਥ ਦਾ ਦਹਿਸ਼ਤੀ ਰਾਜ



ਬੂਟਾ ਸਿੰਘ ਨਵਾਂਸ਼ਹਿਰ
94634-74342

(ਪਿਛਲੇ ਅੰਕ ਦੀ ਬਾਕੀ)

ਅਵੈਦਿਆਨਾਥ ਇਸ ਸਮੇਂ ਤੱਕ ਭਾਜਪਾ ਵਿਚ ਸ਼ਾਮਿਲ ਹੋ ਗਿਆ ਸੀ – ਉਹ ਪਹਿਲਾਂ 1991 'ਚ ਅਤੇ ਫਿਰ 1996 'ਚ ਗੋਰਖ਼ਪੁਰ ਤੋਂ ਸੰਸਦ ਮੈਂਬਰ ਚੁਣਿਆ ਗਿਆ ਸੀ। ਹਾਲਾਂਕਿ ਉਸ ਨੇ ਇਸ ਅਹੁਦੇ ਲਈ ਚੋਣ ਭਾਜਪਾ ਦੀ ਟਿਕਟ 'ਤੇ ਲੜੀ ਸੀ, ਉਸ ਨੇ ਇਕ ਹੱਦ ਤੱਕ ਖ਼ੁਦਮੁਖਤਿਆਰੀ ਬਣਾਈ ਰੱਖੀ - ਪ੍ਰਥਾ ਜੋ ਅਦਿੱਤਿਆਨਾਥ ਨੇ ਵੀ ਬਰਕਰਾਰ ਰੱਖੀ ਹੈ। ਅਵੈਦਿਆਨਾਥ ਨੇ ਆਪਣੇ ਚੇਲੇ ਲਈ ਜਗ੍ਹਾ ਬਣਾ ਕੇ ਛੇਤੀ ਹੀ ਚੋਣ ਰਾਜਨੀਤੀ ਤੋਂ ਸੰਨਿਆਸ ਲੈ ਲਿਆ। 1998 'ਚ, ਅਦਿੱਤਿਆਨਾਥ ਲੋਕ ਸਭਾ ਵਿਚ ਸਭ ਤੋਂ ਘੱਟ ਉਮਰ ਦਾ ਸੰਸਦ ਮੈਂਬਰ ਬਣਿਆ।

ਅਵੈਦਿਆਨਾਥ ਦੀ 2014 'ਚ 95 ਸਾਲ ਦੀ ਉਮਰ 'ਚ ਮੌਤ ਹੋ ਗਈ। ਮੋਦੀ, ਜੋ ਉਸ ਸਾਲ ਪ੍ਰਧਾਨ ਮੰਤਰੀ ਬਣਿਆ ਸੀ, ਨੇ ਕਿਹਾ ਕਿ ਉਸ ਨੂੰ "ਉਸ ਦੇ ਦੇਸ਼ ਭਗਤੀ ਦੇ ਜਜ਼ਬੇ ਅਤੇ ਸਮਾਜ ਦੀ ਸੇਵਾ ਲਈ ਉਸ ਦੇ ਦ੍ਰਿੜ ਯਤਨਾਂ ਲਈ" ਚੇਤੇ ਕੀਤਾ ਜਾਵੇਗਾ।

ਆਖ਼ਿਰਕਾਰ ਅਦਿੱਤਿਆਨਾਥ ਨੇ ਮਹੰਤ ਦਾ ਅਹੁਦਾ ਸੰਭਾਲ ਲਿਆ। ਅਵੈਦਿਆਨਾਥ ਦੇ ਅਧੀਨ ਉਸ ਦੀ ਤਕੜੀ ਸਿਖਲਾਈ ਹੋ ਚੁੱਕੀ ਸੀ, ਅਤੇ ਉਹ ਪਹਿਲਾਂ ਹੀ ਗੋਰਖ਼ਪੁਰ ਤੋਂ ਚਾਰ ਵਾਰ ਸੰਸਦ ਮੈਂਬਰ ਰਹਿ ਚੁੱਕਾ ਸੀ। 2002 'ਚ ਉਸ ਨੇ ਹਿੰਦੂ ਯੁਵਾ ਵਾਹਿਨੀ ਬਣਾ ਲਈ ਸੀ, ਜੋ ਪਿਛਲੇ ਦਹਾਕੇ ਵਿਚ ਉਸ ਲਈ ਆਪਣਾ ਖ਼ੁਦ ਦਾ ਲੜਾਕੂ ਸ਼ਕਤੀ ਅਧਾਰ ਵਿਕਸਤ ਕਰਨ 'ਚ ਸਹਾਈ ਹੋਈ। ਇਸ ਗਰੁੱਪ ਨੇ ਜਿੱਥੇ ਪੂਰੇ ਰਾਜ ਵਿਚ ਹਿੰਦੂਤਵ ਫਾਇਰਬਰੈਂਡ ਦੇ ਰੂਪ ਵਿਚ ਉਸ ਦਾ ਅਕਸ ਮਜ਼ਬੂਤ ਕੀਤਾ, ਉੱਥੇ ਗੋਰਖ਼ਪੁਰ ਨੇ ਉਸ ਦੇ ਸੱਤਾ ਦੇ ਤਖ਼ਤ ਦੀ ਭੂਮਿਕਾ ਨਿਭਾਈ, ਜਿੱਥੋਂ ਉਸ ਨੇ ਪੂਰਬੀ ਉੱਤਰ ਪ੍ਰਦੇਸ਼ ਵਿਚ ਆਪਣਾ ਦਬਦਬਾ ਕਾਇਮ ਕੀਤਾ।

ਮੱਠ ਵਿਚ ਸ਼ਾਮਲ ਹੋਣ ਤੋਂ ਬਾਦ, ਅਦਿੱਤਿਆਨਾਥ ਨੇ ਜ਼ਿਆਦਾਤਰ ਸ਼ੁਰੂਆਤੀ ਵਕਤ ਗਾਵਾਂ ਦੀ ਦੇਖਭਾਲ ਕਰਦਿਆਂ, ਆਪਣੇ ਗੁਰੂ ਦੀ ਸੇਵਾ ਕਰਦਿਆਂ ਅਤੇ ਆਪਣੀ ਨਵੀਂ ਦੁਨੀਆ 'ਚ ਆਪਣੇ ਪੈਰ ਜਮਾਉਂਦਿਆਂ ਗੁਜ਼ਾਰਿਆ। 1996 ਦੀਆਂ ਗਰਮੀਆਂ 'ਚ, ਅਦਿੱਤਿਆਨਾਥ ਨੇ ਅਨਿਸ਼ਚਿਤਤਾ ਤਿਆਗ ਦਿੱਤੀ ਅਤੇ ਮਹਾਰਾਣਾ ਪ੍ਰਤਾਪ ਇੰਟਰ ਕਾਲਜ - ਜੋ ਗੋਰਖਨਾਥ ਮੱਠ ਦੁਆਰਾ ਚਲਾਈ ਜਾਂਦੀ ਸੰਸਥਾ ਹੈ, ਦੀ ਵਰਤੋਂ ਕਰਦੇ ਹੋਏ ਨਵੀਂ ਸ਼ੁਰੂਆਤ ਕਰਨ ਲਈ ਜਨਤਕ ਤੌਰ 'ਤੇ ਸਾਹਮਣੇ ਆ ਗਿਆ। ਕਾਲਜ ਦੇ ਪਾੜ੍ਹਿਆਂ ਦੀ ਸ਼ਹਿਰ ਦੇ ਗੋਲਘਰ ਬਾਜ਼ਾਰ ਵਿਚ ਦੁਕਾਨਦਾਰਾਂ ਨਾਲ ਲੜਾਈ ਹੋ ਗਈ ਸੀ, ਅਦਿੱਤਿਆਨਾਥ ਨੇ ਉਨ੍ਹਾਂ ਦੀ ਡੱਟ ਕੇ ਹਮਾਇਤ ਕੀਤੀ।

ਸੁਨੀਲ ਸਿੰਘ ਨੇ ਮੈਨੂੰ ਦੱਸਿਆ, "ਉਦੋਂ ਮੈਂ ਪਹਿਲੀ ਵਾਰ ਅਦਿੱਤਿਆਨਾਥ ਨੂੰ ਦੇਖਿਆ। ਉਹ ਵਿਦਿਆਰਥੀਆਂ ਦੇ ਮੁੱਦੇ ਨੂੰ ਉਠਾਉਣ ਲਈ ਆਤਮਵਿਸ਼ਵਾਸ ਅਤੇ ਦ੍ਰਿੜ ਸੰਕਲਪ ਜਾਪਦਾ ਸੀ। ਮੈਂ ਉਸ ਤੋਂ ਸੱਚਮੁੱਚ ਪ੍ਰਭਾਵਿਤ ਹੋਇਆ।" ਕਾਲਜ ਦੇ ਸਾਬਕਾ ਵਿਦਿਆਰਥੀ ਸਿੰਘ ਨੇ ਇਕਮੁੱਠਤਾ ਦਿਖਾਉਣ ਲਈ ਕੈਂਪਸ ਦਾ ਗੇੜਾ ਮਾਰਿਆ। ਸਿੰਘ ਨੇ ਦੱਸਿਆ, "ਲੜਾਈ ਮਾਮੂਲੀ ਗੱਲ ਨੂੰ ਲੈ ਕੇ ਸ਼ੁਰੂ ਹੋਈ ਸੀ, ਪਰ ਇਹ ਦੋਵੇਂ ਧਿਰਾਂ ਵਿਚਕਾਰ ਵੱਡੇ ਟਕਰਾਅ 'ਚ ਬਦਲ ਗਈ, ਜਿਸ ਦੇ ਨਤੀਜੇ ਵਜੋਂ ਪੁਲਿਸ ਵਿਦਿਆਰਥੀਆਂ ਦਾ ਪਿੱਛਾ ਕਰਦੀ ਹੋਸਟਲ ਤੱਕ ਗਈ।" "ਜਦੋਂ ਤਣਾਅ ਜ਼ਿਆਦਾ ਸੀ, ਅਦਿੱਤਿਆਨਾਥ ਕਾਲਜ ਦੇ ਹੋਸਟਲ ਵਿਚ ਗਿਆ। ਉਸ ਦੀ ਮੌਜੂਦਗੀ ਨੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਇਆ। ਉਹ ਉਸ ਦੇ ਪਿੱਛੇ ਲਾਮਬੰਦ ਹੋ ਗਏ ਅਤੇ ਪੁਲਿਸ ਨੂੰ ਪਿੱਛੇ ਹਟਣਾ ਪਿਆ।"

ਸਿੰਘ ਅਤੇ ਉਸ ਦੇ ਸਾਥੀਆਂ ਨੂੰ ਅਦਿੱਤਿਆਨਾਥ ਵਿਚ ਆਪਣਾ ਆਦਰਸ਼ ਮਿਲ ਗਿਆ। ਅਗਲੀ ਸਵੇਰ ਸਿੰਘ ਆਪਣੇ ਮਿੱਤਰਾਂ ਅਸ਼ੀਸ਼ ਸਿੰਘ ਸ਼੍ਰੀਨਾਤੇ, ਅਮਿਤ ਸਿੰਘ, ਕੁਮਾਰ ਗੌਰਵ ਅਤੇ ਮੈਯੰਕ ਤ੍ਰਿਪਾਠੀ ਨਾਲ ਅਦਿੱਤਿਆਨਾਥ ਦੇ ਦਰਸ਼ਨਾਂ ਕਰਨ ਲਈ ਮੰਦਰ 'ਚ ਜਾ ਪਹੁੰਚਿਆ। ਸਿੰਘ ਨੇ ਚੇਤੇ ਕੀਤਾ ਕਿ ਉਹ ਉਨ੍ਹਾਂ ਨੂੰ "ਮੰਦਰ ਨਾਲ ਸੰਬੰਧਤ ਗਊਸ਼ਾਲਾ ਵਿਚ ਉਸਾਰੀ ਦੇ ਕੰਮ ਦੀ ਨਿਗਰਾਨੀ ਕਰਦਾ ਹੋਇਆ ਮਿਲਿਆ। ਸਾਨੂੰ ਦੇਖ ਕੇ ਉਸ ਨੇ ਆਪਣਾ ਕੰਮ ਛੱਡ ਦਿੱਤਾ। ਉਹ ਸਾਡੇ ਨਾਮ ਅਤੇ ਜਾਤ ਪੁੱਛ ਕੇ ਸੰਤ ਆਸ਼ਰਮ ਵਿਚ ਆਪਣੇ ਕਮਰੇ 'ਚ ਲੈ ਗਿਆ। ਅਸੀਂ ਗੋਰਖ਼ਪੁਰ ਦੇ ਰਾਜਨੀਤਿਕ ਮਾਹੌਲ ਅਤੇ ਠਾਕੁਰਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਲੰਬੀ ਚਰਚਾ ਕੀਤੀ।" ਸਿੰਘ ਖ਼ੁਦ ਵੀ ਠਾਕੁਰ ਹੈ।

ਸਿੰਘ ਅਤੇ ਉਸ ਦੇ ਸਾਥੀਆਂ ਨੇ ਰੋਜ਼ਾਨਾ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਮਿਲ ਕੇ ਆਪਣੇ ਉਦੇਸ਼ ਲਈ ਹੋਰ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕਰ ਕੀਤਾ। ਸਿੰਘ ਨੇ ਦੱਸਿਆ, "ਅਸੀਂ ਗਊਸ਼ਾਲਾ ਦੇ ਨੇੜੇ ਜ਼ਮੀਨ ਵੀ ਪੱਧਰੀ ਕੀਤੀ ਅਤੇ ਉੱਥੇ ਬੈਡਮਿੰਟਨ ਖੇਡਣਾ ਸ਼ੁਰੂ ਕੀਤਾ।" ਅਦਿੱਤਿਆਨਾਥ ਦੀ ਜਿਸ ਗੱਲ ਨੇ ਉਨ੍ਹਾਂ ਨੂੰ ਖ਼ਾਸ ਤੌਰ 'ਤੇ ਪ੍ਰਭਾਵਿਤ ਕੀਤਾ ਉਹ ਸੀ "ਉਸ ਨੇ ਗੋਰਖ਼ਪੁਰ ਵਿਚ ਠਾਕੁਰਾਂ ਦੀ ਸਥਿਤੀ ਨੂੰ ਸਮਝਣ 'ਚ ਖ਼ਾਸ ਦਿਲਚਸਪੀ ਲਈ।"

ਅਦਿੱਤਿਆਨਾਥ ਨੇ ਆਪਣੇ ਆਪ ਨੂੰ ਖੇਤਰ ਦੀ ਤਣਾਉਪੂਰਨ ਜਾਤਪਾਤੀ ਗਤੀਸ਼ੀਲਤਾ ਦੇ ਕੇਂਦਰ 'ਚ ਰੱਖਣਾ ਸ਼ੁਰੂ ਕਰ ਦਿੱਤਾ ਸੀ। ਗੋਰਖ਼ਪੁਰ ਦੇ ਇਕ ਸੀਨੀਅਰ ਪੱਤਰਕਾਰ ਮਨੋਜ ਕੁਮਾਰ ਨੇ ਮੈਨੂੰ ਦੱਸਿਆ, "ਇਹ ਜਾਤੀ ਅਧਾਰਤ ਭੇਦਭਾਵ ਵਾਂਗ ਜਾਪਦਾ ਹੈ, ਪਰ ਇਹ ਇਸ ਤੋਂ ਵੀ ਅੱਗੇ ਹੈ।" ਇਹ ਉਹ ਵਕਤ ਸੀ ਜਦੋਂ ਦੋ ਗੈਂਗਸਟਰਾਂ – ਹਰੀਸ਼ੰਕਰ ਤਿਵਾਰੀ ਜੋ ਬ੍ਰਾਹਮਣ ਸੀ, ਅਤੇ ਠਾਕੁਰ ਵਰਿੰਦਰ ਪ੍ਰਤਾਪ ਸ਼ਾਹੀ – ਦੀ ਜਾਤੀ ਅਧਾਰਤ ਦੁਸ਼ਮਣੀ ਦਾ ਗੋਰਖ਼ਪੁਰ ਉੱਪਰ ਬੋਲਬਾਲਾ ਸੀ। ਇੱਥੋਂ ਤੱਕ ਕਿ ਅਦਿੱਤਿਆਨਾਥ ਦੀ ਤਾਕਤ ਦਾ ਮੁੱਖ ਸਰੋਤ ਗੋਰਕਸ਼ਾਪੀਠ ਮੱਠ ਵੀ ਠਾਕੁਰ ਮੱਠ ਵਜੋਂ ਮਸ਼ਹੂਰ ਸੀ।

ਠਾਕੁਰ ਦੇ ਦਬਦਬੇ ਵਾਲੇ ਖੇਤਰ ਦਾ ਸਿਰਮੌਰ ਆਗੂ ਬਣਨ ਲਈ ਅਦਿੱਤਿਆਨਾਥ ਨੂੰ ਪਹਿਲਾਂ ਸਿਰਮੌਰ ਠਾਕੁਰ ਨੇਤਾ ਬਣਨਾ ਪੈਣਾ ਸੀ। 1996 ਦੀਆਂ ਲੋਕ ਸਭਾ ਚੋਣਾਂ ਵਿਚ ਅਵੈਦਿਆਨਾਥ ਨੂੰ ਵੀਰੇਂਦਰ ਪ੍ਰਤਾਪ ਸ਼ਾਹੀ ਤੋਂ ਗੰਭੀਰ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਜੋ ਗੋਰਖ਼ਪੁਰ ਸੀਟ ਲਈ ਸਮਾਜਵਾਦੀ ਪਾਰਟੀ ਦੀ ਟਿਕਟ 'ਤੇ ਚੋਣ ਲੜ ਰਿਹਾ ਸੀ, ਅਤੇ ਦੂਜੇ ਸਥਾਨ 'ਤੇ ਰਿਹਾ ਸੀ। 1997 'ਚ ਇਕ ਉੱਭਰ ਰਹੇ ਬ੍ਰਾਹਮਣ ਗੈਂਗਸਟਰ ਸ੍ਰੀ ਪ੍ਰਕਾਸ਼ ਸ਼ੁਕਲਾ ਵੱਲੋਂ ਸ਼ਾਹੀ ਦਾ ਕਤਲ ਗੋਰਖ਼ਪੁਰ ਵਿਚ ਠਾਕੁਰਾਂ ਦੇ ਦਬਦਬੇ ਲਈ ਪਛਾੜ ਜਾਪਦਾ ਸੀ, ਪਰ ਇਸ ਨੇ ਅਦਿੱਤਿਆਨਾਥ ਨੂੰ ਖਾਲੀ ਥਾਂ ਭਰਨ ਦਾ ਮੌਕਾ ਵੀ ਦਿੱਤਾ।

1998 'ਚ ਅਗਲੀਆਂ ਲੋਕ ਸਭਾ ਚੋਣਾਂ ਵਿਚ, ਅਵੈਦਿਆਨਾਥ ਨੇ ਚੋਣ ਨਾ ਲੜਨ ਦਾ ਫ਼ੈਸਲਾ ਕੀਤਾ ਅਤੇ ਆਪਣੇ ਜਾਨਸ਼ੀਨ ਨੂੰ ਭਾਜਪਾ ਉਮੀਦਵਾਰ ਬਣਨ ਦੀ ਇਜਾਜ਼ਤ ਦੇ ਦਿੱਤੀ। ਹਾਲਾਂਕਿ ਉਹ ਸਮਾਜਵਾਦੀ ਪਾਰਟੀ ਦੇ ਉਮੀਦਵਾਰ ਜਮਨਾ ਪ੍ਰਸਾਦ ਨਿਸ਼ਾਦ, ਜੋ ਕਿ ਹੋਰ ਪਛੜੀਆਂ ਸ਼੍ਰੇਣੀਆਂ 'ਚੋਂ ਸੀ, ਦੇ ਵਿਰੁੱਧ ਜਿੱਤ ਗਿਆ, ਪਰ ਜਿੱਤ ਦਾ ਅੰਤਰ 1996 ਵਾਲੇ ਤੋਂ ਤੇਜ਼ੀ ਨਾਲ ਘੱਟ ਗਿਆ ਸੀ। ਮੁਸਲਮਾਨਾਂ ਅਤੇ ਓ.ਬੀ.ਸੀ. 'ਚ ਹਮਾਇਤੀ ਆਧਾਰ ਵਾਲੀ ਸਮਾਜਵਾਦੀ ਪਾਰਟੀ ਭਾਜਪਾ ਦੇ ਪਾੜੇ ਨੂੰ ਤੇਜ਼ੀ ਨਾਲ ਭਰਦੀ ਜਾਪਦੀ ਸੀ, ਜੋ ਅਦਿੱਤਿਆਨਾਥ ਨੂੰ ਅਨਿਸ਼ਚਿਤ ਸਿਆਸੀ ਹੋਣੀ ਵੱਲ ਲਿਜਾ ਰਹੀ ਸੀ।

ਅਦਿੱਤਿਆਨਾਥ ਦੀ ਅਗਵਾਈ ਹੇਠ ਫਿਰਕੂ ਹਮਲਿਆਂ ਦੀ ਸੂਚੀ ਦਿੰਦਿਆਂ ਸੁਨੀਲ ਸਿੰਘ ਨੇ ਕਿਹਾ, "ਇਸ ਪਿਛੋਕੜ 'ਚ ਗੋਰਖ਼ਪੁਰ ਅਤੇ ਨੇੜਲੇ ਖੇਤਰਾਂ 'ਚ ਖੁੱਲ੍ਹੇਆਮ ਮੁਸਲਿਮ ਵਿਰੋਧੀ ਫਿਰਕੂ ਰਾਜਨੀਤੀ ਸ਼ੁਰੂ ਹੋਈ।.... ਮੈਂ ਲੱਗਭੱਗ ਸਭ ਘਟਨਾਵਾਂ ਵਿਚ ਉਸ ਦੇ ਨਾਲ ਸੀ। ਸ਼ਾਇਦ ਹੀ ਕੋਈ ਅਜਿਹਾ ਮਾਮਲਾ ਹੋਵੇ ਜਿਸ ਵਿਚ ਮੈਂ ਉਸ ਦੇ ਨਾਲ ਦੋਸ਼ੀ ਨਾ ਰਿਹਾ ਹੋਵਾਂ।"

ਇਨ੍ਹਾਂ ਵਿੱਚੋਂ ਸਭ ਤੋਂ ਬਦਨਾਮ 1999 ਦਾ ਪੰਚਰੁਖੀਆ ਕਾਂਡ ਸੀ। ਸਿੰਘ ਨੇ ਦੱਸਿਆ, "ਅਸੀਂ ਮਹਾਰਾਜਗੰਜ ਵਿਚ ਸੀ ਜਦੋਂ ਖ਼ਬਰ ਆਈ ਕਿ ਕਿਸੇ ਨੇ ਇਕ ਪਿੱਪਲ ਦਾ ਪੌਦਾ ਪੱਟ ਦਿੱਤਾ ਹੈ, ਜੋ ਕਿ ਕੁਝ ਸਥਾਨਕ ਹਿੰਦੂਆਂ ਦੁਆਰਾ ਲਗਾਇਆ ਗਿਆ ਸੀ। ਇਸ ਨੂੰ ਹਟਾਉਣ ਵਾਲਿਆਂ ਨੇ ਦਾਅਵਾ ਕੀਤਾ ਕਿ ਜਿਸ ਜਗ੍ਹਾ ਇਸ ਨੂੰ ਲਾਇਆ ਗਿਆ ਸੀ ਉਹ ਮੁਸਲਮਾਨ ਕਬਰਿਸਤਾਨ ਦਾ ਹਿੱਸਾ ਸੀ। ਅਦਿੱਤਿਆਨਾਥ ਨੇ ਤੁਰੰਤ ਐਲਾਨ ਕੀਤਾ ਕਿ ਉਹ ਉਸੇ ਥਾਂ 'ਤੇ ਦੁਬਾਰਾ ਪਿਪਲ ਦਾ ਪੌਦਾ ਲਗਾਉਣ ਲਈ ਸਿੱਧਾ ਪੰਚਰੁਖੀਆ ਜਾਵੇਗਾ।" ਇਸ ਐਲਾਨ ਨਾਲ ਸਥਾਨਕ ਪ੍ਰਸ਼ਾਸਨ ਚੁਕੰਨਾ ਹੋ ਕੇ ਹਰਕਤ 'ਚ ਆ ਗਿਆ। "ਅਸੀਂ ਝੱਟਪੱਟ ਉਸ ਪਿੰਡ ਪਹੁੰਚ ਗਏ, ਪਰ, ਇਸ ਤੋਂ ਪਹਿਲਾਂ ਕਿ ਅਸੀਂ ਆਪਣੀ ਕਾਰਵਾਈ ਨੂੰ ਅੰਜਾਮ ਦਿੰਦੇ, ਪੁਲਿਸ ਨੇ ਆ ਕੇ ਸਾਨੂੰ ਉੱਥੋਂ ਦਬੱਲ ਦਿੱਤਾ।"

ਅਦਿੱਤਿਆਨਾਥ ਦਾ ਕਾਫ਼ਲਾ ਪਿੰਡ ਤੋਂ ਭੱਜ ਤੁਰਿਆ, ਪਰ ਉਨ੍ਹਾਂ ਨੂੰ ਤਲਤ ਅਜ਼ੀਜ਼ ਦੀ ਅਗਵਾਈ ਵਿਚ ਸਮਾਜਵਾਦੀ ਪਾਰਟੀ ਦੇ ਵਰਕਰਾਂ ਨੇ ਰੁਕਣ ਲਈ ਮਜਬੂਰ ਕਰ ਦਿੱਤਾ ਜੋ ਅਦਾਲਤ ਵਿਚ ਗ੍ਰਿਫ਼ਤਾਰੀ ਦੇਣ ਲਈ ਪਿੰਡ ਦੀ ਮੁੱਖ ਸੜਕ 'ਤੇ ਇਕੱਠੇ ਹੋਏ ਸਨ। ਉਹ ਰਾਜ ਦੀ ਸੱਤਾਧਾਰੀ ਭਾਜਪਾ ਸਰਕਾਰ ਦੇ ਅਧੀਨ ਵਿਗੜ ਰਹੀ ਕਾਨੂੰਨ ਵਿਵਸਥਾ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਸਨ। ਵਿਵਾਦ ਇਕਦਮ ਗੁੱਸੇਖ਼ੋਰ ਨਾਅਰੇਬਾਜ਼ੀ ਤੋਂ ਗੋਲੀਆਂ ਦੀ ਵਾਛੜ 'ਚ ਬਦਲ ਗਿਆ। ਅਜ਼ੀਜ਼ ਦੇ ਸੁਰੱਖਿਆ ਗਾਰਡ ਸੱਤਿਆਪ੍ਰਕਾਸ਼ ਯਾਦਵ ਨਾਂ ਦੇ ਹੌਲਦਾਰ ਦੇ ਚਿਹਰੇ 'ਤੇ ਗੋਲੀ ਲੱਗਣ ਨਾਲ ਉਹ ਡਿਗ ਪਿਆ ਅਤੇ ਖ਼ੂਨ ਬਹੁਤ ਜ਼ਿਆਦਾ ਵਹਿ ਰਿਹਾ ਸੀ। ਬਾਦ ਵਿਚ ਉਸ ਦੀ ਮੌਤ ਹੋ ਗਈ। ਅਜ਼ੀਜ਼ ਅਤੇ ਸਮਾਜਵਾਦੀ ਪਾਰਟੀ ਦੇ ਹੋਰ ਵਰਕਰ ਭੈਭੀਤ ਹੋਏ ਆਲੇ ਦੁਆਲੇ ਦੇ ਖੇਤਾਂ 'ਚ ਭੱਜ ਤੁਰੇ ਅਤੇ ਅਦਿੱਤਿਆਨਾਥ ਅਤੇ ਉਸ ਦੇ ਆਦਮੀਆਂ ਦੇ ਨਿਕਲਣ ਲਈ ਰਾਹ ਪੱਧਰਾ ਹੋ ਗਿਆ।

ਤਿੰਨ ਘੰਟੇ ਬਾਦ, ਮਹਾਰਾਜਗੰਜ ਪੁਲਿਸ ਨੇ ਅਦਿੱਤਿਆਨਾਥ ਅਤੇ 24 ਹੋਰਾਂ 'ਤੇ ਇਰਾਦਾ ਕਤਲ, ਦੰਗੇ, ਮਾਰੂ ਹਥਿਆਰ ਰੱਖਣ, ਪੂਜਾ ਸਥਾਨ ਦੀ ਬੇਅਦਬੀ, ਮੁਸਲਿਮ ਕਬਰਿਸਤਾਨ ਵਿਚ ਘੁਸਣ ਅਤੇ ਵੈਰ ਭਾਵਨਾ ਨੂੰ ਉਕਸਾਉਣ ਸਮੇਤ ਅਪਰਾਧਾਂ ਦੀ ਲੰਮੀ ਸੂਚੀ ਤਹਿਤ ਐੱਫ.ਆਈ.ਆਰ. ਦਰਜ ਕੀਤੀ।

ਪੰਚਰੁਖੀਆ ਕਾਂਡ ਨੇ ਅਦਿੱਤਿਆਨਾਥ ਨੂੰ ਗੋਰਖ਼ਪੁਰ ਵਿਚ ਇਕ ਸਨਸਨੀਖੇਜ਼ ਹਸਤੀ ਬਣਾ ਦਿੱਤਾ, ਪਰ ਇਸ ਨੇ ਸਮਾਜਵਾਦੀ ਪਾਰਟੀ ਦੀ ਵੱਧ ਰਹੀ ਹਮਾਇਤ ਨੂੰ ਪੁੱਠਾ ਗੇੜਾ ਨਹੀਂ ਦਿੱਤਾ। ਕੁਝ ਮਹੀਨੇ ਬਾਦ 1999 'ਚ ਹੋਈ ਲੋਕ ਸਭਾ ਚੋਣ ਵਿਚ ਅਦਿੱਤਿਆਨਾਥ ਦੀ ਨਿਸ਼ਾਦ ਨਾਲੋਂ ਜਿੱਤ ਦਾ ਫ਼ਰਕ ਹੋਰ ਸੁੰਗੜ ਕੇ ਸਿਰਫ਼ ਸੱਤ ਹਜ਼ਾਰ ਵੋਟਾਂ ਰਹਿ ਗਿਆ।

ਜਾਪਦਾ ਹੈ ਕਿ 2002 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਹਾਰ ਨਾਲ ਹੋਈ ਦੁਰਗਤ ਨੇ ਅਦਿੱਤਿਆਨਾਥ ਨੂੰ ਨਿੱਜੀ ਹਿੰਦੂ ਮਿਲੀਸ਼ੀਆ ਬਣਾਉਣ ਲਈ ਪ੍ਰੇਰਿਆ। ਇਹ ਮੌਕਾ ਚੋਣ ਨਤੀਜਿਆਂ ਦੇ ਐਲਾਨ ਦੇ ਇਕ ਹਫ਼ਤੇ ਦੇ ਅੰਦਰ ਆਇਆ। 27 ਫਰਵਰੀ 2002 ਨੂੰ, ਗੁਜਰਾਤ ਦੇ ਇਕ ਛੋਟੇ ਜਿਹੇ ਕਸਬੇ ਗੋਧਰਾ 'ਚ ਰੇਲਵੇ ਸਟੇਸ਼ਨ ਦੇ ਬਾਹਰ ਸਾਬਰਮਤੀ ਐਕਸਪ੍ਰੈਸ ਦੇ ਇਕ ਡੱਬੇ 'ਚ ਅੱਗ ਲੱਗਣ ਕਾਰਨ 59 ਲੋਕ ਮਾਰੇ ਗਏ। ਇਸ ਘਟਨਾ ਨੇ ਹਾਲੀਆ ਭਾਰਤੀ ਇਤਿਹਾਸ ਵਿਚ ਮੁਸਲਿਮ ਵਿਰੋਧੀ ਹਿੰਸਾ ਦੇ ਇਕ ਸਭ ਤੋਂ ਭਿਆਨਕ ਵਿਸਫੋਟ ਨੂੰ ਜਨਮ ਦਿੱਤਾ, ਖ਼ਾਸ ਤੌਰ 'ਤੇ ਗੁਜਰਾਤ ਵਿਚ ਕੇਂਦ੍ਰਿਤ ਖ਼ੂਨ-ਖਰਾਬੇ ਨਾਲ। ਜਦੋਂ ਮੁਲਕ ਟੈਲੀਵਿਜ਼ਨ 'ਤੇ ਪ੍ਰਸਾਰਿਤ ਕੀਤੇ ਗਏ ਪਹਿਲੇ ਕਤਲੇਆਮ ਦੇ ਦ੍ਰਿਸ਼ਾਂ ਨਾਲ ਪ੍ਰੇਸ਼ਾਨ ਸੀ - ਕਿਉਂਕਿ ਸਦੀ ਦੇ ਆਖ਼ਰੀ ਦਹਾਕੇ 'ਚ ਨਿੱਜੀ ਨਿਊਜ਼ ਚੈਨਲਾਂ 'ਚ ਉਛਾਲ ਆਇਆ ਸੀ – ਅਦਿੱਤਿਆਨਾਥ ਨੇ ਹਿੰਦੂ ਯੁਵਾ ਵਾਹਿਨੀ ਖੜ੍ਹੀ ਕਰਨ ਲਈ ਪਹਿਲੇ ਕਦਮ ਚੁੱਕੇ।

ਵਾਹਿਨੀ ਬਣਾਏ ਜਾਣ ਦੇ ਇਕ ਸਾਲ ਦੇ ਅੰਦਰ, ਗੋਰਖ਼ਪੁਰ ਅਤੇ ਇਸਦੇ ਗੁਆਂਢੀ ਜ਼ਿਲ੍ਹਿਆਂ 'ਚ ਬੇਸ਼ੁਮਾਰ ਛੋਟੀਆਂ ਘਟਨਾਵਾਂ ਤੋਂ ਇਲਾਵਾ ਫਿਰਕੂ ਹਿੰਸਾ ਦੇ ਘੱਟੋ-ਘੱਟ ਛੇ ਵੱਡੇ ਕਾਂਡ ਹੋਏ। ਜੂਨ ਮਹੀਨੇ 'ਚ ਕੁਸ਼ੀਨਗਰ ਜ਼ਿਲ੍ਹੇ ਦੇ ਮੋਹਨ ਮੁੰਡੇਰਾ, ਗੋਰਖ਼ਪੁਰ ਜ਼ਿਲ੍ਹੇ ਦੇ ਨਾਥੂਆ ਅਤੇ ਸ਼ਹਿਰ ਦੇ ਤੁਰਕਮਾਨਪੁਰ ਇਲਾਕੇ 'ਚ; ਅਗਸਤ ਵਿਚ ਮਹਾਰਾਜਗੰਜ ਜ਼ਿਲ੍ਹੇ ਵਿਚ ਨਰਕਤਾਹਾ; ਅਤੇ ਸਤੰਬਰ ਵਿਚ ਮਹਾਰਾਜਗੰਜ ਜ਼ਿਲ੍ਹੇ 'ਚ ਭੇਦਾਹੀ ਅਤੇ ਸੰਤ ਕਬੀਰ ਨਗਰ ਜ਼ਿਲ੍ਹੇ ਦੇ ਧਨਘਾਟਾ ਵਿਚ ਵੱਡੇ ਕਾਂਡ ਵਾਪਰੇ। ਸੱਭਿਆਚਾਰਕ ਸੰਸਥਾ ਵਜੋਂ ਰਜਿਸਟਰਡ ਹੋਣ ਦੇ ਬਾਵਜੂਦ ਗਰੁੱਪ ਬੇਸ਼ਰਮੀ ਨਾਲ ਹਮਲਾਵਰ ਸੀ। ਇਸ ਦੀ ਤਰਜ਼ੀਹੀ ਰਣਨੀਤੀ ਹਿੰਦੂ ਅਤੇ ਮੁਸਲਮਾਨ ਵਿਚਕਾਰ ਹਰ ਤਕਰਾਰ ਅਤੇ ਝਗੜੇ ਨੂੰ ਮਜ਼੍ਹਬੀ ਰੰਗਤ ਦੇਣਾ ਅਤੇ ਇਸ ਨੂੰ ਪੂਰੀ ਤਰ੍ਹਾਂ ਨਾਲ ਫਿਰਕੂ ਦੰਗਿਆਂ ਵਿਚ ਬਦਲਣ ਦੀ ਸੀ। ਅਗਲੇ ਸਾਲਾਂ 'ਚ ਫਿਰਕੂ ਗੜਬੜ ਲਗਾਤਾਰ ਜਾਰੀ ਰਹੀ ਕਿਉਂਕਿ ਸਥਾਨਕ ਪ੍ਰਸ਼ਾਸਨ ਬੇਅਸਰ ਰਿਹਾ। "2007 'ਚ ਅਦਿੱਤਿਆਨਾਥ ਦੀ ਗ੍ਰਿਫ਼ਤਾਰੀ ਤੱਕ ਗੋਰਖ਼ਪੁਰ ਅਤੇ ਲਾਗਲੇ ਜ਼ਿਲ੍ਹਿਆਂ 'ਚ ਘੱਟੋ-ਘੱਟ 22 ਵੱਡੇ ਦੰਗੇ ਹੋ ਚੁੱਕੇ ਹਨ", ਇਹ ਮੈਨੂੰ ਖੇਤਰ ਦੇ ਫਿਰਕੂ ਦੰਗਿਆਂ ਵੇਰਵਾ ਤਿਆਰ ਕਰਨ ਵਾਲੇ ਮਨੋਜ ਕੁਮਾਰ ਨੇ ਮੈਨੂੰ ਦੱਸਿਆ।

ਹਿੰਦੂ ਯੁਵਾ ਵਾਹਿਨੀ ਦੀਆਂ ਭੜਕਾਊ ਮੁਹਿੰਮਾਂ ਨੇ ਅਦਿੱਤਿਆਨਾਥ ਨੂੰ ਭਰਪੂਰ ਚੋਣ ਲਾਭ ਦਿੱਤਾ। 2004 ਦੀਆਂ ਲੋਕ ਸਭਾ ਚੋਣਾਂ ਵਿਚ ਉਸ ਨੇ ਗੋਰਖ਼ਪੁਰ ਸੀਟ ਜਿੱਤੀ, ਜਦੋਂ ਕਿ ਪੂਰੇ ਮੁਲਕ 'ਚ ਭਾਜਪਾ ਦੀ ਹਾਰ ਹੋਈ। ਉਸ ਦੀ ਜਿੱਤ ਦਾ ਫ਼ਰਕ ਤੇਜ਼ੀ ਨਾਲ ਵਧ ਕੇ ਇਕ ਲੱਖ ਚਾਲੀ ਹਜ਼ਾਰ ਤੋਂ ਵੱਧ ਵੋਟਾਂ ਤੱਕ ਪਹੁੰਚ ਗਿਆ।

ਸ਼ੁਰੂ 'ਚ ਇੰਞ ਜਾਪਿਆ ਕਿ 2007 ਦੇ ਝਟਕੇ ਨੇ, ਜਦੋਂ ਉਹ ਜੇਲ੍ਹ ਗਿਆ ਅਤੇ ਬਾਦ ਵਿਚ ਲੋਕ ਸਭਾ ਵਿਚ ਰੋਇਆ– ਸ਼ੁਰੂ 'ਚ ਅਦਿੱਤਿਆਨਾਥ ਨੂੰ ਸਿਆਸੀ ਤੌਰ 'ਤੇ ਵਧੇਰੇ ਸਮਝਦਾਰ ਅਤੇ ਵਧੇਰੇ ਸੰਜਮੀ ਬਣਾ ਦਿੱਤਾ ਸੀ। ਥੋੜ੍ਹੇ ਸਮੇਂ ਲਈ, ਉਸ ਨੇ ਆਮ ਤੌਰ 'ਤੇ ਨਿੱਜੀ ਰੂਪ 'ਚ ਭੀੜ ਦੀ ਅਗਵਾਈ ਕਰਨ ਅਤੇ ਮੁਸਲਮਾਨਾਂ 'ਤੇ ਹਮਲਿਆਂ 'ਚ ਹਿੱਸਾ ਲੈਣ ਤੋਂ ਪਰਹੇਜ਼ ਕੀਤਾ, ਜਿਵੇਂ ਉਹ ਪਹਿਲਾਂ ਕਰਦਾ ਸੀ। ਅਦਿੱਤਿਆਨਾਥ ਸਿਰਫ਼ ਭੜਕਾਊ ਭਾਸ਼ਣ ਦੇਣ ਅਤੇ ਸੰਕੇਤਕ ਕਾਰਵਾਈਆਂ 'ਚ ਹਿੱਸਾ ਲੈਣ 'ਤੱਕ ਸੀਮਤ ਰਿਹਾ, ਜਦੋਂ ਕਿ ਬਾਕੀ ਕੰਮ ਉਸ ਦੀ ਹਿੰਦੂ ਮਿਲੀਸ਼ੀਆ ਕਰਦੀ ਰਹੀ। ਇਸ ਰਣਨੀਤੀ ਨਾਲ, ਉਹ 2009 'ਚ ਹੋਰ ਵੀ ਵੱਡੇ ਫ਼ਰਕ ਨਾਲ ਲੋਕ ਸਭਾ 'ਚ ਵਾਪਸ ਆ ਗਿਆ।



ਜਦੋਂ ਨਰਿੰਦਰ ਮੋਦੀ ਨੇ 2014 ਦੀਆਂ ਆਮ ਚੋਣਾਂ ਲਈ ਆਪਣੀ ਮੁਹਿੰਮ ਸ਼ੁਰੂ ਕੀਤੀ ਤਾਂ ਅਦਿੱਤਿਆਨਾਥ ਅਤੇ ਉਸ ਦੀ ਮਿਲੀਸ਼ੀਆ ਨੇ ਪੂਰਬੀ ਉੱਤਰ ਪ੍ਰਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਆਪਣੀ ਡੂੰਘੀ ਸੰਗਠਨਾਤਮਕ ਮੌਜੂਦਗੀ ਨਾਲ ਇਸ ਵਿਚ ਕੇਂਦਰੀ ਭੂਮਿਕਾ ਨਿਭਾਈ। ਭਾਜਪਾ ਦੀ ਜਿੱਤ ਅਤੇ ਮੋਦੀ ਦੀ ਤਰੱਕੀ ਤੋਂ ਬਾਦ ਹਿੰਦੂ ਯੁਵਾ ਵਾਹਿਨੀ ਨੇ ਰਾਜ ਦੀਆਂ 2017 ਵਿਧਾਨ ਸਭਾ ਚੋਣਾਂ ਲਈ ਅਦਿੱਤਿਆਨਾਥ ਨੂੰ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਪੇਸ਼ ਕਰਨ ਲਈ ਭਾਜਪਾ ਨੂੰ ਮਜਬੂਰ ਕਰਨ ਖ਼ਾਤਰ ਮੁਹਿੰਮ ਵਿੱਢ ਦਿੱਤੀ। ਪਰ ਉਹ ਆਪਣਾ ਰਾਹ ਅਖ਼ਤਿਆਰ ਨਹੀਂ ਕਰ ਸਕਦਾ ਸੀ, ਅਤੇ ਭਾਜਪਾ ਇਸ ਅਹੁਦੇ ਲਈ ਕਿਸੇ ਵਿਅਕਤੀ ਨੂੰ ਚੁਣੇ ਬਿਨਾਂ ਹੀ ਚੋਣ ਮੈਦਾਨ 'ਚ ਕੁੱਦ ਪਈ। ਚੋਣਾਂ ਤੋਂ ਪਹਿਲਾਂ ਅਦਿੱਤਿਆਨਾਥ ਨੂੰ ਰਤਾ ਕੁ ਝਟਕਾ ਲੱਗਾ। ਵਾਹਿਨੀ ਦੇ ਆਗੂਆਂ ਦੀਆਂ ਵਧਦੀਆਂ ਰਾਜਨੀਤਿਕ ਇੱਛਾਵਾਂ ਨੇ ਮਿਲੀਸ਼ੀਆ ਵਿਚ ਫੁੱਟ ਪਾ ਦਿੱਤੀ ਜਦੋਂ ਸੁਨੀਲ ਸਿੰਘ ਸਮੇਤ ਇਸ ਦੇ ਕੁਝ ਮੈਂਬਰਾਂ ਨੂੰ ਭਾਜਪਾ ਵੱਲੋਂ ਚੋਣ ਉਮੀਦਵਾਰ ਨਹੀਂ ਬਣਾਇਆ ਗਿਆ। ਬਾਗ਼ੀਆਂ ਨੇ ਦਰਜਨ ਤੋਂ ਵੱਧ ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਪਰ ਉਹ ਹਾਰ ਗਏ।

ਹੁਣ ਅਦਿੱਤਿਆਨਾਥ ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ ਪਾਲਾਬੰਦੀ ਕਰਨ ਵਾਲਾ ਵਿਅਕਤੀ ਸੀ।

ਅਗਲਾ ਮੁੱਖ ਮੰਤਰੀ ਕਿਸ ਨੂੰ ਬਿਠਾਉਣਾ ਹੈ, ਭਾਜਪਾ ਵੱਲੋਂ ਇਹ ਫ਼ੈਸਲਾ ਲੈਣ ਤੋਂ ਪਹਿਲਾ ਹਫ਼ਤਾ ਬੇਚੈਨੀ ਭਰਿਆ ਸੀ। ਜਿਸ ਦਿਨ 11 ਮਾਰਚ ਨੂੰ ਵੋਟਾਂ ਦੀ ਗਿਣਤੀ ਹੋਈ, ਲਖਨਊ ਵਿਚ ਅਫ਼ਵਾਹਾਂ ਅਤੇ ਵਿਵਾਦਾਂ ਦੀ ਭਰਮਾਰ ਸੀ ਕਿਉਂਕਿ ਪਾਰਟੀ ਦੇ ਅੰਦਰ ਜ਼ੋਰਦਾਰ ਕਸ਼ਮਕਸ਼ ਚੱਲ ਰਹੀ ਸੀ। ਮਨੋਜ ਸਿਨਹਾ ਨੂੰ ਇਸ ਅਹੁਦੇ ਲਈ ਸਭ ਤੋਂ ਅੱਗੇ ਮੰਨਿਆ ਜਾ ਰਿਹਾ ਸੀ। ਜਦੋਂ ਅਦਿੱਤਿਆਨਾਥ ਦੇ ਸਿਰ 'ਤੇ ਤਾਜ ਸਜਿਆ ਤਾਂ ਦੇਖਣ ਵਾਲੇ ਵੀ ਹੈਰਾਨ ਰਹਿ ਗਏ।

ਜਦੋਂ ਅਦਿੱਤਿਆਨਾਥ ਸਫ਼ਲਤਾ ਦੀ ਟੀਸੀ 'ਤੇ ਪਹੁੰਚਿਆ ਤਾਂ ਉਸ ਦਾ ਅਤੀਤ ਵੀ ਨਾਲ ਜੁੜਿਆ ਰਿਹਾ। ਅਲਾਹਾਬਾਦ ਹਾਈ ਕੋਰਟ ਨੇ ਪਰਵੇਜ਼ ਪਰਵਾਜ਼ ਵੱਲੋਂ ਦਾਇਰ ਪਟੀਸ਼ਨ 'ਤੇ ਕਾਰਵਾਈ ਕਰਦੇ ਹੋਏ 10 ਮਾਰਚ 2017 ਨੂੰ – ਵੋਟਾਂ ਦੀ ਗਿਣਤੀ ਤੋਂ ਇਕ ਦਿਨ ਪਹਿਲਾਂ – ਇਕ ਹੁਕਮ ਜਾਰੀ ਕਰਕੇ ਰਾਜ ਸਰਕਾਰ ਨੂੰ 2007 ਵੱਲੋਂ ਅਦਿੱਤਿਆਨਾਥ ਦੇ ਗੋਰਖ਼ਪੁਰ ਵਿਚ ਦਿੱਤੇ ਭੜਕਾਊ ਭਾਸ਼ਣ ਨਾਲ ਸੰਬੰਧਤ ਕੇਸ ਦੀ ਸਥਿਤੀ ਦੱਸਣ ਲਈ ਕਿਹਾ। ਮੁੱਖ ਮੰਤਰੀ ਬਣਦਿਆਂ ਹੀ ਉਸ ਨੂੰ ਆਪਣੇ ਮੇਜ ਉੱਪਰ ਰਾਜ ਦੀ ਪੁਲਿਸ ਵੱਲੋਂ ਇਸ ਕੇਸ ਦਾ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਦੀ ਬੇਨਤੀ ਮਿਲੀ।

ਪਰਵਾਜ਼ ਨੇ ਇਕ ਦਹਾਕੇ ਤੱਕ ਇਸ ਕੇਸ ਦੀ ਪੈਰਵਾਈ ਕੀਤੀ ਸੀ। "ਸ਼ੁਰੂ 'ਚ ਮੈਂ ਸੋਚਦਾ ਸੀ ਕਿ ਇਸ ਦਾ ਨਤੀਜਾ ਬੁਰਾ ਹੋਵੇਗਾ," ਪਰਵਾਜ਼ ਨੇ ਮੈਨੂੰ 2017 'ਚ ਦੱਸਿਆ। "ਮੇਰੇ ਕੋਲ ਜੋ ਵੀ ਜਾਇਦਾਦ ਸੀ, ਮੈਨੂੰ ਵੇਚਣੀ ਪਈ ਤਾਂ ਜੁ ਮੈਂ ਅਦਾਲਤੀ ਲੜਾਈ ਲੜ ਸਕਾਂ, ਜੋ ਅਨੰਤ ਜਾਪਦੀ ਸੀ। ਪਰ ਮੇਰੇ ਕੋਲ ਅਦਿੱਤਿਆਨਾਥ ਦੇ ਖ਼ਿਲਾਫ਼ ਠੋਸ ਸਬੂਤ ਸਨ, ਅਤੇ ਇਹ ਘੋਰ ਨਿਰਾਸ਼ਾ 'ਚ ਵੀ ਮੈਨੂੰ ਢਾਰਸ ਦਿੰਦੇ ਰਹੇ।"

ਪਰਵਾਜ਼ ਨੇ ਜੋ ਸਬੂਤ ਜੁਟਾਏ ਸਨ, ਉਨ੍ਹਾਂ ਦੇ ਆਧਾਰ 'ਤੇ ਪੁਲਿਸ ਨੇ ਸ਼ੁਰੂ 'ਚ ਐੱਫ.ਆਈ.ਆਰ. ਦਰਜ ਕਰਨ ਤੋਂ ਨਾਂਹ ਕਰ ਦਿੱਤੀ। ਉਹ ਅਦਾਲਤ 'ਚ ਚਲਾ ਗਿਆ। ਹਾਈ ਕੋਰਟ ਦੇ ਦਖ਼ਲ ਤੋਂ ਬਾਦ ਹੀ ਉਹ ਸਤੰਬਰ 2008 'ਚ ਗੋਰਖ਼ਪੁਰ ਦੇ ਛਾਉਣੀ ਥਾਣੇ 'ਚ ਐੱਫ.ਆਈ.ਆਰ. ਦਰਜ ਕਰਵਾ

ਸਕਿਆ। ਬਾਦ 'ਚ, ਕ੍ਰਾਈਮ ਬ੍ਰਾਂਚ-ਸੀ.ਆਈ.ਡੀ. ਨੇ ਦੋਸ਼ਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੇ ਦੇਖਿਆ ਕਿ ਅਦਿੱਤਿਆਨਾਥ ਅਤੇ ਉਸ ਦੇ ਚਾਰ ਸਾਥੀਆਂ ਵਿਰੁੱਧ ਮੁਕੱਦਮਾ ਚਲਾਉਣ ਲਈ ਚੋਖਾ ਦਮ ਹੈ। ਕ੍ਰਾਈਮ ਬ੍ਰਾਂਚ-ਸੀ.ਆਈ.ਡੀ. ਵੱਲੋਂ ਸੁਝਾਏ ਗਏ ਦੋਸ਼ਾਂ ਵਿੱਚੋਂ ਇਕ ਭਾਰਤੀ ਦੰਡਾਵਲੀ ਦੀ ਧਾਰਾ 153 ਦੇ ਤਹਿਤ ਸੀ ਯਾਨੀ ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਉਕਸਾਉਣਾ, ਇਸ ਅਪਰਾਧ ਦਾ ਨੋਟਿਸ ਲੈਣ ਲਈ ਸਰਕਾਰੀ ਮਨਜ਼ੂਰੀ ਦੀ ਲੋੜ ਸੀ। ਇਸ ਲਈ 10 ਜੁਲਾਈ 2015 ਨੂੰ, ਰਾਜ ਪੁਲਿਸ ਦੀ ਅਪਰਾਧ ਸ਼ਾਖਾ ਨੇ ਉੱਤਰ ਪ੍ਰਦੇਸ਼ ਦੇ ਗ੍ਰਹਿ ਵਿਭਾਗ ਤੋਂ ਅਦਿੱਤਿਆਨਾਥ ਅਤੇ ਹੋਰਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਇਜਾਜ਼ਤ ਮੰਗੀ। ਇਹ ਬੇਨਤੀ ਲੱਗਭੱਗ ਦੋ ਸਾਲਾਂ ਤੱਕ ਪੈਂਡਿੰਗ ਰਹੀ ਕਿਉਂਕਿ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਆਪਣੇ ਪਿਤਾ ਮੁਲਾਇਮ ਸਿੰਘ ਯਾਦਵ ਦੀ ਅਦਿੱਤਿਆਨਾਥ ਪ੍ਰਤੀ ਖ਼ੁਸ਼ਾਮਦੀ ਨੀਤੀ ਨੂੰ 2017 ਦੀਆਂ ਚੋਣਾਂ 'ਚ ਸਮਾਜਵਾਦੀ ਪਾਰਟੀ ਦੀ ਹਾਰ ਹੋਣ ਤੱਕ ਜਾਰੀ ਰੱਖਿਆ।

ਹੁਣ ਜਦੋਂ ਉਹ ਮੁੱਖ ਮੰਤਰੀ ਸੀ ਤਾਂ ਅਦਿੱਤਿਆਨਾਥ ਲਈ ਆਪਣੇ ਕੰਮਾਂ ਦੀ ਵਿਆਪਕ ਜਨਤਕ ਜਾਂਚ ਤੋਂ ਬਚਣਾ ਬਹੁਤ ਮੁਸ਼ਕਲ ਸੀ। ਇਸ ਤੋਂ ਬਾਦ ਦੇ ਮਹੀਨਿਆਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਸਵੈ-ਸੁਰੱਖਿਆ ਅਜੇ ਵੀ ਉਸਦਾ ਮੁੱਖ ਰਾਹ ਦਰਸਾਊ ਉਦੇਸ਼ ਹੈ – ਉਹ ਮੁਕੱਦਮੇ ਤੋਂ ਬਿਨਾਂ ਹੀ ਆਪਣੇ ਕੇਸ ਦਾ ਨਿਪਟਾਰਾ ਕਰਨ 'ਚ ਕਾਮਯਾਬ ਹੋ ਗਿਆ।

11 ਮਈ 2017 ਨੂੰ, ਰਾਜ ਸਰਕਾਰ ਨੇ ਮੁੱਖ ਸਕੱਤਰ ਰਾਹੁਲ ਭਟਨਾਗਰ ਦੁਆਰਾ ਦਾਇਰ ਇਕ ਹਲਫ਼ਨਾਮੇ ਰਾਹੀਂ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਉਸ ਨੇ ਐੱਫ.ਆਈ.ਆਰ. ਵਿਚ ਨਾਮਜ਼ਦ ਅਦਿੱਤਿਆਨਾਥ ਅਤੇ ਹੋਰਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਹੈ। ਇਸ ਦੇ ਆਧਾਰ 'ਤੇ ਅਲਾਹਾਬਾਦ ਹਾਈ ਕੋਰਟ ਨੇ 22 ਫਰਵਰੀ 2018 ਨੂੰ ਪਰਵਾਜ਼ ਦੀ ਪਟੀਸ਼ਨ ਖ਼ਾਰਜ ਕਰ ਦਿੱਤੀ। ਆਪਣੇ ਸਹਿ-ਪਟੀਸ਼ਨਰ ਅਸਦ ਹਯਾਤ ਦੇ ਨਾਲ, ਉਸ ਨੇ ਹੁਣ ਸੁਪਰੀਮ ਕੋਰਟ ਦਾ ਦਰ ਖੜਕਾਇਆ ਹੈ।

4 ਜੂਨ 2018 ਨੂੰ, ਸੁਪਰੀਮ ਕੋਰਟ ਦੀ ਅਪੀਲ 'ਤੇ ਵਿਚਾਰ ਕਰਨ ਤੋਂ ਪਹਿਲਾਂ, ਗੋਰਖ਼ਪੁਰ ਦੇ ਰਾਜਘਾਟ ਪੁਲਿਸ ਥਾਣੇ ਨੇ ਪਰਵਾਜ਼ ਅਤੇ ਉਸਦੇ ਦੋਸਤ ਜੁੰਮਨ ਬਾਬਾ 'ਤੇ ਬਲਾਤਕਾਰ ਦਾ ਦੋਸ਼ ਲਗਾਉਂਦੇ ਹੋਏ ਐੱਫ.ਆਈ.ਆਰ. ਦਰਜ ਕੀਤੀ। ਕੇਸ ਦੀ ਵਿਆਪਕ ਰਿਪੋਰਟਿੰਗ ਕਰਨ ਵਾਲੇ ਮਨੋਜ ਕੁਮਾਰ ਦੇ ਅਨੁਸਾਰ, ਦੋਸ਼ਾਂ 'ਚ ਕੋਈ ਦਮ ਨਹੀਂ ਸੀ।

ਕੁਮਾਰ ਨੇ ਦਲੀਲ ਦਿੱਤੀ ਕਿ ਰਾਜਘਾਟ ਦੇ ਐੱਸ.ਐੱਚ.ਓ. ਆਸ਼ੂਤੋਸ਼ ਕੁਮਾਰ ਸਿੰਘ, ਜਿਸ ਨੇ ਕਥਿਤ ਘਟਨਾ ਦੀ ਤਫ਼ਤੀਸ਼ ਕੀਤੀ, ਨੂੰ ਖ਼ੁਦ ਨੂੰ ਇਹ ਮਾਮਲਾ ਖੋਖਲਾ ਜਾਪਿਆ ਸੀ। ਕੁਮਾਰ ਨੇ ਮੈਨੂੰ ਦੱਸਿਆ, "ਆਪਣੀ ਰਿਪੋਰਟ ਵਿਚ ਉਸ ਨੇ ਮੈਨੂੰ ਦੱਸਿਆ ਕਿ ਜਿਸ ਥਾਂ 'ਤੇ ਕਥਿਤ ਜੁਰਮ ਹੋਇਆ ਸੀ, ਉਹ ਭੀੜ-ਭੜੱਕੇ ਵਾਲੀ ਥਾਂ ਸੀ ਅਤੇ ਜੁਰਮ ਦੇ ਸਮੇਂ ਵੀ ਇਲਾਕਾ ਲੋਕਾਂ ਨਾਲ ਭਰਿਆ ਹੋਇਆ ਸੀ।" ਉਸ ਨੇ ਇਹ ਵੀ ਜ਼ਿਕਰ ਕੀਤਾ ਕਿ ਕਥਿਤ ਬਲਾਤਕਾਰ ਦੇ ਸਮੇਂ ਦੋਵਾਂ ਮੁਲਜ਼ਮਾਂ ਦੀ ਲੋਕੇਸ਼ਨ ਵਾਰਦਾਤ ਵਾਲੀ ਥਾਂ ਤੋਂ ਕਾਫ਼ੀ ਦੂਰ ਸੀ। ਇਸ ਲਈ, ਐੱਸ.ਓ. ਨੇ ਆਪਣੀ ਰਿਪੋਰਟ ਵਿਚ ਐੱਫ.ਆਈ.ਆਰ. ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ।"

ਐੱਸ.ਓ. ਵੱਲੋਂ ਆਪਣੀ ਰਿਪੋਰਟ ਦੇਣ ਤੋਂ ਬਾਦ ਪਰਵਾਜ਼ ਨੇ ਇਕ ਫੇਸਬੁੱਕ ਪੋਸਟ ਵਿਚ ਪੁੱਛਿਆ ਕਿ ਜਦੋਂ ਉਹ "ਪੂਰਵਾਂਚਲ ਦੇ ਫਿਰਕਾਪ੍ਰਸਤਾਂ" ਵਿਰੁੱਧ ਕਾਨੂੰਨੀ ਲੜਾਈ ਵਿਚ ਰੁੱਝਿਆ ਹੋਇਆ ਸੀ ਫਿਰ ਕੌਣ ਉਸਨੂੰ ਇਸ ਕੇਸ ਵਿਚ ਝੂਠਾ ਫਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਬਾਦ ਵਿਚ ਉਸੇ ਮਹੀਨੇ ਗੋਰਖ਼ਪੁਰ ਦੇ ਸੀਨੀਅਰ ਪੁਲਿਸ ਸੁਪਰਡੈਂਟ ਸ਼ਲਭ ਮਾਥੁਰ ਨੇ ਐੱਸ.ਓ. ਦੀ ਰਿਪੋਰਟ ਖਾਰਜ ਕਰ ਦਿੱਤੀ, ਜਿਸ ਨੇ ਮਾਮਲੇ ਦੀ ਨਵੀਂ ਜਾਂਚ ਦੇ ਆਦੇਸ਼ ਦਿੱਤੇ। ਇਸ ਦੂਜੀ ਜਾਂਚ ਦੇ ਆਧਾਰ 'ਤੇ ਪਰਵਾਜ਼ ਨੂੰ 25 ਸਤੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕੁਮਾਰ ਨੇ ਕਿਹਾ, "ਉਸ ਅਤੇ ਉਸ ਦੇ ਦੋਸਤ 'ਤੇ ਜ਼ਿਲ੍ਹਾ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ ਸੀ, ਜਿਸ ਨੇ ਉਨ੍ਹਾਂ ਨੂੰ ਜੁਲਾਈ 2020 ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ।"

ਦੋਵਾਂ ਮਾਮਲਿਆਂ ਵਿਚ ਅਪੀਲਾਂ ਵਿਚਾਰ-ਅਧੀਨ ਹਨ – ਅਦਿੱਤਿਆਨਾਥ ਦੇ ਖ਼ਿਲਾਫ਼ ਨਫ਼ਰਤ ਭਰੇ ਭਾਸ਼ਣ ਦੇ ਮਾਮਲੇ 'ਚ ਸੁਪਰੀਮ ਕੋਰਟ ਵਿਚ ਅਤੇ ਪਰਵਾਜ਼ ਦੇ ਖ਼ਿਲਾਫ਼ ਬਲਾਤਕਾਰ ਦੇ ਮਾਮਲੇ 'ਚ ਅਲਾਹਾਬਾਦ ਹਾਈ ਕੋਰਟ ਵਿਚ।

ਮੈਂ ਅਦਿੱਤਿਆਨਾਥ ਨੂੰ ਕਈ ਇੰਟਰਵਿਊ ਬੇਨਤੀਆਂ ਭੇਜੀਆਂ, ਪਰ ਕੋਈ ਜਵਾਬ ਨਹੀਂ ਮਿਲਿਆ।

ਅਦਿੱਤਿਆਨਾਥ ਨੇ ਮੁੱਖ ਮੰਤਰੀ ਦੇ ਤੌਰ 'ਤੇ ਉਸ ਨੂੰ ਦਰਪੇਸ਼ ਜ਼ਿਆਦਾਤਰ ਸਮੱਸਿਆਵਾਂ ਦੇ ਰਾਜਨੀਤਕ ਹੱਲ ਵਜੋਂ ਹਿੰਸਾ ਨੂੰ ਹਥਿਆਰ ਬਣਾਇਆ ਹੈ। ਅਹੁਦਾ ਸੰਭਾਲਣ ਦੇ ਮਹੀਨਿਆਂ ਬਾਦ, ਜਦੋਂ ਰਾਜ ਵਿਚ ਵਿਗੜ ਰਹੀ ਕਾਨੂੰਨ ਵਿਵਸਥਾ ਦੀ ਸਥਿਤੀ ਦੀ ਉਸ ਦੀ ਆਲੋਚਨਾ ਲਗਾਤਾਰ ਤਿੱਖੀ ਹੋ ਰਹੀ ਸੀ ਤਾਂ ਉਸ ਨੇ ਸਾਫ਼ ਕਿਹਾ ਕਿ ਉਸ ਦਾ ਪ੍ਰਸ਼ਾਸਨ ਸੰਵਿਧਾਨਕ ਬੰਦਸ਼ਾਂ 'ਚ ਬੱਝਿਆ ਨਹੀਂ ਰਹੇਗਾ। ਇਕ ਟੈਲੀਵਿਜਨ ਇੰਟਰਵਿਊ 'ਚ ਉਸ ਨੇ ਐਲਾਨ ਕੀਤਾ, "ਅਗਰ ਅਪਰਾਧ ਕਰੇਂਗੇ, ਤੋ ਠੋਕ ਦੀਏ ਜਾਏਂਗੇ।"

ਇਸ ਤੋਂ ਬਾਦ ਪੂਰੇ ਰਾਜ ਵਿਚ ਪੁਲਿਸ "ਮੁਕਾਬਲੇ" ਦੀ ਲੜੀ ਸ਼ੁਰੂ ਹੋਈ – ਜਿਨ੍ਹਾਂ ਵਿੱਚੋਂ 432 ਇਸ ਕਵਾਇਦ ਦੇ ਪਹਿਲੇ ਮਹੀਨੇ 'ਚ ਹੀ ਵਾਪਰੇ। ਇਕ ਸਾਲ ਬਾਦ ਅਗਸਤ 2018 'ਚ, ਇੰਡੀਆ ਟੂਡੇ ਟੀਵੀ ਦੇ ਇਕ ਸਟਿੰਗ ਅਪ੍ਰੇਸ਼ਨ ਨੇ ਇਨਾਂ ਵਿੱਚੋਂ ਕੁਝ ਮੁਕਾਬਲਿਆਂ ਦੀ ਘ੍ਰਿਣਤ ਹਕੀਕਤ ਵੱਲ ਇਸ਼ਾਰਾ ਕੀਤਾ। ਖ਼ੁਲਾਸੇ ਤੋਂ ਸਾਹਮਣੇ ਆਇਆ ਕਿ ਕੁਝ ਪੁਲਿਸ ਅਧਿਕਾਰੀ ਬੇਕਸੂਰ ਨਾਗਰਿਕਾਂ ਨੂੰ ਝੂਠੇ ਕੇਸਾਂ 'ਚ ਫਸਾ ਰਹੇ ਸਨ ਅਤੇ ਵੱਢੀਆਂ ਅਤੇ ਤਰੱਕੀਆਂ ਦੇ ਬਦਲੇ ਉਨ੍ਹਾਂ ਨੂੰ ਝੂਠੇ ਮੁਕਾਬਲਿਆਂ 'ਚ ਗੋਲੀਆਂ ਮਾਰ ਰਹੇ ਸਨ।

ਇਸ ਨਾਲ ਜ਼ਬਰਦਸਤ ਹਲਚਲ ਮਚ ਗਈ ਪਰ ਅਦਿੱਤਿਆਨਾਥ ਆਪਣੀ ਗੱਲ 'ਤੇ ਅੜਿਆ ਰਿਹਾ। ਰਾਜ ਪ੍ਰਸ਼ਾਸਨ ਨੂੰ ਤਿੰਨ ਸਬ-ਇੰਸਪੈਕਟਰਾਂ ਨੂੰ ਤੁਰੰਤ ਮੁਅੱਤਲ ਕਰਨ ਦੇ ਹੁਕਮ ਦੇਣੇ ਪਏ ਜੋ ਇਸ ਕੰਮ ਲਈ ਆਪਣੀਆਂ ਸੇਵਾਵਾਂ ਪੇਸ਼ ਕਰਦੇ ਗੁਪਤ ਕੈਮਰਿਆਂ 'ਚ ਫੜੇ ਗਏ ਸਨ। ਸਰਕਾਰ ਨੇ ਭੇਤ ਖੋਲ੍ਹਣ ਵਾਲਿਆਂ ਦੇ ਖ਼ਿਲਾਫ਼ ਵੀ ਜਾਂਚ ਦੇ ਹੁਕਮ ਦਿੱਤੇ ਹਨ। ਪਰ ਸੌਦਾ ਕਰਨ ਵਾਲੇ ਪੁਲਸੀਆਂ ਨੇ ਜੋ ਭੇਤ ਖੋਲ੍ਹੇ ਸਨ ਉਨ੍ਹਾਂ ਦੀ ਜਾਂ ਹੋਰ ਮੁਕਾਬਲਿਆਂ 'ਚ ਸੰਭਾਵਿਤ "ਜ਼ਿਆਦਤੀਆਂ" ਦੀ ਜਾਂਚ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਇਸ ਦੀ ਬਜਾਏ ਹੋਇਆ ਇਹ ਕਿ ਇਨ੍ਹਾਂ ਮੁਕਾਬਲਿਆਂ ਦਾ ਸਿਲਸਿਲਾ ਹੋਰ ਤੇਜ਼ ਹੋ ਗਿਆ – ਅਣਅਧਿਕਾਰਕ ਤੌਰ 'ਤੇ ਇਸ ਨੂੰ "ਅਪ੍ਰੇਸਨ ਲੰਗੜਾ" ਕਿਹਾ ਜਾਂਦਾ ਹੈ, ਕਿਉਂਕਿ ਮੁਕਾਬਲਿਆਂ 'ਚ ਜ਼ਿਆਦਾਤਰ ਜ਼ਖ਼ਮੀਆਂ ਨੂੰ ਉਨ੍ਹਾਂ ਦੀਆਂ ਲੱਤਾਂ ਵਿਚ ਗੋਲੀ ਮਾਰੀ ਗਈ ਸੀ। ਖ਼ੁਲਾਸੇ ਤੋਂ ਮਹੀਨਿਆਂ ਬਾਦ ਅਦਿੱਤਿਆਨਾਥ ਹਿੰਸਾ ਨੂੰ ਆਪਣੀ ਸਰਕਾਰ ਦੀ ਵੱਡੀ ਪ੍ਰਾਪਤੀ ਵਜੋਂ ਬੁਲੰਦ ਕਰਨ ਦੀ ਹੱਦ ਤੱਕ ਚਲਾ ਗਿਆ। 2019 'ਚ ਗਣਤੰਤਰ ਦਿਵਸ ਤੋਂ ਪਹਿਲਾਂ ਰਾਜ ਦੇ ਮੁੱਖ ਸਕੱਤਰ ਨੇ ਜ਼ਿਲ੍ਹਾ ਮੈਜਿਸਟਰੇਟਾਂ ਨੂੰ "ਅਬ ਤਕ 3000" ਦੇ ਨਾਅਰੇ ਦਾ ਪ੍ਰਚਾਰ ਕਰਨ ਲਈ ਕਿਹਾ - ਇਹ ਅਦਿੱਤਿਆਨਾਥ ਦੇ ਸੱਤਾ ਸੰਭਾਲਣ ਤੋਂ ਬਾਦ ਹੋਏ ਪੁਲਿਸ ਮੁਕਾਬਲਿਆਂ ਦੀ ਗਿਣਤੀ ਦਾ ਹਵਾਲਾ ਸੀ।

"ਅਪ੍ਰੇਸ਼ਨ ਲੰਗੜਾ" ਦੇ ਪੀੜਤਾਂ ਵਿੱਚੋਂ ਇਕ ਅਯੂਬ ਕੁਰੈਸ਼ੀ ਨੂੰ ਦੋ ਵਾਰ ਅਜਿਹੇ "ਮੁਕਾਬਲੇ" ਦਾ ਸਾਹਮਣਾ ਕਰਨਾ ਪਿਆ। ਪਹਿਲੀ ਵਾਰ ਉਸ ਦੀ ਸੱਜੀ ਲੱਤ 'ਚ ਅਤੇ ਦੂਜੀ ਵਾਰ ਖੱਬੀ ਲੱਤ 'ਚ ਗੋਲੀ ਮਾਰੀ ਗਈ ਸੀ। ਮੁਜ਼ੱਫ਼ਰਨਗਰ ਜ਼ਿਲ੍ਹੇ ਦੇ ਖਤੌਲੀ ਦੇ ਰਹਿਣ ਵਾਲੇ ਕੁਰੈਸ਼ੀ ਨੂੰ ਯਕੀਨ ਨਹੀਂ ਹੈ ਕਿ ਪੁਲਸ ਤੀਜੀ ਵਾਰ ਉਸ ਦਾ "ਐਨਕਾਊਂਟਰ" ਨਹੀਂ ਕਰੇਗੀ। "ਪਹਿਲਾਂ ਮੇਰੇ ਵਿਰੁੱਧ ਕੋਈ ਕੇਸ ਨਹੀਂ ਸੀ, ਅਤੇ ਮੈਂ ਚੁੱਪਚਾਪ ਆਪਣਾ ਡੇਅਰੀ ਦਾ ਕਾਰੋਬਾਰ ਕਰ ਰਿਹਾ ਸੀ," ਉਸ ਨੇ ਮੈਨੂੰ ਦੱਸਿਆ। "ਮੁਸੀਬਤ 2019 ਦੇ ਅੱਧ 'ਚ ਸ਼ੁਰੂ ਹੋਈ, ਜਦੋਂ ਮੇਰਾ ਕਿਰਾਏਦਾਰ ਇਕ ਕੱਟਾ ਲਿਆਇਆ ਅਤੇ ਉਸ ਨੂੰ ਮੇਰੇ ਡੇਅਰੀ ਫਾਰਮ ਵਿਚ ਰੱਖਿਆ। ਉਸ ਨੇ ਵਾਅਦਾ ਕੀਤਾ ਕਿ ਉਹ ਅਗਲੇ ਦਿਨ ਲੈ ਜਾਵੇਗਾ। ਮੈਂ ਉਸ ਨੂੰ ਇਜਾਜ਼ਤ ਦੇ ਦਿੱਤੀ। ਰਾਤ ਨੂੰ ਪੁਲਿਸ ਦੀ ਟੀਮ ਨੇ ਮੇਰੀ ਡੇਅਰੀ 'ਤੇ ਛਾਪਾ ਮਾਰਿਆ ਅਤੇ ਇਹ ਐਲਾਨ ਕਰਨ ਤੋਂ ਬਾਦ ਕਿ ਮੈਂ ਕੱਟਾ ਚੋਰੀ ਕੀਤਾ ਸੀ, ਉਨ੍ਹਾਂ ਨੇ ਇਸ ਨੂੰ ਕਬਜ਼ੇ 'ਚ ਲੈ ਲਿਆ ਅਤੇ ਮੈਨੂੰ ਗ੍ਰਿਫ਼ਤਾਰ ਕਰ ਲਿਆ। ਮੈਂ ਹਾੜੇ ਕੱਢੇ ਕਿ ਕੱਟਾ ਮੇਰੇ ਕਿਰਾਏਦਾਰ ਵੱਲੋਂ ਲਿਆਂਦਾ ਗਿਆ ਸੀ, ਪਰ ਉਨ੍ਹਾਂ ਨੇ ਮੇਰੀ ਗੱਲ ਨਹੀਂ ਸੁਣੀ। ਮੈਂ ਇਹ ਸਾਬਤ ਨਹੀਂ ਕਰ ਸਕਿਆ ਕਿਉਂਕਿ ਮੇਰਾ ਕਿਰਾਏਦਾਰ ਭੱਜ ਗਿਆ ਸੀ।"

ਉਸ ਦੇ ਖ਼ਿਲਾਫ਼ ਚੋਰੀ ਅਤੇ ਜਾਨਵਰਾਂ 'ਤੇ ਅੱਤਿਆਚਾਰ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਅਤੇ ਉਸ ਦੀ ਜ਼ਿੰਦਗੀ ਨੇ ਭਿਆਨਕ ਮੋੜਾ ਕੱਟ ਲਿਆ। ਪੁਲਿਸ ਨੇ ਉਸ ਦੇ ਡੇਅਰੀ ਫਾਰਮ 'ਤੇ ਨਿਯਮਤ ਤੌਰ 'ਤੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਉਸ ਨੂੰ ਐਸੇ ਮਾਮਲਿਆਂ ਬਾਰੇ ਪੁੱਛਗਿੱਛ ਲਈ ਥਾਣੇ ਲਿਜਾਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਬਾਰੇ ਉਸ ਨੂੰ ਕੋਈ ਜਾਣਕਾਰੀ ਹੀ ਨਹੀਂ ਸੀ। ਕੁਰੈਸ਼ੀ ਨੇ ਦੱਸਿਆ, "ਇਕ ਵਾਰ ਉਹ ਮੇਰੀਆਂ ਮੱਝਾਂ ਲੈ ਗਏ ਅਤੇ 1.5 ਲੱਖ ਰੁਪਏ ਲੈਣ ਤੋਂ ਬਾਦ ਹੀ ਵਾਪਸ ਕੀਤੀਆਂ। ਜਿਉਂ ਜਿਉਂ ਉਨ੍ਹਾਂ ਵਲੋਂ ਪਰੇਸ਼ਾਨੀ ਵਧਦੀ ਗਈ, ਮੈਂ ਜ਼ਿਆਦਾ ਵਕਤ ਆਸੇ-ਪਾਸੇ ਰਹਿਣਾ ਸ਼ੁਰੂ ਕਰ ਦਿੱਤਾ। ਇਸ ਨਾਲ ਮੇਰਾ ਡੇਅਰੀ ਕਾਰੋਬਾਰ ਪ੍ਰਭਾਵਿਤ ਹੋਇਆ। ਇਹ ਮੇਰੇ ਟੱਬਰ ਦਾ ਆਮਦਨ ਦਾ ਇੱਕੋ ਇਕ ਵਸੀਲਾ ਹੋਣ ਦੇ ਬਾਵਜੂਦ ਮੈਨੂੰ ਇਹ ਕੰਮ ਬੰਦ ਕਰਨਾ ਪਿਆ।"

2019 ਦੇ ਅੰਤ 'ਚ, ਜਦੋਂ ਉੱਤਰ ਪ੍ਰਦੇਸ਼ 'ਚ ਮੁਕਾਬਲਿਆਂ ਦੇ ਮਾਮਲਿਆਂ ਦੀ ਗਿਣਤੀ ਵਧੀ ਤਾਂ ਕੁਰੈਸ਼ੀ ਦੀ ਮਾਂ, ਜੋ ਇਹ ਨਹੀਂ ਸੀ ਜਾਣਦੀ ਕਿ ਆਪਣੇ ਪੁੱਤਰ ਨੂੰ ਕਿਵੇਂ ਬਚਾਉਣਾ ਹੈ, ਨੇ ਇਕ ਪੱਤਰ ਲਿਖ ਕੇ ਨਿਆਂ ਦੀ ਮੰਗ ਕੀਤੀ ਅਤੇ ਇਹ ਉਨ੍ਹਾਂ ਸਾਰਿਆਂ ਨੂੰ ਭੇਜੀ ਜਿੰਨਾ ਬਾਰੇ ਉਹ ਸੋਚ ਸਕਦੀ ਸੀ। ਇਸ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ, ਮੋਦੀ, ਅਦਿੱਤਿਆਨਾਥ ਅਤੇ ਸੀਨੀਅਰ ਰਾਜ ਅਤੇ ਜ਼ਿਲ੍ਹਾ ਪੁਲਿਸ ਅਧਿਕਾਰੀ ਸ਼ਾਮਲ ਸਨ। ਚਿੱਠੀ ਵਿਚ ਲਿਖਿਆ ਹੈ, "ਪੁਲਿਸ ਦੀ ਪ੍ਰੇਸ਼ਾਨੀ ਕਾਰਨ ਅਯੂਬ ਦੀ ਰੋਜ਼ੀ-ਰੋਟੀ ਖੁੱਸ ਗਈ ਹੈ। ਪੂਰਾ ਪਰਿਵਾਰ ਅਤੇ ਅੱਯੂਬ ਦੇ ਬੱਚੇ ਭੁੱਖਮਰੀ ਦੀ ਕਗਾਰ 'ਤੇ ਹਨ, ਅਤੇ ਪੁਲਿਸ ਲਗਾਤਾਰ ਮੇਰੇ ਮੁਹੱਲੇ 'ਚ ਗੇੜੇ ਮਾਰਦੀ ਹੈ ਅਤੇ ਅਕਸਰ ਐਲਾਨ ਕਰਦੀ ਹੈ ਕਿ ਇਸ ਵਾਰ ਉਹ ਅਯੂਬ ਨੂੰ ਜੇਲ੍ਹ ਪਹੁੰਚਾਉਣ ਤੋਂ ਪਹਿਲਾਂ ਉਸ ਦਾ ਮੁਕਾਬਲਾ ਬਣਾਉਣਗੇ।"

ਇਸ ਦਾ ਕੋਈ ਫ਼ਾਇਦਾ ਨਹੀਂ ਹੋਇਆ। ਕੁਰੈਸੀ ਨੇ ਦੱਸਿਆ, "ਗ਼ਲਤੀਆਂ ਨੂੰ ਸੁਧਾਰਨ ਦੀ ਬਜਾਏ, ਪੁਲਿਸ ਨੇ ਮੈਨੂੰ 5 ਅਕਤੂਬਰ 2020 ਨੂੰ ਇਕ ਗਾਂ ਨੂੰ ਮਾਰਨ ਦੇ ਦੋਸ਼ 'ਚ ਚੁੱਕ ਲਿਆ, ਜੋ ਕਿ ਮੇਰਠ ਵਿਚ ਕਿਤੇ ਵਾਪਰਿਆ ਸੀ। ਉਹ ਮੈਨੂੰ ਇਕ ਸੁੰਨਸਾਨ ਜਗ੍ਹਾ 'ਤੇ ਲੈ ਗਏ, ਜਿੱਥੇ ਉਨ੍ਹਾਂ ਨੇ ਮੈਨੂੰ ਭੁੰਜੇ ਸੁੱਟ ਦਿੱਤਾ ਅਤੇ ਐਨ ਨੇੜਿਓਂ ਮੇਰੀ ਖੱਬੀ ਲੱਤ 'ਚ ਗੋਡੇ ਦੇ ਹੇਠਾਂ ਗੋਲੀ ਮਾਰ ਦਿੱਤੀ।"

ਲੱਗਭੱਗ ਇਕ ਮਹੀਨੇ ਬਾਦ ਉਸ ਨੂੰ ਜ਼ਮਾਨਤ ਮਿਲ ਗਈ, ਪਰ 1 ਮਾਰਚ 2021 ਨੂੰ, ਪਹਿਲਾ ਜ਼ਖ਼ਮ ਠੀਕ ਹੋਣ ਤੋਂ ਪਹਿਲਾਂ ਹੀ ਉਸ ਨੂੰ ਇਕ ਮੋਟਰਸਾਈਕਲ ਚੋਰੀ ਕਰਨ ਦੇ ਦੋਸ਼ 'ਚ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ। "ਇਕ ਵਾਰ ਫਿਰ, ਉਹ ਮੈਨੂੰ ਇਕ ਸੁੰਨਸਾਨ ਜਗ੍ਹਾ ਲੈ ਗਏ ਅਤੇ ਗੋਡੇ ਤੋਂ ਹੇਠਾਂ ਮੇਰੀ ਸੱਜੀ ਲੱਤ 'ਚ ਗੋਲੀ ਮਾਰ ਦਿੱਤੀ। ਹੁਣ ਮੈਂ ਕਿਤੇ ਨਹੀਂ ਜਾਂਦਾ ਅਤੇ ਹਰ ਸਮੇਂ ਘਰ 'ਚ ਰਹਿੰਦਾ ਹਾਂ। ਇਕ ਵਾਰ ਮੈਂ ਸੋਚਿਆ ਕਿ ਮੇਰੇ ਨਾਲ ਜੋ ਵੀ ਹੋਇਆ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਲਿਖਾਂ, ਪਰ ਮੇਰੇ ਪਰਿਵਾਰਕ ਮੈਂਬਰਾਂ ਨੇ ਇਹ ਕਹਿ ਕੇ ਮੈਨੂੰ ਵਰਜ ਦਿੱਤਾ ਕਿ ਯੋਗੀ ਜੀ ਦੇ ਮੁੱਖ ਮੰਤਰੀ ਹੁੰਦਿਆਂ ਸਾਨੂੰ ਇਨਸਾਫ਼ ਨਹੀਂ ਮਿਲੇਗਾ।"

ਅਕਤੂਬਰ 2021 'ਚ, ਤਿੰਨ ਮਨੁੱਖੀ ਅਧਿਕਾਰ ਗਰੁੱਪਾਂ ਨੇ "ਕਾਨੂੰਨ ਅਤੇ ਜ਼ਿੰਦਗੀ ਨੂੰ ਨਸ਼ਟ ਕਰਨਾ: ਉੱਤਰ ਪ੍ਰਦੇਸ਼ ਰਾਜ ਵਿਚ ਪੁਲਿਸ ਵੱਲੋਂ ਕਤਲ ਅਤੇ ਪਰਦਾਪੋਸ਼ੀ" ਸਿਰਲੇਖ ਵਾਲੀ ਇਕ ਸਾਂਝੀ ਰਿਪੋਰਟ ਜਾਰੀ ਕੀਤੀ। ਇਸ ਦਾ ਕਹਿਣਾ ਹੈ ਕਿ ਉੱਤਰ ਪ੍ਰਦੇਸ਼ ਪੁਲਿਸ ਮੁਕਾਬਲਿਆਂ ਦਾ "ਸਰਗਰਮ ਰੰਗ-ਮੰਚ" ਹੈ ਅਤੇ ਇਹ ਦੱਸਦੀ ਹੈ ਕਿ ਅਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਤੋਂ ਬਾਦ ਰਾਜ ਵਿਚ 8,472 ਪੁਲਿਸ ਮੁਕਾਬਲੇ ਹੋਏ ਹਨ। ਦਸਤਾਵੇਜ਼ ਵਿਚ ਕਿਹਾ ਗਿਆ ਹੈ, "ਨਤੀਜੇ ਵਜੋਂ, 146 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਹੋਰ 3,302 ਗੋਲੀਆਂ ਨਾਲ ਜ਼ਖ਼ਮੀ ਹੋਏ ਹਨ।" 17 ਐਨਕਾਊਂਟਰ ਕਤਲਾਂ ਦੀ ਆਪਣੀ ਜਾਂਚ ਦੇ ਵੇਰਵੇ ਦਿੰਦੇ ਹੋਏ, ਤਿੰਨ ਅਧਿਕਾਰ ਗਰੁੱਪਾਂ ਨੇ ਦਿਖਾਇਆ ਕਿ ਕਿਵੇਂ ਰਾਜ ਸਰਕਾਰ ਨੇ ਸੁਪਰੀਮ ਕੋਰਟ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੁਆਰਾ ਤੈਅ ਕੀਤੇ ਸੁਰੱਖਿਆ ਉਪਾਵਾਂ ਨੂੰ ਬਾਈਪਾਸ ਕੀਤਾ ਹੈ ਅਤੇ ਇਸ ਨੇ ਇਸ ਪ੍ਰਤੀ ਅੱਖਾਂ ਬੰਦ ਕਰਨ 'ਚ ਮਨੁੱਖੀ ਅਧਿਕਾਰ ਕਮਿਸ਼ਨ ਦੀ ਮਿਲੀਭੁਗਤ ਦਾ ਪਰਦਾਫਾਸ਼ ਕੀਤਾ ਹੈ।

ਅਧਿਕਾਰਕ ਪ੍ਰਚਾਰ, ਜਿਸ ਨੂੰ ਮੁੱਖ ਧਾਰਾ ਮੀਡੀਆ ਦੇ ਇਕ ਵੱਡੇ ਹਿੱਸੇ ਨੇ ਹੋਰ ਵਧਾ-ਚੜ੍ਹਾ ਕੇ ਪ੍ਰਚਾਰਿਆ ਹੈ ਦਿਖਾਵਾ ਕਰਦਾ ਹੈ ਕਿ ਇਨ੍ਹਾਂ ਮੁਕਾਬਲਿਆਂ ਨੇ ਲੋਕਾਂ ਵਿਚ ਬੇਥਾਹ ਉਤਸ਼ਾਹ ਪੈਦਾ ਕੀਤਾ ਹੈ ਅਤੇ ਕਾਨੂੰਨ ਤੋੜਨ ਵਾਲੇ ਡਰੇ ਹਨ। ਹਾਲਾਂਕਿ, ਜ਼ਮੀਨੀਂ ਪੱਧਰ 'ਤੇ ਇਹ ਦਿਖਾਉਣ ਲਈ ਕੁਝ ਵੀ ਨਹੀਂ ਹੈ ਕਿ ਮੁਕਾਬਲਿਆਂ ਨੇ ਰੋਕਥਾਮ ਦੀ ਭੂਮਿਕਾ ਨਿਭਾਈ ਹੈ। ਇਸ ਦੀ ਬਜਾਏ, ਪੂਰੀ ਰਾਜ ਮਸ਼ੀਨਰੀ ਨੇ ਉੱਪਰ ਤੋਂ ਲੈ ਕੇ ਗੰਭੀਰ ਪੱਖਪਾਤ ਨਾਲ ਕੰਮ ਕੀਤਾ ਹੈ ਅਤੇ ਇਸ ਨੇ ਕਾਨੂੰਨ ਦੀਆਂ ਹੱਦਾਂ ਤੋਂ ਬਾਹਰ ਜਾ ਕੇ ਹਿੰਸਾ ਨੂੰ ਸਮਰੱਥ ਬਣਾਇਆ ਹੈ।

ਇਹ ਖ਼ਾਸ ਤੌਰ 'ਤੇ ਔਰਤਾਂ ਵਿਰੁੱਧ ਜੁਰਮਾਂ ਦੇ ਸੰਬੰਧ 'ਚ ਸੱਚ ਹੈ। ਅਜਿਹੇ ਜੁਰਮ, ਖ਼ਾਸ ਕਰਕੇ ਬਲਾਤਕਾਰ ਅਤੇ ਸਮੂਹਿਕ ਬਲਾਤਕਾਰ, ਉੱਤਰ ਪ੍ਰਦੇਸ਼ 'ਚ ਆਮ ਗੱਲ ਹੋ ਗਏ ਹਨ। ਸਭ ਤੋਂ ਬਦਨਾਮ ਮਿਸਾਲਾਂ ਵਿਚ ਉਨਾਓਂ 'ਚ ਇਕ 17 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਅਤੇ ਕਤਲ, ਜਿੱਥੇ ਮੁੱਖ ਦੋਸ਼ੀ ਭਾਜਪਾ ਆਗੂ ਕੁਲਦੀਪ ਸਿੰਘ ਸੈਂਗਰ ਅਤੇ ਸਾਬਕਾ ਭਾਜਪਾ ਨੇਤਾ ਚਿਨਮਯਾਨੰਦ ਦੁਆਰਾ ਸ਼ਾਹਜਹਾਂਪੁਰ ਵਿਚ ਇਕ ਕਾਲਜ ਦੀ ਵਿਦਿਆਰਥਣ ਨਾਲ ਕਥਿਤ ਬਲਾਤਕਾਰ ਸ਼ਾਮਿਲ ਹੈ (ਸ਼ਿਕਾਇਤਕਰਤਾ ਵੱਲੋਂ ਅਦਾਲਤ 'ਚ ਆਪਣਾ ਦੋਸ਼ ਵਾਪਸ ਲੈਣ ਤੋਂ ਬਾਦ ਉਸ ਨੂੰ ਬਰੀ ਕਰ ਦਿੱਤਾ ਗਿਆ)। ਹਾਥਰਸ 'ਚ ਇਕ ਨੌਜਵਾਨ ਦਲਿਤ ਔਰਤ ਨਾਲ ਸਮੂਹਿਕ ਬਲਾਤਕਾਰ ਅਤੇ ਕਤਲ, ਜਿਸ ਦੀ ਲਾਸ਼ ਦਾ ਪੁਲਿਸ ਵੱਲੋਂ ਉਸ ਦੇ ਪਰਿਵਾਰ ਦੀ ਮਰਜ਼ੀ ਦੇ ਵਿਰੁੱਧ ਕਾਹਲੀ-ਕਾਹਲੀ ਸੰਸਕਾਰ ਕਰ ਦਿੱਤਾ ਗਿਆ ਸੀ ਅਤੇ ਇਕ ਦਲਿਤ ਸਮੂਹਿਕ ਬਲਾਤਕਾਰ ਪੀੜਤ ਅਤੇ ਉਸਦੇ ਪਰਿਵਾਰ ਦੇ ਤਿੰਨ ਮੈਂਬਰਾਂ ਦੇ ਕਤਲ ਦੇ ਘਿਣਾਉਣੇ ਕਾਂਡ ਵਾਪਰੇ ਹਨ। ਇਨ੍ਹਾਂ ਸਾਰੇ ਮਾਮਲਿਆਂ 'ਚ ਚੰਗਾ ਬੱਸ ਇਹੀ ਹੁੰਦਾ ਹੈ ਕਿ ਅਦਿੱਤਿਆਨਾਥ ਸਰਕਾਰ ਪੈਰ ਪਿੱਛੇ ਖਿੱਚਦੀ ਨਜ਼ਰ ਆਉਂਦੀ ਹੈ ਅਤੇ ਬਦਤਰ ਹੱਦ ਤੱਕ ਇਹ ਮੁਜਰਿਮਾਂ ਦੇ ਹੱਕ 'ਚ ਖੜ੍ਹੀ ਨਜ਼ਰ ਆਉਂਦੀ ਹੈ।

ਉੱਤਰ ਪ੍ਰਦੇਸ਼ 'ਚ ਮਨੁੱਖੀ ਅਧਿਕਾਰਾਂ ਅਤੇ ਸਿਆਸੀ-ਕਾਨੂੰਨੀ ਪੈਰਵਾਈ ਗਰੁੱਪ, ਰਿਹਾਈ ਮੰਚ ਦੇ ਜਨਰਲ ਸਕੱਤਰ ਰਾਜੀਵ ਯਾਦਵ ਨੇ ਮੈਨੂੰ ਦੱਸਿਆ, "ਔਰਤਾਂ ਵਿਰੁੱਧ ਲਗਾਤਾਰ ਜੁਰਮਾਂ ਤੋਂ ਇਲਾਵਾ, ਪੁਲਿਸ ਮੁਕਾਬਲਿਆਂ ਵਿਚ ਬੇਕਸੂਰ ਲੋਕਾਂ ਦੇ ਮਾਰੇ ਜਾਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਮੁਕਾਬਲਿਆਂ ਨੇ ਨਾਗਰਿਕ ਅਤੇ ਮਨੁੱਖੀ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ। ਅਦਿੱਤਿਆਨਾਥ ਵੱਲੋਂ ਵਿਕਸਤ ਸ਼ਾਸਨ ਮਾਡਲ ਇਸ ਵਿਸ਼ਵਾਸ 'ਤੇ ਆਧਾਰਿਤ ਹੈ ਕਿ ਉਨ੍ਹਾਂ ਜੁਰਮਾਂ 'ਚ, ਜੋ ਕੀਤੇ ਹੋਣ ਦਾ ਸਰਕਾਰ ਦਾਅਵਾ ਕਰਦੀ ਹੈ, ਨਿਆਂ ਯਕੀਨੀ ਬਣਾਉਣ ਦਾ ਉਪਾਅ ਕਾਨੂੰਨ ਲਾਗੂ ਕਰਨਾ ਨਹੀਂ ਸਗੋਂ ਸਖ਼ਤ ਸਜ਼ਾ ਦੇਣਾ ਹੈ, ਭਾਵੇਂ ਉਹ ਅਸਲ ਵਿਚ ਕੀਤੇ ਗਏ ਹਨ ਜਾਂ ਨਹੀਂ।"

11 ਦਸੰਬਰ 2019 ਨੂੰ, ਮੋਦੀ ਸਰਕਾਰ ਨੇ ਨਾਗਰਿਕਤਾ (ਸੋਧ) ਕਾਨੂੰਨ ਥੋਪ ਦਿੱਤਾ। ਪੂਰੇ ਮੁਲਕ 'ਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋਏ। ਉੱਤਰ ਪ੍ਰਦੇਸ ਵਿਚ ਪ੍ਰਦਰਸ਼ਨਾਂ ਨੂੰ ਵਹਿਸ਼ੀ ਜਬਰ ਦਾ ਸਾਹਮਣਾ ਕਰਨਾ ਪਿਆ। ਮੁਜ਼ੱਫ਼ਰਨਗਰ ਸਭ ਤੋਂ ਪ੍ਰਭਾਵਤ ਖੇਤਰਾਂ ਵਿੱਚੋਂ ਇਕ ਸੀ।


ਸਥਾਨਕ ਨਿਵਾਸੀ ਮੁਹੰਮਦ ਇੰਤਾਸਰ ਨੇ ਮੈਨੂੰ ਦੱਸਿਆ, "20 ਦਸੰਬਰ ਨੂੰ ਜੁੰਮੇ ਦੀ ਨਮਾਜ ਤੋਂ ਬਾਦ, ਪੂਰੇ ਸ਼ਹਿਰ 'ਚੋਂ ਲੋਕ ਸੀਏਏ ਦੇ ਖ਼ਿਲਾਫ਼ ਆਪਣਾ ਵਿਰੋਧ ਪ੍ਰਗਟ ਕਰਨ ਲਈ ਮੀਨਾਕਸ਼ੀ ਚੌਕ ਵਿਖੇ ਇਕੱਠੇ ਹੋਏ।" ਇਹ ਸ਼ਾਂਤਮਈ ਪ੍ਰਦਰਸ਼ਨ ਸੀ ਅਤੇ ਕੁਝ ਵਾਰ ਨਾਅਰੇਬਾਜ਼ੀ ਕਰਨ ਤੋਂ ਬਾਦ ਭੀੜ ਖਿੰਡਣੀ ਸ਼ੁਰੂ ਹੋ ਗਈ। ਅਚਾਨਕ ਪਥਰਾਅ ਸ਼ੁਰੂ ਹੋ ਗਿਆ ਅਤੇ ਇਹ ਪਤਾ ਨਹੀਂ ਲੱਗ ਰਿਹਾ ਸੀ ਕਿ ਪੱਥਰ ਕਿੱਧਰੋਂ ਮਾਰੇ ਗਏ ਹਨ। ਪੁਲਿਸ ਨੇ ਦਾਅਵਾ ਕੀਤਾ ਕਿ ਪਥਰਾਓ ਪ੍ਰਦਰਸ਼ਨਕਾਰੀਆਂ ਨੇ ਕੀਤਾ ਸੀ, ਪਰ ਪ੍ਰਦਰਸ਼ਨਕਾਰੀਆਂ ਨੇ ਭਾਜਪਾ ਨੇਤਾ ਸੰਜੀਵ ਬਾਲਿਆਨ ਅਤੇ ਉਸ ਦੇ ਆਦਮੀਆਂ ਵੱਲ ਉਂਗਲ ਕੀਤੀ, ਜੋ ਜ਼ਾਹਰਾ ਤੌਰ 'ਤੇ ਪੁਲਿਸ ਦੇ ਨਾਲ ਮੌਜੂਦ ਸਨ। ਜੋ ਵੀ ਸੀ, ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਲਾਠੀਚਾਰਜ ਕੀਤਾ। ਸ਼ਾਮ 5 ਵਜੇ ਤੱਕ ਇਲਾਕੇ ਵਿਚ ਅਮਨ-ਅਮਾਨ ਬਹਾਲ ਹੋ ਗਿਆ ਸੀ।

ਰਾਤ ਕਰੀਬ 11 ਵਜੇ ਪੁਲਿਸ ਨੇ ਮੁਸਲਿਮ ਨਿਵਾਸੀਆਂ ਦੇ ਘਰਾਂ 'ਤੇ ਧਾਵਾ ਬੋਲ ਦਿੱਤਾ। "ਪੁਲਿਸ ਲਗਭਗ ਦੋ ਸੌ ਬੰਦਿਆਂ ਦਾ ਟੋਲਾ ਬਣਾ ਕੇ ਆਈ ਅਤੇ ਲੋਕਾਂ ਦੀਆਂ ਜਾਇਦਾਦਾਂ ਤੋੜਨੀਆਂ ਸ਼ੁਰੂ ਕਰ ਦਿੱਤੀਆਂ," ਇੰਤਾਸਰ ਨੇ ਦੱਸਿਆ। "ਉਹ ਦਰਵਾਜ਼ਾ ਤੋੜ ਕੇ ਮੇਰੇ ਘਰ 'ਚ ਵੜੇ ਅਤੇ ਮੇਰੀ ਕਾਰ, ਖਿੜਕੀਆਂ, ਫਰਨੀਚਰ, ਰਸੋਈ ਸਭ ਕੁਝ ਨਸ਼ਟ ਕਰ ਦਿੱਤਾ। ਉਨ੍ਹਾਂ ਦੇ ਹੱਥ ਜੋ ਕੁਝ ਵੀ ਆਇਆ ਸਭ ਕੁਝ ਤਬਾਹ ਕਰ ਦਿੱਤਾ।" ਇੰਤਾਸਰ ਨੇ ਇਹ ਵੀ ਦੱਸਿਆ ਕਿ ਉਸ ਰਾਤ ਮੁਜ਼ੱਫ਼ਰਨਗਰ ਵਿਚ ਸੈਂਕੜੇ ਹੋਰ ਘਰਾਂ ਵਿਚ ਵੀ ਭੰਨ-ਤੋੜ ਕੀਤੀ ਗਈ ਸੀ, ਅਤੇ "ਉੱਥੇ ਪੁਲਿਸ ਵੱਲੋਂ ਅਣਮਨੁੱਖੀ ਵਹਿਸ਼ੀਪਣ ਕੀਤਾ ਗਿਆ ਸੀ।"

ਪੁਲਿਸ ਨੇ ਇਨ੍ਹਾਂ ਹਮਲਿਆਂ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ। ਬਾਦ ਵਿਚ ਚਸ਼ਮਦੀਦ ਗਵਾਹਾਂ ਦੀਆਂ ਰਿਪੋਰਟਾਂ ਅਤੇ ਉਨ੍ਹਾਂ ਦੁਆਰਾ ਕੀਤੀ ਤਬਾਹੀ ਦੀ ਸੀਸੀਟੀਵੀ ਫੁਟੇਜ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ – 20 ਦਸੰਬਰ ਦੀ ਰਾਤ ਨੂੰ ਰਿਕਾਰਡ ਕੀਤੀ ਗਈ ਇਕ ਵੀਡੀਓ 'ਚ ਪੁਲਿਸ ਕਰਮਚਾਰੀ ਜਾਇਦਾਦਾਂ ਦੀ ਭੰਨਤੋੜ ਕਰਦੇ ਸਾਫ਼ ਦਿਖਾਈ ਦਿੰਦੇ ਹਨ। ਇਹ ਸਪੱਸ਼ਟ ਸੀ ਕਿ ਪੁਲਿਸ ਦੇ ਹਮਲਿਆਂ ਦਾ ਇਕ ਰਾਜਨੀਤਿਕ ਮਨੋਰਥ ਸੀ: ਮੁਸਲਮਾਨਾਂ ਨੂੰ ਇੰਨਾ ਡਰਾਉਣਾ ਕਿ ਉਹ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੇ ਆਪਣੇ ਸੰਵਿਧਾਨਕ ਅਧਿਕਾਰ ਨੂੰ ਤਿਆਗ ਦੇਣ। ਇਹ ਪੈਟਰਨ ਮੇਰਠ, ਕਾਨਪੁਰ, ਲਖਨਊ ਅਤੇ ਬਿਜਨੌਰ ਸਮੇਤ ਰਾਜ ਦੇ ਕਈ ਹੋਰ ਹਿੱਸਿਆਂ 'ਚ ਦੁਹਰਾਇਆ ਗਿਆ।

ਦਸੰਬਰ ਦੇ ਅੰਤ ਤੱਕ, ਘੱਟੋ-ਘੱਟ 19 ਲੋਕ ਪੁਲਿਸ ਦੀ ਕਾਰਵਾਈ ਅਤੇ ਉਸ ਤੋਂ ਬਾਦ ਹੋਈ ਹਿੰਸਾ 'ਚ ਮਾਰੇ ਗਏ ਸਨ, ਜ਼ਿਆਦਾਤਰ ਗੋਲੀਬਾਰੀ ਨਾਲ ਜ਼ਖ਼ਮੀ ਹੋ ਕੇ। ਇਕ ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੰਜ ਹਜ਼ਾਰ ਤੋਂ ਵੱਧ ਨੂੰ ਇਹਤਿਆਤੀ ਹਿਰਾਸਤ ਵਿਚ ਰੱਖਿਆ ਗਿਆ। 27 ਦਸੰਬਰ ਨੂੰ, ਅਦਿੱਤਿਆਨਾਥ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਇਕ ਜੇਤੂ ਸੰਦੇਸ਼ ਜਾਰੀ ਕੀਤਾ: "ਹਰ ਦੰਗਾਕਾਰੀ ਸਦਮੇ





'ਚ ਹੈ। ਹਰ ਗੜਬੜ ਕਰਨ ਵਾਲਾ ਹੈਰਾਨ ਹੈ. ਯੋਗੀ ਸਰਕਾਰ ਦੇ ਸਖ਼ਤ ਰਵੱਈਏ ਨੂੰ ਦੇਖ ਕੇ ਹਰ ਕੋਈ ਖ਼ਾਮੋਸ਼ ਹੈ।"

ਪਰ ਵਿਰੋਧ ਪ੍ਰਦਰਸ਼ਨ 2020 ਦੇ ਸ਼ੁਰੂ ਤੱਕ ਤੇਜ਼ ਹੁੰਦੇ ਰਹੇ। ਆਜ਼ਮਗੜ੍ਹ ਜ਼ਿਲ੍ਹੇ ਦੇ ਬਿਲਰੀਆਗੰਜ ਬਲਾਕ ਵਿਚ, ਪੁਲਿਸ ਨੇ ਸ਼ਾਂਤਮਈ ਸੀਏਏ ਵਿਰੋਧੀ ਪ੍ਰਦਰਸ਼ਨਕਾਰੀਆਂ ਉੱਪਰ ਹਮਲਾ ਕੀਤਾ ਅਤੇ ਉਨ੍ਹਾਂ ਉੱਪਰ ਦੇਸ਼ਧ੍ਰੋਹ ਦੇ ਸਖ਼ਤ ਕਾਨੂੰਨਾਂ ਤਹਿਤ ਕੇਸ ਦਰਜ ਕੀਤੇ। ਬਿਲਰੀਆਗੰਜ ਦੇ ਇਕ ਸਤਿਕਾਰਤ ਇਸਲਾਮੀ ਵਿਦਵਾਨ ਮੁਹੰਮਦ ਤਾਹਿਰ ਮਦਨੀ ਨੇ ਮੈਨੂੰ ਦੱਸਿਆ, "4 ਫਰਵਰੀ, 2020 ਨੂੰ ਦੁਪਹਿਰ ਦੇ ਕਰੀਬ, ਔਰਤਾਂ ਮੌਲਾਨਾ ਜੌਹਰ ਅਲੀ ਪਾਰਕ ਵਿਚ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ ਕਿਉਂਕਿ ਉਹ ਸ਼ਾਹੀਨ ਬਾਗ਼ ਵਰਗਾ ਵਿਰੋਧ ਪ੍ਰਦਰਸ਼ਨ ਕਰਨਾ ਚਾਹੁੰਦੀਆਂ ਸਨ। ਘੰਟਿਆਂ 'ਚ ਹੀ ਉੱਚ ਜ਼ਿਲ੍ਹਾ ਅਧਿਕਾਰੀ ਪੁਲਿਸ ਬਲਾਂ ਦੀ ਇਕ ਬੱਸ ਲੈ ਕੇ ਬਲਾਕ ਦਫ਼ਤਰ ਪਹੁੰਚ ਗਏ। ਪਹਿਲਾਂ, ਉਨ੍ਹਾਂ ਨੇ ਮੈਨੂੰ ਔਰਤ ਪ੍ਰਦਰਸ਼ਨਕਾਰੀਆਂ ਨੂੰ ਜੌਹਰ ਅਲੀ ਪਾਰਕ ਖਾਲੀ ਕਰਨ ਲਈ ਮਨਾਉਣ ਲਈ ਆਪਣਾ ਪ੍ਰਭਾਵ ਵਰਤਣ ਲਈ ਕਿਹਾ। ਮੈਂ ਪ੍ਰਦਰਸ਼ਨਕਾਰੀਆਂ ਨਾਲ ਗੱਲ ਕੀਤੀ, ਅਤੇ ਉਹ ਘਰ ਪਰਤਣਾ ਮੰਨ ਗਏ ਜੇਕਰ ਉਨ੍ਹਾਂ ਨੂੰ ਲਿਖਤੀ ਭਰੋਸਾ ਦਿੱਤਾ ਜਾਵੇ ਕਿ ਉਨ੍ਹਾਂ ਨੂੰ ਕਿਸੇ ਹੋਰ ਦਿਨ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਪ੍ਰਸ਼ਾਸਨ ਨੇ ਲਿਖਤੀ ਭਰੋਸਾ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਗੱਲਬਾਤ ਫੇਲ੍ਹ ਹੋ ਗਈ।"

ਮਦਨੀ ਨੂੰ ਉਸ ਸ਼ਾਮ ਦੋ ਹੋਰ ਕੋਸ਼ਿਸ਼ਾਂ ਕਰਨ ਲਈ ਮਜਬੂਰ ਕੀਤਾ ਗਿਆ, ਪਰ ਉਹ ਅਸਫ਼ਲ ਰਿਹਾ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਸਿਰਫ਼ ਜ਼ੁਬਾਨੀ ਭਰੋਸਾ ਦਿੰਦਾ ਸੀ। ਉਸ ਨੇ ਦੱਸਿਆ, "ਮੈਂ ਫਿਰ ਬਲਾਕ ਦਫ਼ਤਰ ਵਾਪਸ ਆਇਆ ਅਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਅਸਫ਼ਲ ਗੱਲਬਾਤ ਬਾਰੇ ਸੂਚਿਤ ਕੀਤਾ। ਮੈਨੂੰ ਕਿਹਾ ਗਿਆ ਕਿ ਮੈਂ ਉੱਥੋਂ ਨਾ ਜਾਵਾਂ। ਜਲਦੀ ਹੀ ਮੈਨੂੰ ਸੂਚਿਤ ਕੀਤਾ ਗਿਆ ਕਿ ਮੇਰੇ ਨਾਲ ਆਏ ਮੇਰੇ ਦੋਸਤਾਂ ਸਮੇਤ ਮੈਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ।"

ਦੇਰ ਰਾਤ ਪੁਲੀਸ ਨੇ ਪ੍ਰਦਰਸ਼ਨਕਾਰੀਆਂ 'ਤੇ ਟੁੱਟ ਪਈ। ਉਨ੍ਹਾਂ ਨੇ ਔਰਤ ਪ੍ਰਦਰਸ਼ਨਕਾਰੀਆਂ ਨੂੰ ਤਿੱਤਰ-ਬਿੱਤਰ ਕਰਕੇ ਇਕ ਦਰਜਨ ਤੋਂ ਵੱਧ ਆਦਮੀਆਂ ਨੂੰ ਚੁੱਕ ਲਿਆ, ਸਿਆਲ ਦੇ ਮੌਸਮ 'ਚ ਉਨ੍ਹਾਂ ਨੇ ਪਾਣੀ ਦੀਆਂ ਬੌਛਾੜਾਂ ਮਾਰੀਆਂ ਅਤੇ ਅੱਥਰੂ ਗੈਸ ਦੇ ਗੋਲੇ ਸੁੱਟੇ। ਅਗਲੇ ਦਿਨ ਇਕ ਐੱਫਆਈਆਰ ਦਰਜ ਕੀਤੀ ਗਈ ਅਤੇ ਹਿਰਾਸਤ 'ਚ ਲਏ ਗਏ ਸਾਰੇ ਲੋਕਾਂ 'ਤੇ ਰਾਜਧ੍ਰੋਹ ਦਾ ਦੋਸ਼ ਲਗਾਇਆ ਗਿਆ। ਮਦਨੀ ਨੂੰ ਮਨਸੂਰ ਅਲੀ ਪਾਰਕ ਵਿਚ ਜੁੜੀ "ਦੰਗਾਕਾਰੀ ਭੀੜ" ਨੂੰ "ਭੜਕਾਉਣ ਵਾਲਾ ਅਤੇ ਆਗੂ" ਵਜੋਂ ਦਰਸਾਇਆ ਗਿਆ ਸੀ, ਜਦੋਂ ਕਿ ਹਿਰਾਸਤ 'ਚ ਲਏ ਹੋਰਾਂ ਨੂੰ ਉਸ ਦੀ ਕਮਾਨ ਹੇਠ ਮੁੱਖ ਦੰਗਾਕਾਰੀਆਂ ਵਜੋਂ ਨਾਮਜ਼ਦ ਕੀਤਾ ਗਿਆ ਸੀ। ਰਾਜਧ੍ਰੋਹ ਕਾਨੂੰਨ ਦੀ ਵਰਤੋਂ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਉਹ ਸਾਰੇ ਚਾਰ ਮਹੀਨੇ ਦੇ ਕਰੀਬ ਜੇਲ੍ਹ 'ਚ ਰਹਿਣ।

2021 ਦੇ ਸ਼ੁਰੂ 'ਚ, ਪਹਿਲਾਂ ਹੀ ਕਮਜ਼ੋਰ ਸਿਹਤ ਢਾਂਚੇ ਵਾਲਾ ਉੱਤਰ ਪ੍ਰਦੇਸ਼ ਕੋਵਿਡ-19 ਦੀ ਦੂਜੀ ਲਹਿਰ ਨਾਲ ਨਜਿੱਠਣ ਲਈ ਤਿਆਰ ਨਹੀਂ ਸੀ। ਰਾਜ ਭਰ ਵਿਚਇੰਟੈਂਸਿਵ ਕੇਅਰ ਯੂਨਿਟਾਂ 'ਚ ਆਕਸੀਜਨ, ਵੈਂਟੀਲੇਟਰਾਂ ਅਤੇ ਬੈਡਾਂ ਦੀ ਭਾਰੀ ਘਾਟ ਸੀ। ਪਰ ਰਾਜ ਨੂੰ ਮਹਾਂਮਾਰੀ ਦੀ ਦੂਜੀ ਲਹਿਰ ਲਈ ਤਿਆਰ ਕਰਨ ਦੀ ਬਜਾਏ, ਜੋ ਕਿ ਸ਼ੁਰੂ ਹੋਣ ਵਾਲੀ ਸੀ, ਅਦਿੱਤਿਆਨਾਥ ਦਾ ਧਿਆਨ ਮੁੱਖ ਤੌਰ 'ਤੇ ਅਪ੍ਰੈਲ 'ਚ ਹੋਣ ਵਾਲੀਆਂ ਪੰਚਾਇਤ ਚੋਣਾਂ 'ਤੇ ਸੀ। ਆਮ ਤੌਰ 'ਤੇ ਪੰਚਾਇਤੀ ਚੋਣਾਂ ਸਿਆਸੀ ਪਾਰਟੀਆਂ ਦੀਆਂ ਤਰਜੀਹਾਂ ਦੀ ਸੂਚੀ ਵਿਚ ਜ਼ਿਆਦਾ ਨਹੀਂ ਹੁੰਦੀਆਂ। ਪਰ ਇਨ੍ਹਾਂ ਨੇ ਜੋ ਸੰਦੇਸ਼ ਬਣਨਾ ਸੀ, ਉਸ ਦਾ ਇੰਤਜ਼ਾਮ ਕਰਨਾ ਜ਼ਰੂਰੀ ਸਮਝਿਆ ਗਿਆ ਕਿਉਂਕਿ ਇਹ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਇਕ ਸਾਲ ਤੋਂ ਵੀ ਘੱਟ ਸਮਾਂ ਪਹਿਲਾਂ ਹੋ ਰਹੀਆਂ ਸਨ - ਇਹ ਤੱਥ ਅਦਿੱਤਿਆਨਾਥ ਦੇ ਪੰਚਾਇਤੀ ਚੋਣਾਂ ਦੇ ਨਤੀਜਿਆਂ ਨੂੰ ਭਾਜਪਾ ਦੇ ਪੱਖ 'ਚ ਕਰਨ ਦੀਆਂ ਕੋਸ਼ਿਸ਼ਾਂ ਤੋਂ ਸਪਸ਼ਟ ਹੈ।

ਇਸੇ ਕਾਰਨ ਵਿਰੋਧੀ ਪਾਰਟੀਆਂ ਵੀ ਜ਼ੋਰ ਲਗਾ ਕੇ ਚੋਣਾਂ 'ਚ ਕੁੱਦੀਆਂ। ਚੋਣ ਪ੍ਰਚਾਰ ਦੌਰਾਨ ਸਮਾਜਿਕ ਦੂਰੀ ਦਾ ਬਹੁਤ ਘੱਟ ਧਿਆਨ ਰੱਖਿਆ ਗਿਆ। ਉੱਤਰ ਪ੍ਰਦੇਸ਼ 'ਚ ਅਪ੍ਰੈਲ ਦੇ ਦੂਜੇ ਹਫ਼ਤੇ 'ਚ ਕੋਰੋਨਾ ਵਾਇਰਸ ਦੇ ਮਾਮਲੇ ਆਪਣੇ ਸਿਖ਼ਰ 'ਤੇ ਪਹੁੰਚ ਗਏ ਸਨ, ਉਦੋਂ ਮੁਹਿੰਮ ਪੂਰੇ ਜ਼ੋਰਾਂ 'ਤੇ ਸੀ ਅਤੇ ਮਹੀਨੇ ਦੇ ਅੰਤ ਤੱਕ ਸੂਬੇ 'ਚ ਹਾਹਾਕਾਰ ਮਚ ਗਈ ਸੀ।

ਹਜ਼ਾਰਾਂ ਸਕੂਲ ਅਧਿਆਪਕ ਅਤੇ ਹੋਰ ਸਰਕਾਰੀ ਕਰਮਚਾਰੀ ਜਿਨ੍ਹਾਂ ਨੂੰ ਚੋਣ ਡਿਊਟੀ 'ਤੇ ਭੇਜਿਆ ਗਿਆ ਸੀ, ਕੋਰੋਨਾ ਦੀ ਲਾਗ ਦੀ ਲਪੇਟ 'ਚ ਆ ਗਏ, ਅਤੇ ਉਨ੍ਹਾਂ 'ਚੋਂ ਵਾਹਵਾ ਗਿਣਤੀ ਦੀ ਮੌਤ ਹੋ ਗਈ। ਅਦਿੱਤਿਆਨਾਥ ਦੀ ਸਰਕਾਰ ਲੰਮੇ ਸਮੇਂ ਤੱਕ ਇਸ ਤੋਂ ਮੁੱਕਰਦੀ ਰਹੀ। ਕਰਮਚਾਰੀ ਅਤੇ ਅਧਿਆਪਕ ਯੂਨੀਅਨਾਂ ਨੇ ਧਮਕੀ ਦਿੱਤੀ ਕਿ ਜੇ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੀ ਮੰਗ ਨਾ ਮੰਨੀ ਗਈ ਤਾਂ ਉਹ ਹੜਤਾਲ ਕਰ ਦੇਣਗੇ।

ਦੂਜੀ ਲਹਿਰ ਨਾਲ ਅਦਿੱਤਿਆਨਾਥ ਵੱਲੋਂ ਨਜਿੱਠਣ ਦੀ ਪ੍ਰਕਿਰਿਆ ਨੇ ਸਿਰਫ਼ ਅਸਲੀ ਹਾਲਤ ਉੱਪਰ ਉਸ ਦੀ ਢਿੱਲੀ ਪਕੜ ਦੀ ਹੀ ਨਹੀਂ ਸਗੋਂ ਇਸ ਪ੍ਰਤੀ ਉਸ ਦੀ ਸਰਕਾਰ ਦੀ ਦੁਸ਼ਮਣੀ ਦੀ ਵੀ ਮਿਸਾਲ ਪੇਸ਼ ਕੀਤੀ। ਜਦੋਂ ਮਰੀਜ਼ਾਂ ਅਤੇ ਹਸਪਤਾਲਾਂ 'ਚ ਆਕਸੀਜਨ ਸਿਲੰਡਰਾਂ ਲਈ ਤਰਲੇ ਲੈ ਰਹੇ ਹੋਣ ਦੀਆਂ ਰਿਪੋਰਟਾਂ ਆਉਣੀਆਂ ਸ਼ੁਰੂ ਹੋ ਗਈਆਂ ਤਾਂ ਉਸ ਦੇ ਦਫ਼ਤਰ ਨੇ ਟਵੀਟ ਕੀਤਾ ਕਿ ਰਾਜ ਵਿਚ ਬੈਡਾਂ, ਆਕਸੀਜਨ ਜਾਂ ਵੈਂਟੀਲੇਟਰਾਂ ਦੀ ਕੋਈ ਘਾਟ ਨਹੀਂ ਹੈ। ਉਸ ਨੇ ਆਪਣੇ ਅਧਿਕਾਰੀਆਂ ਨੂੰ ਸੋਸ਼ਲ ਮੀਡੀਆ 'ਤੇ "ਅਫ਼ਵਾਹਾਂ" ਫੈਲਾਉਣ ਅਤੇ ਪ੍ਰਚਾਰ ਕਰਨ ਅਤੇ "ਮਾਹੌਲ ਖ਼ਰਾਬ ਕਰਨ" ਦੀ ਕੋਸ਼ਿਸ਼ ਕਰਨ ਵਾਲਿਆਂ ਵਿਰੁੱਧ ਰਾਸ਼ਟਰੀ ਸੁਰੱਖਿਆ ਐਕਟ ਦੇ ਤਹਿਤ ਕਾਰਵਾਈ ਕਰਨ ਅਤੇ ਉਨ੍ਹਾਂ ਦੀ ਜਾਇਦਾਦ ਨੂੰ ਜ਼ਬਤ ਕਰਨ ਲਈ ਕਿਹਾ।

ਉਸ ਦੀਆਂ ਧਮਕੀਆਂ ਅਤੇ ਇਨਕਾਰ ਕੰਮ ਨਹੀਂ ਆਏ। ਜਦੋਂ ਗੰਗਾ 'ਚ ਸੁੱਟੀਆਂ ਗਈਆਂ ਲਾਸ਼ਾਂ ਤੈਰਨੀਆਂ ਸ਼ੁਰੂ ਹੋ ਗਈਆਂ ਉਹ ਸਗੋਂ ਬੇਰਹਿਮ ਮਜ਼ਾਕ ਵਾਂਗ ਜਾਪਦੇ ਸਨ। ਅਦਿੱਤਿਆਨਾਥ ਦਾ ਵਿਹਾਰ ਰਾਜਨੀਤਿਕ ਚਾਲ-ਚੱਲਣ ਦੀਆਂ ਕੁਲ ਸੱਭਿਅਕ ਧਾਰਨਾਵਾਂ ਦੇ ਉਲਟ ਸੀ ਅਤੇ ਉੱਤਰ ਪ੍ਰਦੇਸ਼ 'ਚ ਜੋ ਕੁਝ ਹੋ ਰਿਹਾ ਸੀ ਉਸ ਦੀ ਭਿਆਨਕ ਤਸਵੀਰ ਪੇਸ਼ ਕਰਦਾ ਹੈ।

ਦੈਨਿਕ ਭਾਸਕਰ ਦੇ ਸੰਪਾਦਕ ਓਮ ਗੌੜ ਨੇ ਨਿਊਯਾਰਕ ਟਾਈਮਜ਼ ਲਈ ਲਿਖੇ ਇਕ ਚਲੰਤ ਲੇਖ 'ਚ ਲਿਖਿਆ, "ਖ਼ਾਸ ਰੁੱਤ ਨੂੰ ਛੱਡ ਕੇ ਅਸੀਂ ਇਸ ਤ੍ਰਾਸਦੀ ਬਾਰੇ ਕਦੇ ਨਹੀਂ ਸੁਣਿਆ ਹੋਵੇਗਾ। ਮਈ ਦੇ ਸ਼ੁਰੂ 'ਚ ਬਾਰਿਸ਼ ਨਾਲ ਗੰਗਾ ਦਾ ਪਾਣੀ ਕੰਢਿਆਂ ਤੱਕ ਆ ਗਿਆ, ਲਾਸ਼ਾਂ ਨਿਕਲ ਕੇ ਨਦੀ ਦੇ ਤੱਲ ਅਤੇ ਇਸ ਦੇ ਕੰਢਿਆਂ 'ਤੇ ਆ ਗਈਆਂ। ਬਾਰਿਸ਼ਾਂ ਨੇ ਕੰਢਿਆਂ ਤੋਂ ਗੰਦਗੀ ਸਾਫ਼ ਕਰ ਦਿੱਤੀ ਅਤੇ ਦੱਬੀਆਂ ਹੋਈਆਂ ਲਾਸ਼ਾਂ ਬਾਹਰ ਆ ਗਈਆਂ। ਬਾਰਿਸ਼ਾਂ ਨੇ ਪ੍ਰੋਭੂ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਜਾਂ ਲੋੜੀਂਦੀ ਟੀਕਿਆਂ ਦੀ ਸਪਲਾਈ ਯਕੀਨੀ ਬਣਾਉਣ ਜਾਂ ਇਸ ਦੀਆਂ ਕਮੀਆਂ ਦੀ ਜ਼ਿੰਮੇਵਾਰੀ ਲੈਣ 'ਚ ਸਰਕਾਰ ਦੀ ਭਿਆਨਕ ਅਸਫ਼ਲਤਾ ਵੀ ਉਜਾਗਰ ਕਰ ਦਿੱਤੀ।"

8 ਨਵੰਬਰ ਨੂੰ ਰਾਮਪੁਰ 'ਚ ਇਕ ਜਨਤਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਅਦਿੱਤਿਆਨਾਥ ਨੇ ਆਪਣੀ ਸਰਕਾਰ ਵੱਲੋਂ ਕੋਵਿਡ-19 ਸੰਕਟ ਨਾਲ ਨਜਿੱਠਣ ਲਈ ਆਪਣੇ ਆਪ ਨੂੰ ਵਧਾਈ ਦਿੱਤੀ, ਇਸ ਨੂੰ "ਸੰਸਾਰ 'ਚ ਬਿਹਤਰੀਨ" ਕਿਹਾ।

ਅਦਿੱਤਿਆਨਾਥ ਨੇ ਜਿਸ ਤਰੀਕੇ ਨਾਲ ਸ਼ਾਸਨ ਚਲਾਉਣ ਦੀ ਕੋਸ਼ਿਸ਼ ਕੀਤੀ ਹੈ ਉਸ ਨੂੰ ਦੇਖਦੇ ਹੋਏ ਸਿਰਫ਼ ਇਹੀ ਕਿਹਾ ਜਾ ਸਕਦਾ ਹੈ ਕਿ ਮੂਲ ਰੂਪ 'ਚ ਉਹ ਤਬਦੀਲੀ ਨਹੀਂ ਚਾਹੁੰਦਾ; ਉਹ ਸਿਰਫ਼ ਸੱਤਾ ਚਾਹੁੰਦਾ ਹੈ। ਜਿਵੇਂ ਹਿੰਦੂ ਯੁਵਾ ਵਾਹਿਨੀ ਨੇ ਉਸ ਦੇ ਰਾਜ ਦੀ ਸੱਤਾ ਹਥਿਆਉਣ ਲਈ ਇਕ ਸੰਦ ਵਜੋਂ ਕੰਮ ਕੀਤਾ, ਉਸੇ ਤਰ੍ਹਾਂ ਪੁਲਿਸ ਫੋਰਸ ਹੁਣ ਉੱਤਰ ਪ੍ਰਦੇਸ਼ ਉੱਪਰ ਉਸ ਲਈ ਆਪਣੀ ਸਰਦਾਰੀ ਥੋਪਣ ਦੇ ਸੰਦ ਵਜੋਂ ਕੰਮ ਕਰ ਰਹੀ ਹੈ।

ਅਦਿੱਤਿਆਨਾਥ ਸਰਕਾਰ ਰਾਜ ਦੀ ਬਹੁਗਿਣਤੀ ਆਬਾਦੀ ਦੇ ਪਦਾਰਥਕ ਹਾਲਾਤ 'ਚ ਕੋਈ ਠੋਸ ਸੁਧਾਰ ਲਿਆਉਣ 'ਚ ਅਸਫ਼ਲ ਰਹੀ ਹੈ। ਉੱਤਰ ਪ੍ਰਦੇਸ਼, ਬਿਹਾਰ ਅਤੇ ਝਾਰਖੰਡ ਸਿਹਤ, ਸਿੱਖਿਆ ਅਤੇ ਜੀਵਨ ਪੱਧਰ 'ਤੇ ਨੀਤੀ ਆਯੋਗ ਦੇ ਨਵੇਂ ਸੂਚਕ ਅੰਕ ਵਿਚ ਬਹੁ-ਪਾਸਾਰੀ ਤੌਰ 'ਤੇ ਗ਼ਰੀਬ ਲੋਕਾਂ ਦੇ ਸਭ ਤੋਂ ਵੱਧ ਅਨੁਪਾਤ ਵਾਲੇ ਰਾਜ ਹਨ। ਅਦਿੱਤਿਆਨਾਥ ਦੇ ਰਾਜ ਦੇ ਸਾਲਾਂ ਵਿਚ 2017 ਅਤੇ 2021 ਦਰਮਿਆਨ ਰਾਜ ਦੀ ਜੀ.ਡੀ.ਪੀ. (ਕੁਲ ਘਰੇਲੂ ਪੈਦਾਵਾਰ) ਵਿਚ ਸਿਰਫ਼ 1.95 ਫ਼ੀ ਸਦੀ ਦਾ ਮਿਸ਼ਰਤ ਸਾਲਾਨਾ ਵਾਧਾ ਦੇਖਿਆ ਗਿਆ ਹੈ। ਇਸਦੇ ਮੁਕਾਬਲੇ, 2012 ਅਤੇ 2017 ਦਰਮਿਆਨ ਮਿਸ਼ਰਿਤ ਸਾਲਾਨਾ ਆਰਥਕ ਵਾਧਾ ਦਰ ਲਗਭਗ ਸੱਤ ਫ਼ੀ ਸਦੀ ਸੀ।

ਅਦਿੱਤਿਆਨਾਥ ਨਾ ਤਾਂ ਐਸਾ ਪਹਿਲਾ ਅਤੇ ਨਾ ਹੀ ਆਖ਼ਰੀ ਮੁੱਖ ਮੰਤਰੀ ਹੈ ਜਿਨ੍ਹਾਂ ਦੀ ਆਰਥਕ ਧਾਰਨਾਵਾਂ ਅਤੇ ਸਰਕਾਰ ਦੇ ਕੰਮਕਾਜ ਉੱਪਰ ਮਜ਼ਬੂਤ ਪਕੜ ਨਹੀਂ ਹੈ। ਆਮ ਤੌਰ 'ਤੇ ਅਜਿਹੇ ਹਾਲਾਤ 'ਚ ਆਗੂ ਸਲਾਹਕਾਰਾਂ ਦੀ ਮੱਦਦ ਨਾਲ ਆਪਣੀਆਂ ਰੁਕਾਵਟਾਂ 'ਤੇ ਕਾਬੂ ਪਾਉਂਦੇ ਹਨ। ਪਰ ਅਦਿੱਤਿਆਨਾਥ ਆਪਣੀ ਅਜੀਬ ਸਵੈ-ਮਗਨਤਾ ਕਾਰਨ ਆਪਣੇ ਸਲਾਹਕਾਰਾਂ, ਨੌਕਰਸ਼ਾਹਾਂ ਅਤੇ ਇੱਥੋਂ ਤੱਕ ਕਿ ਆਪਣੇ ਮੰਤਰੀ ਸਹਿਕਰਮੀਆਂ ਨਾਲ ਨਜ਼ਦੀਕੀ ਕੰਮਕਾਜੀ ਸੰਬੰਧਾਂ ਦੇ ਅਯੋਗ ਹੈ।

ਉੱਤਰ ਪ੍ਰਦੇਸ਼ ਸਰਕਾਰ ਦੇ ਇਕ ਸੀਨੀਅਰ ਮੰਤਰੀ ਨੇ ਮੈਨੂੰ ਦੱਸਿਆ, "ਉਹ ਜ਼ਿਆਦਾਤਰ ਮੰਤਰੀਆਂ ਅਤੇ ਪਾਰਟੀ ਵਿਧਾਇਕਾਂ 'ਤੇ ਭਰੋਸਾ ਨਹੀਂ ਕਰਦੇ। ਸ਼ਾਇਦ ਉਨ੍ਹਾਂ ਨੇ ਕਦੇ ਵੀ ਆਪਣੇ ਆਪ ਨੂੰ ਟੀਮ ਦਾ ਹਿੱਸਾ ਨਹੀਂ ਸਮਝਿਆ।" ਮੰਤਰੀ ਨੇ ਕਿਹਾ, ਭਾਵੇਂ ਅਦਿੱਤਿਆਨਾਥ ਨੇ ਆਪਣੀਆਂ ਸਾਰੀਆਂ ਚੋਣਾਂ ਭਾਜਪਾ ਦੀ ਟਿਕਟ 'ਤੇ ਜਿੱਤੀਆਂ, ਉਸ ਨੇ ਕਦੇ ਵੀ ਪਾਰਟੀ ਨੂੰ ਆਪਣਾ ਘਰ ਨਹੀਂ ਸਮਝਿਆ। "ਜਦੋਂ ਤੱਕ ਉਹ ਮੁੱਖ ਮੰਤਰੀ ਨਹੀਂ ਬਣਿਆ ਉਹ ਹਮੇਸ਼ਾ ਇਹੀ ਸਮਝਦਾ ਸੀ ਕਿ ਪੂਰਵਾਂਚਲ ਲਈ ਸਾਰੇ ਫ਼ੈਸਲੇ ਉਸ ਨੂੰ ਇਕੱਲੇ ਨੂੰ ਲੈਣੇ ਚਾਹੀਦੇ ਹਨ ਅਤੇ ਪਾਰਟੀ ਨੂੰ ਖੇਤਰ 'ਚ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਆਪਣੀ ਹਿੰਦੂ ਯੁਵਾ ਵਾਹਿਨੀ ਦੀ ਮਦਦ ਨਾਲ ਉਸ ਨੇ ਨਾ ਸਿਰਫ਼ ਸਪਾ (ਸਮਾਜਵਾਦੀ ਪਾਰਟੀ) ਅਤੇ ਬਸਪਾ (ਬਹੁਜਨ ਸਮਾਜ ਪਾਰਟੀ) ਤੋਂ ਸਗੋਂ ਭਾਜਪਾ ਨੇਤਾਵਾਂ ਤੋਂ ਵੀ ਆਪਣੇ ਗੜ੍ਹ ਨੂੰ ਜ਼ੋਰਦਾਰ ਤਰੀਕੇ ਨਾਲ ਬਚਾਇਆ। ਇਸੇ ਕਰਕੇ ਭਾਜਪਾ ਸਰਕਾਰ ਦਾ ਮੁਖੀ ਹੋਣ ਦੇ ਬਾਵਜੂਦ ਉਹ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ 'ਚ ਪੂਰਾ ਭਰੋਸਾ ਨਹੀਂ ਬਣਾ ਸਕਿਆ ਅਤੇ ਆਮ ਤੌਰ 'ਤੇ ਉਹ ਉਨ੍ਹਾਂ ਵਿੱਚੋਂ ਬਹੁਤਿਆਂ ਬਾਰੇ ਸ਼ੱਕੀ ਹੈ।"

ਮੰਤਰੀ ਮੁਤਾਬਕ ਅਦਿੱਤਿਆਨਾਥ ਨੂੰ ਆਪਣੀ ਸਰਕਾਰ ਦੇ ਜ਼ਿਆਦਾਤਰ ਨੌਕਰਸ਼ਾਹਾਂ 'ਤੇ ਵੀ ਭਰੋਸਾ ਨਹੀਂ ਹੈ। ਉਸ ਨੇ ਕਿਹਾ, "ਉਸ ਦਾ ਭੈੜਾ ਸੁਭਾਅ ਅਤੇ ਵਾਰ-ਵਾਰ ਅਪਮਾਨਜਨਕ ਭਾਸ਼ਾ ਵਰਤਣ ਦੀ ਉਸ ਦੀ ਆਦਤ ਨੇਕ ਸਿਵਲ ਅਮਲੇ ਅਤੇ ਸਲਾਹਕਾਰਾਂ ਨੂੰ ਡਰਾਉਂਦੀ ਹੈ। ਉਹ ਆਪਣੇ ਮਨ ਦੀ ਗੱਲ ਕਹਿਣ ਦੀ ਬਜਾਏ ਚੁੱਪ ਰਹਿਣਾ ਪਸੰਦ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਕਦੇ ਵੀ ਯਕੀਨ ਨਹੀਂ ਹੁੰਦਾ ਕਿ ਜੇ ਉਹ ਆਪਣਾ ਮੂੰਹ ਖੋਲ੍ਹਣਗੇ ਤਾਂ ਉਨ੍ਹਾਂ ਨੂੰ ਦਬਾਇਆ ਨਹੀਂ ਜਾਵੇਗਾ।" ਆਪਣੇ ਤਜ਼ਰਬੇ ਦੇ ਆਧਾਰ 'ਤੇ ਮੰਤਰੀ ਨੇ ਅੱਗੇ ਕਿਹਾ, "ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਨੌਕਰਸ਼ਾਹ ਇਸ ਤਰ੍ਹਾਂ ਆਪਣਾ ਬਚਾਓ ਕਰਦੇ ਹਨ - ਜੇ ਕਰ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਬੌਸ ਚਿੜਚਿੜਾ ਅਤੇ ਉਸ ਦਾ ਮਿਜ਼ਾਜ ਸਮਝੋਂ ਬਾਹਰ ਹੈ, ਤਾਂ ਉਹ ਚੁੱਪ ਕਰ ਜਾਂਦੇ ਹਨ। ਅਜਿਹੀ ਸਥਿਤੀ ਅਕਸਰ ਯੋਗੀ ਜੀ ਨੂੰ ਸੰਕਟ ਨਾਲ ਨਜਿੱਠਣ ਲਈ ਇਕੱਲਾ ਜਾਂ ਕੁਝ ਪੁਲਿਸ ਅਫ਼ਸਰਾਂ ਸਮੇਤ ਮੁੱਠੀ ਭਰ ਚਾਪਲੂਸਾਂ ਨਾਲ ਸਲਾਹ-ਮਸ਼ਵਰਾ ਕਰਨ ਲਈ ਛੱਡ ਦਿੰਦੀ ਹੈ।"

2021 ਦੀਆਂ ਗਰਮੀਆਂ 'ਚ ਕਿਆਸ ਅਰਾਈਆਂ ਤੇਜ਼ ਹੋ ਗਈਆਂ ਕਿ ਮੋਦੀ ਅਦਿੱਤਿਆਨਾਥ ਨੂੰ ਹਟਾਉਣ, ਜਾਂ ਘੱਟੋ-ਘੱਟ ਉਸਦੇ ਖੰਭ ਕੁਤਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜੂਨ ਵਿਚ ਕਿਆਸ ਅਰਾਈਆਂ ਤੇਜ਼ ਹੋ ਗਈਆਂ, ਜਦੋਂ ਭਾਜਪਾ ਅਤੇ ਆਰ.ਐੱਸ.ਐੱਸ. ਦੇ ਕਈ ਪ੍ਰਮੁੱਖ ਆਗੂਆਂ ਨੇ ਲਖਨਊ ਦਾ ਦੌਰਾ ਕੀਤਾ ਅਤੇ ਅਦਿੱਤਿਆਨਾਥ ਅਤੇ ਮਹੱਤਵਪੂਰਨ ਮੰਤਰੀਆਂ ਨਾਲ ਮੀਟਿੰਗਾਂ ਕੀਤੀਆਂ। ਹਾਲਾਂਕਿ ਪਾਰਟੀ ਨੇ ਇਨ੍ਹਾਂ ਮੀਟਿੰਗਾਂ ਨੂੰ ਵਿਧਾਨ ਸਭਾ ਚੋਣਾਂ ਲਈ ਇਕ "ਰੁਟੀਨ ਕਵਾਇਦ" ਦੱਸਿਆ, ਪਰ ਇਹ ਸਪੱਸ਼ਟ ਸੀ ਕਿ ਅਦਿੱਤਿਆਨਾਥ ਦੀ ਭਾਜਪਾ ਹਾਈ ਕਮਾਨ ਨਾਲ ਸਮੀਕਰਨ ਵਿਚ ਸਭ ਕੁਝ ਠੀਕ ਨਹੀਂ ਸੀ।

ਅਫ਼ਵਾਹਾਂ ਦਾ ਕੁਝ ਆਧਾਰ ਤਾਂ ਸੀ, ਇਸ ਦੀ ਤਸਦੀਕ ਮਹੀਨਿਆਂ ਬਾਦ ਆਰ.ਐੱਸ.ਐੱਸ. ਦੇ ਇਕ ਸੀਨੀਅਰ ਮੈਂਬਰ ਨੇ ਕੀਤੀ। ਆਰ.ਐੱਸ.ਐੱਸ. ਮੈਂਬਰ ਨੇ ਮੈਨੂੰ ਦੱਸਿਆ, "ਜੂਨ ਵਿਚ, ਉਸ ਦੀ ਅਥਾਰਟੀ ਨੂੰ ਘਟਾਉਣ ਲਈ ਕੁਝ ਗੰਭੀਰ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਉਦੇਸ਼ ਉਸ ਨੂੰ ਅਹੁਦੇ ਤੋਂ ਹਟਾਉਣਾ ਨਹੀਂ ਸੀ, ਸਗੋਂ ਉਸ ਨੂੰ ਕੁਝ ਨਿਸ਼ਾਨਦੇਹੀ ਕੀਤੇ ਸਹਿਕਰਮੀਆਂ ਨਾਲ ਆਪਣੀਆਂ ਕੁਝ ਸ਼ਕਤੀਆਂ ਸਾਂਝੀਆਂ ਕਰਨਾ ਸੀ। ਪਰ ਉਹ ਕੋਸ਼ਿਸ਼ਾਂ ਤੁਰੰਤ ਰੋਕ ਦਿੱਤੀਆਂ ਗਈਆਂ ਜਦੋਂ ਇਹ ਮਹਿਸੂਸ ਹੋਇਆ ਕਿ ਯੋਗੀ ਜੀ ਕੰਮਕਾਜ ਨੂੰ ਆਪਣੇ ਹੱਥੋਂ ਖਿਸਕਣ ਨਾ ਦੇਣ ਲਈ ਬਹੁਤ ਦ੍ਰਿੜ ਸਨ।"

ਇਕ ਹੋਰ ਅਫ਼ਵਾਹ ਵੀ ਸੀ ਕਿ ਬੀ.ਜੇ.ਪੀ. ਦੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਦੀ ਸੂਰਤ 'ਚ ਅਦਿੱਤਿਆਨਾਥ ਨੂੰ ਦੂਜਾ ਮੌਕਾ ਨਹੀਂ ਦਿੱਤਾ ਜਾਵੇਗਾ। ਆਰ.ਐੱਸ.ਐੱਸ. ਆਗੂ ਨੇ ਕਿਹਾ, "ਅਫ਼ਵਾਹਾਂ ਨੇ ਵਿਧਾਨ ਸਭਾ ਚੋਣਾਂ ਤੋਂ ਬਾਦ ਅਦਿੱਤਿਆਨਾਥ ਦੀ ਕਿਸਮਤ ਨੂੰ ਲੈ ਕੇ ਸਾਡੇ ਹਮਾਇਤੀਆਂ ਦੇ ਮਨਾਂ 'ਚ ਬੇਯਕੀਨੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਨਾਲ ਬੀ.ਜੇ.ਪੀ. ਦੀਆਂ ਸੰਭਾਵਨਾਵਾਂ ਨੂੰ ਨੁਕਸਾਨ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਅਤੇ ਇਹ ਜ਼ਰੂਰੀ ਸੀ ਕਿ ਪਾਰਟੀ ਦੇ ਚੋਟੀ ਦੇ ਆਗੂ ਸ਼ੱਕ ਦੂਰ ਕਰਨ।"

ਅਕਤੂਬਰ 2021 'ਚ ਅਮਿਤ ਸ਼ਾਹ ਨੇ ਲਖਨਊ ਵਿਚ ਇਕ ਇਕੱਠ ਨੂੰ ਕਿਹਾ, "ਜੇਕਰ ਤੁਸੀਂ 2024 'ਚ ਮੋਦੀ ਜੀ ਨੂੰ ਦੁਬਾਰਾ ਪੀਐੱਮ ਬਣਾਉਣਾ ਚਾਹੁੰਦੇ ਹੋ, ਤਾਂ 2022 'ਚ ਤੁਹਾਨੂੰ ਇਕ ਵਾਰ ਫਿਰ ਯੋਗੀ ਜੀ ਨੂੰ ਸੀ.ਐੱਮ. ਬਣਾਉਣਾ ਹੋਵੇਗਾ। ਤਾਂ ਹੀ ਮੁਲਕ ਦਾ ਵਿਕਾਸ ਅੱਗੇ ਵਧ ਸਕਦਾ ਹੈ। ਯੂ.ਪੀ. ਦੇ ਵਿਕਾਸ ਤੋਂ ਬਿਨਾਂ ਮੁਲਕ ਦਾ ਵਿਕਾਸ ਨਹੀਂ ਹੋ ਸਕਦਾ।"

ਏਕਤਾ ਦੇ ਸੰਦੇਸ਼ ਨੂੰ ਮਜ਼ਬੂਤੀ ਦੇਣ ਲਈ ਅਦਿੱਤਿਆਨਾਥ ਨੇ 21 ਨਵੰਬਰ ਨੂੰ ਆਪਣੀਆਂ ਅਤੇ ਮੋਦੀ ਦੀਆਂ ਚਹਿਲ ਕਦਮੀਂ ਕਰਦਿਆਂ ਦੀਆਂ ਦੋ ਤਸਵੀਰਾਂ ਟਵੀਟ ਕੀਤੀਆਂ। ਮੋਦੀ ਨੂੰ ਅਦਿੱਤਿਆਨਾਥ ਦੇ ਮੋਢੇ 'ਤੇ ਹੱਥ ਰੱਖ ਕੇ ਗੱਲ ਕਰਦੇ ਦਿਖਾਇਆ ਗਿਆ ਸੀ। ਅਦਿੱਤਿਆਨਾਥ ਨੇ ਇਕ ਨਿੱਕੀ ਨਜ਼ਮ ਵੀ ਪੋਸਟ ਕੀਤੀ: "ਹਮ ਨਿਕਲ ਪੜੇ ਹੈਂ ਪ੍ਰਣ ਕਰਕੇ, ਅਪਨਾ ਤਨ-ਮਨ ਅਰਪਣ ਕਰਕੇ, ਜ਼ਿਦ ਹੈ ਏਕ ਸੂਰਿਆ ਉਗਾਨਾ ਹੈ, ਅੰਬਰ ਸੇ ਊਂਚਾ ਜਾਨਾ ਹੈ, ਏਕ ਭਾਰਤ ਨਯਾ ਬਨਾਨਾ ਹੈ।"

ਇਹ ਉਪਾਅ ਬੀ.ਜੇ.ਪੀ. ਅਤੇ ਅਦਿੱਤਿਆਨਾਥ ਦੋਵਾਂ ਲਈ ਅਹਿਮ ਸਨ। ਪਰ ਇਨ੍ਹਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਅਦਿੱਤਿਆਨਾਥ ਨੇ ਬਿਨਾਂ ਕਿਸੇ ਮੁਸ਼ਕਲ ਦੇ ਪਹਿਲੀ ਵੱਡੀ ਚੁਣੌਤੀ ਸਰ ਕਰ ਲਈ ਹੈ। ਜਿਹੜੇ ਲੋਕ ਉਸ ਨੂੰ ਪਾਸੇ ਕਰਨਾ ਚਾਹੁੰਦੇ ਸਨ, ਉਨ੍ਹਾਂ ਨੇ ਖ਼ੁਦ ਉਸ ਨੂੰ ਪਾਰਟੀ ਦਾ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਸੀ, ਸ਼ਾਇਦ ਇਸ ਲਈ ਕਿ ਉਹ ਚੋਣਾਂ ਦੇ ਵਕਤ ਇਕਜੁੱਟਤਾ ਦਾ ਪ੍ਰਭਾਵ ਬਣਾਈ ਰੱਖਣ ਲਈ ਮਜਬੂਰ ਸਨ।

ਆਰ.ਐੱਸ.ਐੱਸ. ਆਗੂ ਨੇ ਕਿਹਾ, "ਯੋਗੀ ਜੀ ਨੂੰ ਨੀਵਾਂ ਦਿਖਾਉਣ 'ਚ ਮੋਦੀ ਅਤੇ ਸ਼ਾਹ ਦੀ ਨਾਕਾਮੀ ਦਾ ਇਕ ਕਾਰਨ ਇਹ ਸੀ ਕਿ ਸੰਘ ਯੋਗੀ ਜੀ ਨੂੰ ਉਸ ਤਰ੍ਹਾਂ ਨਹੀਂ ਦੇਖਦਾ ਜਿਸ ਤਰ੍ਹਾਂ ਉਹ ਪਹਿਲਾਂ ਦੇਖਦਾ ਸੀ। ਜਦੋਂ ਤੱਕ ਉਹ ਮੁੱਖ ਮੰਤਰੀ ਨਹੀਂ ਬਣ ਗਏ, ਯੋਗੀਜੀ ਸੰਘ ਲਈ ਵਧੇਰੇ ਮੁਸੀਬਤ ਬਣੇ ਹੋਏ ਸਨ ਕਿਉਂਕਿ ਉਹ ਸੁਤੰਤਰ, ਅਤੇ ਅਕਸਰ ਸਮਾਨਾਂਤਰ, ਸਿਆਸੀ ਇੱਛਾਵਾਂ ਪਾਲਦੇ ਦਿਖਾਈ ਦਿੰਦੇ ਸਨ।" ਪਰ ਪਿਛਲੇ ਪੰਜ ਸਾਲਾਂ 'ਚ ਚੀਜ਼ਾਂ ਬਦਲ ਗਈਆਂ ਸਨ। "ਉਸ ਨੇ ਆਪਣੇ ਆਪ ਨੂੰ ਸੰਘ ਪਰਿਵਾਰ ਨਾਲ ਜੋੜਨ ਦੀ ਜ਼ੋਰਦਾਰ ਕੋਸ਼ਿਸ਼ ਕੀਤੀ ਹੈ। ਅਤੇ ਸੰਘ ਨੇ ਰਾਜਨੀਤਿਕ ਖੇਤਰ 'ਚ ਹਿੰਦੂ ਧਾਰਮਿਕ ਚਿੰਨ੍ਹਾਂ ਉੱਪਰ ਉਸ ਵੱਲੋਂ ਅਨੰਤ ਜ਼ੋਰ ਦੇਣ ਅਤੇ ਮੁਸਲਮਾਨਾਂ ਨਾਲ ਨਜਿੱਠਣ ਵੇਲੇ ਉਸ ਦੇ ਬੇਫ਼ਿਕਰ ਗੁਣਾਂ ਲਈ ਉਸ ਦੀ ਤਾਰੀਫ਼ ਕੀਤੀ ਹੈ। ਇਸ ਲਈ, ਜਿੱਥੇ ਬੀ.ਜੇ.ਪੀ. ਲੀਡਰਸ਼ਿਪ ਯੋਗੀ ਜੀ ਦੇ ਸਵਾਲ 'ਤੇ ਦੋਚਿੱਤੀ 'ਚ ਸੀ, ਸੰਘ ਦਾ ਇਕ ਤਕੜਾ ਹਿੱਸਾ ਪਹਿਲਾਂ ਹੀ ਉਸ ਨੂੰ ਅਗਲੀਆਂ ਯੂ.ਪੀ. ਚੋਣਾਂ ਦੇ ਚਿਹਰੇ ਵਜੋਂ ਦੇਖ ਰਿਹਾ ਸੀ।"

ਪਾਰਟੀ ਦੀ ਹਰ ਚਾਲ ਹੁਣ ਰਣਨੀਤਕ ਹੈ, ਜਿਸ ਦਾ ਉਦੇਸ਼ 2022 'ਚ ਇਕ ਹੋਰ ਚੋਣ ਜਿੱਤ ਹਾਸਲ ਕਰਨਾ ਹੈ। ਸ਼ਾਹ ਦੇ ਐਲਾਨ ਤੋਂ ਕੁਝ ਦਿਨ ਬਾਦ ਹੀ ਅਦਿੱਤਿਆਨਾਥ ਨੇ ਖ਼ੁਦ ਮੁਹਿੰਮ ਸ਼ੁਰੂ ਕਰਨ ਦਾ ਸੰਕੇਤ ਦੇ ਦਿੱਤਾ। ਅਯੁੱਧਿਆ 'ਚ ਦੀਵਾਲੀ ਦੀ ਪੂਰਵ ਸੰਧਿਆ 'ਤੇ ਉਸ ਨੇ ਕਿਹਾ ਕਿ ਉਸ ਦੀ ਸਰਕਾਰ ਉਸ ਪੈਸੇ ਨਾਲ ਮੰਦਰਾਂ ਦੀ ਉਸਾਰੀ ਕਰ ਰਹੀ ਹੈ ਜੋ ਪਹਿਲਾਂ ਦੀਆਂ ਸਰਕਾਰਾਂ "ਕਬਰਿਸਤਾਨਾਂ ਦੀ ਚਾਰਦੀਵਾਰੀ ਕਰਨ" ਉੱਪਰ ਖ਼ਰਚਦੀਆਂ ਰਹੀਆਂ। "ਜਨਤਾ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਜਗ੍ਹਾ ਦਿਖਾ ਦਿੱਤੀ ਜਿਨ੍ਹਾਂ ਨੂੰ ਕਬਰਸਤਾਨਾਂ ਨਾਲ ਪ੍ਰੇਮ ਸੀ।" ਉਸ ਨੇ ਹੋਰ ਕਿਹਾ "ਉਹ ਅੱਜ ਦੇਖ ਰਹੇ ਹਨ ਕਿ ਅਸੀਂ ਮੰਦਰਾਂ ਦੀ ਉਸਾਰੀ ਅਤੇ ਭਾਰਤੀ ਸੰਸਕ੍ਰਿਤੀ ਨੂੰ ਅੱਗੇ ਵਧਾਉਣ 'ਤੇ ਪੈਸਾ ਖ਼ਰਚ ਰਹੇ ਹਾਂ।"

ਇਹ ਤੱਥ ਕਿ ਉਸ ਨੇ ਉਦਘਾਟਨ ਲਈ ਅਯੁੱਧਿਆ ਨੂੰ ਚੁਣਿਆ, ਮਹੱਤਵਪੂਰਨ ਸੀ। 2017 'ਚ ਉਦੋਂ ਵਿਧਾਨ ਸਭਾ ਦੀਆਂ ਚੋਣਾਂ ਲਈ ਵੀ ਉਸ ਨੇ ਅਯੁੱਧਿਆ ਦੀ ਸੋਚ-ਸਮਝ ਕੇ ਪ੍ਰਤੀਕਾਤਮਕ ਵਰਤੋਂ ਕੀਤੀ ਸੀ। ਉਸ ਨੇ ਐਲਾਨ ਕੀਤਾ ਸੀ, "ਮਹਾ ਰਾਮ ਮੰਦਰ ਦੇ ਨਿਰਮਾਣ ਦੇ ਰਾਹ 'ਚ ਆ ਰਹੀਆਂ ਰੁਕਾਵਟਾਂ ਹੌਲੀ-ਹੌਲੀ ਦੂਰ ਕੀਤੀਆਂ ਜਾਣਗੀਆਂ ਅਤੇ ਅਯੁੱਧਿਆ 'ਚ ਜਲਦੀ ਹੀ ਇਸ ਦਾ ਨਿਰਮਾਣ ਸ਼ੁਰੂ ਹੋ ਜਾਵੇਗਾ।" ਮੁੱਖ ਮੰਤਰੀ ਬਣਨ ਤੋਂ ਬਾਦ ਉਸ ਨੇ ਹਰ ਸਾਲ ਦੀਵਾਲੀ ਦੀ ਪੂਰਵ ਸੰਧਿਆ 'ਤੇ ਅਯੁੱਧਿਆ ਵਿਚ ਰੋਸ਼ਨੀ ਦਾ ਇਕ ਮੈਗਾ ਤਿਓਹਾਰ "ਦੀਪਓਤਸਵ" ਮਨਾਉਣਾ ਸ਼ੁਰੂ ਕੀਤਾ। ਅਦਿੱਤਿਆਨਾਥ ਨੇ ਦਿਖਾਇਆ ਕਿ ਉਹ ਆਪਣੇ ਅਜਮਾਏ ਹੋਏ ਅਤੇ ਪਰਖੇ ਹੋਏ ਦਸਤੂਰਾਂ 'ਤੇ ਕਾਇਮ ਰਹੇਗਾ, ਅਤੇ ਚੋਣਾਂ ਜਿੱਤਣ ਲਈ ਫਿਰਕੂ ਧਰੁਵੀਕਰਨ ਦੀ ਵਰਤੋਂ ਕਰਨੀ ਜਾਰੀ ਰੱਖੇਗਾ।

ਅਦਿੱਤਿਆਨਾਥ ਦੀ ਸਫ਼ਲਤਾ ਉਸ ਵਿਚਾਰਧਾਰਕ ਮਾਹੌਲ ਦੀ ਸਫ਼ਲਤਾ ਹੈ ਜਿਸ ਵਿਚ ਉਹ, ਮੋਦੀ ਅਤੇ ਸੰਘ ਪਰਿਵਾਰ ਕੰਮ ਕਰਦੇ ਹਨ। ਉਸ ਨੂੰ ਉਨ੍ਹਾਂ ਰਵੱਈਆਂ ਅਤੇ ਮਨੋਗ੍ਰੰਥੀਆਂ ਦੀ ਚੋਟੀ ਦੀ ਉਪਜ ਵਜੋਂ ਦੇਖਿਆ ਜਾਂਦਾ ਹੈ ਜਿਨ੍ਹਾਂ ਨੇ ਆਰ.ਐੱਸ.ਐੱਸ. ਅਤੇ ਇਸ ਦੀ ਹਿੰਦੂ ਰਾਸ਼ਟਰ ਦੀ ਬੰਦ-ਦਰਵਾਜ਼ਾ ਦ੍ਰਿਸ਼ਟੀ ਨੂੰ ਘੜਿਆ। ਅਦਿੱਤਿਆਨਾਥ ਦੀਆਂ ਕਾਰਵਾਈਆਂ ਸੰਘ ਦੇ ਧਾਰਮਿਕ ਅਤੇ ਰਾਜਨੀਤਿਕ ਰਵੱਈਆਂ ਦੇ ਸੁਮੇਲ ਨੂੰ ਦਰਸਾਉਂਦੀਆਂ ਹਨ, ਜਦੋਂ ਕਿ ਉਸ ਦੇ ਭਾਸ਼ਣਾਂ 'ਚ ਉਹ ਸਾਰੇ ਤੁਅੱਸਬੀ ਰੁਝਾਨ ਹੁੰਦੇ ਹਨ ਜੋ ਵਿਚਾਰਧਾਰਕ ਸਰੋਤ ਨੂੰ ਕਾਇਮ ਰੱਖਦੇ ਹਨ।

ਜ਼ਾਹਿਰ ਹੈ ਕਿ ਅਦਿੱਤਿਆਨਾਥ ਪੁਰਾਣੇ ਵਿਚਾਰਾਂ ਦੀ ਵਰਤੋਂ ਕਰਨ ਤੋਂ ਡਰਦੇ ਨਹੀਂ ਹਨ। ਉਨ੍ਹਾਂ ਨੇ ਅਤੀਤ 'ਚ ਉਸ ਨੂੰ ਬਹੁਤ ਲਾਭ ਪਹੁੰਚਾਇਆ ਹੈ।

(ਸਮਾਪਤ)

# ਸਿਆਸੀ ਸੂਝ, ਅਵਾਮੀ ਸਰੋਕਾਰਾਂ ਤੇ ਸੰਜੀਦਗੀ ਨੂੰ ਤਵੱਜੋ ਨਾ ਦੇਣ ਵਾਲੇ ਵਿਅਕਤੀਆਂ ਹੱਥ ਆਈ ਰਾਜ ਸਭਾ ਮੈਂਬਰੀ ਦੇ ਮਾਅਨੇ

**ਯਾਦਵਿੰਦਰ**

ਸੰਦਰਭ : ਸੂਬੇ ਦੀ ਸਿਆਸਤ ਉੱਤੇ ਕਬਜ਼ਾਗੀਰ ਰਹੀਆਂ ਰਵਾਇਤੀ ਸਿਆਸੀ ਧਿਰਾਂ ਨੂੰ ਧੂੜ ਚਟਾ (ਅ) ਕੇ, ਆਮ ਆਦਮੀ ਪਾਰਟੀ ਦੇ ਉਮੀਦਵਾਰ ਜਿੱਤ ਚੁੱਕੇ ਹਨ। 92 ਦੀ ਰਫ਼ਤਾਰ ਨਾਲ ਆਈ, ਵੋਟਾਂ ਦੀ ਹਨ੍ਹੇਰੀ ਨੇ ਕਈ ਸਿਆਸੀ ਬਾਬੇ ਬੋਹੜ ਨੁਮਾ ਸਿਆਸਤਦਾਨਾਂ ਨੂੰ ਹਰਾ ਕੇ, ਵਿਧਾਨ ਸਭਾ ਦਾ ਰਾਹ ਫੜਿਆ ਹੈ। ਵਜ੍ਹਾਹ ਸਾਫ਼ ਸੀ ਕਿ ਲੋਕ ਪੁਰਾਣੇ ਘਾਗ ਸਿਆਸਤਦਾਨਾਂ ਨੂੰ ਸਬਕ ਸਿਖਾਉਣ ਦੇ ਰੌਂ ਵਿਚ ਸਨ। ਆਖ਼ਰ, ਰਿਆਸਤ ਦੇ ਫ਼ਰਦ ਲਈ ਕੁਝ ਫ਼ਰਜ਼ ਹੁੰਦੇ ਨੇ, ਜਦੋਂ ਜਨਤਾ ਨੂੰ ਪਤਾ ਲੱਗ ਗਿਆ ਕਿ ਇਹ ਸਾਡੇ ਬਣਾਏ ਹੋਏ ਹਾਕਮ, ਸਾਡੇ ਵਜੂਦ ਤੋਂ ਇਨਕਾਰੀ ਹਨ ਤਾਂ ਅਵਾਮ ਨੇ "ਆਖ਼ਰੀ ਕਦਮ" ਚੱਕ ਲਿਆ।

ਪੰਜਾਬ ਦੀ 'ਆਪ' ਸਰਕਾਰ ਦਾ ਹਨੀਮੂਨ ਅਰਸਾ ਭਾਵੇਂ ਸਿਆਸੀ ਦਸਤੂਰ ਮੁਤਾਬਕ 6 ਮਹੀਨੇ ਚੱਲਣਾ ਹੈ ਪਰ "ਪੰਜਾਬ ਹਿਤੈਸ਼ੀ" 5 ਜਣੇ, ਰਾਜ ਸਭਾ ਵਿਚ ਘੱਲਣ ਦੇ ਫ਼ੈਸਲੇ ਨੇ ਸਿਆਸੀ ਸੂਝਵਾਨਾਂ ਨੂੰ ਸੋਚਣ ਲਾ ਦਿੱਤਾ ਹੈ। ਹਾਲੇ 6ਵਾਂ ਜੀਅ ਵੀ ਰਾਜ ਸਭਾ ਵਿਚ ਭੇਜਣਾ ਹੈ, ਜਨਾਬ ਗੁਜਰਾਤ ਤੋਂ ਨੇ ਤੇ ਪਟੇਲ ਨਾਂ ਨਾਲ ਜਾਣੇ ਜਾਂਦੇ ਹਨ। ਏਸੇ ਦੌਰਾਨ ਸਾਬਕ ਸੰਸਦ ਮੈਂਬਰ ਧਰਮਵੀਰ ਗਾਂਧੀ ਦਾ ਪ੍ਰਗਟਾਵਾ ਸਾਹਮਣੇ ਆਇਆ ਹੈ। ਉਨ੍ਹਾਂ ਨੇ ਆਪਣੇ ਪੁਰਾਣੇ ਸਾਥੀ ਸਮਝ ਕੇ, ਭਗਵੰਤ ਮਾਨ ਹੁਰਾਂ ਨੂੰ ਸੁਆਲ ਕੀਤਾ ਹੈ ਕਿ ਇਹ ਦੱਸੋ, ਪੰਜਾਂ ਵਿਚੋਂ ਕਿਹੜਾ ਇਹੋ ਜਿਹਾ ਹੈ, ਜਿਹੜਾ, ਭਗਤ ਸਿੰਘ ਜਾਂ ਡਾ. ਭੀਮ ਰਾਓ ਰਾਮਜੀ ਅੰਬੇਡਕਰ ਦੇ ਵਿਚਾਰਾਂ ਦਾ ਧਾਰਨੀ ਹੋਵੇ।! ਇਹ ਮੈਂਬਰ, ਰਾਜ ਸਭਾ ਵਿਚ ਪੰਜਾਬ ਦੀ ਲੋਕਾਈ ਦੇ ਮਸਲੇ ਮਸਾਇਲ ਦੱਸ ਸਕਣਗੇ ?

ਪੁੱਛਿਆ ਜਾ ਰਿਹਾ ਹੈ ਕ੍ਰਿਕਟ ਖਿਡਾਰੀ ਰਹੇ ਹਰਭਜਨ ਸਿੰਘ ਤੋਂ ਇਲਾਵਾ ਹੋਰ ਕਿਹੜਾ ਜੀਅ ਪੰਜਾਬ ਨਾਲ ਵਾ ਬਸਤਾ ਹੈ ? ਪਰ ਜੇ ਹਰਭਜਨ ਦੀ ਪੰਜਾਬੀ ਜਨਾਂ ਲਈ ਪ੍ਰਤੀਬੱਧਤਾ ਬਾਰੇ ਜ਼ਿਕਰ ਛੇੜਨਾ ਚਾਹੀਏ ਤਾਂ ਕੀ ਦੱਸ ਸਕਾਂਗੇ ?

ਕੀ ਉਹ ਸਿਆਸੀ ਨਜ਼ਰੀਆ ਰੱਖਦੇ ਹਨ ?

ਕਿਸੇ ਅਖ਼ਬਾਰ ਜਾਂ ਰਸਾਲੇ ਦੇ ਨਿਯਮਤ ਪਾਠਕ ਹਨ ?

ਕੀ ਉਹ ਭਾਸ਼ਣ ਕਲਾ ਦੇ ਕਲਾਵਾਨ ਹਨ ?

ਕੀ, ਉਹ, ਓਸ ਸੋਚਣ ਸ਼ਕਤੀ ਦੇ ਮਾਲਕ ਹਨ, ਜਿਹਦੇ ਸਦਕਾ ਫ਼ਰਦ ਅਧਿਐਨ ਕਰਨ ਲਈ ਅਹੁਲ ਪੈਂਦਾ ਹੈ ?

ਕੀ ਹਰਭਜਨ ਨੇ ਕਿਸਾਨ ਅੰਦੋਲਨ ਦੌਰਾਨ ਕਿਸਾਨ-ਪੱਖੀ ਕੋਈ ਸਰਗਰਮੀ ਕੀਤੀ ਸੀ ?

ਜੇ ਕੋਈ ਗੱਲ ਮੂੰਹੋਂ ਕੱਢੀ ਸੀ ਤਾਂ ਉਹ ਕਿਹੜੀ ਧਿਰ ਦੇ ਹਕ ਵਿਚ ਸੀ ?

ਜਾਪਦਾ ਹੈ ਕਿ ਸਾਰੇ ਸਵਾਲਾਂ ਦਾ ਜਵਾਬ "...ਨਹੀਂ..." ਹੈ!!

ਲਵਲੀ ਪੇਸ਼ੇਵਰ ਯੂਨੀਵਰਸਿਟੀ ਦੇ ਬਾਨੀ ਮਾਲਕ ਦੀ ਪੰਜਾਬੀ ਜਨਤਾ ਤੇ ਪੰਜਾਬ ਨਾਲ ਹੇਜ ਬਾਰੇ ਕੀ ਦੱਸ ਸਕੋਂਗੇ ? ਇਹੀ ਨਾ ਓਥੋਂ ਦੇ ਪੜ੍ਹੇ ਬੰਦੇ ਕਦੇ ਫੇਲ੍ਹ ਨਹੀਂ ਹੁੰਦੇ, ਸਪਲੀਆਂ ਕੱਢਣ ਦੇ ਗੇੜ ਵਿਚ ਪਏ ਰਹਿੰਦੇ ਨੇ ! ਤਨਖਾਹਦਾਰ ਅਮਲਾ 24 ਘੰਟੇ ਦੀ ਨੌਕਰੀ ਕਰਦਾ ਹੈ, ਵਗੈਰਾ ਵਗੈਰਾ।

ਦਿੱਲੀ ਸ਼ਹਿਰ ਦੇ ਕਿਸੇ ਹਲਕੇ ਤੋਂ ਵਿਧਾਨਕਾਰ ਰਾਘਵ ਚੱਡਾ ਦੀ ਕਿਹੜੀ ਸਿਫ਼ਤ ਗਿਣਾਅ ਸਕਦੇ ਓ ? ਕੀ, ਰਾਘਵ, ਪੰਜਾਬੀ ਲਿੱਪੀ ਪੜ੍ਹ ਸਕਦੇ ਹਨ ? ਬੋਲਦੇ ਤਾਂ ਵਿਸ਼ੁੱਧ ਹਿੰਦੀ ਨੇ, ਫ਼ਿਲਮੀ ਤਰਜ਼ ਦੀ।

ਪੰਜਾਬ ਦੇ ਕਿਸੇ ਜ਼ਿਲ੍ਹੇ ਦਾ ਨਾਂ ਸਹੀ ਜਜ਼ਬਾਤ ਮੁਤਾਬਕ ਬੋਲ ਸਕਣਗੇ ?

ਫੇਰ, ਪੰਜਾਬ ਕੋਟੇ ਤਹਿਤ ਰਾਜ ਸਭਾ ਮੈਂਬਰੀ ਲਈ ਕਾਬਿਲ ਕਿਓਂ ਮੰਨਿਆ ਗਿਆ ?

ਕੀ ਉਹ ਲੇਖਕ, ਪੱਤਰਕਾਰ, ਸੁਪਨਜੀਵੀ, ਦੂਰਅੰਦੇਸ਼, ਅਵਾਮੀ ਹਮਦਰਦ ਜਾਂ ਬੁੱਧੀਜੀਵੀ ਹਨ ?

ਪੰਜਾਬ ਨਾਲ ਉਨ੍ਹਾਂ ਦਾ ਕੀ ਸਬੰਧ ਐ ?

ਸੱਜੇ ਪੱਖੀ ਸਿਆਸੀ ਮੰਡੀ ਵਿਚ ਚੁਟਕਲੇ ਵਾਲੇ ਜਜ਼ਬੇ ਵਿਚ ਜਿਹੜੀ ਗੱਲ ਚੱਲ ਰਹੀ ਹੈ ਕਿ ਜਲਦੀ ਹੀ, ਰਾਘਵ, ਹਾਈ ਕਮਾਂਡ ਕੇਜਰੀਵਾਲ ਪਰਿਵਾਰ ਦੇ ਖ਼ਾਸ ਜੀਅ ਬਣਨ ਵਾਲੇ ਨੇ, ਇਹਨੂੰ ਸੱਚ ਮੰਨ ਲਿਆ ਜਾਵੇ ?+ !

ਸੰਜੀਵ ਅਰੋੜਾ ਜਿਹੜੇ ਕਿ ਗੰਗਾਪੁੱਤਰ ਸਦੀਂਦੇ ਹਨ, ਮਾਲ ਦੌਲਤ ਵਾਲੇ ਵਪਾਰੀ ਹਨ, ਨੇੜ-ਅਤੀਤ ਵਿਚ ਭਾਜਪਾ ਦੇ ਗੁਣਗਾਣ ਵਿਚ ਮਸ਼ਗੂਲ ਰਹਿੰਦੇ ਸਨ, ਬਾਰੇ ਕੀ ਰਾਏ ਸਿਰਜੀਏ ?

ਸੰਜੀਵ, ਬਕੌਲ ਉਨ੍ਹਾਂ ਦੇ, ਗੰਗਾਪੁੱਤ ਹਨ ਤਾਂ ਓਹ ਦੱਸਣਾ ਚਾਹੁਣਗੇ ਕਿ, ਕੀ, ਉਨ੍ਹਾਂ ਨੇ ਮਰਹੂਮ ਫ਼ਿਲਮਸਾਜ਼ ਰਾਜ ਕਪੂਰ ਦੀ ਫ਼ਿਲਮ "ਰਾਮ ਤੇਰੀ ਗੰਗਾ ਮਿਲੀ" ਵੇਖੀ ਹੈ ?

ਕੀ, ਸੰਜੀਵ, ਓਸ ਫਿਲਮ ਦੇ ਮਾਸੂਮ ਨਾਇਕ, "ਨਰੇਨ" ਵਾਂਗ ਜਜ਼ਬਾਤੀ ਜੀਅ ਹਨ ?

ਕਿਹੜੇ ਲਿਹਾਜ਼ ਨਾਲ ਉਨ੍ਹਾਂ ਨੇ ਖ਼ੁਦ ਨੂੰ ਗੰਗਾਪੁੱਤ ਦਾ ਲਕਬ ਅਦਾ ਕੀਤਾ ਹੈ ? ਗੰਗਾ ਨਦੀ ਨੂੰ ਕਾਰਖਾਨੇਦਾਰਾਂ ਨੇ ਪਲੀਤ ਕੀਤਾ ਹੋਇਆ ਹੈ, ਇਹਦੀ ਸਫ਼ਾਈ ਦੇ ਕੰਮ ਵਿਚ ਸੰਜੀਵ ਹੁਰਾਂ ਕੀ ਕੀਤਾ ਹੈ ?

ਆਈ ਆਈ ਟੀ ਵਾਲੇ ਸੰਦੀਪ ਪਾਠਕ ਦਾ ਸਬੰਧ ਤਕਨਾਲੋਜੀ ਨਾਲ ਹੈ, ਉਹ ਸਿਆਸੀ ਗਿਆਨ ਦੇ ਕਿਹੜੇ ਮੁਕਾਮ ਉੱਤੇ ਮੁਕੀਮ ਹਨ ?

ਪੰਜਾਬ ਨਾਲ ਸੰਦੀਪ ਹੁਰਾਂ ਦਾ ਕੀ ਮੋਹ ਹੈ ?

ਇਹ ਕੀ ਘਾਲ ਮੇਲ ਹੈ!

ਇਨ੍ਹਾਂ ਤਮਾਮ ਸਵਾਲਾਂ ਨੇ ਲੋਕਾਂ ਦੇ ਲਿਖਾਰੀਆਂ ਤੇ ਕਾਰਕੁਨਾਂ ਨੂੰ ਅੰਤਹੀਣ ਸੋਚ ਦੇ ਭੰਵਰ ਵਿਚ ਉਲਝਾਅ ਦਿੱਤਾ ਹੈ। ਏਸ ਵਿਸ਼ੇ ਬਾਰੇ ਚਰਚਿਤ ਰੇਡੀਓ ਉੱਤੇ ਕੀਤੀ ਗੱਲਬਾਤ ਬਾਰੇ ਲਿੰਕ ਨੂੰ ਦੱਬ ਸਕਦੇ ਹੋ:

ਰੇਡੀਓ ਸਟੇਸ਼ਨ ਦੇ ਇਸ ਫਿਕਰਮੰਦੀ ਵਾਲੇ ਸਿਆਸੀ ਸੰਵਾਦ ਨੇ ਆਮ ਆਦਮੀ ਪਾਰਟੀ ਦੇ ਪੰਜਾਬ ਪਰੇਮ ਦਾ ਹੀਜ ਪਿਆਜ਼ ਨੰਗਾ ਕਰ ਦਿੱਤਾ ਹੈ।

ਸਾਨੂੰ ਸਭਨਾਂ, ਸੋਚਵਾਨਾਂ ਨੂੰ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ ਕਿ, ਕੀ, ਆਮ ਆਦਮੀ ਪਾਰਟੀ ਦੀ ਪੰਜਾਬ ਵਿਚ ਕਾਇਮ ਹੋ ਚੁੱਕੀ ਸਰਕਾਰ, ਪੰਜਾਬ ਦਾ ਹੋਰ ਸੋਸ਼ਣ ਕਰਨ ਦੇ ਮਨਸੂਬੇ ਘੜ੍ਹ ਕੇ ਤਾਂ ਨਹੀਂ ਬੈਠੀ ਹੋਈ ? ਕੋਰਪੋਰੇਟ ਘਰਾਨਿਆਂ ਤੇ 'ਬਹੁ ਗਿਣਤੀ ਦੇ ਰਾਸ਼ਟਰਵਾਦ' ਦੀ ਆੜ ਵਿਚ ਕਿਹੜੀ ਲੁਕਵੀਂ ਖੇਡ, ਖੇਡੀ ਜਾ ਰਹੀ ਹੈ ! ਭਾਰਤ ਵਰਗੇ ਪੂੰਜੀਵਾਦੀ ਦੇਸ ਵਿਚ ਖ਼ਿਆਲੀ ਰਾਸ਼ਟਰਵਾਦ ਦੀ ਕੀ ਹਕੀਕਤ ਹੈ ? ਭਾਰਤ ਵਰਗੇ ਬਹੁ ਧਰਮੀ, ਬਹੁ ਬਰਾਦਰੀ, ਬਹੁ ਕੌਮੀ ਮੁਲਕ ਵਿਚ ਕਿਹੜਾ ਰਾਸ਼ਟਰ ਹੈ। ਸਿਵਲ ਹਸਪਤਾਲ ਵਿਚ ਮਰੀਜ਼ਾਂ ਨੂੰ ਦੱਬਕੇ ਮਾਰਦੇ ਸਧਾਰਨ ਡਾਕਟਰ ਤੇ ਮਰੀਜ਼ ਦੇ ਤੀਮਾਰਦਾਰਾਂ ਦਾ ਰਾਸ਼ਟਰ ਵੱਖੋ ਵੱਖਰਾ ਹੁੰਦਾ ਐ ? ਪੰਜਾਬ ਦੇ ਵਸਨੀਕਾਂ ਦਾ ਵਿੱਤੀ ਸ਼ੋਸ਼ਣ ਕਰ ਰਹੇ ਪ੍ਰਾਈਵੇਟ ਸਕੂਲ ਮਾਲਕਾਂ ਦਾ ਕਿਹੜਾ ਰਾਸ਼ਟਰ ਐ ? ਸੜਕਾਂ ਨੇੜੇ ਉਸਾਰੇ ਪੁਲਾਂ ਹੇਠਾਂ ਦਿਵਸ ਰੈਣ ਬਿਤਾਉਣ ਵਾਲੇ ਬਦਨਸੀਬਾਂ ਦਾ ਕਿਹੜਾ ਰਾਸ਼ਟਰ ਹੈ ?

ਇਕ ਮੁਲਕ, ਇਕ ਰਾਸ਼ਟਰ ਤਹਿਤ ਏਧਰੋਂ ਓਧਰੋਂ ਇਕੱਠੇ ਕਰ ਕੇ ਬੰਦੇ ਰਾਜ ਸਭਾ ਵਿਚ ਭੇਜਣ ਦੀ ਕੀ ਤੁਕ ਹੈ ? ਵਿਚਾਰਧਾਰਕ ਅਣਹੋਂਦ ਵਾਲੇ ਮਾਹੌਲ ਵਿਚ ਜੰਮੇ ਪਲੇ ਜੀਅ, ਰਾਜ ਸਭਾ ਵਿਚ ਕੀ ਬੋਲ ਸਕਣਗੇ ? ਫਿਲਮ ਕਲਾਕਾਰ ਰੇਖਾ ਨੂੰ, ਕ੍ਰਿਕਟ ਖਿਡਾਰੀ ਤੰਦੂਲਕਰ ਨੂੰ, ਰਾਜ ਸਭਾ ਵਿਚ ਭੇਜਿਆ ਸੀ, ਦੋਵਾਂ ਨੂੰ ਸਿਆਸੀ ਸੂਝ ਦੀ ਜਾਗ ਕਿਓਂ ਨਾ ਲੱਗ ਸਕੀ ? ਪੁਰਾਣਾ ਫਿਲਮ ਕਲਾਕਾਰ ਮਿਥੁਨ ਚਕਰਬੋਰਤੀ ਸੀ, ਓਹਨੇ ਰਾਜ ਸਭਾ ਪੁੱਜ ਕੇ, ਆਮ ਲੋਕਾਈ ਦਾ ਕਿਹੜਾ ਮਸਲਾ ਬੁਲੰਦ ਕੀਤਾ ਸੀ। ਕੱਲ੍ਹ ਕਲੋਤਰ ਨੂੰ ਅਕਸ਼ੇ ਕੁਮਾਰ (ਮਿਸਟਰ ਖਿਲਾੜੀ), ਕਰਣ ਜੌਹਰ, ਦੀਪਕ ਤਿਜੌਰੀ, ਮਲਿਕਾ ਸਹਿਰਾਵਤ, ਆਲੀਆ ਬੱਟ ਜਾਂ ਦੀਪਕਾ ਪਾਦਕੋਣ ਨੂੰ ਭੇਜ ਦੇਣਗੇ, ਫੇਰ ਇਹ ਸਾਰੇ ਜਣੇ ਦਾਨਿਸ਼ਵਰ ਬਣ ਜਾਣਗੇ ? ਸੁਣਿਐ, ਰਾਜ ਸਭਾ ਵਿਚ ਜਾਣ ਲਈ 100 100 ਕਰੋੜ ਫੰਡ ਦੇਣਾ ਪੈਂਦਾ ਐ ! ਕੀ ਇਹ ਦੌਰ, ਆਮ ਆਦਮੀ ਦੀ ਨਜਾਤ ਦਾ ਦੌਰ ਹੈ ?

+916284336763

## ਸ਼ਰਧਾਂਜ਼ਲੀ ਸਮਾਰੋਹ ਤੇ

# ਹਿੰਮਤ ਨਾਂ ਹਾਰਨ ਵਾਲੀ ਅਣਖੀ ਵੀਰਾਂਗਨਾ ਸੀ- ਬਲਵੀਰ ਕੌਰ

ਇੱਕ ਲਗਜ਼ ਦੀ ਇਨਕਲਾਬੀ ਆਵਾਜ਼ ਖਾਮੋਸ਼ ਹੋ ਗਈ।80ਵਿਆਂ ਦੇ ਦਹਾਕੇ 'ਜਗਰਾਵਾਂ ਇਲਾਕੇ ਦੀਆਂ ਇਨਕਲਾਬੀ ਸਟੇਜਾਂ ਉੱਤੋਂ, ਜਿਨ੍ਹਾਂ ਨੇ ਇੱਕ ਸਾਂਵਲੀ ਜੇਹੀ ਕੁੜੀ ਦਾ ਇਹ ਗੀਤ -ਸਾਰਾ ਦਿਨ ਬਾਪੂ ਮੇਰਾ ਕਰਦਾ ਏ ਵਾਢੀਆਂ, ਸਾਰਾ ਦਿਨ ਮਾਂ ਗੋਹਾ ਕੂੜਾ ਸੁੱਟਦੀ, ਸਾਨੂੰ ਪੀਣ ਨੂੰ, ਸਾਨੂੰ ਪੀਣ ਨੂੰ ਨਾਂ ਮਿਲੇ ਲੱਸੀ ਘੁੱਟ ਵੀ- ਸੁਣਿਆ ਹੋਵੇਗਾ, ਉਹ ਉਸ ਦੇ ਨਕਸ਼ ਜ਼ਰੂਰ ਤਰਾਸ਼ਣ ਲੱਗਣਗੇ। ਉਹ ਕੁੜੀ ਸੀ ਗੋਗਾਂ (ਬਲਬੀਰ ਕੌਰ)। ਪਿੰਡ ਲੀਲ੍ਹਾ ਦੇ ਗਰੀਬ ਕਿਸਾਨ ਪਰਿਵਾਰ ਚ ਪੈਦਾ ਹੋਈ, ਪਿੱਛੋਂ ਬਲਬੀਰ ਕੌਰ ਉਰਫ ਗੋਗਾ ਇਨਕਲਾਬੀ ਲਹਿਰ ਦੇ ਜੁਝਾਰੂ ਕਾਫਲਿਆਂ ਵਿੱਚ ਸ਼ਾਮਿਲ ਹੋਈ ਅਤੇ ਉਸਨੇ ਕਮਿਊਨਿਸਟ ਇਨਕਲਾਬੀ ਅਸੂਲਾਂ ਉੱਤੇ ਪਹਿਰਾ ਦਿੰਦਿਆਂ ਜ਼ਿੰਦਗੀ ਹੰਢਾਈ।

11 ਮਾਰਚ 1956 ਨੂੰ ਮਾਤਾ ਨਿਹਾਲ ਕੌਰ ਅਤੇ ਪਿਤਾ ਚੰਦ ਸਿੰਘ ਦੇ ਘਰ ਪੈਦਾ ਹੋਈ ਬਲਬੀਰ ਕੌਰ ਦਾ ਸੁਭਾਅ ਆਪਣੇ ਭਰਾਵਾਂ ਅਤੇ ਭੈਣਾਂ ਤੋਂ ਵੱਖਰਾ ਹੀ ਸੀ। ਪਿਤਾ ਦੀ ਚਾਹਤ ਸੀ ਕਿ ਬੱਚਿਆਂ ਨੂੰ ਉੱਚੀ ਸਿੱਖਿਆ ਦੇਵਾਂ।ਇਹੀ ਦੌਰ ਇਨਕਲਾਬੀ ਲਹਿਰ ਦਾ ਦੌਰ ਸੀ। ਜਗਰਾਵਾਂ ਇਲਾਕੇ ਵਿੱਚ ਇਨਕਲਾਬੀ ਲਹਿਰ ਦੇ ਪ੍ਰਭਾਵ ਹੇਠ ਪਿੰਡ ਲੀਲ੍ਹਾਂ ਵੀ ਆ ਚੁੱਕਾ ਸੀ ਅਤੇ ਖੁਦ ਚੰਦ ਸਿੰਘ,ਉਸਦਾ ਪਰਿਵਾਰ ਅਤੇ ਉਸਦੀ ਲੜਕੀ ਗੋਗਾ ਕਿਵੇਂ ਅਛੂਤੇ ਰਹਿ ਸਕਦੇ ਸਨ। ਉਸਦੀ ਗਾਉਣ ਦੀ ਲਲਕ ਨੇ ਇਨਕਲਾਬੀ ਗੀਤਾਂ ਨੂੰ ਚੁਣਿਆ ਅਤੇ ਇਨਕਲਾਬੀ ਸਟੇਜਾਂ ਤੇ ਜਿਸਦੀ ਦਰਦਵਿੰਨ੍ਹੀ ਅਤੇ ਪੀੜਾਦਾਇਕ ਆਵਾਜ਼ 'ਚ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨੂੰ ਬਿਆਨ ਕਰਨ ਵਾਲੇ ਗੀਤ ਪੇਸ਼ ਕੀਤੇ, ਉਨ੍ਹਾਂ ਨੇ ਗੋਗਾਂ ਨੂੰ ਇਨਕਲਾਬੀ ਲਹਿਰ ਵਿੱਚ ਇੱਕ ਵੱਖਰੀ ਪਛਾਣ ਦਿੱਤੀ। ਸਿਰਫ ਪਹਿਚਾਣ ਹੀ ਨਹੀਂ ਦਿੱਤੀ ਸਗੋਂ ਉਸਨੇ ਇਨ੍ਹਾਂ ਗੀਤਾਂ ਦੀ ਪੀੜ ਨਾਲ ਆਪਣੇ ਆਪ ਨੂੰ ਆਤਮਸਾਤ ਕਰ ਲਿਆ ਸੀ। ਇਸੇ ਦੌਰਾਨ ਉਹ ਇਨਕਲਾਬੀ ਲਹਿਰ ਚ ਕੰਮ ਕਰਦੇ ਜੁਝਾਰੂਆਂ ਤੋਂ ਪ੍ਰਭਾਵਿਤ ਹੋਈ ਅਤੇ ਖੁਦ ਖੁਦ ਲਹਿਰ ਵਿੱਚ ਕੰਮ ਕਰਨ ਦੀ ਪੇਸਕਸ਼ ਕੀਤੀ। ਉਸਨੇ ਮਜਦੂਰਾਂ ਵਿੱਚ ਕੰਮ ਕਰਨ ਅਤੇ ਔਰਤ ਕਾਮਿਆਂ ਨੂੰ ਜੱਥੇਬੰਦ ਕਰਨ ਦਾ ਰਾਹ ਚੁਣਿਆ ਅਤੇ ਇੱਕ ਫੈਕਟਰੀ ਚ ਮਜਦੂਰੀ ਕਰਨ ਲੱਗੀ। ਇਸੇ ਦੌਰਾਨ ਉਸਦੀ ਨੇੜਤਾ ਲਹਿਰ ਵਿੱਚ ਕੰਮ ਕਰਦੇ ਇਨਕਲਾਬੀ ਸਾਥੀ ਸੁਰਜੀਤ ਕਲੋਆ ਨਾਲ ਵਧੀ। 1982 ਵਿੱਚ ਉਨ੍ਹਾਂ ਨੇ ਜੀਵਨ ਸਾਥੀ ਬਨਣ ਦਾ ਫੈਸਲਾ ਕੀਤਾ, ਪਰ ਇਸ ਨੂੰ ਅਮਲੀ ਰੂਪ 1984 ਦੇ ਨੇੜੇ ਤੇੜੇ ਦਿੱਤਾ। ਇੰਝ ਉਸ ਨੇ ਇੱਕ ਕਮਿਊਨਿਸਟ ਇਨਕਲਾਬੀ ਜੱਥੇਬੰਦੀ ਦੇ ਕਰਾਕੁੰਨ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਕਾਮਰੇਡ ਸੁਰਜੀਤ ਨਾਲ ਜੀਵਨਸਾਥੀ ਬਨਣ ਦੇ ਫੈਸਲੇ ਸਮੇਂ ਸਾਰੇ ਪਿਛਾਖੜੀ ਸਮਾਜਿਕ ਬੰਧਨਾਂ ਨੂੰ ਵੰਗਾਰਿਆ। ਅਲੋਚਨਾਵਾਂ ਦੀ ਪ੍ਰਵਾਹ ਨਾਂ ਕਰਦਿਆਂ ਉਸਨੇ ਜਿਸ ਰਾਹ ਨੂੰ ਚੁਣਿਆ ਉਸ ਨਾਲ ਤਾਅ ਉਮਰ ਵਫਾ ਨਿਭਾਈ।

ਹੁਣ ਉਹ ਕਾ. ਸੁਰਜੀਤ ਨਾਲ ਮਿਲ ਕੇ ਪਾਰਟੀ ਸਾਹਿਤ ਛਪਵਾਉਣ ਅਤੇ ਵੰਡਣ ਦੀ ਜ਼ਿੰਮੇਵਾਰੀ ਨਿਭਾਉਣ ਲੱਗੀ। ਉਨ੍ਹੀ ਦਿਨੀਂ ਸਿੱਕੇ ਅੱਖਰ ਜੋੜ ਕੇ ਛਪਾਈ ਦਾ ਕੰਮ ਹੁੰਦਾ ਸੀ।ਉਹ ਲੁਧਿਆਣੇ ਇੱਕ ਪ੍ਰੈਸ ਵਿੱਚ ਇਹ ਕੰਮ ਸਿੱਖਣ ਲਈ ਮਜ਼ਦੂਰ ਬਣ ਗਈ ਅਤੇ ਨਾਲ ਹੀ ਇਨਕਲਾਬੀ ਸਾਹਿਤ ਨੂੰ ਵੰਡਣ ਦੀ ਜ਼ਿੰਮੇਦਾਰੀ ਨਿਭਾਉਂਦੀ। ਇਹੀ ਦਿਨ ਸਨ ਜਦੋਂ ਇਨਕਲਾਬੀ ਲਹਿਰ ਟੁੱਟ ਫੁੱਟ ਦਾ ਸ਼ਿਕਾਰ ਹੋ ਰਹੀ ਸੀ, ਪਰ ਮਾਰਕਸਵਾਦੀ-ਲੈਨਿਨਵਾਦੀ-ਮਾਓ ਵਿਚਾਰਧਾਰਾ ਨਾਲ ਆਤਮਸਾਤ ਕਰਨ ਵੇਲੇ ਉਸਦੇ ਸਾਥੀ ਕਾ. ਸੁਰਜੀਤ ਕਲੋਆ ਵਿੱਚ ਕਦੇ ਵੀ ਨਿਰਾਸ਼ਤਾ ਨਾਂ ਆਈ ਅਤੇ ਨਾਂ ਹੀ ਬਲਬੀਰ ਵਿੱਚ ਨਿਰਾਸ਼ਤਾ ਆਉਣ ਦਿੱਤੀ। ਇਹੀ ਕਾਰਨ ਸੀ ਕਿ ਬਲਬੀਰ ਕੌਰ (ਗੋਗਾਂ) ਕਹਿੰਦੀ ਸੀ ਮੇਰੇ ਜੀਵਨ ਸਾਥੀ ਨੇ ਮੈਨੂੰ ਜਿਊਣ ਦੇ ਅਰਥ ਸਮਝਾ ਦਿੱਤੇ ਹਨ। ਇਸੇ ਦੌਰਾਨ ਉਨ੍ਹਾਂ ਦੇ ਪਰਿਵਾਰ ਵਿੱਚ ਇੱਕ ਬਾਲੜੀ ਨੇ ਜਨਮ ਲਿਆ, ਪਰ ਕੁਦਰਤ ਦੀ ਕਰੋਪੀ ਨੇ ਉਸ ਬਾਲੜੀ ਤੋਂ ਦਿਮਾਗੀ ਤੰਦਰੁਸਤੀ ਖੋਹ ਲਈ, ਪਰ ਇਸ ਇਨਕਲਾਬੀ ਜੋੜੀ ਨੇ ਜਿੰਨੇ ਸੁਚੱਜੇ ਢੰਗ ਨਾਲ ਉਸਦੀ ਪ੍ਰਵਰਿਸ਼ ਕੀਤੀ ਉਹ ਆਪਣੀ ਮਿਸਾਲ ਆਪ ਹੈ। ਉਨ੍ਹਾਂ 32 ਸਾਲ ਇਸ ਰੂਹ ਨੂੰ ਪਾਲਿਆ, ਸੰਭਾਲਿਆ, ਪਰ ਕਦੇ ਵੀ ਮਹਿਸੂਸ ਨਹੀਂ ਹੋਣ ਦਿੱਤਾ।



Late.Smt Balbir Kaur
11-03-1956 To 01-03-2022

1998 ਵਿੱਚ ਸਾਥੀ ਸੁਰਜੀਤ ਕਲੋਆ ਲੱਤਾਂ ਦੀ ਅਪੰਗਤਾ ਦੀ ਗ੍ਰਿਫਤ ਵਿੱਚ ਆ ਗਿਆ। ਚੱਲਣ ਫਿਰਨ ਤੋਂ ਅਸਮਰੱਥ ਸੁਰਜੀਤ ਦੀ ਸੰਭਾਲ ਵੀ ਕਰਨੀ ਅਤੇ ਲੜਕੀ ਨੂੰ ਵੀ ਸੰਭਾਲਣਾ ਬਲਬੀਰ ਕੌਰ ਦੇ ਜ਼ਿੰਮੇ ਆਇਆ। ਫਿਰ ਵੀ ਉਸਨੇ ਕਦੇ ਹਿੰਮਤ ਨਹੀਂ ਹਾਰੀ। ਉਸਨੇ ਦ੍ਰਿੜਤਾ ਨਾਲ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਨਿਭਾਇਆ। ਇਨ੍ਹਾਂ ਔਖੀਆਂ ਹਾਲਤਾਂ ਵਿੱਚ ਵੀ ਉਹ ਜਲੰਧਰ ਤੋਂ ਨਿੱਕਲਦੇ ਅਖਬਾਰ ਨਵਾਂ ਜ਼ਮਾਨਾਂ 'ਚ ਕੰਮ ਕਰਨਾ ਸ਼ੁਰੂ ਕੀਤਾ ਅਤੇ ਕਈ ਸਾਲ ਮਿਹਨਤ ਕਰਕੇ ਪ੍ਰੀਵਾਰ ਨੂੰ ਪਾਲਦੀ ਰਹੀ। ਨਾਲ ਦੀ ਨਾਲ ਸਾਥੀ ਸੁਰਜੀਤ ਵੱਲੋਂ ਲਿਖੇ ਲੇਖਾਂ ਨੂੰ ਟਾਈਪ ਕਰਕੇ ਅਤੇ ਫੋਟੋ ਸਟੇਟ ਕਰਵਾ ਕੇ ਵੰਡਣ ਦੀ ਜ਼ਿੰਮੇਵਾਰੀ ਵੀ ਨਿਭਾਉਂਦੀ ਰਹੀ। ਅਜਿਹੀ ਸਖਤ ਜ਼ਿੰਦਗੀ ਜਿਊਣਾ ਸਿਰਫ ਬਲਬੀਰ ਦੇ ਹਿੱਸੇ ਹੀ ਆਇਆ।

ਫਿਰ ਉਸਦੀ ਦ੍ਰਿੜ ਜ਼ਿੰਦਗੀ ਦੀ ਪਰਖ ਤਾਂ ਉਦੋਂ ਸ਼ੁਰੂ ਹੋਈ ਜਦੋਂ 2013 ਵਿੱਚ ਉਹ ਖੁਦ ਕੈਂਸਰ ਵਰਗੀ ਭਿਆਨਕ ਬਿਮਾਰੀ ਦੀ ਗ੍ਰਿਫਤ ਵਿੱਚ ਆ ਗਈ।ਇਸ ਬਿਮਾਰੀ ਨੇ ਉਸਦੇ ਸਰੀਰ ਨੂੰ ਨਿਢਾਲ ਕਰ ਸੁੱਟਿਆ। ਉਹ ਬੇਹੱਦ ਕਮਜ਼ੋਰ ਹੋ ਗਈ, ਪਰ ਹਿੰਮਤ ਨਹੀਂ ਹਾਰੀ। 2020 ਵਿੱਚ ਮਾਮੂਲੀ ਜਿਹਾ ਡਿੱਗਣ ਨਾਲ ਉਸਦਾ ਚੂਲਾ ਟੁੱਟ ਗਿਆ।ਲੰਬਾ ਇਲਾਜ਼ ਚੱਲਿਆ। ਬਿਮਾਰ ਅਤੇ ਅਪੰਗ ਪਤੀ, ਅਸਧਾਰਨ ਬੁੱਧੀ ਵਾਲੀ ਬੇਟੀ ਅਤੇ ਬੈੱਡ ਉੱਤੇ ਪਈ ਬਲਵੀਰ, ਇਹ ਦੁਖਦਾਈ ਤਸਵੀਰ ਸੀ ਇਨਕਲਾਬੀ ਜੋੜੀ ਦੇ ਅੰਤਲੇ ਦਿਨਾਂ ਦੀ। ਉਸਦੀ ਰੀੜ੍ਹ ਦੀ ਹੱਡੀ ਵੀ ਪ੍ਰਭਾਵਿਤ ਹੋਈ। ਇਸ ਸਮੇਂ ਦੌਰਾਨ ਇਨਕਲਾਬੀ ਲਹਿਰ ਦੇ ਹਮਦਰਦ ਪ੍ਰੀਵਾਰਾਂ ਨੇ ਉਨ੍ਹਾਂ ਦੀ ਸਾਂਭ ਸੰਭਾਲ ਕੀਤੀ। 3 ਫਰਵਰੀ ਨੂੰ ਉਸਦੇ ਪਤੀ ਕਾਮਰੇਡ ਸੁਰਜੀਤ ਕਲੋਆ ਨੇ ਆਪਣਾ ਸਰੀਰਕ ਸਫਰ ਮੁਕਾਇਆ ਤਾਂ ਬਲਬੀਰ ਲਈ ਇਹ ਇੱਕ ਗਹਿਰਾ ਸਦਮਾ ਸੀ, ਪਰ ਆਪਣੇ ਇਨਕਲਾਬੀ ਜੀਵਨ ਸਾਥੀ ਦੀ ਜਿੰਦਗੀ ਉੱਤੇ ਉਸਨੂੰ ਫਖਰ ਵੀ ਸੀ।ਉਹ ਖੁਦ ਬੈੱਡ ਉੱਤੇ ਸੀ ਅਤੇ ਉਸਦੀ ਚਿੰਤਾ ਆਪਣੀ ਬੇਟੀ ਸੀ।

ਅਜਿਹੀ ਪੀੜਾਦਾਇਕ ਸਥਿਤੀ ਵਿੱਚ ਇਨਕਲਾਬੀ ਮਜਦੂਰ ਕੇਂਦਰ ਲੁਧਿਆਣਾ ਦੇ ਸਾਥੀਆਂ ਨੇ ਉਸ ਨੂੰ ਸੰਭਾਲਿਆ ਅਤੇ ਸੇਵਾ ਕੀਤੀ।ਸਾਥੀ ਸੁਰਿੰਦਰ ਦੀ ਅਗਵਾਈ ਵਿੱਚ ਮਜ਼ਦੂਰ ਔਰਤਾਂ ਦੀ ਟੀਮ ਨੇ ਜੋ ਭੂਮਿਕਾ ਨਿਭਾਈ ਉਹ ਇੱਕ ਨਵੇਕਲੀ ਮਿਸਾਲ ਹੈ।ਲੋਕ ਲਹਿਰਾਂ ਹੀ ਆਪਣੇ ਬਿਮਾਰ ਸਾਥੀਆਂ ਦੀ ਸੇਵਾ ਸੰਭਾਲ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀਆਂ ਹਨ। ਉਨ੍ਹਾਂ ਇਹ ਸਿੱਧ ਕਰਕੇ ਵਿਖਾ ਦਿੱਤਾ। ਮਿਤੀ 25 ਫਰਵਰੀ 2022 ਨੂੰ ਸਾਥੀ ਸੁਰਿੰਦਰ ਦਾ ਫੋਨ ਆਇਆ ਕਿ ਬਲਬੀਰ ਜਿਆਦਾ ਕਮਜ਼ੋਰ ਹੋ ਗਈ ਹੈ ਅਤੇ ਉਸਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਹੈ।ਅਜੇ ਕੁਝ ਸੋਚਣਾ ਹੀ ਸੀ ਕਿ 28 ਫਰਵਰੀ 2022 ਨੂੰ ਫੋਨ ਆਇਆ ਕਿ ਸਾਹ ਲੈਣ ਚ ਕਠਨਾਈ ਆ ਰਹੀ ਹੈ।ਪਹਿਲੀ ਮਾਰਚ 2022 ਸਵੇਰੇ ਸਵਾ ਛੇ ਵਜੇ ਉਸਨੇ ਆਖਰੀ ਸਾਹ ਲਏ।

ਆਪਣੇ ਸਫਰ ਦੇ 12 ਘੰਟੇ ਪਹਿਲਾਂ ਜਦੋਂ ਸਾਥੀ ਸੁਰਿੰਦਰ ਨੇ ਬਲਬੀਰ ਨੂੰ ਉਹ ਗੀਤ ਯਾਦ ਕਰਕੇ ਸੁਨਾਉਣ ਲਈ ਕਿਹਾ- ਸਾਰਾ ਦਿਨ ਬਾਪੂ ਮੇਰਾ ਕਰਦਾ ਏ ਵਾਢੀਆਂ, ਸਾਰਾ ਦਿਨ ਮਾਂ ਗੋਹਾ ਕੂੜਾ ਸੁੱਟਦੀ-ਤਾਂ ਬਲਵੀਰ ਦੀ ਆਵਾਜ ਉਸ ਰੂਪ'ਚ ਟੁਣਕਦੀ ਨਹੀਂ ਸੀ, ਪਰ ਚਿਹਰੇ ਉੱਤੇ ਤਸੱਲੀ ਵਾਲੀ ਖੁਸ਼ੀ 'ਚ ਦਰਦ ਦੀਆਂ ਚੀਸਾਂ 'ਚ ਯਾਦ ਕਰਦਿਆਂ ਕੁੱਝ ਲਾਈਨਾਂ ਜ਼ਰੂਰ ਉਚਾਰੀਆਂ।ਉਸਨੇ ਦਹਿਕਦੇ ਅੰਗਿਆਰਿਆਂ ਤੇ ਸਾਉਂਦੇ ਰਹੇ ਨੇ ਲੋਕ ਗਜ਼ਲ ਦੀਆਂ ਵੀ ਕੁੱਝ ਲਾਈਨਾਂ ਉਚਾਰੀਆਂ।ਇਨਕਲਾਬ ਉਸਦੇ ਰੋਮ ਰੋਮ ਚ ਸਿੰਮਦਾ ਸੀ। ਔਰਤ ਕਾਮਰੇਡਾਂ ਚੋਂ ਬਲਬੀਰ ਕੌਰ ਦੀ ਜਿੰਦਗੀ ਦੇ ਕੁੱਝ ਅਲੱਗ ਹੀ ਨਕਸ਼ ਹਨ।

ਬਲਬੀਰ (ਗੋਗਾਂ) ਵੀ ਆਪਣੇ ਜੀਵਨ ਸਾਥੀ ਸੁਰਜੀਤ ਕਲੋਆ ਦੇ ਜਾਣ ਪਿੱਛੋਂ, ਇਨਕਲਾਬੀ ਕਾਫਲਿਆਂ ਤੋਂ ਵਿੱਛੜ ਗਈ, ਪਰ ਇਸ ਜੋੜੀ ਨੇ ਇਨਕਲਾਬੀ ਲਹਿਰ ਅਤੇ ਫਲਸਫੇ ਪ੍ਰਤੀ ਜੋ ਦ੍ਰਿੜਤਾ, ਵਚਨਬੱਧਤਾ, ਨਿਹਚਾ, ਸਮਰਪਣ ਅਤੇ ਅਮਲੀ ਰੂਪ ਵਿੱਚ ਲਾਗੂ ਕਰਕੇ ਵਿਖਾਇਆ, ਇਹ ਇੱਕ ਨਿਵੇਕਲੀ ਅਤੇ ਫਖਰਯੋਗ ਮਿਸਾਲ ਹੈ।ਉਨ੍ਹਾਂ ਮੱਧਵਰਗੀ ਐਸ਼ੋ ਆਰਾਮ ਅਤੇ ਰੋਮਾਂਸਵਾਦੀ ਇਨਕਲਾਬੀ ਜਿੰਦਗੀ ਨੂੰ ਟਿੱਚ ਕਰਕੇ ਜਾਣਿਆ ਅਤੇ ਇੱਕ ਪ੍ਰੋਲੇਤਾਰੀਅਨ ਜ਼ਿੰਦਗੀ ਜਿਉਣ ਦਾ ਰਾਹ ਚੁਣਿਆ।ਇਹ ਇਨਕਲਾਬੀ ਜੋੜੀ ਮੌਜੂਦਾ ਸਮਾਜ ਦੀ ਕਾਇਆ ਕਲਪ ਦੀ ਲੋਚਾ ਰੱਖਦੀ ਸੀ ਅਤੇ ਸਭ ਪੱਖੋਂ ਬਰਾਬਰਤਾ ਵਾਲੇ ਸਮਾਜਵਾਦੀ ਸਮਾਜ ਦੇ ਨਿਰਮਾਣ ਲਈ ਅਹੁਲਦੀ ਰਹੀ।ਅਜਿਹੀ ਜਿੰਦਗੀ ਸ਼ਾਇਦ ਇਸੇ ਜੋੜੀ ਦੇ ਹੀ ਹਿੱਸੇ ਆਈ। ਉਨ੍ਹਾਂ ਨਾਂ ਕਦੇ ਆਪਣੀ ਜ਼ਮੀਨ ਜਾਇਦਾਦ ਦੀ ਲਲਕ ਰੱਖੀ ਅਤੇ ਨਾਂ ਹੀ ਕੋਈ ਬੈਂਕ ਬੈਲੇਂਸ ਦੀ। ਕਦੇ ਵੀ ਹਿੰਮਤ ਨਾਂ ਹਾਰਨ ਵਾਲੀ ਇਸ ਜੋੜੀ ਦੇ ਚਿਹਰਿਆਂ ਉੱਤੇ ਕਦੇ ਨਿਰਾਸ਼ਤਾ ਨਹੀਂ ਸੀ ਵੇਖੀ। ਹਾਲਾਂ ਕਿ ਉਨ੍ਹਾਂ ਦੋਨਾਂ ਨੇ ਜਿੰਨੀ ਸਖਤ ਜ਼ਿੰਦਗੀ ਜਿਊਂਈ ਇਹ ਆਪਣੇ ਆਪ 'ਚ ਇੱਕ ਮਿਸਾਲ ਹੈ। ਉਹ ਇਨਕਲਾਬੀਆਂ ਲਈ ਜਿਊਂਏ ਅਤੇ ਇਨਕਲਾਬੀਆਂ ਵਾਂਗ ਜਿਉਂਏ।

ਇੱਕ ਔਰਤ ਹੋਣ ਦੇ ਨਾਤੇ ਬਲਬੀਰ ਨੇ ਜਿਹੜੀ ਦ੍ਰਿੜਤਾ ਨਾਲ ਜ਼ਿੰਦਗੀ ਜਿਊਈ ਅਤੇ ਇੱਕ ਇਨਕਲਾਬੀ ਕਰਾਕੁੰਨ ਵਜੋਂ ਜੋ ਭੂਮਿਕਾ ਨਿਭਾਈ, ਉਹ ਲਹਿਰ ਲਈ ਸ਼ਾਨਦਾਰ ਵੀ ਹੈ ਅਤੇ ਜਾਨਦਾਰ ਵੀ। ਮਿਤੀ 6 ਮਾਰਚ 2022 ਨੂੰ ਦਿਨੇ 11 ਵਜੇ ਐਤਵਾਰ ਉਸਦੇ ਪੇਕੇ ਪਿੰਡ ਲੀਲ੍ਹਾ (ਨੇੜੇ ਜਗਰਾਵਾਂ) ਵਿਖੇ ਬਲਵੀਰ (ਗੋਗਾਂ) ਨੂੰ ਇਨਕਲਾਬ ਦੇ ਹਮਰਾਹੀ ਨੇ ਸ਼ਰਧਾਂਜ਼ਲੀਆਂ ਭੇਂਟ ਕੀਤੀਆਂ।

**- ਨਰਭਿੰਦਰ**

# ਵਰਣ ਵਿਵਸਥਾ ਜਾਤ ਪਾਤ ਅਤੇ ਵਿਗਿਆਨਕ ਵਿਕਾਸ

ਡਾ. ਅਜੀਤਪਾਲ ਸਿੰਘ
ਬਠਿੰਡਾ
98156-29301




ਜਾਤਪਾਤੀ ਵਿਵਸਥਾ ਦਾ ਘਿਨਾਉਣਾ ਸਮਾਜਿਕ ਵਿਹਾਰ ਸਾਡੇ ਸਾਹਮਣੇ ਨਜ਼ਰੀਂ ਪੈਂਦਾ ਹੈ, ਜਿਸ ਨੂੰ ਬਦਲਣ ਲਈ ਹਰ ਇਨਸਾਫਪਸੰਦ ਵਿਅਕਤੀ ਨੇ ਆਪਣਾ ਯੋਗਦਾਨ ਪਾਇਆ ਹੈ ਅਤੇ ਅੱਜ ਵੀ ਪਾ ਰਿਹਾ ਹੈ, ਪਰ ਇਸ ਪ੍ਰਥਾ ਦਾ ਆਧਾਰ ਬਣਨ ਵਾਲੀ ਵਰਣ-ਵਿਵਸਥਾ ਦੇ ਦੂਰ ਰਸ ਮਾਰੂ ਪ੍ਰਭਾਵ ਭਾਰਤੀ ਸਮਾਜ 'ਤੇ ਜੋ ਪਏ ਉਨ੍ਹਾਂ ਦੀ ਚਰਚਾ ਬਹੁਤੀ ਨਹੀਂ ਹੋਈ। ਪਰ ਇਹ ਕਰਨੀ ਜ਼ਰੂਰੀ ਹੈ ਜਿਸ ਤੋਂ ਸਾਨੂੰ ਇਸ ਨੂੰ ਵਿਗਿਆਨਕ ਢੰਗ ਨਾਲ ਸਮਝਣ "ਚ ਸਹਾਇਤਾ ਮਿਲੇਗੀ, ਇਹ ਬਹੁਤ ਜ਼ਰੂਰੀ ਹੈ।

ਇਕ ਸਥਾਪਿਤ ਸੱਚਾਈ ਹੈ ਕਿ ਅਕਸਰ ਦੱਬੇ ਜਾਣ ਵਾਲੇ ਸਮਾਜ ਦੇ ਵੱਡੇ ਹਿੱਸੇ ਤੇ ਲਗਾਤਾਰ ਜਬਰ ਢਾਹਿਆ ਜਾਂਦਾ ਰਿਹਾ ਅਤੇ ਜੇਕਰ ਉਸ ਨੂੰ ਅੱਗੇ ਵਧਣ ਨੂੰ ਕੋਈ ਮੂਹਾਂ ਨਾ ਮਿਲੇ ਤਾਂ ਉਸ ਦੀ ਜ਼ਰੂਰਤ ਸਿਰਫ ਆਪਣੀਆਂ ਫੌਰੀ ਲੋੜਾਂ ਦੀ ਪੂਰਤੀ ਤੱਕ ਹੀ ਸਿਮਟ ਕੇ ਰਹਿ ਜਾਂਦੀ ਹੈ ਅਤੇ ਉਹ ਉਨ੍ਹਾਂ ਫੌਰੀ ਆਸ਼ਿਆਂ ਤੋਂ ਬਾਹਰ ਦੇਖ ਸਕਣ ਚ ਅਸਮਰੱਥਾ ਦੀ ਹਾਲਤ 'ਚ ਹੀ ਗ੍ਰਸਤ ਰਹਿੰਦਾ ਹੈ। ਅਜਿਹਾ ਹੀ ਵਾਪਰਿਆ ਹੈ ਭਾਰਤੀ ਸਮਾਜਿਕ ਵਿਵਸਥਾ ਦੇ ਪ੍ਰਾਚੀਨ ਕਾਲ ਅੰਦਰ ਜੋ ਅੱਜ ਤੱਕ ਚਾਲੂ ਹੈ।

ਇਸ ਸੰਦਰਭ 'ਚ ਸਾਨੂੰ ਜਾਤਪਾਤੀ ਵਿਵਸਥਾ ਨੂੰ ਵੇਖਣ ਦੀ ਲੋੜ ਹੈ ਕਿ ਉਹ ਹਾਲਤਾਂ ਕਿਵੇਂ ਸਿਰਜੀਆਂ ਗਈਆਂ ਅਤੇ ਕਿਹੜੀਆਂ ਸਮਾਜਿਕ ਆਰਥਿਕ ਹਾਲਤਾਂ ਇਸ ਲਈ ਜ਼ਿੰਮੇਵਾਰ ਸਨ। ਪ੍ਰਾਚੀਨ ਕਾਲ 'ਚ ਪਿਛਲ ਝਾਤ ਮਾਰਿਆਂ ਇਸ ਦਾ ਪਿੱਛਾ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਵਰਣ ਵਿਵਸਥਾ ਚ ਚੱਲਿਆ ਜਾਂਦਾ ਹੈ। ਮੁੱਢਲੇ ਸਮਾਜਿਕ ਢਾਂਚਿਆਂ ਦੇ ਆਲਮੀ ਇਤਿਹਾਸ ਦੇ ਪ੍ਰਸੰਗ ਚ ਵੀ ਦੇਖਣ ਨੂੰ ਮਿਲਦਾ ਹੈ ਕਿ ਸਭਿਅਕ ਸਮਾਜ ਦੇ ਮੁੱਢਲੇ ਪੜਾਅ ਤੇ ਸਮਾਜ ਦੇ ਵੱਖੋ ਵੱਖ ਵਿਅਕਤੀਆਂ ਦਰਮਿਆਨ ਕੰਮ ਵੰਡ ਦਾ ਸਿਲਸਿਲਾ ਨਜ਼ਰੀਂ ਪੈਂਦਾ ਹੈ। ਇਸ ਲਈ ਭਾਰਤੀ ਸਮਾਜ ਲਈ ਇਹ ਕੋਈ ਅਲੋਕਾਰੀ ਸ਼ੈਅ ਨਹੀਂ ਸੀ। ਉਨ੍ਹਾਂ ਸਮਾਜਾਂ ਅੰਦਰ ਵੀ ਅਲੱਗ ਅਲੱਗ ਕੰਮ ਕਰਨ ਵਾਲੇ ਵਿਅਕਤੀਆਂ ਦੇ ਗਰੁੱਪਾਂ ਨੂੰ ਉਨ੍ਹਾਂ ਦੇ ਉਨ੍ਹਾਂ ਕੰਮਾਂ ਦੇ ਅਨੁਸਾਰ ਹੀ ਪੁਕਾਰਿਆ ਜਾਂਦਾ ਰਿਹਾ ਹੈ, ਹੋਰਨਾਂ ਮੁਲਕਾਂ ਵਿਚਲੇ ਕਿੱਤਿਆਂ ਅਤੇ ਸਮਾਜਿਕ ਰੁਤਬੇ ਤੇ ਆਧਾਰਤ ਦਰਜਾਬੰਦੀ ਵਾਲੀਆਂ ਹਾਲਤਾਂ ਬਦਲਦੀਆਂ ਰਹੀਆਂ ਹਨ ਅਤੇ ਬਦਲਦੀਆਂ ਹਨ, ਪਰ ਭਾਰਤ ਦੇ ਮਾਮਲੇ ਚ ਬ੍ਰਾਹਮਣਵਾਦੀ ਰਸਮਾਂ-ਰੀਤਾਂ ਦੀ ਬਦੌਲਤ ਕੰਮ ਵੰਡ ਅਨੁਸਾਰ ਸਮਾਜਿਕ ਢਾਂਚੇ ਚ ਵੱਖ ਵੱਖ ਕੰਮ ਧੰਦਿਆਂ ਅਨੁਸਾਰ ਜਨਮਜਾਤ ਦਾ ਸਿਲਸਿਲਾ ਉਨ੍ਹਾਂ ਸਮਾਜਾਂ ਅੰਦਰ ਪ੍ਰਚਲਨ ਚ ਆਇਆ ਜਿਹਾ ਕਿ ਉਹ ਕੰਮ ਕਰਦੇ ਸਨ। ਭਾਰਤੀ ਸਮਾਜ 'ਚ ਦੇਖਿਆ ਗਿਆ ਸੀ ਅਤੇ ਅੱਜ ਕੱਲ੍ਹ ਚੱਲ ਰਿਹਾ ਹੈ। ਕੰਮ ਦੀ ਕਿਸਮ ਅਨੁਸਾਰ ਹੀ ਉਸ ਦੀ ਜਾਤ ਨਿਰਧਾਰਤ ਕਰਨ ਦਾ ਸਿਲਸਿਲਾ ਚੱਲਣ ਚ ਆਇਆ ਅਤੇ ਕੰਮ ਅਨੁਸਾਰ ਜਾਤ ਤਹਿ ਕੀਤੀ ਜਾਣ ਲੱਗੀ। ਵਰਣ ਵਿਵਸਥਾ ਇੱਕ ਕੰਮ ਵੰਡ ਹੀ ਸੀ ਜੋ ਉਸ ਸਮਾਜ ਦੇ ਵਿਕਾਸ ਦੇ ਪੜਾ ਅਨੁਸਾਰ ਸੀ ਜਦੋਂ ਕਿ ਮਨੁੱਖ ਕੁਦਰਤ ਤੇ ਆਪਣੀ ਹਕੂਮਤ (ਮਾਸਟਰੀ) ਕਰਨ ਦੇ ਪੜਾਅ ਤੇ ਸੀ ਅਤੇ ਕਬਾਇਲੀ ਗਣਾ ਚ ਰਹਿੰਦਾ ਸੀ। ਪਰ ਅਗਲੇਰੇ ਵਿਕਾਸ ਅੰਦਰ ਜਿਵੇਂ ਹੀ ਮਨੁੱਖ ਮਨੁੱਖ ਤੇ ਹਕੂਮਤ ਕਰਨ ਲੱਗਿਆ ਤਾਂ ਉਸ ਨੇ ਆਪਣੀ ਸਹੂਲਤ ਲਈ ਕੁਦਰਤ ਤੇ ਹਕੂਮਤ ਕਰਨ ਲਈ ਕੀਤੇ ਜਾਣ ਵਾਲੇ ਯਤਨਾਂ ਵੱਲੋਂ ਮੂੰਹ ਘੁਮਾ ਕੇ ਆਪਣੀ ਤਾਕਤ ਮਨੁੱਖਾਂ ਨੂੰ ਆਪਣੇ ਹਿੱਤਾਂ ਲਈ ਵਰਤਣ ਵਾਲੇ ਢਾਂਚੇ ਦੀ ਉਸਾਰੀ ਵੱਲ ਸੇਧਤ ਕਰ ਦਿੱਤੀ।

ਛੇਵੀਂ ਤੇ ਦਸਵੀਂ ਸਦੀ ਈਸਾ ਪੂਰਵ ਦੇ ਸਮਿਆਂ ਦੌਰਾਨ ਅਪਸਤੰਬ, ਗੌਤਮ ਤੇ ਵਸ਼ਿਸ਼ਟ ਵਰਗੇ ਕੋਡ ਘਾੜਿਆਂ ਨੇ ਆਪਣੇ ਵੱਲੋਂ ਉਸਾਰੇ ਢਾਂਚੇ ਨੂੰ ਬਰਕਰਾਰ ਰੱਖਣ ਅਤੇ ਆਪਣੀ ਮਰਜ਼ੀ ਅਨੁਸਾਰ ਚਲਾਉਣ ਲਈ ਨੇਮ ਘਾੜਿਆਂ ਨੂੰ ਕੋਡ ਘਾੜਿਆਂ ਵਜੋਂ ਸੰਬੋਧਿਤ ਹੋਇਆ ਗਿਆ ਹੈ। ਇਹ ਵਿਸ਼ੇਸ਼ ਵਿਅਕਤੀ ਹਾਕਮਾਂ ਦੀ ਤਾਬਿਆ ਚ ਲੱਗੇ ਰਹਿੰਦੇ ਸੀ। ਇਹਨਾਂ ਕੋਡ ਘਾੜਿਆਂ ਨੇ ਧਰਮ ਸ਼ਾਸਤਰ ਜਾਂ ਧਰਮ ਸੂਤਰ ਗਰੰਥਾਂ ਦੀ ਰਚਨਾ ਕੀਤੀ। ਸਮਿਤੀਆਂ ਦੇ ਨਾਂਅ ਨਾਲ ਜਾਣੇ ਜਾਂਦੇ ਇਹ ਧਰਮ ਸ਼ਾਸਤਰ ਕਬਿਤ ਚ ਲਿਖੇ ਹੋਏ ਹਨ--ਮਨੂੰ ਸਮਿਤੀ ਵੀ ਇਸੇ ਕਾਲ ਦੀ ਹੀ ਰਚਨਾ ਹੈ। ਰਿਗਵੇਦਿਕ ਕਾਲ ਦੀ ਕਬਾਇਲੀ ਬਣਤਰ ਦੇ ਸਮਾਜ ਉਪਰੰਤ ਨਵੀਆਂ ਸਮਾਜਕ ਤਨਜ਼ੀਮ ਮੁਤਾਬਕ ਨਵੀਆਂ ਸਮਾਜਿਕ ਬਣਤਰਾਂ ਹੋਂਦ ਚ ਆਈਆਂ ਅਤੇ ਇਨ੍ਹਾਂ ਨੂੰ ਵਾਜਬੀਅਤ ਬਖਸ਼ਣ ਲਈ ਅਤੇ ਲੋਕਾਂ ਨੂੰ ਉਨ੍ਹਾਂ ਦੇ ਪਾਬੰਦ ਬਣਾਉਣ ਲਈ ਸ਼ਾਤਰ ਹਾਕਮ ਜਮਾਤਾਂ ਨੇ ਇਨ੍ਹਾਂ ਉੱਪਰ ਬਿਆਨ ਕੀਤੇ ਧਰਮ ਸ਼ਾਸਤਰਾਂ ਦੀ ਰਚਨਾ ਸਮੇਂ ਸਮੇਂ ਕੀਤੀ। ਇਨ੍ਹਾਂ ਧਰਮ ਸੂਤਰਾਂ ਨੇ ਵਰਣ-ਵਿਵਸਥਾ ਕੰਮ ਵੰਡ ਵਾਲੀ ਹਾਲਤ ਨੂੰ ਵਰਨਾਸ਼ਰਮ ਧਰਮ, (ਵਰਣ-ਵੰਡ ਜਾਂ ਵਰਣ ਵਿਵਸਥਾ ਅਤੇ ਵਰਣਾਸ਼ਰਮ ਧਰਮ ਵਿਚਲੇ ਫਰਕ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਜਿੱਥੇ ਵਰਣ-ਵਿਵਸਥਾ ਕੰਮ ਵੰਡ ਤਕ ਸੀਮਤ ਸੀ' ਉੱਥੇ ਵਰਣਾਸ਼ਰਮ ਧਰਮ ਚ ਇਸ ਵੰਡ ਮੁਤਾਬਿਕ ਹਰ ਵਰਣ ਲਈ ਕੁਝ ਵਿਸ਼ੇਸ਼ ਅਧਿਕਾਰ ਅਤੇ ਕਾਰਜ ਨਿਰਧਾਰਤ ਕਰ ਦਿੱਤੇ ਗਏ, ਜਿਨ੍ਹਾਂ ਦੀ ਪਾਲਨਾ ਦੀ ਉਸ ਵਰਣ ਦੇ ਹਰ ਮੈਂਬਰ ਤੋਂ ਮੰਗ ਕੀਤੀ ਗਈ ਸੀ। ਕਹਿਣ ਭਾਵ ਇਸ ਵਰਣ ਵਿਵਸਥਾ ਨੂੰ ਵਰਣਸ਼ਰਮ ਧਰਮ ਦਾ ਨਾਂ ਦੇ ਦਿੱਤਾ ਗਿਆ) ਦਾ ਰੁਤਬਾ ਦੇ ਕੇ ਇਸ ਨੂੰ ਪੱਕਿਆਂ ਕਰ ਦਿੱਤਾ ਗਿਆ।

? ਵਰਣਾਸ਼ਰਮ ਧਰਮ ਅਨੁਸਾਰ ਦਵਿਜਾਂ ਭਾਵ ਦੋ ਵਾਰੀ ਜਨਮ ਲੈਣ (ਪਹਿਲਾਂ ਮਾਂ ਦੇ ਪੇਟੋਂ ਜਨਮ ਲੈਣ ਅਤੇ ਬਾਅਦ ਚ ਕਬੀਲਾਈ ਪ੍ਰਥਾ ਮੁਤਾਬਕ ਕਬੀਲੇ ਚ ਸ਼ਾਮਿਲ ਕਰਨ ਲਈ ਮੁੜ ਕੇ ਜਨਮੇ ਹੋਣ ਕਰ ਕੇ, ਜਿਸ ਦੀ ਕਿ ਚੌਥੇ ਵਰਣ ਲਈ ਮਨਾਹੀ ਸੀ ਅਤੇ ਉਹ ਇੱਕ ਵਾਰ ਹੀ ਜਨਮ ਲਏ ਮੰਨੇ ਜਾਂਦੇ ਸਨ) ਵਾਲਿਆਂ ਲਈ ਹਿਕਮਤ ਭਾਵ ਮੈਡੀਕਲ ਪ੍ਰੈਕਟਿਸ ਵਾਲੇ ਪੇਸ਼ੇ ਨੂੰ ਅਪਨਾਉਣ ਤੇ ਵੀ ਪਾਬੰਦੀ ਲਾਈ ਗਈ ਹੈ। ਇਹ ਵੀ ਕਿਹਾ ਗਿਆ ਹੈ ਕਿ ਬ੍ਰਾਹਮਣ ਨੂੰ ਮੈਡੀਕਲ ਦਾ ਕਿੱਤਾ ਨਹੀਂ ਅਪਣਾਉਣਾ ਚਾਹੀਦਾ।

ਵਰਣ ਵਿਵਸਥਾ ਵਿਚਲੀ ਕੰਮ-ਵੰਡ ਦੇ ਬਹੁਤਾ ਵਿਸਥਾਰ ਚ ਨਾ ਜਾਂਦਿਆਂ ਇੱਥੇ ਇਸ ਨਾਲ ਜੁੜੇ ਇੱਕ ਅਹਿਮ ਮਸਲੇ ਨੂੰ ਵਿਚਾਰਨਾ ਜ਼ਰੂਰੀ ਹੈ। ਆਪਣੇ ਇਨ੍ਹਾਂ ਧਰਮ ਸਸਤਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਈ ਵਿਧਾਂ ਅਪਣਾਈਆਂ ਗਈਆਂ। ਜਿੱਥੇ ਡੰਡੇ ਦਾ ਜ਼ੋਰ ਵਰਤਿਆ ਜਾਂਦਾ ਸੀ ਤਾਂ ਨਾਲ ਹੀ ਨਾਲ ਇਹ ਕਿ ਆਮ ਲੋਕਾਈ ਨੂੰ ਗਿਆਨ ਤੋਂ ਵਾਂਝਾ ਰੱਖਿਆ ਜਾਂਦਾ ਸੀ। ਪਹਿਲਾਂ ਤਾਂ ਵਰਣਾਸ਼ਰਮ ਧਰਮ ਮੁਤਾਬਕ ਵੇਦਾਂ ਆਦਿ ਦੇ ਅਧਿਐਨ ਕਰਨ ਨੂੰ ਸੂਦਰਾਂ ਲਈ ਵਰਜਿਤ ਕੀਤਾ ਗਿਆ ਅਤੇ ਸੂਦਰਾਂ ਦੇ ਕੰਨ ਚ ਕਿਤੇ ਵੇਦ ਆਦਿ ਦੀ ਕੋਈ ਕੰਨ ਵਲੇਲਪੇ ਜਾਵੇ ਤਾਂ ਉਸ ਦੇ ਕੰਨਾਂ ਚ ਸਿੱਕਾ ਭਰਨ, ਜ਼ੁਬਾਨ ਕੱਟਣ ਆਦਿ ਦੀਆਂ ਭਾਰੀ ਜਾਬਰ ਸਜ਼ਾਵਾਂ ਨਿਰਧਾਰਤ ਕੀਤੀਆਂ।

ਦੂਜੀ ਗੱਲ ਇਹ ਕਿ ਕੁਦਰਤ ਦਾ ਥਹੁ ਪਾਉਣ ਤੇ ਇਸ ਦੇ ਨਿਯਮਾਂ ਨੂੰ ਸਮਝਣ ਅਤੇ ਇਸ ਤੇ ਕਾਬੂ ਪਾਉਣ ਲਈ ਇੱਕ ਅਜਿਹਾ ਢੰਗ ਈਜਾਦ ਕੀਤਾ ਜਿਹੜਾ ਅਜੇ ਤੱਕ ਵੀ ਬਹੁਤੇ ਵਿਦਵਾਨਾਂ ਦੀ ਸਮਝ ਤੋਂ ਬਾਹਰ ਹੈ। ਚਾਣਕਿਆ ਨੀਤੀ ਸ਼ਾਸਤਰ ਅਤੇ ਮਨੂੰ ਸਮਿਤੀ ਵਰਗੇ ਗ੍ਰੰਥਾਂ ਚ ਵੀ ਕੰਮ ਕਰਨ ਵਾਲੇ ਲੋਕਾਂ ਨੂੰ ਮਲੀਨ ਪਰਿਭਾਸ਼ਿਤ ਕੀਤਾ ਗਿਆ। ਉਨ੍ਹਾਂ ਨੂੰ ਤ੍ਰਿਸਕਾਰਿਆ ਗਿਆ। ਵਰਣਾਸ਼ਰਮ ਧਰਮ ਵਿਚਲੇ ਉਪਰਲੇ ਤਿੰਨ ਵਰਣਾ ਨੂੰ ਹੱਥੀਂ ਕੰਮ ਕਰਨ ਤੋਂ ਵਰਜਿਆ ਗਿਆ ਅਤੇ ਇਸ ਦੀ ਉਲੰਘਣਾ ਕਰਨ ਵਾਲੇ ਨੂੰ ਕਰੜੇ ਹੱਥੀਂ ਲਿਆ ਗਿਆ। ਮਨੂੰ ਵਰਗੇ ਕੋਡ ਘਾੜਿਆਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਜੇਕਰ ਲੋਕ ਅਜਿਹੀ ਸਮਝ ਅਪਣਾ ਕੇ ਜ਼ਿੰਦਗੀ ਜਿਉਣ ਲੱਗੇ ਤਾਂ ਖੁਦ ਉਨ੍ਹਾਂ ਦੇ ਆਪਣੇ ਰਚਾਏ ਵਰਣਾਸ਼ਰਮ ਧਰਮ ਦਾ ਪਰਦਾ ਚਾਕ ਹੁੰਦਿਆਂ ਕੋਈ ਦੇਰ ਨਹੀਂ ਲੱਗਣੀ ਸੀ। ਇਸ ਲਈ ਉਨ੍ਹਾਂ ਵੱਲੋਂ ਸੂਦਰਾਂ ਨੂੰ ਕਿਸੇ ਵੀ ਢੰਗ ਨਾਲ ਵੇਦਾਂ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਦੂਰ ਅਤੇ ਮਹਿਰੂਮ ਰੱਖਿਆ ਤੇ ਉਨ੍ਹਾਂ ਨੇ ਆਪਣਾ ਅਗਲਾ ਅਸਲੀ ਨਿਸ਼ਾਨਾ ਉਸ ਵਰਗ ਨੂੰ ਬਣਾਇਆ ਜਿਹੜਾ ਨੀਝ ਨਾਲ ਅਤੇ ਗਹਿਰਾਈ 'ਚ ਜਾ ਕੇ ਕੁਦਰਤ ਦੇ ਭੇਦ ਪਾਉਣ ਚ ਰੁੱਝਿਆ ਹੋਇਆ ਸੀ। ਦੋ ਵਰਗਾਂ ਦੇ ਹੀ ਵਿਅਕਤੀ ਸਨ ਜੋ ਅਜਿਹੇ ਕਾਰਜ ਵਿੱਚ ਲੱਗੇ ਹੋਏ ਸਨ। ਇੱਕ ਤਾਂ ਜਿਹੜੇ ਖੇਤੀ ਵਰਗੇ ਕੰਮ ਕਰਦੇ ਸਨ ਜਿਹੜੇ ਮੀਂਹ, ਹਨੇਰੀ, ਧੁੱਪ, ਵਰਖਾ, ਠੰਡ, ਗਰਮੀਆਂ ਆਦਿ ਰੁੱਤਾਂ ਦਾ ਹਿਸਾਬ ਕਿਤਾਬ ਲਾਉਂਦਿਆਂ ਫਸਲ ਦੀ ਉਪਜ ਤੇ ਪੈਣ ਵਾਲੇ ਚੰਗੇ ਮੰਦੇ ਅਸਰਾਂ ਨੂੰ ਸਮਝ ਕੇ ਆਪਣੇ ਅਮਲ ਚ ਇਸ ਦੀ ਵਰਤੋਂ ਕਰਦਿਆਂ ਠੀਕ ਜਾਂ ਗ਼ਲਤ ਗਿਆਨ ਹਾਸਿਲ ਕਰ ਰਹੇ ਸਨ ਅਤੇ ਦੂਜਾ ਇੱਕ ਵਰਗ ਪ੍ਰਾਚੀਨ ਸਮੇਂ ਤੋਂ ਹੀ ਤੁਰਿਆ ਰਿਹਾ ਸੀ ਜਿਹੜਾ ਮਨੁੱਖਾਂ ਅੰਦਰ ਪੈਦਾ ਹੋਣ ਵਾਲੀਆਂ ਬਿਮਾਰੀਆਂ ਦਾ ਉਹੜ ਪੋਹੜ ਕਰਨ ਦੇ ਢੰਗ ਤਰੀਕੇ ਤਲਾਸ਼ ਕਰਨ ਲਈ ਸਮਰਪਿਤ ਸੀ। ਚਿਕਿਤਸਾ ਵਿਗਿਆਨ ਸਭ ਤੋਂ ਪਹਿਲਾਂ ਹੋਂਦ 'ਚ ਆਇਆ ਜੀਹਦੇ ਚ ਜਗਿਆਸਾ ਵਸ ਤੇ ਮਜਬੂਰੀ ਵਸ ਸਰੀਰਕ ਬਣਤਰ ਤੇ ਸਰੀਰਕ ਰੋਗਾਂ ਦੇ ਇਲਾਜ ਬਾਰੇ ਜਾਨਣ ਸਮਝਣ ਦੀ ਜਾਗ ਲੱਗੀ। ਪ੍ਰਾਚੀਨ ਭਾਰਤ ਅੰਦਰ ਹਿਕਮਤ ਸਭ ਤੋਂ ਪਹਿਲਾਂ ਕੋਡ ਘਾੜਿਆਂ ਦਾ ਨਿਸ਼ਾਨਾ ਇਸ ਕਰਕੇ ਹੀ ਬਣੀ ਕਿ ਇਹ ਕੁਦਰਤ ਤੇ ਮਨੁੱਖ ਦੀ ਬਾਹਰਮੁਖੀ ਸਮਝ ਗ੍ਰਹਿਣ ਕਰਨ ਲਈ ਅਟੁੱਟ ਰੂਪ ਚ ਸਮਰਪਿਤ ਸੀ। ਇਸ ਦੇ ਨਾਲ ਹੀ ਬੁੱਚੜਾਂ ਅਤੇ ਸ਼ਿਕਾਰੀਆਂ ਦਾ ਐਨਾਟਮੀ (ਸਰੀਰਕ ਬਣਤਰ) 'ਚ ਯੋਗਦਾਨ ਬਹੁਤ ਵੱਧ ਹੈ ਕਿਉਂਕਿ ਉਨ੍ਹਾਂ ਚ ਕੋਈ ਵੀ ਕਿਸੇ ਕਿਸਮ ਦੀ ਪਾਬੰਦੀ ਆਇਦ ਨਹੀਂ ਸੀ ਕਿ ਉਹ ਆਪਣੇ ਸਾਹਵੇਂ ਦਿਸਦੀ ਸਰੀਰਕ ਹਕੀਕਤ ਦੀ ਕੋਈ ਗਲਤ ਬਿਆਨੀ ਕਰਨ। ਹੋਰਨਾਂ ਕੁਦਰਤੀ ਵਿਗਿਆਨਾਂ ਵਾਂਗ ਚਕਿਤਸਾ ਵਿਗਿਆਨ ਵੀ ਇਹ ਪੂਰਵ ਸ਼ਰਤ ਹੈ ਕਿ ਇਸ ਵੱਲੋਂ ਸੁਝਾਏ ਸ਼ਰੀਰਕ ਬਣਤਰ, ਕਾਰਜਵਿਧੀ, ਰੋਗ, ਦਵਾਈਆਂ ਆਦਿ ਦੀਆਂ ਪ੍ਰੀਭਾਸ਼ਾਵਾਂ ਅਮਲ ਦੀ ਪਰਖ ਕਸਵੱਟੀ ਤੇ ਪੂਰੀਆਂ ਉੱਤਰਦੀਆਂ ਹੋਣ। ਭਾਵ ਕਿ ਯੁਕਤੀ ਯੁਕਤ ਹੋਵੇ। ਪ੍ਰਾਚੀਨ ਵਿਗਿਆਨ ਦੇ ਇਨ੍ਹਾਂ ਚਕਿਤਸਾ ਵਿਗਿਆਨੀਆਂ ਦੀ ਇਹ ਸਮਝ ਪਹੁੰਚ ਬਾਹਰਮੁਖੀ ਹਕੀਕਤਾਂ ਨੂੰ ਸੰਬੋਧਤ ਸੀ ਨਾ ਕਿ ਇਹ ਕਿਸੇ ਹੋਰ ਦੁਨੀਆਂ ਚ ਵਸਣ ਵਾਲੀ ਆਤਮਾ-ਪ੍ਰਮਾਤਮਾ ਵਰਗੀ ਸ਼ੈਅ ਚੋਂ ਉਪਜੀ ਸੀ।

ਅਜਿਹੀ ਵਿਗਿਆਨਕ ਵਿਧੀ ਮੁਤਾਬਿਕ ਚੱਲਦਿਆਂ ਪ੍ਰਾਚੀਨ ਅਯੁਰਵੇਦਿਕ ਵੈਦਾਂ ਨੇ ਮਨੁੱਖੀ ਸਰੀਰ, ਰੋਗਾਂ ਅਤੇ ਦਵਾਈਆਂ ਦਾ ਇੱਕ ਅਜਿਹਾ ਸਿਸਟਮ ਵਿਕਸਿਤ ਕਰ ਲਿਆ ਜਿਹੜਾ ਸਵਾਰਥੀ ਹਿੱਤਾਂ ਨੂੰ ਪ੍ਰਣਾਈਆਂ ਤਾਕਤਾਂ ਨੂੰ ਫੁੱਟੀ ਅੱਖ ਨਹੀਂ ਭਾਉਂਦਾ ਸੀ। ਅਜਿਹੇ ਹਾਲਾਤੇ-ਹਾਜਰਾ ਚ ਮਨੂੰ ਵਰਗੇ ਕੋਡ ਘਾੜਿਆਂ ਨੇ ਇੱਕ ਸੋਚੀ ਸਮਝੀ ਤਰਕੀਬ ਮੁਜਬ ਅਜਿਹੀ ਸਮਝ-ਪਹੁੰਚ ਅਤੇ ਅਜਿਹੇ ਕਿੱਤਿਆਂ ਪ੍ਰਾਚੀਨ ਕੁਦਰਤੀ ਵਿਗਿਆਨਾਂ ਨੂੰ ਸਮਰਪਿਤ ਵਿਅਕਤੀਆਂ ਬਾਰੇ ਬਹੁਤ ਹੀ ਜ਼ਹਿਰੀਲਾ ਪ੍ਰਚਾਰ ਵਿੱਢਿਆ ਅਤੇ ਆਪਣੇ ਧਰਮ ਸ਼ਾਸਤਰਾਂ ਚ ਵਰਣਿਤ ਵਰਣਆਸ਼ਰਮ ਧਰਮ ਚ ਇਹ ਵੀ ਕਿਹਾ:

-ਕਿਸੇ ਵੈਦ ਕੋਲੋਂ ਖਾਧਾ ਭੋਜਨ ਪੂੰ (ਰਾਧ) ਬਰਾਬਰ ਹੈ।

-ਕਿਸੇ ਵੀ ਵਿਦਵਾਨ (ਸਨਾਤਕ) ਨੂੰ ਵੈਦ ਕੋਲੋਂ ਭੋਜਨ ਸਵੀਕਾਰ ਨਹੀਂ ਕਰਨਾ ਚਾਹੀਦਾ ਅਤੇ ਇਥੋਂ ਤੱਕ ਕਿ ਵੈਦ ਨੂੰ ਪਰੋਸਿਆ ਜਾਣ ਵਾਲਾ ਭੋਜਨ ਵੀ ਜ਼ਹਿਰ ਬਣ ਜਾਂਦਾ ਹੈ।

ਇਹ ਵੈਦ ਲੋਕ ਏਨੇ ਮਲੀਨ ਹਨ ਕਿ ਦੇਵਤਿਆਂ ਨੂੰ ਦਿੱਤੀ ਜਾਣ ਵਾਲੀ ਬਲੀ ਦੀ ਰਸਮ ਸਮੇਂ ਇਨ੍ਹਾਂ ਦੀ ਮੌਜੂਦਗੀ ਫਿਜ਼ਾ ਅੰਦਰ ਹੀ ਜ਼ਹਿਰ ਘੋਲ ਦਿੰਦੀ ਹੈ ਅਤੇ ਬਲੀ ਦੇਣ ਦਾ ਮਕਸਦ ਹੀ ਭਿੱਟਿਆ ਜਾਂਦਾ ਹੈ। ਜੇਕਰ ਕਿਸੇ ਗਲਤੀ ਨਾਲ ਤਰਖਾਣ, ਮੋਚੀ, ਬਹਿਰੂਪੀਏ, ਵੈਦ, ਸ਼ਿਕਾਰੀ ਆਦਿ ਹੱਥੋਂ ਰੋਟੀ ਖਾਧੀ ਗਈ ਹੋਵੇ ਤਾਂ ਪਸ਼ਚਾਤਾਪ ਹਿਤ ਉਸ ਨੂੰ ਤਿੰਨ ਦਿਨਾਂ ਦਾ ਵਰਤ ਰੱਖਣਾ ਪੈਂਦਾ ਹੈ। ਧਰਮ ਸ਼ਾਸਤਰਾਂ ਅਨੁਸਾਰ ਹੀ ਵਿਸ਼ਨੂੰ ਅੱਗੇ ਕਹਿੰਦਾ ਹੈ ਕਿ ਸੂਦਰਾਂ ਲਈ ਬਲੀ ਦੀਆਂ ਰਸਮਾਂ ਕਰਨ ਵਾਲਿਆਂ ਵਾਂਗ ਧਰਮ ਸ਼ਾਸਤਰਾਂ ਦੇ ਕਹੇ ਅਨੁਸਾਰ ਵੈਦਾਂ ਨੂੰ ਪਿਤਰਾਂ ਦੇ ਸ਼ਰਾਧਾਂ ਦੀਆਂ ਰਸਮਾਂ ਚ ਸਮੂਲੀਅਤ ਕਰਨ ਤੋਂ ਵਰਜਿਆ ਹੋਇਆ ਹੈ।

--ਇਸ ਦੇ ਨਾਲ ਹੀ ਮਹਾਂਭਾਰਤ ਵਰਗੇ ਪੁਰਾਣਾਂ ਚ ਵੀ ਸ਼ਾਂਤੀਪਰਵ ਅਧਿਆਏ ਅੰਦਰ ਭੀਸ਼ਮ ਪਿਤਾਮਾ ਕੋਡ ਘਾੜਿਆਂ ਦੀ ਰਜ਼ਾ ਮੁਜਬ ਉਹਨਾਂ ਵਿਅਕਤੀਆਂ ਦੀ ਇੱਕ ਲੰਮੀ ਸੂਚੀ ਪੜ੍ਹਦਾ ਹੈ ਜਿਨ੍ਹਾਂ ਚ ਫਿਰ ਵੈਦ ਸ਼ਾਮਲ ਕੀਤੇ ਗਏ ਹਨ। ਮਨੂੰ ਦੀ ਕਹੀ ਗੱਲ ਨੂੰ ਦੁਹਰਾਉਂਦਿਆਂ ਭੀਸ਼ਮ ਪਿਤਾਮਾ ਫਿਰ ਵੈਦਾਂ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ ਕਿ ਵੈਦ ਨੂੰ ਭੇਟ ਕੀਤਾ ਗਿਆ ਨਜ਼ਰਾਨਾ ਵੀ ਲਹੂ ਅੱਗ ਬਣ ਜਾਂਦਾ ਹੈ।

ਜਿਹਦੇ ਮੁਤਾਬਕ ਬ੍ਰਾਹਮਣਾਂ ਨੂੰ ਕਿਸੇ ਡਾਇਨ, ਲੁਹਾਰ ਤੇ ਮੋਚੀ ਸਮੇਤ ਵੈਦਾ ਤੋਂ ਵੀ ਭੋਜਨ ਲੈਣ ਦੀ ਮਨਾਹੀ ਹੈ।

--ਅੱਗੇ ਅਨੁਸ਼ਾਸਨ ਪਰਵ ਵਿੱਚ ਵੀ ਉਹੀ ਭੀਸ਼ਮ ਪਿਤਾਮਾ ਉਨ੍ਹਾਂ ਵਿਅਕਤੀਆਂ ਦੀ ਲੰਮੀ ਸੂਚੀ ਪੜ੍ਹਦਾ ਹੈ ਜਿੰਨ੍ਹਾਂ ਚ ਫਿਰ ਵੈਦ ਸ਼ਾਮਲ ਕੀਤੇ ਹੋਏ ਹਨ। ਮਨੂੰ ਦੀ ਕਹੀ ਗੱਲ ਨੂੰ ਦੁਹਰਾਉਂਦਿਆਂ ਭੀਸ਼ਮਪਿਤਾਮਾ ਫਿਰ ਵੈਦਾਂ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ ਕਿ ਵੈਦ ਨੂੰ ਭੇਟ ਕੀਤਾ ਗਿਆ ਨਜ਼ਰਾਨਾ ਵੀ ਲਹੂ-ਪਾਕ ਬਣ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਰਿਗਵੇਦ 'ਚ ਚਕਿਤਸਕਾਂ ਨੂੰ ਹਕਾਰਤ ਭਰੀ ਨਜ਼ਰ ਨਾਲ ਵੇਖਣ ਦਾ ਜ਼ਿਕਰ ਨਹੀਂ ਮਿਲਦਾ ਪਰ ਅਯੁਰਵੇਦ ਚ ਇਹ ਪੂਰੇ ਜੋਬਨ ਤੇ ਹੈ। ਅਯੁਰਵੇਦ ਦਾ ਅੰਗ ਮੰਨੇ ਜਾਂਦੇ ਸਤਪਥ ਬ੍ਰਹਮਣ ਗ੍ਰੰਥ ਮੁਤਾਬਕ ਚਯਵਨ (ਚਵਨਪ੍ਰਾਸ਼ ਵਾਲੇ) ਰਿਸ਼ੀ ਨੂੰ ਮੁੜ-ਜਵਾਂ ਕਰਨ ਦੀ ਮੁਹਾਰਤ ਰੱਖਣ ਵਰਗੇ ਅਸ਼ਵਿਨ ਜਾਂ ਅਸ਼ਵਨੀ ਨਾਂ ਜੁੜਵੇਂ ਚਕਿਤਸਕ ਭਰਾ ਦੇ ਆਪਣੇ ਕਿੱਤੇ ਕਰਕੇ ਭ੍ਰਿਸ਼ਟ ਹਨ ਕਿਉਂਕਿ ਉਨ੍ਹਾਂ ਦਾ ਕਿੱਤਾ ਉਨ੍ਹਾਂ ਨੂੰ ਹਰ ਤਰਾਂ ਦੇ ਲੋਕਾਂ ਨਾਲ ਬੇਝਿਜਕ ਰੂਪ ਚ ਰਚਣ-ਮਿਚਣ ਲਈ ਸਮਰਪਿਤ ਹੋਣ ਲਈ ਕਹਿੰਦਾ ਹੈ।

ਵੈਦਾਂ ਜਾਂ ਚਿਕਿਤਸਕਾਂ ਪ੍ਰਤੀ ਹਿਕਾਰਤ ਭਰੀ ਨਜ਼ਰ ਕੋਈ ਕੱਲੇ ਕਹਿਰੇ ਕੋਡ ਘਾੜੇ ਵਿਦਵਾਨ ਜਾਂ ਗ੍ਰੰਥ ਦਾ ਕੰਮ ਨਹੀਂ ਇਹ ਸਿਲਸਿਲੇਬੱਧ ਤਰੀਕੇ ਨਾਲ ਵੈਦਾਂ ਜਾਂ ਚਿਕਿਤਸਕਾਂ ਨੂੰ ਹੋਰ ਹੱਥੀਂ ਕੰਮ ਕਰਨ ਵਾਲੇ ਕਾਮਿਆਂ ਦੇ ਨਾਲ ਜਾਣ ਬੁੱਝ ਕੇ ਨੱਥੀ ਕੀਤਾ ਗਿਆ ਹੈ। ਕੋਡ ਘਾੜਿਆਂ ਦੀਆਂ ਵਿਗਿਆਨ ਦੋਖੀ ਨਜ਼ਰਾਂ ਤੋਂ ਬਚਣ ਲਈ ਹੀ ਇਨ੍ਹਾਂ ਚਕਿਤਸਾ ਵਿਗਿਆਨੀਆਂ ਨੂੰ ਸ਼ਹਿਰਾਂ ਕਸਬਿਆਂ ਤੋਂ ਦੂਰ ਦਰਾਜ ਜੰਗਲਾਂ ਚ ਵਾਸ ਕਰਦਿਆਂ ਆਪਣੇ ਖੋਜਕਾਰਜ ਜਾਰੀ ਰੱਖਣ ਲਈ ਮਜਬੂਰ ਹੋਣਾ ਪਿਆ। ਇੱਥੇ ਉਹ ਵਣ ਵਾਸੀਆਂ ਨਾਲ ਮਿਲ ਕੇ ਜੰਗਲੀ ਜੜੀ ਬੂਟੀਆਂ ਦੇ ਗੁਣ ਔਗੁਣ ਪਰਖਦੇ ਸਨ ਅਤੇ ਆਪਣੇ ਹਮਰੁਤਬਾ ਵਿਦਵਾਨ ਚਕਿਤਸਾ ਨਾਲ ਸੰਵਾਦ ਵੀ ਰਚਾਉਂਦੇ ਸਨ ਅਤੇ ਦੇਖਿਆ ਜਾਵੇ ਤਾਂ ਅਪਸਤੰਬ ਤੋਂ ਲੈ ਕੇ ਮਹਾਂਭਾਰਤ ਦੇ ਆਉਂਦਿਆਂ ਆਉਂਦਿਆਂ ਇੱਕ ਹਜ਼ਾਰ ਸਾਲ ਦਾ ਅਰਸਾ ਗੁਜ਼ਰ ਜਾਂਦਾ ਹੈ। ਇਸ ਦੇ ਪਿੱਛੇ ਮਨਸ਼ਾ ਇਹੀ ਸੀ ਕਿ ਵਿਗਿਆਨਕ ਨਜ਼ਰੀਏ ਨੂੰ ਤਰਕ ਨਾਲ ਗੱਲ ਕਰਨ ਦੇ ਮਾਹੌਲ ਨੂੰ ਹਰ ਹੀਲੇ ਚੁੱਪ ਕਰਾਇਆ ਜਾਵੇ। ਆਪਣੇ ਸੁਆਰਥੀ ਹਿੱਤਾਂ ਨੂੰ ਸੁਰੱਖਿਤ ਰੱਖਣ ਖਾਤਰ ਅਤੇ ਆਮ ਲੋਕਾਈ ਨੂੰ ਅਜਿਹੇ ਗਿਆਨ ਤੋਂ ਵਾਂਝੇ ਰੱਖ ਕੇ ਹੀ ਉਹ ਆਪਣੀ ਲੁੱਟ ਖਸੁੱਟ ਨੂੰ ਬਰਕਰਾਰ ਰੱਖ ਸਕਦੇ ਸਨ।

ਪਰ ਵਰਣਾਸ਼ਰਮ ਧਰਮ ਦੀ ਅਜਿਹੀ ਪਹੁੰਚ ਅਤੇ ਰਣਨੀਤੀ ਨੇ ਭਾਰਤੀ ਸਮਾਜ ਦੇ ਵਿਕਾਸ ਅੰਦਰ ਜੋ ਦੂਰਗਾਮੀ ਪ੍ਰਭਾਵ ਪਏ ਹਨ ਉਹ ਨਾਪੂਰਿਆ ਜਾ ਸਕਣ ਵਾਲਾ ਘਾਟਾ ਹੈ ਅਤੇ ਇਸ ਮੁਲਕ ਦੇ ਲੋਕ ਅੱਜ ਵੀ ਭੁਗਤ ਰਹੇ ਹਨ। ਹੋਰਨਾਂ ਦੇਸ਼ਾਂ ਅੰਦਰ ਕੰਮ ਵੰਡ ਦੀ ਮੁੱਢਲੀ ਪ੍ਰਕਿਰਿਆ ਚੋਂ ਨਿਕਲ ਕੇ ਕਿਸੇ ਜਨਮ-ਜਾਤ ਨਾਲ ਨਾ ਬੱਝੇ ਹੋਣ ਨੇ ਹਰੇਕ ਨੂੰ ਪ੍ਰਦਾਨ ਕੀਤੇ ਸੋਚਣ-ਵਿਚਾਰਨ ਦੇ ਬਰਾਬਰ ਮੌਕਿਆਂ ਕਰਕੇ ਸਾਰੇ ਵਰਗਾਂ ਦੇ ਲੋਕਾਂ ਨੇ ਆਪਣਾ ਯੋਗਦਾਨ ਪਾ ਕੇ ਸਮਾਜਿਕ ਵਿਕਾਸ ਚ ਰੋਲ ਨਿਭਾਇਆ।

ਸਾਡੇ ਮੁਲਕ ਅੰਦਰਲੇ ਅਜਿਹੇ ਜਹਿਨੀ ਮਾਹੌਲ ਦੀ ਗੱਲ ਕਰਦਿਆਂ ਬੰਗਾਲ ਦੇ ਮਸ਼ਹੂਰ ਸਮਾਜ ਸੁਧਾਰਕ, ਵਿਚਾਰਕ, ਲੇਖਕ, ਸਾਇੰਸਦਾਨ ਅਤੇ ਵਿਚਾਰਵਾਨ ਪ੍ਰੋਫੈਸਰ ਪ੍ਰਫੁੱਲ ਚੰਦਰ ਰੇਅ (ਪੀ ਸੀ ਰੇਅ) ਨੇ ਆਪਣੀ ਪ੍ਰਸਿੱਧ ਪੁਸਤਕ 'ਏ ਹਿਸਟਰੀ ਆਫ ਹਿੰਦੂ ਕੈਮਿਸਟਰੀ' 'ਚ 1902 ਚ ਹੀ ਭਾਰਤ ਅੰਦਰ ਵਿਗਿਆਨ ਦੀ ਮਾੜੀ ਹਾਲਤ ਦਾ ਜ਼ਿਕਰ ਕਰਦਿਆਂ ਲਿਖਿਆ ਸੀ ਕਿ ਇਸ ਦਾ ਮੁੱਖ ਕਾਰਨ ਭਾਰਤੀ ਸਮਾਜ ਦਾ ਵਰਣਾ ਚ ਵੰਡਿਆ ਹੋਣਾ ਹੈ, ਜਿਸ ਅੰਦਰ ਤਕਨੀਕੀ ਮਾਹਰਾਂ, ਦਸਤਕਾਰਾਂ ਤੇ ਸਰੀਰਕ ਕੰਮ ਕਰਨ ਵਾਲਿਆਂ ਦੀ ਜ਼ਿੰਦਗੀ ਨੂੰ ਨਿਰਾਸ਼ਾਜਨਕ ਹਾਲਤ ਤੱਕ ਵਿਨਾਸ਼ਕਾਰੀ ਸਥਿਤੀ 'ਚ ਪਹੁੰਚਾ ਦਿੱਤਾ ਹੈ। ਪੀ ਸੀ ਰੇਅ ਨੇ ਅੱਗੇ ਚੱਲ ਕੇ ਲਿਖਦਿਆਂ ਦੱਸਿਆ ਕਿ:

ਵਰਣ ਵਿਵਸਥਾ 'ਚ ਜਕੜੇ ਅਤੇ ਵੇਦਾਂ, ਪੁਰਾਣਾਂ ਅਤੇ ਸਿਮ੍ਰਤੀਆਂ 'ਚ ਕਹੀਆਂ ਗੱਲਾਂ ਨੂੰ ਪੂਰਨ ਸੱਚ ਮੰਨਣ ਵਾਲੇ ਅਜਿਹੇ ਲੋਕਾਂ ਦਰਮਿਆਨ, ਜਿਨ੍ਹਾਂ ਦੀ ਬੁੱਧੀ ਤੇ ਦਿਮਾਗ ਨੂੰ ਪੂਰਨ ਰੂਪ ਚ ਅਪਾਹਜ ਬਣਾ ਦਿੱਤਾ ਗਿਆ ਸੀ, ਕੋਈ ਬਾਯਲ ਵਰਗਾ ਸਾਇੰਸਦਾਨ ਜਿਹਾ ਵਿਅਕਤੀ ਜਨਮ ਹੀ ਨਹੀਂ ਲੈ ਸਕਦਾ ਸੀ, ਜਿਹੜਾ ਆਮ ਲੋਕਾਂ ਦਾ ਸਹੀ ਮਾਰਗ ਦਰਸ਼ਨ ਕਰਦਿਆਂ ਕੋਈ ਸਾਰਥਕ ਸਿਧਾਂਤ ਘੜ ਸਕਦਾ। ਦਸਤਕਾਰੀ ਅਤੇ ਕਲਾਵਾਂ ਨੂੰ ਹੇਠਲੀਆਂ ਜਮਾਤਾਂ ਲਈ ਰਾਖਵੇਂ ਰੱਖਣ ਅਤੇ ਕੰਮ ਧੰਦਿਆਂ ਨੂੰ ਜਨਮ-ਜਾਤ ਬਣਾ ਦਿੱਤੇ ਜਾਣ ਨੇ ਕੁਝ ਹੱਦ ਤੱਕ ਉਨ੍ਹਾਂ ਅੰਦਰ ਕਲਾਵਾਂ, ਬਰੀਕੀ ਤੇ ਕੌਸ਼ਲ ਜ਼ਰੂਰ ਆਇਆ ਪਰ ਅਜਿਹਾ ਆਇਆ ਬਹੁਤ ਭਾਰੀ ਕੀਮਤ ਤਾਰ ਕੇ ਹੀ। ਸਮਾਜ ਦੇ ਬੌਧਿਕ ਹਿੱਸੇ ਨੂੰ ਇਸ ਢੰਗ (ਵਰਣਾਸ਼ਰਮ ਧਰਮ) ਨਾਲ

ਨਿਖੇੜ ਕੇ ਅਲੱਗ-ਅਲੱਗ ਕੀਤੇ ਜਾਣ ਨਾਲ ਇਨ੍ਹਾਂ ਕਲਾਵਾਂ ਦੇ ਕਿਉਂ ਤੇ ਕਿਵੇਂ ਤੇ ਗਿਆਨ ਹੀ ਅਤੇ ਕਰਨ ਦੇ ਕਾਰਜ ਵਿੱਚ ਪੂਰਨ ਗਿਆਨ ਨੂੰ ਨਿਖੱਧ ਕੀਤੇ ਜਾਣ ਨਾਲ ਖੋਜ ਬੀਣ ਦੀ ਆਮ ਪ੍ਰਕਿਰਿਆ ਇੱਕ ਪੂਰੇ ਮੁਲਕ ਅੰਦਰੋਂ ਅਲੋਪ ਹੋ ਗਈ। ਕਿਉਂਕਿ ਇਸ ਮੁਲਕ ਦਾ ਮੁੱਖ ਰੁਝਾਨ ਅਮੂਰਤ ਚਿੰਤਨ ਅਤੇ ਅਧਿਆਤਮਵਾਦ ਵੱਲ ਸੀ ਅਤੇ ਭਾਰਤ ਸਦਾ ਲਈ ਹੀ ਅਮਲੀ ਤਜਰਬਾਕਾਰੀ ਅਤੇ ਭਵਿੱਖਮੁਖੀ ਵਿਗਿਆਨਾਂ ਤੋਂ ਹੱਥ ਧੋ ਬੈਠਾ। ਚਾਹੇ ਦਸਤਕਾਰੀ ਕੀਮੀਆਗਿਰੀ, ਧਾਂਤ ਵਿਗਿਆਨ, ਇਮਾਰਤ ਉਸਾਰੀ ਤੇ ਇਮਾਰਤਸ਼ਾਜੀ ਅੰਦਰ ਅਤੇ ਹੋਰ ਕਲਾਵਾਂ ਨੇ ਦੁਨੀਆਂ ਅੰਦਰ ਆਪਣੀ ਪਹਿਚਾਣ ਸਥਾਪਤ ਕੀਤੀ ਪਰ ਸਿਰਫ ਆਪਣੇ ਅਮਲੀ ਤਜ਼ਰਬਿਆਂ ਤੋਂ ਅਤੇ ਬਿਨਾਂ ਕਿਸੇ ਵਿਗਿਆਨਕ ਤਜਰਬਿਆਂ ਤੋਂ ਅਤੇ ਬਿਨ੍ਹਾ ਕਿਸੇ ਵਿਗਿਆਨਕ ਫਲਸਫਾਨਾ ਰਹਿਨੁਮਾਈ ਤੋਂ।

ਸਮਾਜਿਕ ਆਰਥਿਕ ਨਾ ਬਰਾਬਰੀਆਂ ਦੇ ਆਲਮ ਚ ਕਿਸੇ ਵਿਗਿਆਨ ਮਾਹੌਲ ਤੋਂ ਸੱਖਣੇ ਅਤੇ ਵਿਗਿਆਨਕ ਨਾਲ ਦੁਸ਼ਮਣਾਨਾ ਵਿਹਾਰ ਅਤੇ ਉਸ ਦੀ ਸੰਘੀ ਨੱਪਣ ਅਤੇ ਨੱਪੀ ਰੱਖਣ ਵਾਲੇ ਵਾਤਾਵਰਣ ਨੇ ਹਜ਼ਾਰਾਂ ਸਾਲਾਂ ਤੋਂ ਚੱਲੀ ਆ ਰਹੀ ਜਾਤਪਾਤੀ ਵਿਵਸਥਾ ਨੂੰ ਜਿੱਥੇ ਹੋਰ ਪੀਡਾ ਕੀਤਾ ਉੱਥੇ ਦੇਸ਼ ਅੰਦਰ ਹੋਣ ਵਾਲੇ ਵਿਗਿਆਨਕ ਵਿਕਾਸ ਨੂੰ ਵੀ ਨੱਪਿਆ। ਅਯੁਰਵੇਦਿਕ ਪ੍ਰਣਾਲੀ ਦੇ ਚਿਕਿਤਸਾ ਗ੍ਰੰਥਾਂ ਅਤੇ ਹੋਰ ਸੋਮਿਆਂ ਚ ਸਮੋਈ ਪਈ ਪ੍ਰਾਚੀਨ ਵਿਗਿਆਨਕ ਜਾਣਕਾਰੀ ਤੇ ਪਹੁੰਚੇ ਅਤੇ ਵਿਕਾਸ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਇੱਕ ਸਹੀ ਲੋਕ-ਪੱਖੀ ਮਾਹੌਲ ਨੇ ਵਿਗਿਆਨ ਦੀ ਤਰੱਕੀ ਨੂੰ ਇਨ੍ਹਾਂ ਬੁਲੰਦੀਆਂ ਤੇ ਲੈ ਜਾਣਾ ਸੀ। ਕੁਦਰਤੀ ਵਿਗਿਆਨਾਂ ਅੰਦਰ ਹੋਏ ਵਿਕਾਸ ਦੇ ਇਸ ਦੌਰ ਨੂੰ ਸਹੀ ਦਿਸ਼ਾ ਚ ਪੁੱਟੇ ਕਦਮਾਂ ਦੇ ਰੂਪ ਚ ਲਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇੱਕੀਵੀਂ ਸਦੀ ਦੀ ਪਹਿਲੀ ਚੌਥਾਈ ਦੇ ਅੰਤਲੇ ਵਰ੍ਹਿਆਂ ਵਿੱਚ ਵੀ ਕੰਮ ਵੰਡ ਦਾ ਉਹੀ ਸਿਲਸਿਲਾ ਚੱਲਿਆ ਆ ਰਿਹਾ ਹੈ ਅਤੇ ਕਿਥੇ ਬੁੱਲਟ ਟਰੇਨ ਅਤੇ ਰੈਕੇਟ ਸਾਇੰਸ ਦੇ ਸਨਮੁੱਖ ਅੱਜ ਵੀ ਸੀਵਰ ਸਾਫ ਕਰਨ ਲਈ ਇੱਕ ਖਾਸ ਜਾਤ ਨੂੰ ਲਾਇਆ ਜਾਂਦਾ ਹੈ ਜੋ ਇਹ ਕੰਮ ਹੱਥੀਂ ਕਰਦਿਆਂ ਆਪਣੀਆਂ ਜਾਨਾਂ ਤੱਕ ਗੁਆ ਬਹਿੰਦੀ ਹੈ।ਵੀਹ ਤੀਹ ਸਾਲ ਪਹਿਲਾਂ ਤੱਕ ਹੀ ਸਦੀਆਂ ਪੁਰਾਣੇ ਉਜ਼ਾਰਾਂ ਨਾਲ ਹੀ ਹੱਥੀਂ ਮਿਹਨਤ ਕਰਨ ਵਾਲੇ ਕਾਮੇ ਆਪਣੀ ਰੋਟੀ ਰੋਜ਼ੀ ਦਾ ਜੁਗਾੜ ਕਰਦੇ ਸਨ ਅਤੇ ਅੱਜ ਵੀ ਬਹੁਤ ਸਾਰੇ ਮਾਮਲਿਆਂ ਚ ਹੀ ਆਰੀ' ਤੇਸੇ, ਰੰਦੇ ਦੇ ਨਾਲ ਨਾਲ ਆਰ ਰੰਬੇ ਅਤੇ ਹੱਥੀਂ ਧਾਗਾ ਸੂਤ ਕੇ ਦਸਤਕਾਰੀ ਦਾ ਕੰਮ ਕੀਤਾ ਜਾਂਦਾ ਹੈ। ਵਿਗਿਆਨ ਅਤੇ ਤਕਨੀਕ ਦੀ ਤਰੱਕੀ ਦੇ ਮਾਮਲੇ 'ਚ ਹਰੇਕ ਜੀਅ ਤੱਕ ਇਸਦੇ ਲਾਭ ਪਹੁੰਚਣ ਥਾਂ ਪਹੁੰਚਾਉਣ ਚ ਹੋਰ ਵੀ ਕਈ ਕਾਰਨ ਸ਼ਾਮਲ ਹਨ, ਪਰ ਇੱਕ ਗੱਲ ਪੱਕੀ ਹੈ ਕਿ ਵਿਗਿਆਨ ਨੂੰ ਇਕ ਖਾਸ ਦਾਇਰੇ ਤੱਕ ਸੀਮਤ ਰੱਖ ਕੇ ਜਾਤਪਾਤੀ ਵਿਵਸਥਾ ਤਹਿਤ ਹੇਠਲੇ ਦਰਜੇ ਤੇ ਖੜ੍ਹੀਆਂ ਜਾਤਾਂ ਦੀ ਜ਼ਿੰਦਗੀ ਸੁਧਾਰਨ ਨੂੰ ਪਾਸੇ ਕਰਦਿਆਂ ਉਨ੍ਹਾਂ ਨੂੰ ਨਰਕੀ ਜਾਨਵਰਾਂ ਵਾਲੀ ਜ਼ਿੰਦਗੀ ਜਿਉਣ ਤੇ ਭਾਰ ਢੋਣ ਮਜਬੂਰ ਕਰ ਦਿੱਤਾ ਗਿਆ ਹੈ। ਅੱਜ ਵੀ ਜਦੋਂ ਅਸੀਂ ਜਾਤਪਾਤੀ ਵਿਵਸਥਾ ਦੀਆਂ ਹੇਠਲੀਆਂ ਜਾਤਾਂ ਦੀ ਦਿਸ਼ਾ ਅਤੇ ਦਸ਼ਾ ਤੇ ਨਿਗਾਹ ਮਾਰਦੇ ਹਾਂ ਤਾਂ ਸਾਨੂੰ ਇਸ ਉੱਪਰਲੇ ਪ੍ਰਸੰਗ ਨੂੰ ਸਮਝਣ ਚ ਭੋਰਾਭਰ ਦੇਰ ਨਹੀਂ ਲੱਗਦੀ। ਉਨ੍ਹਾਂ ਜਾਤਾਂ/ਜਮਾਤਾਂ ਅੰਦਰ ਪਹਿਲ-ਕਦਮੀ ਦੀ ਘਾਟ, ਗੁਲਾਮੀ ਦੀ ਰੀਤ, ਕੁੱਝ ਨਵਾਂ ਸਿਰਜ ਸਕਣ ਦੇ ਯੋਗ ਹੋਣ ਦਾ ਹੌਸਲਾ ਹੋਣ ਅਤੇ ਆਪਣੇ ਆਪ ਨੂੰ ਹੋਰਨਾਂ ਤੋਂ ਘਟੀਆ ਹੋਣ ਅਤੇ ਕੋਈ ਕਾਰਜ ਨਾ ਕਰ ਸਕਣ ਦੀ ਧਾਰਨਾ ਦੇ ਧੁਰ ਅੰਦਰ ਤੱਕ ਰਮੇ ਹੋਣ ਦਾ ਹੀ ਕਾਰਨ ਹੈ ਕਿ ਉਨ੍ਹਾਂ ਨੂੰ ਆਪਣੀ ਗੁਲਾਮੀ ਨਜ਼ਰ ਨਹੀਂ ਆਉਂਦੀ। ਤਰਕਸ਼ੀਲ ਸੋਚ ਦੀ ਘਾਟ ਨੇ ਉਨ੍ਹਾਂ ਦੇ ਜਿਹਨਾ ਅੰਦਰ ਵਿਚਾਰਵਾਦੀ ਫਲਸਫੇ ਦੇ ਹੋਣ ਉਨ੍ਹਾਂ ਨੂੰ ਇਹ ਧੁਰੋਂ ਲਿਖਿਆ ਹੁਕਮ ਮਾਲੂਮ ਹੁੰਦਾ ਹੈ ਆਪਣੇ ਖਾਣ-ਪਾਣ, ਪਹਿਨਣ-ਪੱਚਰਨ ਦੀ ਸੁੱਧ ਤੋਂ ਅੱਗੇ ਆਪਣੀ ਜ਼ਿੰਦਗੀ ਨੂੰ ਪਿਛਲੇ ਕਰਮਾਂ ਦਾ ਲੇਖਾ ਤਾਰਨ ਲਈ ਹੀ ਇਸ ਜਨਮ ਚ ਮਨੁੱਖੀ ਚੋਲਾ ਮਿਲਣ ਦੇ ਸ਼ੁਕਰਗੁਜ਼ਾਰ ਹੋਣ ਤੋਂ ਇਲਾਵਾ ਹੋਰ ਕੁਝ ਵੀ ਸਮਝ ਨਹੀਂ ਲੱਗਦਾ। ਸੋ ਇਸ ਬੌਧਿਕ ਗੁਲਾਮੀ ਦਾ ਜੂਲਾ ਲਾਹੁਣ ਲਈ ਹਾਕਮਾਂ ਦੇ ਅਤੇ ਹਾਕਮ ਜਮਾਤਾਂ ਦੇ ਪੱਖੀਆਂ ਵੱਲੋਂ ਘੜੇ ਵਰਣਾਸ਼ਰਮ ਧਰਮ ਨੂੰ ਠੁੰਮਣਾ ਦੇਣ ਵਾਲੇ ਅਤੇ ਬਲ ਬਖਸ਼ਣ ਵਾਲੇ ਸਾਰੇ ਸਨਾਤਨੀ ਅਤੇ ਆਧੁਨਿਕ ਸਾਜੋ ਸਾਮਾਨ ਦਾ ਪਰਦਾ ਚਾਕ ਕਰਨਾ ਜ਼ਰੂਰੀ ਹੈ।

# ਡਿਜ਼ੀਟਲਾਈਜੇਸ਼ਨ: ਖੇਤੀ-ਖੇਤਰ ਨੂੰ ਕਾਰਪੋਰੇਟਾਂ ਹਵਾਲੇ ਕਰਨ ਦੀ ਇੱਕ ਹੋਰ ਚਾਲ

**ਹਰਚਰਨ ਸਿੰਘ ਚਹਿਲ**

ਡਿਜ਼ੀਟਾਈਜੇਸ਼ਨ ਸ਼ਬਦ ਦਾ ਮੂਲ ਡਿਜ਼ਿਟ (digit) ਅਰਥਾਤ ਅੰਕ ਹੈ। ਡਿਜ਼ੀਟਾਈਜੇਸ਼ਨ ਅੱਖਰਾਂ/ਅੰਕਾਂ, ਤਸਵੀਰਾਂ/ਵੀਡੀਓ ਤੇ ਆਵਾਜ਼ਾਂ ਦੇ ਰੂਪ ਵਿੱਚ ਪਈ ਕਿਸੇ ਜਾਣਕਾਰੀ ਨੂੰ ਕੰਪਿਊਟਰੀ ਭਾਸ਼ਾ ਵਿੱਚ ਬਦਲਣ ਦਾ ਨਾਂਅ ਹੈ ਤਾਂ ਜੋ ਇਸ ਜਾਣਕਾਰੀ ਦੀ ਵਰਤੋਂ ਆਸਾਨੀ ਤੇ ਤੇਜ਼ੀ ਨਾਲ ਕੀਤੀ ਜਾ ਸਕੇ। ਜ਼ਮੀਨੀ ਰਿਕਾਰਡ ਦਾ ਕੰਪਿਊਟਰੀਕਰਨ ਕਰਨਾ ਖੇਤੀ ਖੇਤਰ ਦੇ ਡਿਜ਼ੀਟਾਈਜੇਸ਼ਨ ਦੀ ਮਿਸਾਲ ਹੈ।

ਡਿਜ਼ੀਟਾਈਜੇਸ਼ਨ ਨਾਲ ਮਿਲਦਾ ਜੁਲਦਾ ਇੱਕ ਹੋਰ ਸ਼ਬਦ ਹੈ ਡਿਜ਼ੀਟਲਾਈਜੇਸ਼ਨ। ਜਦੋਂ ਕੰਪਿਊਟਰ ਪ੍ਰੋਗਰਾਮਾਂ ਅਨੁਸਾਰ ਚੱਲਣ ਵਾਲੇ ਹਾਈ ਟੈਕ ਡਿਜ਼ੀਟਲ-ਟੂਲਾਂ ਜਿਵੇਂ ਡਰੋਨ, ਰੋਬੋਟ, ਸੈਂਸਰ, ਹਾਈ-ਟੈਕ ਕੈਮਰੇ, ਸੰਚਾਰ ਸਾਧਨਾਂ ਆਦਿ ਨੂੰ ਖੇਤੀ ਕਾਰਜਾਂ ਲਈ ਵਰਤਿਆ ਜਾਂਦਾ ਹੈ ਤਾਂ ਇਸ ਅਮਲ ਨੂੰ ਖੇਤੀ-ਕਾਰਜਾਂ ਦੇ ਡਿਜ਼ੀਟਲਾਈਜੇਸ਼ਨ ਦਾ ਨਾਮ ਦਿੱਤਾ ਜਾਂਦਾ ਹੈ। ਕੀੜੇ-ਮਾਰ ਦਵਾਈਆਂ ਤੇ ਹੋਰ ਤੱਤ ਛਿੜਕਣ ਲਈ ਅਤੇ ਫਸਲਾਂ ਦੀ ਅਸੈਸਮੈਂਟ/ਸਰਵੇ ਆਦਿ ਲਈ ਡਰੋਨਾਂ ਦੀ ਵਰਤੋਂ ਖੇਤੀਕਾਰਜਾਂ ਦਾ ਡਿਜ਼ੀਟਲਾਈਜੇਸ਼ਨ ਦੀ ਮਿਸਾਲ ਹੈ।

ਭਾਰਤ ਸਰਕਾਰ ਬਹੁਤ ਤੇਜ਼ੀ ਨਾਲ ਖੇਤੀ ਖੇਤਰ ਨਾਲ ਸਬੰਧਿਤ ਜਾਣਕਾਰੀ ਦਾ ਡਿਜ਼ੀਟਾਈਜੇਸ਼ਨ ਵੀ ਕਰ ਰਹੀ ਹੈ ਅਤੇ ਖੇਤੀ ਕਾਰਜਾਂ ਦੀ ਡਿਜ਼ੀਟਲਾਈਜੇਸ਼ਨ ਨੂੰ ਵੀ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਜ਼ਮੀਨਾਂ ਦੇ ਰਿਕਾਰਡ ਦਾ ਕੰਪਿਊਟਰੀਕਰਨ ਕਰਨਾ, ਕਿਸਾਨਾਂ ਤੇ ਖੇਤੀ ਖੇਤਰ ਨਾਲ ਸਬੰਧਿਤ ਅੰਕੜੇ (ਡਾਟਾ) ਇਕੱਤਰ ਕਰਨ ਦੇ ਪ੍ਰੋਜੈਕਟ ਲਾਗੂ ਕਰਨੇ ਅਤੇ ਖੇਤੀ ਆਗਤਾਂ (ਇਨਪੁਟਸ) ਅਤੇ ਉਤਪਾਦਨ ਦੀ ਵੇਚ/ਖਰੀਦ ਲਈ ਆਨ-ਲਾਈਨ ਮੰਡੀਆਂ ਤੇ ਨੈਟਵਰਕ ਖੜ੍ਹੇ ਕਰਨ ਡਿਜ਼ੀਟਾਈਜੇਸ਼ਨ ਦੀਆਂ ਮਿਸਾਲਾਂ ਹਨ। ਖੇਤੀ ਖੇਤਰ ਵਿੱਚ ਜਟਿਲ ਡਿਜ਼ੀਟਲ ਤਕਨੀਕਾਂ ਜਿਵੇਂ ਕਿ ਮਨਸੂਈ ਬੌਧਿਕਤਾ (ਆਰਟੀਫੀਸ਼ਲ ਇੰਟੈਲੀਜੈਂਟਸ), ਬਿੱਗ ਡਾਟਾ, ਰੋਬੋਟਾਂ, ਡਰੋਨਾਂ, ਸੈਂਸਰਾਂ, ਸੰਚਾਰ ਨੈਟਵਰਕਾਂ ਅਤੇ ਇਨ੍ਹਾਂ ਡਿਜ਼ੀਟਲ ਟੂਲਾਂ ਦਰਮਿਆਨ ਤਾਲਮੇਲ ਬਿਠਾਉਣ ਵਾਲੇ 'ਇੰਟਰਨੈਟ ਆਫ਼ ਥਿੰਗਜ਼' ਵਰਗੇ ਕੰਪਿਊਟਰੀ ਪ੍ਰੋਗਰਾਮਾਂ ਨੂੰ ਅੰਜ਼ਾਮ ਦੇਣਾ, ਡਿਜ਼ੀਟਲਾਈਜੇਸ਼ਨ ਪ੍ਰੋਗਰਾਮ ਦਾ ਹਿੱਸਾ ਹਨ।

ਖੇਤੀ ਖੇਤਰ ਨਾਲ ਜੁੜੀ ਹਰ ਜਾਣਕਾਰੀ ਦਾ ਡਿਜ਼ੀਟਾਈਜੇਸ਼ਨ ਅਤੇ ਖੇਤੀਕਾਰਜਾਂ ਦਾ ਡਿਜ਼ੀਟਲਾਈਜੇਸ਼ਨ ਕਰਨਾ, ਇਸ ਖੇਤਰ ਨੂੰ ਵੱਡੇ ਕਾਰਪੋਰੇਟਾਂ ਨਾਲ ਜੋੜ ਕੇ ਅਤੇ ਉਨ੍ਹਾਂ ਉਪਰ ਨਿਰਭਰ ਬਣਾ ਕੇ ਖੇਤੀ ਨੂੰ ਕਾਰਪੋਰੇਟਾਂ ਹਵਾਲੇ ਕਰਨ ਦੀ ਇੱਕ ਹੋਰ ਚਾਲ ਹੈ।

ਇਸ ਪ੍ਰੋਗਰਾਮ ਨੂੰ ਤੇਜ਼ੀ ਨਾਲ ਲਾਗੂ ਕਰਨ ਲਈ ਸਰਕਾਰ ਨੇ ਇਸ ਸਾਲ ਦੇ ਬਜਟ ਵਿੱਚ, ਪਿਛਲੇ ਸਾਲ ਦੇ ਮੁਕਾਬਲੇ 67% ਵਧੇਰੇ ਫੰਡ ਰੱਖੇ ਹਨ। ਪਿਛਲੇ ਸਾਲ ਡਿਜੀਟਾਈਜੇਸ਼ਨ ਲਈ 6388 ਕਰੋੜ ਰੁਪਏ ਰੱਖੇ ਗਏ ਜੋ ਇਸ ਸਾਲ ਵਧਾ ਕੇ 10676.18 ਕਰੋੜ ਕਰ ਦਿੱਤੇ ਗਏ।

ਇਸ ਵਿੱਚੋਂ ਵੱਡਾ ਹਿੱਸਾ ਫਸਲਾਂ ਦੇ ਉਤਪਾਦਨ-ਕਾਰਜਾਂ ਦੇ ਡਿਜੀਟਲਾਈਜੇਸ਼ਨ ਪ੍ਰੋਗਰਾਮ ਲਈ ਖਰਚਿਆ ਜਾਣਾ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਹ ਪ੍ਰੋਗਰਾਮ ਨਿੱਜੀ ਕੰਪਨੀਆਂ ਰਾਹੀਂ ਪੀਪੀਪੀ ਮਾਡਲ( ਪਬਲਿਕ ਪਰਾਈਵੇਟ ਪਾਰਟਨਰਸ਼ਿੱਪ) ਤਹਿਤ ਲਾਗੂ ਕੀਤੇ ਜਾਣੇ ਹਨ ਤਾਂ ਜੁ ਖੇਤੀ ਖੇਤਰ ਵਿੱਚ ਨਿੱਜੀ ਕੰਪਨੀਆਂ ਦਾ ਦਖਲ ਵਧਾਇਆ ਜਾ ਸਕੇ। ਕਿਸਾਨਾਂ ਨੂੰ ਪੀਪੀਪੀ ਮਾਡਲ ਅਧੀਨ ਹਾਈ-ਟੈਕ ਸੇਵਾਵਾਂ ਦੇਣ ਅਤੇ ਵੱਖ ਵੱਖ ਕੰਮਾਂ ਲਈ ਕਿਸਾਨ-ਡਰੋਨਾਂ ਦੀ ਵਰਤੋਂ ਕਰਨ ਦੀ ਤਜ਼ਵੀਜ ਹੈ। ਫਸਲਾਂ ਦਾ ਅਸੈਸਮੈਂਟ ਤੇ ਸਰਵੇ, ਜ਼ਮੀਨੀ ਰਿਕਾਰਡ ਦੇ ਕੰਪਿਊਟਰੀਕਰਨ, ਕੀੜੇਮਾਰ ਦਵਾਈਆਂ ਤੇ ਹੋਰ ਤੱਤ ਛਿੜਕਣ ਅਤੇ ਹਾਈ-ਟੈਕ ਸੇਵਾਵਾਂ ਦੇ ਖੇਤਰਾਂ ਵਿੱਚ ਡਿਜੀਟਲਾਈਜੇਸ਼ਨ ਨੂੰ ਲਾਗੂ ਕਰਨ ਦੀ ਤਜ਼ਵੀਜ ਹੈ। ਅਸਲ ਵਿੱਚ ਖੇਤੀ ਵਿੱਚ ਜਟਿਲ ਤੇ ਮਹਿੰਗੀ



ਟੈਕਨਾਲੋਜੀ ਦੀ ਵਰਤੋ ਦਾ ਮਤਲਬ ਹੀ ਇਹੀ ਹੈ ਕਿ ਆਮ ਕਿਸਾਨ ਖੇਤੀ 'ਚੋਂ ਬਾਹਰ ਹੋ ਜਾਵੇ।

**ਡਿਜ਼ੀਟਾਈਜੇਸ਼ਨ ਦੇ ਸਮਰਥਕਾਂ ਦੇ ਤਰਕ** : ਇਸ ਪ੍ਰੋਗਰਾਮ ਦੇ ਸਮਰਥਕਾਂ ਦਾ ਤਰਕ ਹੈ ਕਿ ਇਹ ਤਕਨੀਕਾਂ ਅਪਣਾਉਣ ਨਾਲ ਖੇਤੀ ਆਗਤਾਂ (ਇਨਪੁਟਸ) ਦੀ ਵਧੇਰ ਸੁਚੱਜੀ ਵਰਤੋਂ ਹੋਵੇਗੀ ਅਤੇ ਫਸਲਾਂ ਦੀ ਉਤਪਾਦਿਕਤਾ ਵਧੇਗੀ। ਖੇਤੀ ਆਗਤਾਂ ਤੇ ਉਤਪਾਦਨ ਦੇ ਮੰਡੀਕਰਨ ਲਈ ਆਨ-ਲਾਈਨ ਮੰਡੀਆਂ ਸਥਾਪਤ ਕਰਨ ਕਿਸਾਨਾਂ ਨੂੰ ਬੀਜ, ਖਾਦ, ਕੀੜੇਮਾਰ ਦਵਾਈਆਂ ਆਦਿ ਸਸਤੀਆਂ ਮਿਲਣਗੀਆਂ ਅਤੇ ਉਹ ਆਪਣੇ ਫਲ਼, ਸਬਜੀਆਂ ਤੇ ਫਸਲਾਂ ਮਹਿੰਗੇ ਭਾਅ ਵੇਚ ਸਕਣਗੇ। ਕੀ ਅਜਿਹੀਆਂ ਹੀ ਦਲੀਲਾਂ ਅਸੀਂ ਸਰਕਾਰ ਦੁਆਰਾ ਤਿੰਨ ਖੇਤੀ ਕਾਨੂੰਨ ਲਿਆਉਣ ਸਮੇਂ ਨਹੀਂ ਸਨ ਸੁਣੀਆਂ।

**ਕਿਸਾਨਾਂ ਨੂੰ ਪੂਰੀ ਤਰ੍ਹਾਂ ਦਰ-ਕਿਨਾਰ ਕਰਨ ਦੇ *ਮਨਸੂਬੇ** : ਡਿਜੀਟਲਾਈਜੇਸ਼ਨ ਪ੍ਰੋਗਰਾਮ ਦੇ ਸਮਰਥਕ ਤਾਂ ਭਵਿੱਖ ਲਈ ਬਹੁਤ ਅੱਗੇ ਦੀ ਸੋਚੀ ਬੈਠੇ ਹਨ। ਉਹ ਚਾਹੁੰਦੇ ਹਨ ਕਿ ਫਸਲ ਦੀ ਬਿਜਾਈ/ਕਟਾਈ ਦੇ ਸਹੀ ਸਮੇਂ ਬਾਰੇ, ਕੀੜੇ ਮਾਰ ਦਵਾਈਆਂ ਦੀ ਸਟੀਕ ਵਰਤੋਂ ਬਾਰੇ, ਸਿੰਜਾਈ ਦੇ ਠੀਕ-ਠਾਕ ਸਮੇਂ ਤੇ ਪਾਣੀ ਦੀ ਮਾਤਰਾ ਆਦਿ ਬਾਰੇ ਸਾਰੇ ਫੈਸਲੇ ਮਸ਼ੀਨਾਂ ਲੈਣ ਅਤੇ ਖੁਦ ਹੀ ਲਾਗੂ ਕਰਨ। ਇਸ ਕੰਮ ਲਈ ਖੇਤਾਂ ਵਿੱਚ ਸੈਂਸਰ/ਕੰਪਿਊਟਰ/ਉਚ-ਤਕਨੀਕ ਕੈਮਰੇ ਆਦਿ ਸਥਾਪਤ ਕੀਤੇ ਜਾਣਗੇ ਜੋ ਹਵਾ ਵਿੱਚ ਨਮੀ/ਦਬਾਅ/ਰਫਤਾਰ, ਤਾਪਮਾਨ; ਸੂਰਜ ਦੀ ਤਪਸ਼/ਰੋਸ਼ਨੀ/ਤਾਪਮਾਨ, ਪੌਦਿਆਂ ਦੀ ਸਿਹਤ/ਜਰੂਰਤ ਆਦਿ ਨਾਲ ਸਬੰਧਿਤ ਅੰਕੜੇ ਇਕੱਤਰ ਕਰਨਗੇ। ਇਨ੍ਹਾਂ ਅੰਕੜਿਆਂ ਦੀ ਮਦਦ ਨਾਲ ਮਨਸੂਈ ਬੌਧਿਕਤਾ ਅਤੇ ਰੋਬੋਟਾਂ ਆਦਿ ਰਾਹੀਂ ਸਾਰੇ ਫੈਸਲੇ ਲਏ ਜਾਇਆ ਕਰਨਗੇ ਅਤੇ ਮਸ਼ੀਨਾਂ ਦੁਆਰਾ ਹੀ ਲਾਗੂ ਕੀਤੇ ਜਾਇਆ ਕਰਨਗੇ। ਦਰਅਸਲ ਖੇਤੀ ਖੇਤਰ ਵਿੱਚੋਂ ਮਨੁੱਖੀ ਦਖਲਅੰਦਾਜ਼ੀ ਨੂੰ ਘੱਟ ਤੋਂ ਘੱਟ ਕਰਨ ਅਤੇ ਆਖੀਰ ਵਿੱਚ ਕਿਸਾਨ-ਰਹਿਤ ਫਾਰਮ ਸਥਾਪਤ ਕਰਨ (Farms without Farmers) ਵਰਗੇ ਮਨਸੂਬੇ ਘੜੇ ਜਾ ਰਹੇ ਹਨ। ਕਈ ਮੁਲਕਾਂ ਵਿੱਚ ਫਲਾਂ ਤੇ ਸਬਜੀਆਂ ਦੀ ਕਾਸ਼ਤ ਲਈ ਅਜਿਹੇ ਫਾਰਮ ਸਥਾਪਤ ਵੀ ਕੀਤੇ ਜਾ ਚੁੱਕੇ ਹਨ। ਇਹ ਮਨੁੱਖੀ ਰੁਜ਼ਗਾਰ ਘੱਟ ਜਾਂ ਖਤਮ ਕਰਨ ਦੀ ਅਤੇ ਪੂੰਜੀ ਤੇ ਤਕਨੀਕ ਦੀ ਵਰਤੋਂ ਜ਼ਰੀਏ ਖੇਤੀ ਖੇਤਰ ਨੂੰ ਹੜੱਪਣ ਦੀ ਚਾਲ ਹੈ ਕਿਉਂਕਿ ਅਜਿਹੀਆਂ ਜਟਿਲ ਤੇ ਮਹਿੰਗੀਆਂ ਤਕਨੀਕਾਂ ਵਿੱਚ ਕਾਰਪੋਰੇਟਾਂ ਦਾ ਦਖ਼ਲ ਲਾਜ਼ਮੀ ਹੈ।

**ਕਾਰਪੋਰੇਟਾਂ ਦਾ ਗਲਬਾ**: ਡਿਜੀਟਲਾਈਜੇਸ਼ਨ ਪ੍ਰੋਗਰਾਮ ਲਾਗੂ ਕਰਨ ਵਿੱਚ ਦਿਉ-ਕੱਦ ਤਕਨੀਕੀ ਕਾਰਪੋਰੇਟ ਕੰਪਨੀਆਂ ਦੀ ਮੋਹਰੀ ਭੂਮਿਕਾ ਰਹੇਗੀ ।ਭਾਰਤ ਵਿੱਚ ਡਿਜੀਟਲ-ਬੁਨਿਆਦੀ-ਢਾਂਚਾ ਵਿਕਸਿਤ ਕਰਨ ਦੀ ਜ਼ਿੰਮੇਵਾਰੀ ਅੰਤਰਰਾਸ਼ਟਰੀ ਦਿਉ-ਕੱਦ ਕੰਪਨੀ ਮਾਈਕਰੋਸੌਫਟ ਨੂੰ ਸੌਂਪੀ ਗਈ ਹੈ ਅਤੇ 'ਸਟਾਰਟ-ਅੱਪ ਈਕੋਸਿਸਟਮ' ਦਾ ਨਿਰਮਾਣ ਐਮਾਜ਼ੋਨ ਕੰਪਨੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਸਵੈ-ਚਾਲਿਤ ਖੇਤੀ ਦਾ ਮਾਡਲ ਲਾਗੂ ਕਰਨ ਲਈ 'ਇੰਟਰਨੈਟ ਆਫ਼ ਥਿੰਗਜ਼' ਵਰਗੀ ਉਚ 'ਤੇ ਜਟਿਲ ਤਕਨੀਕ ਦਾ ਨਿਰਮਾਣ ਕਰਨਾ ਜਰੂਰੀ ਹੈ। ਆਪਣੇ ਹਿੰਦੂਤਵੀ ਏਜੰਡੇ ਲਈ ਬਦਨਾਮ ਭਾਰਤੀ ਕੰਪਨੀ ਪਾਤੰਜਲੀ ਨੂੰ ਇਸ ਟੈਕਨਾਲੋਜੀ 'ਤੇ ਆਧਾਰਿਤ 'ਫਾਰਮ ਮੈਨੇਜਮੈਂਟ ਸਿਸਟਮਜ਼' ਦੇ ਨਿਰਮਾਣ ਕਰਨ ਦਾ ਕੰਮ ਸੌਂਪਿਆ ਗਿਆ ਹੈ। ਕਿਸਾਨਾਂ ਸਮੇਤ, ਪ੍ਰਭਾਵਿਤ ਹੋਣ ਵਾਲੀਆਂ ਧਿਰਾਂ ਵਿੱਚੋਂ ਕਿਸੇ ਨਾਲ ਵੀ ਸਲਾਹ-ਮਸ਼ਵਰਾ ਕੀਤੇ ਬਿਨਾਂਕੇਂਦਰ ਸਰਕਾਰ ਨੇ ਇਨ੍ਹਾਂ ਕੰਪਨੀਆਂ ਨਾਲ ਐਮ.ਓ.ਯੂ (ਮੈਮੋਰੰਡਮ ਆਫ਼ ਅੰਡਰਸਟੈਂਡਿੰਗ) ਉਪਰ ਦਸਤਖਤ ਵੀ ਕਰ ਰੱਖੇ ਹਨ; ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿਸਾਨਾਂ ਨਾਲ ਸਲਾਹ-ਮਸ਼ਵਰਾ ਕੀਤੇ ਬਗੈਰ ਹੀ ਖੇਤੀ-ਆਰਡੀਨੈਂਸ ਜਾਰੀ ਕਰ ਦਿੱਤੇ ਸਨ।

**ਖੇਤੀ ਵਸਤਾਂ ਦੇ ਮੰਡੀਕਰਨ 'ਤੇ ਕਾਰਪੋਰੇਟਾਂ ਦਾ ਕਬਜ਼ਾ**: ਡਿਜ਼ੀਟਾਈਜੇਸ਼ਨ ਦਾ ਇੱਕ ਹੋਰ ਪਾਸਾਰ ਖੇਤੀ ਲਾਗਤ (ਇਨਪੁਟਸ) ਅਤੇ ਉਤਪਾਦਨ ਲਈ ਆਨ-ਲਾਈਨ ਮੰਡੀਆਂ ਸਥਾਪਤ ਕਰਨਾ ਹੈ। ਇਨ੍ਹਾਂ ਮੰਡੀਆਂ ਰਾਹੀਂ ਛੋਟੇ ਕਿਸਾਨਾਂ ਅਤੇ ਦਿਉ-ਕੱਦ ਐਗਰੋ-ਬਿਜਨੈਸ ਕੰਪਨੀਆਂ ਦਰਮਿਆਨ ਇੱਕ ਅਸਾਵਾਂ ਰਿਸ਼ਤਾ ਕਾਇਮ ਹੋ ਜਾਂਦਾ ਹੈ ਜਿਸ ਨੂੰ ਇਹ ਕੰਪਨੀਆਂ ਆਪਣੇ ਵਪਾਰਕ ਹਿੱਤਾਂ ਨੂੰ ਅੱਗੇ ਵਧਾਉਣ ਲਈ ਵਰਤਦੀਆਂ ਹਨ। ਭਾਰਤੀ ਕਾਰਪੋਰੇਟ ਕੰਪਨੀ ਆਈਟੀਸੀ ਈ-ਚੌਪਾਲ ਨਾਮ ਦੀ ਇੱਕ ਸਕੀਮ ਚਲਾ ਰਹੀ ਹੈ। ਕਹਿਣ ਨੂੰ ਤਾਂ ਇਸ ਪ੍ਰੋਜੈਕਟ ਰਾਹੀਂ ਕਿਸਾਨਾਂ ਨੂੰ ਖੇਤੀ ਬਾਰੇ, ਫਸਲਾਂ ਦੇ ਭਾਵਾਂ ਬਾਰੇ ਜਾਣਕਾਰੀ ਉਪਲੱਬਧ ਕਰਾਈ ਜਾਣੀ ਸੀ ਤਾਂ ਜੁ ਉਹ ਇਨਪੁਟਸ ਸਸਤੇ ਖਰੀਦ ਸਕਣ ਅਤੇ ਆਪਣੀ ਫਸਲ ਮਹਿੰਗੇ ਭਾਅ ਵੇਚ ਸਕਣ, ਪਰ ਕੁੱਝ ਸਮਾਂ ਪਹਿਲਾਂ ਆਈਟੀਸੀ ਨੇ ਬਾਯਰ ਕੰਪਨੀ ਨਾਲ ਕਰਾਰ ਕਰ ਲਿਆ। ਹੁਣ ਈ-ਚੌਪਾਲ ਰਾਹੀ ਬਾਯਰ ਆਪਣੇ ਉਤਪਾਦ ਵੇਚਦੀ ਹੈ ਅਤੇ ਕਿਸਾਨਾਂ ਨੂੰ ਵੱਧ ਤੋਂ ਵੱਧ ਕੈਮੀਕਲ ਵਰਤਣ ਲਈ ਪ੍ਰੇਰਦੀ ਹੈ। ਇਨ੍ਹਾਂ ਕੰਪਨੀਆਂ ਦਾ ਉਦੇਸ਼ ਕਿਸਾਨਾਂ ਨੂੰ ਕੰਪਨੀ ਦੁਆਰਾ ਪੈਦਾ ਕੀਤੇ ਕੈਮੀਕਲਾਂ ਉਪਰ ਨਿਰਭਰ ਬਣਾਉਣਾ ਹੈ। ਆਪਣੇ ਵਪਾਰਕ ਹਿੱਤਾਂ ਨੂੰ ਅੱਗੇ ਵਧਾਉਣ ਲਈ ਇਹ ਕੰਪਨੀਆਂ ਬੀਜਾਂ, ਪੌਦਿਆਂ, ਭੂਮੀ, ਜੀਵਾਣੂਆਂ ਤੇ ਉਤਪਾਦਕ ਪ੍ਰਨਾਲੀਆਂ ਬਾਰੇ ਸਥਾਨਕ ਤੇ ਸਾਡੇ ਪੂਰਵਜ਼ਾਂ ਦੇ ਗਿਆਨ ਨੂੰ ਖਤਮ ਕਰਨਾ ਅਤੇ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਵਾਲੇ ਗਿਆਨ ਦਾ ਪਰਸਾਰ ਕਰਨਾ ਚਾਹੁੰਦੀਆਂ ਹਨ। ਵਿਸ਼ਵ ਆਰਥਿਕ ਫੌਰਮ ਦੀ 2018 ਦੀ ਮੀਟਿੰਗ ਅੰਦਰ 2020 ਤੱਕ ਦੁਨੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸੀਨਾਲ ਲੈਸ ਕਰਨ ਦਾ ਟੀਚਾ ਰੱਖਿਆ ਹੈ

**ਖੇਤੀ ਖੇਤਰ ਨੂੰ ਮੁੱਠੀ ਵਿੱਚ ਕਰਨ ਲਈ ਅੰਕੜਿਆਂ (ਡਾਟਾ) ਨੂੰ ਹਥਿਆਉਣ ਦੀ ਯੋਜਨਾ** : ਖੇਤੀ ਖੇਤਰ ਦੇ ਡਿਜ਼ੀਟਾਈਜੇਸ਼ਨ ਪ੍ਰੋਗਰਾਮ ਦਾ ਇੱਕ ਹੋਰ ਪਾਸਾਰ ਕਾਰਪੋਰੇਟਾਂ ਵੱਲੋਂ ਕਿਸਾਨਾਂ ਤੇ ਖੇਤੀ ਖੇਤਰ ਨਾਲ ਸਬੰਧਿਤ ਅੰਕੜਿਆਂ ਨੂੰ ਹਥਿਆਉਣਾ ਹੈ। ਅੱਜ ਦੇ ਕੰਪਿਊਟਰ ਯੁੱਗ ਵਿੱਚ ਅੰਕੜੇ ਬਹੁਤ ਬਹੁਮੁੱਲੀ ਵਸਤੂ ਹਨ। ਇਸੇ ਲਈ 'ਬਿੱਗ ਡਾਟਾ' ਕੰਪਨੀਆਂ ਲੋਕਾਂ ਦੀ ਨਿੱਜੀ ਜਾਣਕਾਰੀ, ਵਿਤੀ-ਹਾਲਤ ਆਦਿ ਬਾਰੇ ਅੰਕੜਿਆਂ ਦੀ ਵੱਡੀ ਕੀਮਤ ਦੇਣ ਲਈ ਤਿਆਰ ਰਹਿੰਦੀਆਂ ਹਨ। ਇਨ੍ਹਾਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਕੰਪਨੀਆਂ ਆਪਣੇ ਵਪਾਰਕ ਹਿੱਤਾਂ ਦੇ ਅਨੁਕੂਲ ਨੀਤੀਆਂ ਤੇ ਪ੍ਰੋਗਰਾਮ ਤਿਆਰ ਕਰਦੀਆਂ ਹਨ ਅਤੇ ਸਰਕਾਰਾਂ ਤੋਂ ਉਨ੍ਹਾਂ ਮੁਤਾਬਕ ਕਾਨੂੰਨ ਬਣਵਾਉਂਦੀਆਂ ਹਨ। ਇਸੇ ਲਈ ਕਿਸਾਨਾਂ ਅਤੇ ਖੇਤੀ ਖੇਤਰ ਨਾਲ ਸਬੰਧਿਤ ਅੰਕੜਿਆਂ ਨੂੰ ਇਕੱਤਰ ਕਰਨ ਲਈ ਕਾਰਪੋਰੇਟ ਕੰਪਨੀਆਂ ਤਰਲੋ-ਮੱਛੀ ਹੋ ਰਹੀਆਂ ਹਨ।

ਮਾਈਕਰੋਸੌਫਟ ਕੰਪਨੀ ਨਾਲ ਮਿਲ ਕੇ ਸਰਕਾਰ ਨੇ ਛੇ ਸੂਬਿਆਂ ਦੇ 100 ਪਿੰਡਾਂ ਵਿੱਚ ਕਿਸਾਨਾਂ ਦਾ ਡਾਟਾਬੇਸ (ਅੰਕੜਾ-ਭੰਡਾਰ) ਤਿਆਰ ਕਰਨ ਲਈ ਇੱਕ ਪਾਈਲਟ ਪ੍ਰੋਜੈਕਟ ਸ਼ੁਰੂ ਕੀਤਾ ਹੈ। 'ਐਗਰੀਸਟੈਕ' ਨਾਮ ਦੇ ਇਸ ਅੰਕੜਾ ਭੰਡਾਰ ਵਿੱਚ ਕਿਸਾਨ ਪਰਿਵਾਰਾਂ ਸਬੰਧੀ ਨਿੱਜੀ ਜਾਣਕਾਰੀ ਦੇ ਨਾਲ ਨਾਲ ਉਸ ਦੀ ਜ਼ਮੀਨ. ਫਸਲਾਂ ਅਤੇ ਕਰਜ਼ਿਆਂ ਆਦਿ ਬਾਰੇ ਵੀ ਜਾਣਕਾਰੀ ਹੋਵੇਗੀ ਜਿਸ ਨੂੰ ਇੱਕ ਆਈ ਡੀ ਜ਼ਰੀਏ ਆਧਾਰ ਕਾਰਡ ਨਾਲ ਜੋੜ ਦਿੱਤਾ ਜਾਵੇਗਾ। ਉਘੀ ਵਾਤਾਵਰਨ ਤੇ ਜਮਹੂਰੀ ਕਾਰਕੁੰਨ ਵੰਦਨਾ ਸ਼ਿਵਾ ਨੇ ਇਸ ਐਗਰੀਸਟੈਕ ਡਾਟਾਬੇਸ ਬਾਰੇ ਗੰਭੀਰ ਸਵਾਲ ਉਠਾਏ ਹਨ। ਵੰਦਨਾ ਸ਼ਿਵਾ ਹਰੇ ਇਨਕਲਾਬ ਦੇ ਅਰਸੇ ਨੂੰ 'ਜ਼ਮੀਨ ਲਾਗਾਨ ਦਾ ਯੁੱਗ'; ਅੰਤਰਰਾਸ਼ਟਰੀ ਕੰਪਨੀ ਮੈਨਸੈਂਟੋਂ ਦੁਆਰਾ ਸੰਚਾਲਿਤ ਜਨੈਟੀਕਲੀ ਮੌਡੀਫਾਈਡ ਫਸਲਾਂ ਦੇ ਕਾਲ ਨੂੰ 'ਬੀਜ ਲਾਗਾਨ ਦਾ ਯੁੱਗ' ਅਤੇ ਐਗਰੀਸਟੈਕ ਪ੍ਰੋਜੈਕਟ ਅਧੀਨ ਅੰਕੜੇ ਇੱਕਤਰ ਕਰਨ ਵਾਲੇ ਅਰਸੇ ਨੂੰ 'ਡਾਟਾ ਲਾਗਾਨ ਦਾ ਯੁੱਗ' ਕਹਿੰਦੀ ਹੈ। ਉਸ ਦਾ ਕਹਿਣਾ ਹੈ ਕਿ ਕਿਸਾਨਾਂ ਤੇ ਖੇਤੀ-ਖੇਤਰ ਦੇ ਅੰਕੜੇ ਇੱਕਤਰ ਕਰਨ ਦੇ ਇਸ ਪ੍ਰੋਗਰਾਮ ਨੂੰ ਸ਼ੋਸ਼ਣ ਸਿਸਟਮ ਦੇ ਤੌਰ 'ਤੇ ਲਿਆ ਜਾਣਾ ਚਾਹੀਦਾ ਹੈ ਅਤੇ ਇਸ ਦਾ ਤਿੱਖਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਇਹ ਪ੍ਰੋਜੈਕਟ ਵੀ ਅਸਲ ਵਿੱਚ ਵੱਡੇ ਕਾਰਪੋਰੇਟਾਂ ਵੱਲੋਂ ਜ਼ਮੀਨ ਹੜੱਪਣ ਦੀ ਚਾਲ ਦਾ ਇੱਕ ਹਿੱਸਾ ਹੈ।

ਆਸਟ੍ਰੇਲੀਆ, ਅਮਰੀਕਾ ਅਤੇ ਦੱਖਣੀ ਅਮਰੀਕਾ ਦੇ ਕਈ ਮੁਲਕਾਂ ਵਿੱਚ ਕਿਸਾਨਾਂ ਤੇ ਖੇਤੀ ਖੇਤਰ ਦੇ ਅਜਿਹੇ ਡਿਜ਼ੀਟਲ ਡਾਟਾਬੇਸ ਨੂੰ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਅਤੇ ਕਾਰਪੋਰੇਟ ਕੰਪਨੀਆਂ ਦੇ ਹੱਕ ਵਿੱਚ ਨੀਤੀਆਂ ਤੇ ਕਾਨੂੰਨ ਬਣਾਉਣ ਲਈ ਵਰਤਿਆ ਗਿਆ। ਕਰੈਡਿਟ ਕੰਪਨੀਆਂ ਅਤੇ ਬੈਂਕਾਂ ਨੇ ਕਿਸਾਨਾਂ ਨੂੰ ਆਪਣੇ ਚੁੰਗਲ 'ਚ ਫਸਾਇਆ। ਦੱਖਣੀ ਅਮਰੀਕਾ ਮਹਾਂਦੀਪ ਵਿੱਚ ਡਿਜੀਟਲਾਈਜੇਸ਼ਨ ਸਹਾਰੇ ਵੱਡੇ ਕਾਰਪੋਰੇਟਾਂ ਨੇ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ, ਸ਼ਾਮਲਾਟਾਂ ਅਤੇ ਸਥਾਨਕ ਭਾਈਚਾਰਿਆਂ ਦੀਆਂ ਜ਼ਮੀਨਾ ਹੜੱਪ ਲਈਆਂ।

**ਕਾਲੇ ਖੇਤੀ ਕਾਨੂੰਨਾਂ ਦਾ ਪਰਛਾਵਾਂ**: ਖੇਤੀ ਖੇਤਰ ਦੇ ਡਿਜ਼ੀਟਲਾਈਜੇਸ਼ਨ ਪ੍ਰੋਗਰਾਮ ਲਈ ਬਿਲਕੁੱਲ ਉਸੇ ਕਿਸਮ ਦੀਆਂ ਦਲੀਲਾਂ ਪੇਸ਼ ਕੀਤੀਆਂ ਜਾ ਰਹੀਆਂ ਹਨ ਜਿਸ ਕਿਸਮ ਦੀਆਂ ਦਲੀਲਾਂ ਤਿੰਨ ਕਾਲੇ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਦਿੱਤੀਆਂ ਗਈਆਂ ਸਨ। ਖੇਤੀ ਲਾਗਤਾਂ ਦੀ ਸੁਚੱਜੀ ਵਰਤੋਂ ਹੋਵੇਗੀ; ਖੇਤੀ ਉਤਪਾਦਿਕਤਾ ਵਧੇਗੀ; ਵਾਤਾਵਰਨ ਤਬਦੀਲੀ ਕਾਰਨ ਫਸਲਾਂ ਉਪਰ ਪੈ ਰਹੇ ਬੁਰੇ ਪ੍ਰਭਾਵਾਂ ਨੂੰ ਰੋਕਿਆ ਜਾਂ ਘੱਟ ਕੀਤਾ ਜਾ ਸਕੇਗਾ; ਕਿਸਾਨਾਂ ਨੂੰ ਆਪਣੀ ਫਸਲ ਦਾ ਪੂਰਾ ਮੁੱਲ ਮਿਲੇਗਾ; ਖੇਤੀ ਮੰਡੀਕਰਨ ਵਿੱਚੋਂ ਵਿਚੋਲੀਏ ਖਤਮ ਹੋ ਜਾਣਗੇ ਆਦਿ ਅਨੇਕਾਂ ਫਾਇਦੇ ਗਿਣਾਏ ਜਾ ਰਹੇ ਹਨ। ਪਰ ਜਿਵੇਂ ਤਿੰਨ ਕਾਲੇ ਖੇਤੀ ਕਾਨੂੰਨਾਂ ਪਿੱਛੇ ਲੁਕੇ ਕਾਲੇ ਮਨਸੂਬਿਆਂ ਨੂੰ ਪਹਿਚਾਣ ਕੇ ਇਨ੍ਹਾਂ ਵਿਰੁੱਧ ਸੰਘਰਸ਼ ਵਿੱਢਿਆ ਗਿਆ ਅਤੇ ਆਖਰ ਰੱਦ ਕਰਵਾਏ ਗਏ ਉਸੇ ਤਰ੍ਹਾਂ ਖੇਤੀ ਖੇਤਰ ਦੇ ਡਿਜ਼ੀਟਾਈਜੇਸ਼ਨ ਦੇ ਅਸਲੀ ਮਨਸੂਬਿਆਂ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਨਾ ਜਰੂਰੀ ਹੈ ਤਾਂ ਜੁ ਇਸ ਪ੍ਰੋਗਰਾਮ ਵਿਰੁੱਧ ਵੀ ਉਸੇ ਤਰ੍ਹਾਂ ਦਾ ਅੰਦੋਲਨ ਖੜ੍ਹਾ ਕੀਤਾ ਜਾ ਸਕੇ।

**ਕਿਸਾਨ ਜਥੇਬੰਦੀਆਂ ਅਤੇ ਸਮਾਜਿਕ ਤੇ ਜਮਹੂਰੀ ਕਾਰਕੁੰਨਾਂ ਲਈ ਵੱਡੀ ਚੁਣੌਤੀ** : ਇਹ ਬਹੁਤ ਬਚਕਾਨਾ ਗੱਲ ਹੋਵੇਗੀ ਕਿ ਅਸੀਂ ਇਨ੍ਹਾਂ ਕੰਪਨੀਆਂ ਤੋਂ ਆਪਣੇ ਭਲੇ ਦੀ ਉਮੀਦ ਕਰੀਏ ਜੋ ਆਪਣੇ ਮੁਨਾਫੇ ਤੇ ਤਾਕਤ ਵਧਾਉਣ ਲਈ ਇਸ ਪ੍ਰੋਗਰਾਮ ਨੂੰ ਅੱਗੇ ਵਧਾ ਰਹੇ ਹਨ। ਕੀ ਸਾਡੀ ਸਰਕਾਰ ਸਾਨੂੰ ਇਨ੍ਹਾਂ ਕੰਪਨੀਆਂ ਤੋਂ ਬਚਾਏਗੀ। ਜਿਹੜੀ ਸਰਕਾਰ ਕਾਰਪੋਰੇਟਾਂ ਦੇ ਮੁਨਾਫੇ ਵਧਾਉਣ ਲਈ ਤਿੰਨ ਕਾਲੇ ਖੇਤੀ ਕਾਨੂੰਨ ਲੈ ਕੇ ਆਈ ਸੀ, ਉਹੀ ਸਰਕਾਰ ਇੱਕ ਹੋਰ ਚੋਰ-ਮੋਰੀ ਰਾਹੀਂ ਖੇਤੀ ਖੇਤਰ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨਾ ਚਾਹੁੰਦੀ ਹੈ। ਪਰ ਡਿਜ਼ੀਟਾਈਜੇਸ਼ਨ ਪ੍ਰੋਗਰਾਮ ਦਾ ਵਿਰੋਧ ਕਰਨ ਵਾਲੀ ਇਹ ਚੁਣੌਤੀ, ਤਿੰਨ ਕਾਲੇ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਨਾਲੋਂ ਵੀ ਵਧੇਰੇ ਗੰਭੀਰ ਹੈ ਕਿਉਂਕਿ ਇਸ ਦਾ ਏਜੰਡਾ ਵਧੇਰੇ ਲੁਕਵਾਂ, ਸੂਖਮ ਤੇ ਵਿਆਪਕ ਹੈ। ਸਾਨੂੰ ਪੂਰੀ ਸੁਹਿਰਦਤਾ ਤੇ ਸਰਗਰਮੀ ਨਾਲ ਇਸ ਪ੍ਰੋਗਰਾਮ ਦੀ ਅਸਲੀਅਤ ਲੋਕਾਂ ਸਾਹਮਣੇ ਨੰਗੀ ਕਰਨੀ ਚਾਹੀਦੀ ਹੈ ਤਾਂ ਜੁ ਖੇਤੀ ਖੇਤਰ ਨੂੰ ਕਾਰਪੋਰੇਟੀ ਗਿਰਝਾਂ ਦੇ ਹੱਲੇ ਤੋਂ ਬਚਾਇਆ ਜਾ ਸਕੇ।

**ਲਾਲ ਪਰਚਮ 'ਚ ਧੰਨਵਾਦ ਸਹਿਤ**

## ਸ਼ਹੀਦ ਦਾ ਬੁੱਤ

(ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ)

ਸ਼ਹਿਰ ਦੇ ਚੌਂਕ 'ਚ ਖੜ੍ਹੇ
ਤੇ ਪੱਥਰ ਦੇ ਬਣੇ
ਤੇਰੇ ਬੁੱਤ ਤੋਂ
ਕਿਸੇ ਸਰਕਾਰੀ ਕਰਮਚਾਰੀ ਨੇ
ਸਰਕਾਰੀ ਹੁਕਮ ਅਧੀਨ
ਅਜੇ ਕਲ੍ਹ ਹੀ
ਗਿੱਠ ਗਿੱਠ ਜੰਮੀ ਮਿੱਟੀ ਝਾੜੀ ਹੈ
ਨਵਾਂ ਰੰਗ ਰੋਗਨ ਕਰਕੇ
ਦੁੱਧ ਨਾਲ ਨੁਹਾ ਕੇ
ਤੇਰੇ ਬੁੱਤ ਦੀ
ਕਾਇਆ ਕਲਪ ਸੰਵਾਰੀ ਹੈ
ਤੇ ਤੇਰੇ ਆਜ਼ਾਦ ਦੇਸ਼ ਦੇ ਮੰਤਰੀ ਨੇ
ਸਰਕਾਰੀ ਬੰਦੂਕਾਂ ਦੀ ਛਾਂ ਹੇਠ
ਮਹਿਕ ਵਿਹੂਣੇ
ਬੇਹੇ ਫੁੱਲਾਂ ਦਾ ਹਾਰ
ਤੇਰੇ ਬੁੱਤ ਦੇ
ਗਲ ਵਿੱਚ ਪਾਇਆ ਹੈ
ਤੇ ਆਪਣੀ ਹੋਂਦ ਦੇ ਸਿਰ ਤੇ
ਦੇਸ਼-ਪ੍ਰੇਮ ਦਾ ਤਾਜ ਸਜਾਇਆ ਹੈ।

ਐ ਸ਼ਹੀਦ
ਮੇਰਾ ਵੀ
ਚਿੱਤ ਕਰ ਆਇਆ ਕਿ
ਤੇਰੇ ਬੁੱਤ ਦੇ ਗਲ 'ਚ
ਫੁੱਲਾਂ ਦਾ ਹਾਰ ਪਾਵਾਂ
ਦੋ ਚਾਰ ਨਾਹਰੇ ਲਾ ਕੇ
ਦੇਸ਼ ਭਗਤ ਹੋਣ ਦਾ
ਪ੍ਰਮਾਣ-ਪੱਤਰ ਕਟਵਾ ਲਿਆਵਾਂ

ਪਰ!
ਜਦੋਂ ਮੈਂ ਫੁੱਲਾਂ ਦਾ ਹਾਰ ਲੈ ਕੇ
ਤੇਰੇ ਬੁੱਤ ਦੇ ਸਨਮੁੱਖ ਹੋਈ
ਮੇਰਾ ਹੱਥ ਕੰਬਿਆ
ਮੇਰੇ ਹੱਥਾਂ 'ਚ ਫੜਿਆ
ਫੁੱਲਾਂ ਦਾ ਹਾਰ
ਥੱਲੇ ਡਿਗਿਆ
ਤੇ ਹਰ ਫੁੱਲ
ਪੱਤੀ ਪੱਤੀ ਹੋ
ਮਿੱਟੀ ਵਿੱਚ ਰਲਿਆ
ਮੇਰਾ ਆਪਾ
ਆਪਣੀ ਰੂਹ ਦੇ
ਪ੍ਰਛਾਵੇਂ ਤੋਂ ਡਰਿਆ
ਤੇ
ਆਪਣੀ ਕਵਿਤਾ ਦੇ
ਗਲ ਲੱਗ ਕੇ
ਉੱਚੀ ਉੱਚੀ ਰੋਇਆ।
ਤੇ ਫਿਰ
ਇਕ ਮੌਤ ਵਰਗੇ ਅਹਿਸਾਸ ਨੇ
ਮੇਰੇ ਸ਼ਬਦਾਂ ਨੂੰ ਆ ਡੰਗਿਆ
ਆਪਣੀਆਂ ਨਜ਼ਰਾਂ 'ਚੋਂ ਕਿਰਿਆ
ਮੇਰਾ ਆਪਾ
ਆਪਣੀ ਹੀ ਮਿੱਟੀ ਤੋਂ ਡਰਿਆ।

ਐ ਸ਼ਹੀਦ
ਤੇਰੇ ਬੁੱਤ ਦੇ
ਸਾਹਮਣੇ ਖੜ੍ਹ ਕੇ
ਆਪਣੇ ਆਪ ਵਿੱਚ
ਗੁਨਾਹਗਾਰ ਬਣਕੇ
ਮੈਂ ਆਸੇ ਪਾਸੇ ਤੱਕਿਆ
ਓਥੇ ਸਨ
ਸਜੀਆਂ ਸੰਵਾਰੀਆਂ ਸ਼ਿੰਗਾਰੀਆਂ ਕੁਰਸੀਆਂ
ਤੇ ਕੁਰਸੀਆਂ ਤੇ ਬੈਠੀਆਂ
ਲੋਕਾਂ ਦਾ ਮਾਸ ਚੂੰਢਦੀਆਂ
ਰਾਜਨੀਤਕ ਗਿਰਝਾਂ।

ਮੈਂ ਦੇਖੀਆਂ
ਤੇਰੀ ਸਹਾਦਤ ਦਾ
ਮੁੱਲ ਵਟੋਰਦੀਆਂ
ਇਤਿਹਾਸ ਦੇ ਪੰਨਿਆਂ ਨੂੰ
ਆਪਣੇ ਹੱਕ ਵਿੱਚ
ਭੁਗਤਾਉਂਦੀਆਂ
ਲੋਕਾਂ ਨੂੰ ਵੋਟਾਂ ਵਿੱਚ
ਤਬਦੀਲ ਕਰਦੀਆਂ
ਆਪੋ ਆਪਣੀਆਂ
ਕੁਰਸੀਆਂ ਬਚਾਉਂਦੀਆਂ
ਦੇਸ਼ ਸੇਵਾ ਦਾ ਠੱਪਾ
ਆਪਣੇ ਮੱਥਿਆਂ ਤੇ
ਉਕਰਾ ਕੇ ਬੈਠੀਆਂ
ਵੱਡੀਆਂ ਵੱਡੀਆਂ
ਰਾਜਨੀਤਕ ਹਸਤੀਆਂ।

ਓਥੇ ਤਾਂ ਸਨ
ਧਰਮਾਂ ਦੇ ਨਾਂ ਹੇਠ
ਪਲਦੀਆਂ ਖੁਦਗਰਜ਼ੀਆਂ
ਮਨਾਂ 'ਚ ਭੰਗੜੇ ਪਾਉਂਦੀਆਂ
ਮਨ-ਮਾਨੀਆਂ
ਦੇਸ਼ ਵੇਚ
ਆਪਣੀਆਂ ਜੇਬਾਂ ਭਰਦੀਆਂ
ਤੇਰੀ ਸ਼ਹਾਦਤ ਦੀਆਂ
ਪੈੜਾਂ ਤੋਂ ਡਰਦੀਆਂ
ਪਰ ਤੇਰੀ ਸ਼ਹਾਦਤ ਦੀਆਂ
ਵਾਰਿਸ ਅਖਵਾਉਂਦੀਆਂ
ਰਾਜਨੀਤਕ ਚੁਸਤੀਆਂ।

ਓਥੇ ਸਨ
ਡੰਗ ਦੀ ਰੋਟੀ ਤੇ ਖਰੀਦੀਆਂ
ਕੁਰਸੀਆਂ ਜ਼ਿੰਦਾਬਾਦ
ਤੇ ਸ਼ਹੀਦ ਅਮਰ ਰਹੇ ਦੇ
ਨਾਹਰੇ ਲਾਉਂਦੀਆਂ ਭੀੜਾਂ
ਤੇ ਉਹਨਾਂ ਦੀਆਂ ਹਿੱਕਾਂ ਵਿੱਚ
ਦਮ ਤੋੜਦੀਆਂ
ਭੁੱਖ ਦੀਆਂ ਪੀੜਾਂ।

ਐ ਸ਼ਹੀਦ!
ਓਥੇ ਸਭ ਕੁਝ ਸੀ
ਪਰ ਉਹ
ਮਕਸਦ ਨਹੀਂ ਸੀ
ਜਿਸ ਖਾਤਿਰ ਤੂੰ
ਫਾਂਸੀ ਚੜ੍ਹਿਆ
ਓਥੇ ਉਹ ਆਜ਼ਾਦੀ ਨਹੀਂ ਸੀ
ਜਿਸ ਖਾਤਿਰ
ਤੂੰ
ਫਾਂਸੀ ਚੜ੍ਹਿਆ।



- ਸੁਰਿੰਦਰ ਗੀਤ

## ਮਾਫ਼ ਕਰਨਾ

ਸਾਡੇ ਲਈ ਬਹੁਤ ਮੁਸ਼ਕਿਲ ਹੈ
ਨਾਨਕ ਦੀ ਅਸਲੀ ਤਸਵੀਰ ਦਾ ਧਿਆਨ ਧਰਨਾ
ਪੈਂਡੇ ਦੀ ਧੂੜ ਨਾਲ ਲੱਥ ਪੱਥ ਪਿੰਜਣੀਆਂ
ਤਿੜਕੀਆਂ ਅੱਡੀਆਂ
ਨ੍ਹੇਰੀ ਨਾਲ ਉਲਝੀ ਖੁਸ਼ਕ ਦਾਹੜੀ
ਤੇ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ 'ਚ
ਦਗਦੀਆਂ ਮਘਦੀਆਂ ਤੇਜ਼ ਅੱਖਾਂ
ਅੱਖਾਂ ਜੋ -
ਪਰਿਵਾਰ ਨੂੰ
ਸਰਕਾਰ ਨੂੰ
ਤੇ ਹਰ ਸੰਸਕਾਰ ਨੂੰ
ਟਿੱਚ ਜਾਣਦੀਆਂ
ਬਹੁਤ ਖਤਰਨਾਕ ਸਿੱਧ ਹੋ ਸਕਦੈ
ਸਾਡੇ ਲਈ ਅਸਲੀ ਨਾਨਕ

ਸਾਨੂੰ ਤਾਂ ਸੋਭਾ ਸਿੰਘੀ ਮੂਰਤਾਂ ਵਾਲਾ
ਨਾਨਕ ਹੀ ਸੂਟ ਕਰਦਾ ਹੈ
ਸ਼ਾਂਤ, ਲੀਨ
ਲਕਸ਼ਮੀ ਦੇਵੀ ਵਾਂਗ ਉਠਾਇਆ ਹੱਥ
ਹੱਥ 'ਚੋਂ ਫੁਟਦੀ ਮਿਹਰ
ਤੇ ਅੱਖਾਂ 'ਚੋਂ ਡੁੱਲ ਡੁੱਲ ਪੈਂਦੀ ਕੋਮਲਤਾ
ਸਨ ਸਿਲਕੀ ਸ਼ਫਾਫ ਦਾਹੜ੍ਹੀ
ਗੋਲ ਮਟੋਲ ਗੋਰੀਆਂ ਗੁਲਾਬੀ ਗੱਲ੍ਹਾਂ
ਫੇਅਰ ਐਂਡ ਲਵਲੀ
ਸੁਰਖ ਟਿਪਸੀ ਹੋਂਠ
ਮੁਲਾਇਮ ਜੈਮਿਨੀ ਪੈਰ
ਕੂਲੇ ਬਾਰਬੀ ਹੱਥ
ਪੈਗੰਬਰੀ ਵਸਤਰਾਂ ਦਾ ਏਰੀਅਲੀ ਨਿਖਾਰ

ਸਾਡੇ ਇਨ੍ਹਾਂ ਘਰਾਂ ਦੀਆਂ ਕੰਧਾਂ ਤੇ
ਨਾਨਕ ਦੇ ਸੋਭਾ ਸਿੰਘੀ
ਚਿੱਤਰ ਹੀ ਟਿਕ ਸਕਦੇ
ਰਾਹਾਂ ਨੂੰ ਰੌਂਦ ਕਰਨ ਵਾਲੇ
ਖਤਰਨਾਕ ਨਾਨਕ ਦੀ ਅਸਲੀ ਤਸਵੀਰ ਦਾ ਭਾਰ
ਸਾਡੀ ਕੋਈ ਕੰਧ ਨਹੀਂ ਝੱਲ ਸਕਦੀ
ਮਾਫ਼ ਕਰਨਾ ਅਸੀਂ ਮਰ ਮਰ ਕੇ ਬਣਾਏ
ਘਰ ਨਹੀਂ ਢੁਆਉਣੇ
ਮਸਾਂ ਮਸਾਂ ਰੱਬ ਤੋਂ ਲਾਏ ਨਿਆਣੇ
ਹੱਥੋਂ ਨਹੀਂ ਗੁਆਉਣੇ
ਅਸੀਂ ਅਸਲੀ ਨਾਨਕ ਦੀ ਤਸਵੀਰ ਦਾ
ਧਿਆਨ ਨਹੀਂ ਧਰ ਸਕਦੇ
ਮਾਫ਼ ਕਰਨਾ

- ਜਸਵੰਤ ਸਿੰਘ ਜ਼ਫ਼ਰ

## ਦਾਦੀ ਰਕੌਈਆਂ

ਯਾਦ ਹੈ ! ਯਾਦ ਹੈ ਮੈਨੂੰ !!
ਚਿੱਟੇ ਧੁਪੈਲੇ ਦਿਨ ਦੀ ਤਰ੍ਹਾਂ ਯਾਦ ਹੈ
ਮੈਂ ਕੁੱਛੜ ਸਾਂ ਆਪਣੇ ਵੀਰ ਦੀ
ਉਮਰ ਵਰ੍ਹਿਆਂ ਤਰਤਾਲੀ ਤੋਂ
ਸੰਤਾਲੀ ਦੀ ਯਾਦ ਹੈ
ਜਦ ਦਾਦੀ ਰਕੌਈਆਂ ਦੇ
ਮੋਰੀਆਂ ਮਾਸੂਮ ਚਮਕੀਲੀਆਂ
ਅੱਖਾਂ ਦੇ ਸਾਹਮਣੇ
ਦਾਦੀ ਦੇ ਹੱਥਾਂ ਦੇ ਕੰਗਣ
ਤੇ ਪੈਰਾਂ ਦੇ ਚਾਂਦੀ ਦੇ
ਪੈਰਬੰਦਾਂ ਦੀ ਖ਼ਾਤਰ
ਮੇਰੇ ਪਿੰਡ ਦਿਆਂ
ਮੇਰੇ ਚਾਚੇ-ਤਾਇਆਂ ਨੇ
ਜੋ ਸਿੱਖ ਸਨ ਹਿੰਦੂ ਸਨ
ਹੋਰ ਕੁਝ ਵੀ ਨਹੀਂ ਸਨ
ਦਾਦੀ ਰਕੌਈਆਂ ਦੇ ਚਰਨ-ਕਮਲਾਂ ਨੂੰ
ਤੇ ਕਰ-ਕਮਲਾਂ ਨੂੰ
ਬੱਕਰੇ ਦੀ ਗਰਦਨ ਦੀ ਤਰ੍ਹਾਂ
ਕੱਟ-ਵੱਢ ਸੀ ਸੁੱਟਿਆ
ਮੇਰੇ ਇਨ੍ਹਾਂ ਦੀਦਿਆਂ ਦੇ ਸਾਹਮਣੇ
ਤੇ ਦਾਦੀ ਰਕੌਈਆਂ ਐਨਾ ਹੀ ਸਕੀ ਸੀ ਕਹਿ
ਮੇਰੇ ਪੁੱਤਰੋ, ਤੁਸੀਂ ਇਹ ਕੀ ਦਿੱਤਾ ਹੈ ਕਰ
ਮੈਂ ਤੇ ਮੇਰਾ ਭਰਾ ਕੂਕਾਂ ਮਾਰਦੇ ਭੱਜ ਚੱਲੇ ਸੀ
ਘਰ ਆਪਣੇ।
ਯਾਦ ਹੈ ! ਹਾਂ, ਯਾਦ ਹੈ ਮੈਨੂੰ !!
ਮੈਨੂੰ ਤਾਂ ਕੁੱਝ ਵੀ ਨਹੀਂ ਭੁੱਲਾ
ਦਾਦੀ ਰਕੌਈਆਂ ਗਈ ਸੀ ਮਰ
ਪਰ ਕਨਸੋਅ ਸੀ ਪਿੰਡ ਵਿਚ ਸਾਰੇ
ਦਾਦੀ ਰਕੌਈਆਂ ਬੜੀ ਮਾਲਦਾਰ ਸੀ
ਦਾਦੀ ਰਕੌਈਆਂ ਦੀਆਂ ਚੌਹ ਕੂੰਟਾਂ
ਸਨ ਪੁੱਟ ਮਾਰੀਆਂ
ਮੇਰੇ ਪਿੰਡ ਦੇ ਗੱਭਰੂ
ਚਾਚੇ - ਤਾਇਆਂ
ਉਹ ਪੁੱਟਦੇ ਰਹੇ ਧਰਤੀ
ਰਾਤ ਸਾਰੀ ਦੀ ਸਾਰੀ
ਪਰ ਨਾ ਲੱਭਾ ਕੁੱਝ
ਹੱਥ ਰਹੇ ਖ਼ਾਲੀ ਦੇ ਖ਼ਾਲੀ
ਵੇਲਾ ਸੀ ਤੜਕਸਾਰ ਦਾ
ਉਨ੍ਹਾਂ ਹੰਭਲਾ ਚਾ ਇੱਕ ਮਾਰਿਆ
ਦਾਦੀ ਦਾ ਭਾਰਾ ਸੰਦੂਕ ਸੀ
ਉਨ੍ਹਾਂ ਖਲੋ ਰਾਹੇ 'ਚ ਖਲਾਰਿਆ
ਦਾਦੀ ਦੇ ਸਨ ਉਸ ਵਿਚ
ਕੁਝ ਸੂਫ਼ ਦੇ ਘੱਗਰੇ
ਮੈਨੂੰ ਇੰਝ ਲੱਗਾ
ਜੋ ਦਾਦੀ ਫੇਰ ਪੁਕਾਰਿਆ
ਮੇਰੇ ਪੁੱਤਰੋ ਤੁਸੀਂ ਇਹ ਕੀ ਦਿੱਤਾ ਹੈ ਕਰ
ਆਪਣੀ ਦਾਦੀ ਨੂੰ ਨੰਗਾ ਕਰ
ਚੁਰੱਸਤੇ ਵਿੱਚ ਹੈ ਮਾਰਿਆ
ਬਸ ਇਕ ਯਾਦ ਹੈ
ਹਰ ਘੜੀ ਹਰ ਪਲ ਯਾਦ ਹੈ
ਕਟਾ-ਵੱਢੀ ਤੋਂ ਮਗਰੋਂ
ਮੀਂਹ ਪਿਆ ਸੀ ਬਹੁਤ ਹੀ ਭਾਰੀ
ਲੋਥਾਂ ਹੀ ਲੋਥਾਂ ਦੇ
ਕਈ ਗੱਡਿਆਂ ਦੇ ਗੱਡੇ
ਪਿੰਡ ਦੀ ਜੂਹ ਤੋਂ ਬਾਹਰ ਖੜ੍ਹੇ ਸਨ
ਜਿਉਂ ਹੀ ਤਾਂਗੇ ਅੱਡੇ
ਮਾਂ ਮੇਰੀ ਨਾਲ ਸੀ ਮੈਂ
ਪਿੱਛੇ ਹੀ ਪਿੱਛੇ
ਜਿਉਂ ਲੇਲਾ ਪਿੱਛੇ ਬੱਕਰੀ
ਮੁਸ਼ਕਾਂ ਲੈ ਚੱਲੇ
ਮਾਂ ਆਈ ਸੀ ਬਾਹਰ
ਜੰਗਲ-ਪਾਣੀ
ਮੈਂ ਬਿਟਰ-ਬਿਟਰ ਸੀ ਦੇਖਦਾ
ਇੱਕ ਚੀਜ਼ ਅਵੱਲੀ
ਇੱਕ ਹੱਥ ਈਆਣੇ
ਮੈਂ ਖੋਹ ਲਈ ਖੁੱਦੋ ਬਾਲ ਤੋਂ
ਪਰ ਘਾਬਰ ਚੱਲਿਆ
ਇਹ ਪੋਤਾ ਸੀ ਦਾਦੀ ਮਾਂ ਦਾ
ਜੋ ਲੋਥ ਦਾ ਇਕ ਰੂਪ ਸੀ
ਕੋਈ ਹੋਰ ਨਾ ਕੋਈ
ਆੜੀ ਸੀ ਮੇਰਾ - ਰਮਜ਼ਾਨ ਸੀ
ਮੈਂ ਭੱਜਾ ਉਥੋਂ ਡਰ ਕੇ
ਖੁੱਦੋ ਸੀ ਹੱਥੋਂ ਛੁੱਟੀ
ਮੈਨੂੰ ਲੱਗਾ ਜਿਵੇਂ ਪਿੱਛੇ ਸੀ
ਉਹੀ ਦਾਦੀ ਰਕੌਈਆਂ
ਕਹਿੰਦੀ ਸੀ ਕੂਕ-ਕੂਕ ਕੇ
ਪੁੱਤਰਾ ਤੂੰ ਇਹ ਕੀ ਕੀਤਾ
ਕਿਉਂ ਖੁੱਦੋ ਖੋਹੀ ਬਾਲ ਤੋਂ
ਕੀ ਲੋਹੜਾ ਕੀਤਾ
ਉਦੋਂ ਮਗਰੋਂ ਸਾਰੀ ਯਾਦਾਂ ਪਈ
ਇਕ ਯਾਦ ਹੈ
ਦਾਦੀ ਰਕੌਈਆਂ ਦੀ ਸੀ
ਇਕ ਸੁੰਦਰ ਨੱਢੀ
ਮੇਰੇ ਪਿੰਡ ਦੇ ਚਾਚੇ-ਤਾਇਆਂ
ਸੀ ਚੁਬਾਰਿਉਂ ਕੱਢੀ
ਅੱਜ ਤ੍ਰੀਮਤ ਬਣਾ ਲਈ ਆਪਣੀ
ਉਂਜ ਪਤਾ ਨਹੀਂ ਕੀ
ਮੇਰੀ ਸੀ ਲੱਗੀ
ਸੁੱਖੀਂ ਪਈ ਵੱਸਦੀ ਹੈ
ਉਹ ਭੂਆ - ਚਾਚੀ ਮੇਰੀ
ਅੱਜ ਮੇਰੇ ਪਿੰਡ ਦੀ ਹਵਾ
ਬਹੁਤ ਬਦਲ ਗਈ ਹੈ।

-ਨਰਿੰਦਰ ਸ਼ਰਮਾ

## ਫੌਜ

ਟਰਾਏ ਦੀਆਂ ਕੰਧਾਂ ਤੋਂ ਸਾਰਾਗੜ੍ਹੀ ਦੇ ਕਿਲੇ ਤੱਕ
ਫੌਜੀਆਂ ਦਾ ਲਹੂ ਦਰਿਆ ਬਣ ਵਹਿੰਦਾ ਹੈ।
ਜੀਹਦੇ ਚਿੱਕੜ 'ਚ ਸਾਮਰਾਜੀ ਹੰਕਾਰ ਚਾਂਭੜਾਂ ਪਾਉਂਦਾ ਹੈ।

ਇਤਿਹਾਸ ਮਾਸੂਮ ਲਹੂ ਤੋਂ ਬਿਨਾਂ ਕੁਛ ਵੀ ਨਹੀਂ।
ਮਾਸੂਮ ਲਹੂ ਚ ਨਹਾ ਕੇ ਸਲਤਨਤਾਂ ਅਬਾਦ ਹੁੰਦੀਆਂ।
ਲਹੂ ਵਹਾਉਂਦੇ ਜੋ
ਉਹ ਹੈਵਾਨ ਨਹੀਂ ਹੁੰਦੇ,
ਸ਼ੈਤਾਨ ਨਹੀਂ ਹੁੰਦੇ,
ਭਗਵਾਨ ਨਹੀਂ ਹੁੰਦੇ
ਇਨਸਾਨ ਵੀ ਨਹੀਂ ਹੁੰਦੇ,
ਰਾਜਸੀ ਬੰਦੂਕ ਦੀ ਨਾਲੀ ਦੇ ਕਾਰਤੂਸ ਹੁੰਦੇ ਨੇ।
ਰਾਜਸੀ ਬੰਦੂਕ ਕਹਿੰਦੀ ਹੈ
ਬਲਾਤਕਾਰ ਕਰੋ,ਉਹ ਕਰਦੇ ਨੇ।
ਕਹਿੰਦੀ ਹੈ ਨਾ ਕਰੋ ਉਹ ਨਹੀਂ ਕਰਦੇ
ਕਹਿੰਦੀ ਹੈ ਪੈਲੇਟ ਗੰਨਾ ਵਰਤੋ
ਉਹ ਵਰਤਦੇ ਨੇ।
ਉਹ ਸ਼ੈਤਾਨ,ਹੈਵਾਨ ਨਹੀਂ,ਭਗਵਾਨ ਨਹੀਂ
ਗੁਲਾਮ ਹੁੰਦੇ ਨੇ।

ਸ਼ੈਤਾਨ ਤਾਂ ਰਾਜੇ ਦਾ ਹੁਕਮ ਹੁੰਦਾ ਹੈ।

ਅਸਲ ਚ ਉਹ ਭੁੱਖੇ ਢਿੱਡ ਹੁੰਦੇ ਨੇ,
'ਸੰਗੀਨਾਂ ਸੰਗ ਟਕਰਾਉਣ ਲਈ ਸਰਾਪੇ'।

ਰਜਿਆਂ ਦਾ ਰਾਜ ਫੌਜੀਆਂ ਨਾਲ ਨੀ ਚਲਦਾ
ਫੌਜੀਆਂ ਨਾਲ ਕੀਤੇ ਧਰੋਹ ਨਾਲ ਚਲਦਾ ਹੈ।
ਫੌਜੀਪੁਣਾ ਇਨਸਾਨੀਅਤ ਨਾਲ ਕੀਤਾ
ਸਭ ਤੋਂ ਵੱਡਾ ਧਰੋਹ ਹੈ,
ਇਨਸਾਨ ਨੂੰ ਜਾਨਵਰ ਬਣਾਉਣ ਦਾ
ਸਭ ਤੋਂ ਵੱਡਾ ਕਾਰਖਾਨਾ ਫੌਜ ਹੈ।

ਪਰ ਇਹ ਕਾਰਖਾਨਾ ਜਿਸ ਬ੍ਰਹਿਮੰਡ ਚ ਸਕਾਰ ਹੁੰਦਾ ਹੈ
ਉਹਦਾ ਨਾਂ ਸਭਿਅਤਾ ਹੈ।
ਇਸ ਸਭਿਅਤਾ ਤੇ ਸ਼ਰਮਿੰਦਾ ਹੋਣਾ ਤਾ ਬਣਦਾ ਹੈ।
ਇਹਦਾ ਹਰ ਪੌਡਾ ਲਹੂ ਚ ਰੰਗਿਆ ਹੈ।
ਚਾਹੇ ਕਿ ਇਹਦਾ ਰੰਗੀਨ ਪੌਡਾ ਵੀ
ਲਹੂ ਚ ਰੰਗਕੇ ਸਕਾਰ ਹੋਵੇਗਾ।
ਪਰ ਉਹ ਵਹਿੰਦਾ ਲਹੂ ਵਿਕਿਆ ਨਹੀਂ ਹੋਵੇਗਾ।

- ਮਨਪ੍ਰੀਤ ਜਸ

## ਕਿੰਤੂ ਤੋਂ ਮਰਿਯਾਦਾ ਤੀਕਰ

ਸ਼ੁਰੂ ਹੋਇਆ ਸੀ
ਜੋ ਫਲਸਫ਼ਾ ਹੀ ਕਿੰਤੂ ਤੋਂ........
ਉਹ ਤਾਂ ਸਿਮਟ ਕੇ ਰਹਿ ਗਿਆ ਹੈ
ਸ਼ਰਧਾ ਦੇ ਰੁਮਾਲਿਆਂ ਵਿਚ !
ਨਾਨਕਧਾਰਾ........
ਮਰਿਯਾਦਾ ਵਿਚ ਕੈਦ ਹੈ !
ਤਰਕ ਕਰਨਾ ਅਵੈਧ ਹੈ !

ਸੁੱਕੇ ਪਏ ਨੇ........
ਅਜੇ ਵੀ ਅਮਲਾਂ ਦੇ ਖੇਤ,
ਪਰ ਮਰਮਰ ਦੀਆਂ ਦੁਧੀਆਂ ਸਿਲ੍ਹਾਂ ਨੂੰ
ਦੁੱਧ ਨਾਲ ਧੋਇਆ ਜਾ ਰਿਹੈ !
ਪਾਵਿਆਂ ਨੂੰ.......
ਘੁਟਿਆ ਜਾ ਰਿਹੈ !
ਪਰ ਫਲਸਫ਼ੇ ਨੂੰ ਭੁੱਲਿਆ ਜਾ ਰਿਹੈ !

ਜਿਸ ਫਲਸਫ਼ੇ ਨੇ.......
"ਤੈ" ਨੂੰ ਵੀ ਸਵਾਲ ਕਰਨੇ ਸੀ !
ਵਰਤਿਆ ਜਾ ਰਿਹਾ ਹੈ
ਹੁਣ ਤਾਂ ਕੇਵਲ........
ਰਜ਼ਾ ਦੀਆਂ ਚੱਕੀਆਂ ਪਿਸਵਾਉਣ ਲਈ !
ਤਾਹੀਓਂ ਤਾਂ ਪਾਪ ਦੀ ਜੰਞ
ਆਏ ਦਿਨ ਢੁੱਕਦੀ ਹੈ
ਸਾਡੀ ਚੁੱਪ ਦੇ........
ਭਿੜੇ ਹੋਏ ਦਰਵਾਜ਼ਿਆਂ ਮੂਹਰੇ !
ਰਣਸਿੰਙੇ ਗੂੰਜਦੇ ਨੇ........
ਨਗਾਰਿਆਂ 'ਤੇ ਚੋਟ ਪੈਂਦੀ ਹੈ
ਨਿੱਤ ਸੰਖ ਪੂਰੇ ਜਾ ਰਹੇ........
ਪਰ ਬਾਬਰਾਂ ਨੂੰ ਚੁਣੌਤੀ ਕੌਣ ਦਿੰਦਾ ਹੈ ?

ਚਿੱਟੇ ਚਾਨਣ ਨੂੰ........
ਕਵਰ ਚਾੜ੍ਹ ਦਿੱਤੇ ਗਏ ਨੇ !
ਚੰਦੋਏ ਤਾਣ ਦਿੱਤੇ ਗਏ ਨੇ !
ਚੌਰਾਂ ਦੀ ਲੋੜ........
ਤੇਰੀ ਬਾਣੀ ਨੂੰ ਕਦੋਂ ਸੀ ?
ਜ਼ਿਹਨਾਂ 'ਤੇ ਜੰਮੀ ਹੋਈ ਗਰਦ
ਅਸੀਂ ਕਦੇ....ਦੂਰ ਕੀਤੀ ਹੀ ਨਹੀਂ !

ਹਾਲੇ ਵੀ........
ਸਾਡੇ ਹਿਰਦਿਆਂ ਵਿਚ,
ਦਇਆ ਨਾਮ ਦੀ ਕਪਾਹ ਨਹੀਂ ਉਗਦੀ
ਸੰਤੋਖ ਦਾ ਸੂਤ........
ਸੰਕੀਰਣ ਸੋਚ ਦੀਆਂ ਖੱਡੀਆਂ ਉਤੇ
ਕਿਵੇਂ ਬੁਣਿਆ ਜਾ ਸਕਦਾ ਸੀ ?
ਜਤੁ ਦੀਆਂ ਗੰਢਾਂ ਤਾਂ,
ਕਿਰਤੀ ਹੱਥ ਹੀ ਦੇ ਸਕਦੇ ਨੇ !
ਬ੍ਰਬਨਿਆਂ ਕੋਲ ਤਾਂ,
ਸਿਰਫ਼ ਮਾਲਾ ਫੇਰਨ ਦੀ ਕਲਾ ਹੈ !

ਜਤੁ ਵਾਲਾ ਵੱਟ.......
ਅਗਰ ਪਾਂਡੇ ਲਈ ਔਖਾ ਸੀ
ਤਾਂ ਔਖਾ ਸੀ,
ਭਾਈ ਵਾਸਤੇ ਵੀ.......
ਨਾਈਲਨ ਦੀ ਡੋਰੀ ਨੂੰ ਵੱਟ ਦੇਣਾ !

ਜੋ ਮਲੀਨ ਨਾ ਹੁੰਦਾ,
ਜੋ ਸਾਹਾਂ ਨਾਲ ਨਿਭ ਜਾਂਦਾ........
ਜੋ ਜਲਦਾ ਨਾ ਹਾਉਮੈਂ ਦੀ ਅੱਗ ਵਿਚ
ਕਾਸ਼ !
ਕਿਤਿਓਂ ਉਹ ਜਨੇਊ ਮਿਲ ਸਕਦਾ !!!

-ਸਰਬਜੀਤ ਸੋਹੀ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ :
ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142,
ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਲੋਧੀਵਾਲ ਬਲਕਰਨ ਸਿੰਘ ਦੀ ਪਹਿਲੀ ਬਰਸੀ ਮਨਾਈ

-ਗੁਰਮੇਲ ਸਿੰਘ ਭਰੋਵਾਲ


Late-Shaheed.Balkaran Singh Sandhu
13 Nov.1998 To 15 March.2021

ਪਿਛਲੇ ਸਾਲ ਮਾਰਚ ਮਹੀਨੇ ਲੋਧੀਵਾਲ ਪਿੰਡ ਦਾ 21 ਸਾਲ ਗੱਭਰੂ ਬਲਕਰਨ ਸਿੰਘ ਦਿੱਲੀ ਬਾਰਡਰਾਂ ਤੇ ਲੱਕੜਾਂ ਅਤੇ ਹੋਰ ਰਸਦਾ ਲੈ ਕੇ ਜਾ ਰਿਹਾ ਸੀ ਤਾਂ ਰਸਤੇ ਵਿਚ ਅਚਾਨਕ ਟਰੈਕਟਰ ਤੋਂ ਡਿੱਗ ਕੇ ਟਰਾਲੀ ਹੇਠ ਆ ਗਿਆ। ਗੰਭੀਰ ਜ਼ਖ਼ਮੀ ਹਾਲਤ ਵਿਚ ਲੁਧਿਆਣਾ ਦੇ ਦਿਆਨੰਦ ਹਸਪਤਾਲ ਵਿਚ ਜ਼ਖ਼ਮਾਂ, ਸੱਟਾਂ ਦੀ ਤਾਪ ਨਾ ਝਲਦਾ ਹੋਇਆ ਵੀਰਗਤੀ ਨੂੰ ਪ੍ਰਾਪਤ ਹੋ ਗਿਆ। ਪਿਛਲੇ ਸਾਲ ਭੋਗ ਤੇ ਕਿਸਾਨ ਜਥੇਬੰਦੀਆਂ ਬੀਕੇਯੂ ਡਕੌਂਦਾ, ਉਗਰਾਹਾਂ, ਕ੍ਰਾਂਤੀਕਾਰੀ (ਫੂਲ) ਅਤੇ ਹੋਰ ਜਨਤਕ ਜਮਹੂਰੀ ਜਥੇਬੰਦੀਆਂ ਨੇ ਐਲਾਨ ਕੀਤਾ ਸੀ ਕਿ ਹਰ ਸਾਲ ਮਾਰਚ ਮਹੀਨੇ ਸ਼ਹੀਦ ਬਲਕਰਨ ਸਿੰਘ ਦੀ ਬਰਸੀ ਮਨਾਈ ਜਾਇਆ ਕਰੇਗਾ। ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹੀਦ ਦੇ ਪਿਤਾ ਪਵਿੱਤਰ ਸਿੰਘ ਲੋਧੀਵਾਲ ਦੀ ਅਗਵਾਈ ਵਿਚ ਗੁਰਦੁਆਰਾ ਬਾਉਲੀ ਸਾਹਿਬ ਸੋਢੀਵਾਲ ਵਿਖੇ 23 ਮਾਰਚ ਨੂੰ ਸ਼ਹੀਦੇ-ਆਜ਼ਮ ਸ੍ਰ. ਭਗਤ ਸਿੰਘ ਦੇ ਸ਼ਹੀਦੀ ਦਿਨ 'ਤੇ ਵੱਡੀ ਪੱਧਰ 'ਤੇ ਮਨਾਈ ਗਈ। ਇਸ ਸਮੇਂ ਬੀਕੇਯੂ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਮਹਿੰਦਰ ਸਿੰਘ ਕਮਾਲਪੁਰਾ, ਗੁਰਮੇਲ ਸਿੰਘ ਭਰੋਵਾਲ ਪ੍ਰਧਾਨ ਸਹਿਕਾਰਤਾ ਮੰਚ ਪੰਜਾਬ, ਰਾਜਿੰਦਰ ਸਿੰਘ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕ੍ਰਾਂਤੀਕਾਰੀ (ਫੂਲ) ਦੇ ਆਗੂ ਸ੍ਰ. ਇੰਦਰਜੀਤ ਸਿੰਘ, ਇੰਦਰਜੀਤ ਸਿੰਘ ਧਾਲੀਵਾਲ (ਡਕੌਂਦਾ), ਗੁਰਦੀਪ ਸਿੰਘ ਦੀਪ, ਗੁਰਮੇਲ ਸਿੰਘ ਤੱਤਲ, ਕਰਨੈਲ ਸਿੰਘ ਸਰਪੰਚ ਜਨਤਪੁਰਾ, ਬਚਿੱਤਰ ਸਿੰਘ ਜੌਹਲ, ਜਸਮਿੰਦਰ ਸਿੰਘ ਜੌਹਲ ਨੇ ਫੈਸਲਾ ਕੀਤਾ ਕਿ ਅੱਗੇ ਤੋਂ ਸਮੁੱਚੇ ਇਲਾਕੇ ਵਲੋਂ ਸ਼ਹੀਦ ਦੀ ਬਰਸੀ ਮਨਾਈ ਜਾਇਆ ਕਰੇਗੀ।



## ਪੰਚਾਇਤੀ ਜ਼ਮੀਨਾਂ ਹੜੱਪਣ ਵਾਲੀ ਸਰਕਾਰੀ ਸਕੀਮ ਨੂੰ ਰੱਦ ਕਰਨ ਦੀ ਬੇਨਤੀ

# ਐਮ ਐਲ ਏ ਖਰੜ ਅਤੇ ਐਮ ਐਲ ਏ ਮੋਹਾਲੀ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਗਿਆ ਮੰਗ ਪੱਤਰ





- ਦਰਸ਼ਨ ਸਿੰਘ-

ਪੰਜਾਬ ਪੰਚਾਇਤੀ ਲੈਂਡ ਲੀਜ਼ ਪਾਲਿਸੀ, ਜੋ ਪਿਛਲੀਆਂ ਸਰਕਾਰਾਂ ਵੱਲੋਂ ਪੰਜਾਬ ਦੇ ਸਾਰੇ ਪਿੰਡਾਂ ਦੀਆਂ ਪੰਚਾਇਤੀ ਸ਼ਾਮਲਾਟ ਜ਼ਮੀਨਾਂ ਨੂੰ ਦੱਬਣ ਲਈ ਬਣਾਈ ਗਈ ਪਾਲਿਸੀ ਲਗਦੀ ਹੈ , ਅਧੀਨ ਮੁਹਾਲੀ ਜ਼ਿਲ੍ਹੇ ਦੇ ਹਲਕਾ ਖਰੜ ਮੋਹਾਲੀ ਅਤੇ ਡੇਰਾਬਸੀ ਵਿੱਚ ਦਰਜਨਾਂ ਪਿੰਡਾਂ ਦੀਆਂ ਕੀਮਤੀ ਪੰਚਾਇਤੀ ਜ਼ਮੀਨਾਂ ਕਾਂਗਰਸੀ ਮੰਤਰੀਆਂ ਅਤੇ ਹੋਰ ਭੂ ਮਾਫੀਏ ਵੱਲੋਂ ਆਪਣਾ ਰਸੂਖ ਵਰਤ ਕੇ ਹੜੱਪ ਲਈਆਂ ਗਈਆਂ ਸਨ। ਪੰਚਾਇਤੀ ਜ਼ਮੀਨਾਂ ਦੱਬਣ ਦੇ ਇਨ੍ਹਾਂ ਘਪਲਿਆਂ ਦਾ ਪਤਾ ਲੱਗਣ ਤੋਂ ਬਾਅਦ ਪੰਜਾਬ ਅਗੇਂਸਟ ਕੁਰੱਪਸ਼ਨ ਸੰਸਥਾ ਦੇ ਪ੍ਰਧਾਨ ਸਤਨਾਮ ਦਾਊਂ ਵੱਲੋਂ ਇਲਾਕੇ ਦੇ ਪੀੜਤ ਪਿੰਡਾਂ ਦੇ ਲੋਕਾਂ ਨੂੰ ਨਾਲ ਲੈ ਕੇ ਵੱਡੇ ਸੰਘਰਸ਼ ਚਲਾਏ ਗਏ ਸਨ ਜਿਸ ਦਾ ਅਸਰ ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਦੀ ਸਰਕਾਰ ਦੀ ਹਾਰ ਦੇ ਰੂਪ ਵਿੱਚ ਦੇਖਣ ਨੂੰ ਮਿਲਿਆ ਸੀ ।

ਚੋਣਾਂ ਦੌਰਾਨ ਇਸੇ ਪਾਲਿਸੀ ਦੀ ਦੁਰਵਰਤੋਂ ਕਰ ਕੇ ਭੂ ਮਾਫੀਏ ਅਤੇ ਸਰਕਾਰੀ ਗੱਠਜੋੜ ਨਾਲ ਮੋਹਾਲੀ ਦੇ ਪਿੰਡ ਬਲੌਂਗੀ, ਚੰਦਪੁਰ, ਚੱਪੜਚਿੜੀ, ਕੁਰੜਾ, ਮਟਰਾਂ, ਬੜੀ, ਦਾਊਂ ਅਤੇ ਬਡਮਾਜਰਾ ਆਦਿ ਪਿੰਡਾਂ ਦੀਆਂ ਕੀਮਤੀ ਜ਼ਮੀਨਾਂ ਹੜੱਪਣ ਦੀਆਂ ਕੋਸ਼ਿਸ਼ਾਂ ਨੂੰ ਪੰਜਾਬ ਅਗੇਂਸਟ ਕੁਰੱਪਸ਼ਨ ਸੰਸਥਾ ਵੱਲੋਂ ਵਾਰ-ਵਾਰ ਸ਼ੰਘਰਸ਼ ਕਰਕੇ ਲੋਕਾਂ ਵਿੱਚ ਪ੍ਰਚਾਰਿਆ ਗਿਆ। ਜਿਸ ਕਾਰਨ ਜ਼ਿਲ੍ਹਾ ਮੋਹਾਲੀ ਦੇ ਹਲਕਾ ਖਰੜ ਡੇਰਾਬਸੀ ਅਤੇ ਮੁਹਾਲੀ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਵੱਡੇ ਫਰਕ ਨਾਲ ਜਿੱਤੇ ਸਨ। ਪਰੰਤੂ ਸਰਕਾਰ ਬਦਲਣ ਤੋਂ ਬਾਅਦ ਵੀ ਪਿਛਲੀ ਸਰਕਾਰ ਦੇ ਭੂ ਮਾਫੀਏ ਦਾ ਸਰਕਾਰੀ ਅਫਸਰਾਂ ਤੇ ਦਬਕਾ ਨਹੀਂ ਘੱਟ ਰਿਹਾ ਕਿਉਂਕਿ ਖਰੜ ਹਲਕੇ ਦੇ ਪਿੰਡ ਚੰਦਪੁਰ ਦੀ ਜ਼ਮੀਨ ਜੋ ਇਕ ਜਾਅਲੀ ਫਿਲਮ ਸਿਟੀ ਸੰਸਥਾ ਨੂੰ ਦੇਣ ਦੀ ਕਾਰਵਾਈ ਹੁਣ ਵੀ ਚੱਲ ਰਹੀ ਹੈ ਅਤੇ ਉਸ ਦੇ ਇੰਤਕਾਲ ਕਰਨ ਦੀਆਂ ਕੋਸ਼ਿਸ਼ਾਂ ਮਾਲ ਵਿਭਾਗ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ। ਪੰਜਾਬ ਅਗੇਂਸਟ ਕੁਰੱਪਸ਼ਨ ਸੰਸਥਾ ਵੱਲੋਂ ਧਿਆਨ ਵਿੱਚ ਲਿਆਉਣ ਤੇ ਇਸ ਦਾ ਗੰਭੀਰ ਨੋਟਿਸ ਲੈਂਦੇ ਹੋਏ ਕੱਲ ਹਲਕਾ ਖਰੜ ਦੇ ਐਮ.ਐਲ.ਏ. ਅਨਮੋਲ ਗਗਨ ਮਾਨ ਅਤੇ ਅੱਜ ਮੁਹਾਲੀ ਦੇ ਐਮਐਲਏ ਸ੍ਰੀ ਕੁਲਵੰਤ ਸਿੰਘ ਵੱਲੋਂ ਉੱਚ ਅਧਿਕਾਰੀਆਂ ਨਾਲ ਤਾਲਮੇਲ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਜਲਦ ਮਾਮਲਾ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਪੰਜਾਬ ਅਗੇਂਸਟ ਕੁਰੱਪਸ਼ਨ ਸੰਸਥਾ ਵੱਲੋਂ ਉਪਰੋਕਤ ਦੋਵੇਂ ਐੱਮ ਐਲ ਏ ਅਤੇ ਹੋਰ ਕਈ ਵਸੀਲਿਆਂ ਰਾਹੀਂ ਮੁੱਖ ਮੰਤਰੀ ਅਤੇ ਪੰਚਾਇਤ ਮੰਤਰੀ ਨੂੰ ਬੇਨਤੀ ਭੇਜ ਕੇ ਇਸ ਤੇਤੀ ਸਾਲਾ ਲੈਂਡ ਲੀਜ਼ ਪਾਲਿਸੀ ਨੂੰ ਰੱਦ ਕਰਨ ਅਤੇ ਇਸ ਪਾਲਿਸੀ ਦੇ ਪ੍ਰਭਾਵ ਹੇਠ ਆਈਆਂ ਕੀਮਤੀ ਪੰਚਾਇਤੀ ਜਮੀਨਾਂ ਦੀ ਵਾਪਸੀ ਦੀ ਮੰਗ ਭੇਜੀ ਗਈ। ਇਸਦੇ ਨਾਲ ਹੀ ਸਰਕਾਰ ਨੂੰ ਆਗਾਹ ਕੀਤਾ ਗਿਆ ਕਿ ਪੰਜਾਬ ਦੇ ਹਰੇਕ ਪਿੰਡ ਦੀ ਪੰਚਾਇਤੀ ਜ਼ਮੀਨ ਇਸ ਪਾਲਿਸੀ ਕਾਰਨ ਖੁਰਦ ਬੁਰਦ ਹੋ ਜਾਵੇਗੀ ਅਤੇ ਪਿੰਡਾਂ ਦੇ ਆਮਦਨ ਦੇ ਸਰੋਤ ਖਤਮ ਹੋ ਜਾਣਗੇ । ਇਸ ਨਾਲ ਹੀ ਇਸ ਜ਼ਮੀਨ ਵਿਚ ਜੋ ਪਿੰਡਾਂ ਦੇ ਬੇਜ਼ਮੀਨੇ ਲੋਕ ਜੋ ਪੰਚਾਇਤੀ ਜ਼ਮੀਨਾਂ ਠੇਕੇ ਤੇ ਲੈ ਕੇ ਖੇਤੀ ਕਰਦੇ ਹਨ ਜਾਂ ਇਸ ਜ਼ਮੀਨ ਨੂੰ ਪਸ਼ੂ ਪਾਲਣ ਲਈ ਵਰਤਦੇ ਹਨ ਉਨ੍ਹਾਂ ਦੀ ਆਰਥਿਕਤਾ ਤਬਾਹ ਹੋ ਜਾਵੇਗੀ। ਇਸ ਦੇ ਹੋਰ ਭੈੜੇ ਨਤੀਜੇ ਵਜੋਂ ਜਿਹੜੇ ਪਿੰਡਾਂ ਦੇ ਬੇਜ਼ਮੀਨੇ ਅਤੇ ਬੇਘਰੇ ਲੋਕਾਂ ਨੂੰ ਰਿਹਾਇਸ਼ੀ ਪਲਾਟ ਦੇਣ ਦੀਆਂ ਸਕੀਮਾਂ ਹਨ ਉਨ੍ਹਾਂ ਲਈ ਜ਼ਮੀਨਾਂ ਨਹੀਂ ਬਚਣਗੀਆਂ।

















## ਪੁਸਤਕ ਪੜਚੋਲ

# ਅਨੰਤ ਅਪਣੱਤ ਦੇ ਧਾਗੇ 'ਚ ਪਰੋਏ ਮਨੁੱਖੀ ਭਾਈਚਾਰੇ ਦਾ ਲਿਖਾਇਕ ਹੈ -"ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ"

ਆਈਨਸਟਾਈਨ ਲਿਖਦਾ ਹੈ ਕਿ ਇਸ ਦੁਨੀਆ ਵਿੱਚ ਮਨੁੱਖ ਦਾ ਆਉਣਾ ਅਸਲ ਵਿੱਚ ਦੂਜਿਆਂ ਲਈ ਹੀ ਹੈ-ਖ਼ਾਸ ਕਰਕੇ ਉਹਨਾ ਲਈ, ਜਿਹਨਾਂ ਦੀ ਖ਼ੁਸ਼ੀ 'ਤੇ ਸਾਡੀ ਆਪਣੀ ਖ਼ੁਸ਼ੀ ਨਿਰਭਰ ਹੈ। ਅਨੇਕਾਂ ਰੂਪਾਂ ਵਿੱਚ ਖਿੰਡਰਿਆ ਇਹ ਸਾਡਾ ਮਨੁੱਖੀ ਭਾਈਚਾਰਾ ਕਿਸੇ ਅਨੰਤ ਅਪਣੱਤ ਦੇ ਧਾਗੇ ਨਾਲ ਹੀ ਤਾਂ ਬੱਝਾ ਹੋਇਆ ਹੈ।

ਗੁਰੂ ਨਾਨਕ ਦੇਵ-ਗੁਰੂ ਗੋਬਿੰਦ ਸਿੰਘ ਵਿਚਾਰਧਾਰਾ ਦੀ ਪਰਿਕਰਮਾ ਕਰਨ ਵਾਲਾ ਪੰਜਾਬੀ ਦਾ ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਸੰਸਾਰ ਦੇ ਉੱਘੇ ਸਾਇੰਸਦਾਨ ਅਤੇ ਸਮਾਜਿਕ ਚਿੰਤਕ ਆਈਨਸਟਾਈਨ ਦੇ ਵਿਚਾਰਾਂ ਦੀ ਤਰਜ਼ਮਾਨੀ ਕਰਦਾ ਹੈ। ਸ਼ੇਰਗਿੱਲ ਨਿਰੰਤਰਤਾ ਨਾਲ ਵਿਸ਼ਵੀ ਭਾਈਚਾਰੇ ਨੂੰ ਇੱਕ ਲੜੀ 'ਚ ਪ੍ਰੋਂਦਿਆਂ, ਉਹਨਾ ਦੇ ਸਮਾਜਿਕ ਅਤੇ ਸਿਆਸੀ ਮੁੱਦਿਆਂ-ਮਸਲਿਆਂ-ਸਮੱਸਿਆਵਾਂ 'ਤੇ ਬੇਬਾਕ, ਇਤਹਾਸਿਕ ਲੇਖ ਲਿਖਦਾ ਹੈ ਅਤੇ ਵਿਸ਼ਵ ਭਾਈਚਾਰੇ ਨੂੰ "ਅਨੰਤ ਅਪਣੱਤ" ਦੇ ਧਾਗੇ 'ਚ ਪਰੋਣ ਦਾ ਯਤਨ ਕਰਦਾ ਹੈ।

ਨਰਪਾਲ ਸਿੰਘ ਸ਼ੇਰਗਿੱਲ ਨੇ ਇੱਕ ਹਜ਼ਾਰ ਤੋਂ ਵੱਧ ਲੇਖ ਲਿਖੇ ਹਨ, ਜਿਹਨਾ ਵਿੱਚੋਂ ਚੋਣ ਕਰਦਿਆਂ ਪੁਸਤਕ "ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ" ਵਿੱਚ ਉਸਦੇ ਦਹਿਸ਼ਤਵਾਦ, ਪੱਤਰਕਾਰੀ, ਗੈਰ-ਕਾਨੂੰਨੀ ਪਰਵਾਸ, ਚਲੰਤ ਮਾਮਲਿਆਂ ਸਬੰਧੀ 33 ਲੇਖਾਂ ਦੀ ਚੋਣ ਸੰਪਾਦਕ ਨੇ ਕੀਤੀ ਹੈ, ਜੋ ਉਸਦੀ ਪ੍ਰਪੱਕ ਲੇਖਣੀ ਦੇ ਲਿਖਾਇਕ ਹਨ। ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦਾ ਪੱਤਰਕਾਰੀ ਦਾ ਸਮਾਂ ਪੰਜ ਦਹਾਕਿਆਂ ਦਾ ਹੈ। ਇਸ ਸਮੇਂ ਦੌਰਾਨ ਉਸਨੇ ਅੰਗਰੇਜੀ, ਪੰਜਾਬੀ ਪੱਤਰਕਾਰੀ 'ਚ ਨਵੀਆਂ ਪੈੜਾਂ ਪਾਈਆਂ ਹਨ। ਦੇਸ਼, ਵਿਦੇਸ਼ ਦੀਆਂ ਦਰਜ਼ਨਾਂ ਪੰਜਾਬੀ ਅਖ਼ਬਾਰਾਂ, ਰਸਾਲਿਆਂ 'ਚ ਉਸਦੇ ਲੇਖ ਛਪਦੇ ਹਨ। ਉਸਦੀ ਲੇਖਨੀ ਦਾ ਇਹ ਪ੍ਰਵਾਹ ਹੁਣ ਤੱਕ ਨਿਰੰਤਰ ਜਾਰੀ ਹੈ।

ਇਸ ਪੁਸਤਕ ਵਿੱਚ ਜਿਥੇ ਪੱਤਰਕਾਰੀ ਸਬੰਧੀ "ਪ੍ਰਵਾਸੀਆਂ ਦੇ ਵਿਕਾਸ ਵਿੱਚ ਪੱਤਰਕਾਰੀ ਦਾ ਯੋਗਦਾਨ", "ਜਾਨਲੇਵਾ ਬਣ ਰਿਹਾ ਪੱਤਰਕਾਰੀ ਕਿੱਤਾ", ਵਿਸ਼ੇਸ਼ ਲੇਖ ਸ਼ਾਮਲ ਹਨ, ਉਥੇ ਦਹਿਸ਼ਤਵਾਦ ਸਬੰਧੀ "2014 ਵਿੱਚ ਇਸਲਾਮੀ ਦਹਿਸ਼ਤਵਾਦ", "ਭਾਰਤ ਵਿੱਚ ਦਹਿਸ਼ਤਵਾਦ", ਗੈਰ-ਕਾਨੂੰਨੀ ਪਰਵਾਸ ਸਬੰਧੀ "ਸਮੁੰਦਰਾਂ ਅਤੇ ਮਾਰੂਥਲਾਂ ਰਾਹੀਂ ਪਰਵਾਸ", "ਪੰਜਾਬ ਵਿੱਚੋਂ ਗੈਰ-ਕਾਨੂੰਨੀ ਪਰਵਾਸ", "ਪੰਜਾਬੀ ਸਿਆਸਤ ਦਾ ਪ੍ਰਵਾਸੀਆਂ 'ਤੇ ਪ੍ਰਭਾਵ", "ਕਬੂਤਰਬਾਜ਼ੀ ਨੂੰ ਕੌਮਾਂਤਰੀ ਸ਼ਹਿ" ਅਤੇ ਚਲੰਤ ਮਾਮਲਿਆਂ ਸਬੰਧੀ "ਭਾਰਤ ਦਾ ਕੌਮਾਂਤਰੀ ਵਪਾਰ ਅਤੇ ਵਕਾਰ", "ਨਿਲਾਮ ਹੋ ਰਿਹਾ ਭਾਰਤੀ ਵਿਰਸਾ" ਜਿਹੇ ਲੇਖ ਵਿਸ਼ਵ ਪੱਧਰੀ ਮਨੁੱਖੀ ਵਰਤਾਰੇ ਸਬੰਧੀ ਲੇਖ ਹਨ। ਇਹਨਾ ਲੇਖਾਂ ਨੇ ਸਮੇਂ-ਸਮੇਂ ਤੇ ਵਿਸ਼ਵ ਪੱਧਰੀ ਵਿਚਾਰਧਾਰਕ ਚਰਚਾ ਛੇੜੀ ਹੈ ਅਤੇ ਇਹ ਲੇਖ ਉਹਨਾ ਦੀ ਸਾਰਥਿਕ ਲੋਕ-ਹਿਤੈਸ਼ੀ ਲੇਖਣੀ ਦੀਆਂ ਉਦਾਹਰਨ ਹਨ।

ਪੁਸਤਕ ਵਿੱਚ ਸੰਪਾਦਕ ਅਤੇ ਚੋਣਕਾਰ ਨੇ ਨਰਪਾਲ ਸਿੰਘ ਸ਼ੇਰਗਿੱਲ ਦੇ ਜੀਵਨ, ਉਹਨਾ ਦੀ ਲੇਖਣੀ ਸਬੰਧੀ, ਉਹਨਾਂ ਵਲੋਂ ਜਾਰੀ ਸਲਾਨਾ ਪੁਸਤਕ "ਇੰਡੀਅਨ ਐਵਰੌਡ ਐਂਡ ਪੰਜਾਬ ਇਮਪੈਕਟ" ਸਬੰਧੀ ਵਿਚਾਰਵਾਨਾਂ, ਲੇਖਕਾਂ ਦੇ ਵਿਚਾਰ ਵੀ ਸ਼ਾਮਲ ਕੀਤੇ ਹਨ। ਜਿਹਨਾ ਵਿੱਚ ਪ੍ਰਸਿੱਧ ਪੱਤਰਕਾਰ ਉਜਾਗਰ ਸਿੰਘ, ਬਲਵੀਰ ਸਿੰਘ ਕੰਵਲ (ਲੰਡਨ), ਪ੍ਰੋ: ਕੁਲਵੰਤ ਸਿੰਘ ਗਰੇਵਾਲ, ਡਾ: ਹਰਜਿੰਦਰ ਸਿੰਘ ਵਾਲੀਆ ਦੇ ਲੇਖ ਸ਼ਾਮਲ ਹਨ। ਪੁਸਤਕ ਵਿੱਚ ਉਹਨਾ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ, ਉਹਨਾ ਨੂੰ ਮਿਲੇ ਮਾਣ-ਸਨਮਾਨ ਸਬੰਧੀ ਇਤਹਾਸਕ ਪਲਾਂ ਨੂੰ ਬਿਆਨ ਕਰਦੀਆਂ ਫੋਟੋ 8 ਰੰਗਦਾਰ ਸਫ਼ਿਆਂ 'ਚ ਛਾਪੀਆਂ ਹਨ।

ਹੱਥਲੀ ਰੰਗਦਾਰ, ਸੁਚਿੱਤਰ ਪੁਸਤਕ "ਗੁਰੂ ਨਾਨਕ ਦੇਵ - ਗੁਰੂ ਗੋਬਿੰਦ ਸਿੰਘ ਵਿਚਾਰਧਾਰਾ ਦੀ ਪਰਿਕਰਮਾ ਕਰਨ ਵਾਲਾ ਪੰਜਾਬੀ ਦਾ ਕੌਮਾਂਤਰੀ ਪੱਤਰਕਾਰ-ਨਰਪਾਲ ਸਿੰਘ ਸ਼ੇਰਗਿੱਲ " ਦੇ 184 ਸਫ਼ੇ ਹਨ। ਕੀਮਤ 500 ਰੁਪਏ (ਭਾਰਤੀ), 10 ਪੌਂਡ (ਬਰਤਾਨੀਆ), 20 ਡਾਲਰ (ਕੈਨੇਡਾ, ਅਮਰੀਕਾ) ਹੈ ਅਤੇ ਪ੍ਰਕਾਸ਼ਕ ਹਨ ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ। ਪੁਸਤਕ ਦਾ ਆਈਐਸਬੀਐਨ ਨੰਬਰ 978-81-956091-2-3 ਹੈ। ਪੁਸਤਕ ਯਾਦਗਾਰੀ ਹੈ। ਸਾਂਭਣਯੋਗ ਅਤੇ ਪੜ੍ਹਣਯੋਗ ਹੈ। ਇਹ ਪੁਸਤਕ "ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ, ਫੋਨ ਨੰ: 9815802070 ਤੇ ਉਪਲੱਬਧ ਹੈ।

**-ਗੁਰਮੀਤ ਸਿੰਘ ਪਲਾਹੀ**
**-9815802070**


## 11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

**ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।**



ਹਰਬੰਸ ਸਿੰਘ (ਟੋਰਾਂਟੋ) 416-817-7142
ਦੇਵਿੰਦਰ ਤੂਰ (ਟੋਰਾਂਟੋ) 416 902 9372
ਮਾਸਟਰ ਭਜਨ (ਕੈਲਗਰੀ) 403-455-4220
ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794
ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955
ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598










# ਕਾਰਲ ਮਾਰਕਸ ਦੀ ਮੌਤ ਵਰ੍ਹੇਗੰਢ ’ਤੇ ਵਿਸ਼ੇਸ਼

**ਸਰਬਜੀਤ ਸੋਹੀ, ਆਸਟਰੇਲੀਆ**

ਸਾਲ 1999 ਵਿੱਚ ਬੀ ਬੀ ਸੀ ਦੁਆਰਾ ‘ਹਜ਼ਾਰ ਸਾਲ ਦਾ ਚਿੰਤਕ’ ਲੱਭਣ ਲਈ ਇੱਕ ਆਨਲਾਈਨ ਸਰਵੇ ਕਰਵਾਇਆ ਗਿਆ ਸੀ। ਇਸ ਵਿੱਚ ਦੱਸ ਸਦੀਆਂ ਭਾਵ 1000 ਈਸਵੀ ਤੋਂ 2000 ਈਸਵੀ ਤੱਕ ਦੇ ਵਿਦਵਾਨ ਸ਼ਾਮਲ ਸਨ। ਇਸ ਸਰਵੇ ਅਨੁਸਾਰ ਇਨਕਲਾਬੀ ਲੇਖਕ ਕਾਰਲ ਮਾਰਕਸ ਨੂੰ ਹਜ਼ਾਰ ਸਾਲ ਦਾ ਮਹਾਨ ਚਿੰਤਕ ਐਲਾਨਿਆ ਗਿਆ। ਕਾਰਲ ਮਾਰਕਸ ਨੇ ਉਨ੍ਹੀਵੀਂ ਸਦੀ ਦੇ ਲੇਖਕ ਵਜੋਂ ਇਹ ਵੋਟ ਮੁਕਾਬਲਾ ਸਪੱਸ਼ਟ ਰੂਪ ਵਿਚ ਜਿੱਤਿਆ। ਮਹਾਨ ਵਿਗਿਆਨੀ ਐਲਬਰਟ ਆਈਨਸਟਾਈਨ, ਜਿਸਨੇ ਜ਼ਿਆਦਾਤਰ ਇਸ ਮੁਕਾਬਲੇ ਦੀ ਅਗਵਾਈ ਕੀਤੀ ਸੀ, ਮਾਰਕਸ ਨੇ ਉਸ ਨੂੰ ਦੂਸਰੇ ਸਥਾਨ ਤੇ ਪਹੁੰਚਾ ਦਿੱਤਾ। ਚੋਟੀ ਦੇ 10 ਚਿੰਤਕਾਂ ਵਿੱਚ Karl Marx, Albert Einstein, Sir Isaac Newton, Charles Darwin, Thomas Aquinas, Stephen Hawking, Immanuel Kant, Rene Descartes, James Clerk Maxwell, Friedrich Nietzche ਦੇ ਨਾਮ ਸ਼ਾਮਲ ਸਨ।

ਕਾਰਲ ਮਾਰਕਸ ਉਨੀਵੀਂ ਸਦੀ ਵਿੱਚ ਉੱਭਰਨ ਵਾਲਾ ਸਭ ਤੋਂ ਪ੍ਰਭਾਵਸ਼ਾਲੀ ਸਮਾਜਵਾਦੀ ਚਿੰਤਕ ਅਤੇ ਕਮਿਊਨਿਜ਼ਮ ਦਾ ਬਾਨੀ ਸੀ। ਹਾਲਾਂਕਿ ਵੀਹਵੀਂ ਸਦੀ ਦੌਰਾਨ ਕਈ ਦੇਸ਼ਾਂ ਵਿਚ ਤਾਨਾਸ਼ਾਹੀ ਸ਼ਾਸਨ ਨੇ ਉਸ ਦੇ ਅਸਲ ਵਿਚਾਰਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ, ਪਰ ਇੱਕ ਦਾਰਸ਼ਨਿਕ, ਸਮਾਜ ਵਿਗਿਆਨੀ, ਇਤਿਹਾਸਕਾਰ ਅਤੇ ਇੱਕ ਇਨਕਲਾਬੀ ਵਜੋਂ ਉਸ ਦੇ ਕੰਮ ਦਾ ਅਕਾਦਮਿਕਾਂ ਦੁਆਰਾ ਸਤਿਕਾਰ ਕੀਤਾ ਜਾਂਦਾ ਹੈ। ਕਾਰਲ ਹੇਨਰਿਕ ਮਾਰਕਸ (1818-1883) ਦਾ ਜਨਮ ਜਰਮਨੀ ਵਿਚ ਇਕ ਮੱਧ-ਸ਼੍ਰੇਣੀ ਪਰਿਵਾਰ ਵਿਚ ਹੋਇਆ ਸੀ, ਪਰ ਉਹ ਪੈਰਿਸ, ਬਰੱਸਲਜ਼ ਅਤੇ ਲੰਡਨ ਵਿਚ ਕ੍ਰਾਂਤੀਕਾਰੀ ਬਣ ਗਿਆ। ਉਹ ਫਰਾਂਸ




ਵਿਚ ਸਮਾਨ ਸੋਚ ਵਾਲੇ ਫ੍ਰੀਡਰਿਕ ਏਂਗਲਜ਼ (1820-1895) ਨੂੰ ਮਿਲਿਆ। ਉਹਨਾਂ ਇਕੱਠੇ ਮਿਲ ਕੇ ਉਨ੍ਹਾਂ ਨੇ ਕਮਿਊਨਿਸਟ ਮੈਨੀਫੈਸਟੋ ਲਿਖਿਆ, ਜਿਸ ਵਿਚ ਜਮਾਤੀ ਸੰਘਰਸ਼ ਦੇ ਸਿਧਾਂਤ ਦੀ ਰੂਪ ਰੇਖਾ ਕੀਤੀ ਗਈ ਸੀ। ਮਾਰਕਸ ਨੂੰ ਆਪਣੀਆਂ ਇਨਕਲਾਬੀ ਗਤੀਵਿਧੀਆਂ ਕਰਕੇ ਪੈਰਿਸ ਅਤੇ ਬਰੱਸਲਜ਼ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਅਤੇ ਉਹ ਲੰਦਨ ਵਿੱਚ ਸੈਟਲ ਹੋ ਗਿਆ, ਜਿਥੇ ਉਹ ਆਪਣੀ ਮੌਤ ਤੱਕ ਰਿਹਾ।

ਮਾਰਕਸ ਦੀਆਂ ਹੋਰ ਪ੍ਰਭਾਵਸ਼ਾਲੀ ਰਚਨਾਵਾਂ ਵਿਚੋਂ ਇਕ ਆਰਥਿਕ ਅਤੇ ਦਾਰਸ਼ਨਿਕ ਹੱਥ-ਲਿਖਤਾਂ ਹਨ, ਜੋ 1930 ਦੇ ਦਹਾਕੇ ਤਕ ਅਣਪ੍ਰਕਾਸ਼ਿਤ ਰਹੀਆਂ। ਉਸਦਾ ਯਾਦਗਾਰੀ ਕੰਮ ਦਾਸ ਕੈਪੀਟਲ ਬਹੁਤ ਉੱਚ ਪਾਏ ਦੀ ਕਿਤਾਬ ਹੈ। ਕਾਰਲ ਮਾਰਕਸ ਨੇ ਹਜ਼ਾਰਾਂ ਮੁਕਤੀ ਸੰਘਰਸ਼ਾਂ ਨੂੰ ਪ੍ਰੇਰਿਤ ਕੀਤਾ ਹੈ। ਉਹ ਆਧੁਨਿਕ ਰਾਜਨੀਤਿਕ ਸੋਚ ਦਾ ਪਿਤਾ ਸੀ। ਮਾਰਕਸ ਨੇ ਸਰਮਾਏਦਾਰੀ ਦੇ ਕੰਮਕਾਜ ਦਾ ਸਭ ਤੋਂ ਬਿਹਤਰ ਵਿਸ਼ਲੇਸ਼ਣ ਕੀਤਾ। ਇਹ ਉਹ ਵਿਗਿਆਨਕ ਵਿਧੀ ਹੈ ਜੋ ਵੀਹਵੀਂ ਸਦੀ ਦੇ ਅੰਤ ਵਿੱਚ ਵੀ ਵਿਸ਼ਵ ਭਰ ਵਿੱਚ ਵਿਸ਼ੇਸ਼ਤਾ ਰੱਖਦੀ ਹੈ, ਉਸਦਾ ਕਾਰਜ ਉਸ ਸੰਸਾਰ ਨੂੰ ਸਮਝਣ ਲਈ ਅੱਜ ਵੀ ਓਨਾ ਸਾਰਥਿਕ ਹੈ, ਜਿੰਨਾ ਕਿ ਉਦੋਂ ਸੀ। ਕਾਰਲ ਮਾਰਕਸ 200 ਸਾਲਾਂ ਬਾਅਦ ਅਜੇ ਵੀ ਨਾਟ ਆਊਟ ਹੈ। ਪੂੰਜੀਵਾਦ ਕੋਲ ਉਸ ਦਾ ਨਾ ਕੋਈ ਬਦਲ ਸੀ ਤੇ ਨਾ ਹੀ ਹੋਵੇਗਾ। ਉਹ ਇਸ ਗ੍ਰਹਿ ਦੇ ਮਨੁੱਖੀ ਇਤਿਹਾਸ ਦੇ 1000 ਸਾਲਾਂ ਦਾ ਮਹਾਨ ਚਿੰਤਕ ਹੈ। ਅੱਜ ਜਦੋਂ ਕਰੋਨਾ ਸੰਕਟ ਵਿਚ ਕਹਿੰਦੇ ਕਹਾਉਂਦੇ ਪੂੰਜੀਵਾਦੀ ਢਾਂਚੇ ਲੜਖੜਾ ਗਏ ਹਨ, ਇਸ ਵੇਲੇ ਦੁਨੀਆਂ ਭਰ ਦੇ ਅਰਥ ਸ਼ਾਸਤਰੀ ਮਾਰਕਸਵਾਦ ਦਾ ਪੁਨਰ ਅਧਿਐਨ ਕਰ ਰਹੇ ਹਨ। ਉਸ ਮਹਾਨ ਸਮਾਜਵਾਦੀ ਵਿਦਵਾਨ ਨੂੰ ਅਸੀਂ 14 ਮਾਰਚ ਨੂੰ ਉਸ ਦੇ ਸਰੀਰਕ ਤੌਰ ਤੇ ਰੁਖ਼ਸਤ ਹੋਣ ਦੇ ਦਿਨ ਤੇ ਯਾਦ ਕਰਦਿਆਂ ਲਾਲ ਸਲਾਮ ਕਰਦੇ ਹਾਂ।




















# ਭਾਰਤ ਦੀ ਜਾਤਪਾਤੀ ਵਿਵਸਥਾ-ਵਿਗਿਆਨਕ ਵਿਸ਼ਲੇਸ਼ਣ ਕਿਤਾਬ ਬਾਰੇ




ਡਾ ਬਲਜਿੰਦਰ ਅਤੇ ਡਾ ਅਜੀਤਪਾਲ ਸਿੰਘ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ 'ਭਾਰਤ ਦੀ ਜਾਤਪਾਤੀ ਵਿਵਸਥਾ-ਵਿਗਿਆਨਕ ਵਿਸ਼ਲੇਸ਼ਣ' ਇਸ ਪੁਸਤਕ ਰਾਹੀਂ ਪੇਸ਼ ਕਰਨ ਦਾ ਮਹੱਤਵਪੂਰਨ ਕਾਰਜ ਕੀਤਾ ਹੈ। ਹਥਲੀ ਪੁਸਤਕ 'ਚ ਭਾਰਤ ਜਾਤਪਾਤੀ ਵਿਵਸਥਾ ਦੇ ਇਤਿਹਾਸ ਤੋਂ ਲੈ ਕੇ ਵਰਣ-ਵਿਵਸਥਾ, ਜਾਤਪਾਤ ਅਤੇ ਅਤੇ ਵਿਗਿਆਨਕ ਤੇ ਤਕਨੀਕੀ ਵਿਕਾਸ ਦੇ ਹਵਾਲੇ ਨਾਲ ਪਾਠਕਾਂ ਤੱਕ ਭਰਪੂਰ ਜਾਣਕਾਰੀ ਪਹੁੰਚਾਉਣ ਦਾ ਯਤਨ ਕੀਤਾ ਹੈ। ਇਹ ਪੁਸਤਕ ਇਸ ਲਈ ਸਾਡਾ ਧਿਆਨ ਖਿੱਚਦੀ ਹੈ ਕਿਉਂਕਿ ਇਸ ਵਿੱਚ ਦਲਿਤ ਚੇਤਨਾ ਦੇ ਵੱਖ ਵੱਖ ਪੜਾਵਾਂ ਜਿਵੇਂ ਰਾਜ ਦਾ ਮੁੱਢ, ਸੰਗੋਤਰ ਅਤੇ ਵਿਆਹ ਦੇ ਕਠੋਰ ਕਾਇਦੇ ਕਾਨੂੰਨ, ਦੱਖਣ ਅੰਦਰ ਰਾਜ ਦੀ ਉਤਪਤੀ ਅਤੇ ਜਾਤਪਾਤ ਦਾ ਪਸਾਰ, ਤੁਰਕਾਂ ਦੇ ਹਮਲੇ ਤੋਂ ਬਾਅਦ 17ਵੀਂ ਤੇ 18ਵੀਂ ਸਦੀ ਦਾ ਖੇਤੀਬਾੜੀ ਅਰਥਚਾਰਾ ਆਦਿ ਮੁੱਦਿਆਂ ਨੂੰ ਬਹੁਤ ਹੀ ਗੰਭੀਰਤਾ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਿਰਫ ਏਨਾ ਹੀ ਨਹੀਂ ਜਾਤਪਾਤੀ ਵਿਵਸਥਾ ਖ਼ਿਲਾਫ਼ ਉੱਠੇ ਵਿਦਰੋਹਾਂ ਤੇ ਵਿਰੋਧਾਂ ਵਿਚ ਬੁੱਧਵਾਦ, ਜੈਨਵਾਦ ਤੇ ਲੋਕਾਯਤ ਆਦਿ ਦੇ ਨਾਲ ਹੀ ਜਾਤਪਾਤੀ ਵਿਵਸਥਾ ਦੇ ਵਿਰੋਧ ਵਜੋਂ ਉੱਭਰੀ ਭਗਤੀ ਲਹਿਰ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਦੇ ਲੇਖਕ ਭਾਰਤ ਚ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਬਦਲੇ ਹਾਲਾਤ ਨੂੰ ਵੀ ਚਿੰਨ੍ਹ ਤ ਕਰਦੇ ਹਨ ਅਤੇ ਬਰਤਾਨਵੀ ਹਕੂਮਤ ਦੇ ਸਿੱਟੇ ਵਜੋਂ ਪੈਦਾ ਹੋਏ ਗੈਰ-ਬਾਹਮਣ ਅੰਦੋਲਨ ਜਿਵੇਂ ਮਹਾਰਾਸ਼ਟਰ ਦਾ ਗ਼ੈਰ-ਬ੍ਰਾਹਮਣ ਅੰਦੋਲਨ, ਤਾਮਿਲਨਾਡੂ ਤੇ ਹੋਰ ਰਾਜਾਂ ਵਿੱਚ ਪਹਿਲੇ ਦਲਿਤ ਦੀ ਚਰਚਾ ਕੀਤੀ ਗਈ ਹੈ। ਪੁਸਤਕ ਲੇਖਕਾਂ ਨੇ ਸੰਨ ਸੰਤਾਲੀ ਦੀ ਵੰਡ ਤੋਂ ਬਾਅਦ ਦਲਿਤ ਚੇਤਨਾ ਵਿੱਚ ਆਏ ਬਦਲਾਓ ਖਾਸ ਕਰ ਕੇ ਰਾਖਵੇਂਕਰਨ ਦੀ ਨੀਤੀ ਆਦਿ ਨੂੰ ਸਾਡੇ ਸਨਮੁਖ ਪੇਸ਼ ਕੀਤਾ ਹੈ। ਇਸਦੇ ਨਾਲ ਹੀ ਰਾਖਵੇਂਕਰਨ ਸਬੰਧੀ ਲਹਿਰਾਂ ਤੋਂ ਇਲਾਵਾ ਅਜੋਕੇ ਦੌਰ ਦੀਆਂ ਉਠੀਆਂ ਦਲਿਤ ਪੈਂਥਰ ਵਰਗੀਆਂ ਬਗਾਵਤਾਂ ਨੂੰ ਵੀ ਸਮਝਣ ਤੇ ਸਮਝਾਉਣ ਦਾ ਯਤਨ ਕੀਤਾ ਹੈ। ਇਸ ਪੁਸਤਕ ਦਾ ਇੱਕ ਹੋਰ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਇਸ ਦੇ ਦੂਜੇ ਭਾਗ ਵਿਚ ਜਾਤਪਾਤੀ ਵਿਵਸਥਾ ਅਤੇ ਪੰਜਾਬ ਬਾਰੇ ਗੱਲ ਕੀਤੀ ਗਈ ਹੈ। ਲੇਖਕਾਂ ਨੇ ਪ੍ਰਾਚੀਨ ਤੇ ਮੱਧਕਾਲੀ ਪੰਜਾਬ ਦੀ ਸਮਾਜਿਕ ਆਰਥਿਕ ਬਣਤਰ ਨੂੰ ਸਮਝਦਿਆਂ ਸਿੱਖ ਧਰਮ ਦੀ ਉਤਪਤੀ ਉਪਰੰਤ ਦਲਿਤ ਚੇਤਨਾ ਚ ਆਏ ਬਦਲਾਓ ਨੂੰ ਸਾਹਮਣੇ ਲਿਆਂਦਾ ਹੈ। ਅਜਿਹਾ ਕਰਦਿਆਂ ਪੰਜਾਬ ਵਿਚਲੀ ਜਾਤਪਾਤੀ ਵਿਸ਼ੇਸ਼ਤਾ ਨੂੰ ਪਛਾਣਦਿਆਂ ਇੱਥੋਂ ਦੀ ਸਰਗਰਮ ਜਦੋ-ਜਹਿਦ ਤੇ ਦਲਿਤ ਚੇਤਨਾ ਦੇ ਪ੍ਰਭਾਵਾਂ ਨੂੰ ਪਕੜਣ ਦਾ ਯਤਨ ਕੀਤਾ ਹੈ। ਪੁਸਤਕ ਦੇ ਅੰਤਲੇ ਭਾਗ ਵਿੱਚ ਬੁਰਜੂਆ ਲੋਕਤੰਤਰ ਦੀ ਬਜਾਏ ਅਸਲੀ ਜਮਹੂਰੀਅਤ ਨੂੰ ਹੀ ਜਾਤਪਾਤੀ ਵਿਵਸਥਾ ਦਾ ਨਿਖੇਧ ਮੰਨਿਆ ਗਿਆ ਹੈ। ਇਸ ਭਾਗ ਚ ਹੀ ਜਾਤਪਾਤੀ ਵਿਵਸਥਾ ਨੂੰ ਖਤਮ ਕਰ ਲਈ ਉਠਾਈਆਂ ਜਾਣ ਵਾਲੀਆਂ ਮੰਗਾਂ ਤੇ ਕਾਰਜਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸ ਭਾਗ ਤੋਂ ਪਹਿਲੇ ਭਾਗ ਵਿੱਚ ਵਰਣ ਵਿਵਸਥਾ, ਜਾਤਪਾਤੀ ਵਿਗਿਆਨਕ ਤੇ ਤਕਨੀਕੀ ਵਿਕਾਸ ਦੇ ਆਪਸੀ ਸਬੰਧਾਂ ਨੂੰ ਦਰਸਾ ਕੇ ਇਸ ਕੋਹੜ ਤੋਂ ਛੁਟਕਾਰਾ ਪਾਉਂਣ ਦੇ ਵਿਗਿਆਨਕ ਨਜ਼ਰੀਏ ਵੱਲ ਸਾਡਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਗਈ ਹੈ। ਪੁਸਤਕ ਲੇਖਕਾਂ ਦਾ ਮੰਨਣਾ ਹੈ ਕਿ ਭਾਰਤ ਦੇ ਬਾਕੀ ਸੂਬਿਆਂ ਵਾਂਗ ਪੰਜਾਬ ਵਿੱਚ ਵੀ ਜਾਤਪਾਤੀ ਵੰਡ ਦੀਆਂ ਘ੍ਰਿਣਤ ਦੀਵਾਰਾਂ ਖੜ੍ਹੀਆਂ ਹਨ। ਇੱਥੇ ਸਮਾਜਿਕ ਧੜੇਬੰਦੀਆਂ ਤੋਂ ਲੈ ਕੇ ਸਿਆਸੀ ਧੜੇਬੰਦੀਆਂ ਤੱਕ ਜਾਤਪਾਤੀ ਵਿਵਸਥਾ ਚ ਨਿਰਣਾਇਕ ਰੋਲ ਅਦਾ ਕਰਦੀਆਂ ਆ ਰਹੀਆਂ ਹਨ। ਅਜਿਹੀ ਸਥਿਤੀ ਵਿੱਚ ਲੇਖਕਾ ਨੇ ਜਾਤਪਾਤੀ ਪ੍ਰਬੰਧ ਬਾਰੇ ਗੰਭੀਰ ਬਹਿਸ ਨੂੰ ਛੇੜਨ ਦਾ ਸਫ਼ਲ ਯਤਨ ਕੀਤਾ ਹੈ। ਲੇਖਕ ਦੱਸਣਾ ਚਾਹੁੰਦੇ ਹਨ ਕਿ ਜਾਤਪਾਤੀ ਜੀਵਨ ਜਾਂਚ ਨੇ ਕਿਸ ਤਰ੍ਹਾਂ ਸਦੀਆਂ ਤੋਂ ਸਾਡੀ ਮਾਨਸਿਕਤਾ ਨੂੰ ਬਦਲ ਦਿੱਤਾ ਹੈ। ਪੰਜਾਬ ਚ ਸਿੱਖ ਧਰਮ ਦੇ ਫੈਲਣ ਤੇ ਪਨਪਨ ਦੇ ਬਾਵਜੂਦ ਜਾਤਪਤੀ ਵਿਵਸਥਾ ਦਾ ਕੋਹੜ ਦਿਖਾਈ ਦਿੰਦਾ ਹੈ। ਅਜਿਹੀ ਸਥਿਤੀ ਚ ਜਾਤਪਾਤ ਦੇ ਬਹੁਤ ਸਾਰੇ ਬ੍ਰਾਹਮਣੀ ਸੰਸਕਾਰ ਅਖੌਤੀ ਉਚੇਰੀਆਂ ਜਾਤਾਂ ਰਾਹੀਂ ਇੱਥੋਂ ਦੀਆਂ ਨੀਵੀਆਂ ਜਾਤਾਂ ਉੱਪਰ ਥੋਪੇ ਜਾ ਰਹੇ ਹਨ। ਇਸ ਤਰ੍ਹਾਂ ਪੰਜਾਬ ਚ ਜਾਤੀ ਵਿਤਕਰੇ ਦੀਆਂ ਅਨੇਕਾਂ ਉਦਾਹਰਨਾਂ ਮਿਲ ਰੋਜ਼ਾਨਾ ਜ਼ਿੰਦਗੀ ਦੇ ਵੱਖ ਪਹਿਲੂਆਂ ਚ ਮਿਲ ਸਕਦੀਆਂ ਹਨ। ਇਸ ਬੌਧਿਕ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਲੇਖਕਾਂ ਦੀ ਚਿੰਤਾ ਅਤੇ ਚਿੰਤਨ ਹੀ ਇਸ ਪੁਸਤਕ ਦਾ ਹਾਸਲ ਹੈ। ਲੇਖਕਾਂ ਦੀ ਚੇਤਨਾ ਜਾਤਪਾਤੀ ਗ਼ੁਲਾਮੀ ਦਾ ਜੂਲਾ ਲਾਹ ਕੇ ਬਰਾਬਰੀ ਵਾਲੇ ਸਮਾਜ ਨੂੰ ਸਿਰਜਣ ਲਈ ਪ੍ਰੇਰਦੀ ਹੈ। ਇਹ ਪੁਸਤਕ ਸਮਾਜਕ ਨਾਬਰਾਬਰੀਆਂ ਵਾਲੇ ਮਾਹੌਲ ਵਿੱਚ ਵਿਗਿਆਨਕ ਵਿਕਾਸ ਦੀ ਪਰੰਪਰਾ ਨੂੰ ਅਗਾਂਹ ਵਧਾਉਣਾ ਚਾਹੁੰਦੀ ਹੈ। ਲੇਖਕ ਇਸ ਲਈ ਵੀ ਚਿੰਤਾਤੁਰ ਨਜ਼ਰ ਆਉਦੇ ਹਨ ਕਿ ਇਸ ਜਾਤਪਾਤੀ ਕੋਹੜ ਕਾਰਨ ਸਾਡੀ ਆਬਾਦੀ ਦੇ ਵਿਸ਼ਾਲ ਹਿੱਸੇ ਨੂੰ ਗਿਆਨ ਅਤੇ ਵਿਗਿਆਨ ਦੀ ਪ੍ਰਕਿਰਿਆ ਤੋਂ ਨਿਖੇੜੀ ਰੱਖਿਆ। ਸਿੱਟੇ ਵਜੋਂ ਬਿਨਾਂ ਕਿਸੇ ਵਿਗਿਆਨਕ ਨਜ਼ਰੀਏ ਤੋਂ ਅਤੇ ਬਿਨਾਂ ਕਿਸੇ ਵਿਗਿਆਨਕ ਤੇ ਫਲਸਫ਼ਾਨਾ ਰਹਿਨੁਮਾਈ ਤੋਂ ਹੀ ਭਾਰਤੀ ਕਲਾਵਾਂ ਤੇ ਵਿਗਿਆਨ ਨੇ ਆਪਣੀ ਪਹਿਚਾਣ ਬਣਾਉਣ ਦੀ ਅਸਫ਼ਲ ਕੋਸ਼ਿਸ਼ ਕੀਤੀ। ਲੇਖਕ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਆਪਣੇ ਜਾਤਪਾਤੀ ਵਿਵਸਥਾ ਦੀ ਕੋਹੜ ਕਾਰਨ ਇੱਥੇ ਜ਼ਿਆਦਾਤਰ ਰੁਝਾਨ ਅਮੂਰਤ ਚਿੰਤਨ ਅਤੇ ਅਧਿਆਤਮਵਾਦ ਵੱਲ ਹੀ ਰਹੇ। ਇਸ ਸਭ ਕਾਸੇ ਦੀ ਸਾਡੇ ਸਮਾਜ ਨੂੰ ਭਾਰੀ ਕੀਮਤ ਚੁਕਾਉਣੀ ਪਈ। ਇਹ ਭਾਰੀ ਕੀਮਤ ਅੱਜ ਵੀ ਭਾਰਤੀ ਤੇ ਪੰਜਾਬੀ ਸਮਾਜ ਚੁਕਾ ਰਿਹਾ ਹੈ। ਕੁੱਲ ਮਿਲਾ ਕੇ ਹਥਲੀ ਪੁਸਤਕ ਭਾਰਤੀ ਜਾਤੀ ਵੰਡ ਨੂੰ ਸਮਝਣ ਦਾ ਇੱਕ ਸਾਰਥਿਕ ਉਪਰਾਲਾ ਹੈ। ਦੋਵੇਂ ਲੇਖਕਾਂ ਨੇ ਜਾਤਪਾਤੀ ਪ੍ਰਵਚਨ ਦੇ ਦਵੰਦਵਾਦੀ ਚਰਿੱਤਰਾਂ ਨੂੰ ਰੇਖਾਂਕਤ ਕਰਦਿਆਂ ਦਲਿਤ ਚੇਤਨਾ ਦੀਆਂ ਵੱਖ ਵੱਖ ਪਰਤਾਂ ਨੂੰ ਪੇਸ਼ ਕਰਨ ਦਾ ਗੰਭੀਰ ਯਤਨ ਕੀਤਾ ਹੈ। ਅਜੋਕੇ ਦੌਰ ਵਿੱਚ ਇਹ ਪੁਸਤਕ ਸੰਵਾਦ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਸਾਹਮਣੇ ਲਿਆਵੇਗੀ।

ਆਮੀਨ !

**ਡਾ ਭੀਮਇੰਦਰ ਸਿੰਘ**
**ਪ੍ਰੋਫੈਸਰ ਤੇ ਮੁਖੀ**
**ਪੰਜਾਬੀ ਸਾਹਿਤ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**



**ਜਮਹੂਰੀ ਅਧਿਕਾਰ ਸਭਾ ਪੰਜਾਬ ਬਠਿੰਡਾ ਇਕਾਈ ਵੱਲੋਂ ਔਰਤ ਦਿਵਸ ਦੇ ਸਬੰਧ ਵਿੱਚ ਹੋਰਨਾਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਟੀਚਰਜ ਹੋਮ ਵਿਖੇ ਕੀਤੇ ਗਏ ਪ੍ਰੋਗਰਾਮ ਦੌਰਾਨ ਡਾ ਬਲਜਿੰਦਰ ਅਤੇ ਡਾ ਅਜੀਤ ਪਾਲ ਸਿੰਘ ਵੱਲੋਂ ਲਿਖੀ ਗਈ ਪੁਸਤਕ-''ਭਾਰਤ ਦੀ ਜਾਤਪਾਤੀ ਵਿਵਸਥਾ-ਵਿਗਿਆਨਕ ਵਿਸਲੇਸਣ'' ਰਿਲੀਜ ਕੀਤੀ ਗਈ।**

Kirei Sales Inc
HARJIT S. SAHOTA
Sales Manager
Tel : 604-593-7755 Fax : 604-593-7722
Email : thekireisales@hotmail.com
12652 82nd Avenue, Surrey, BC Canada
Wholesaler : Plumbing & Kitchen Fixtures

Galaxy Kitchen Cabinets Ltd
Residential & Commercial
* Custom Cabinets
* Countertops
* Vanities Bars
* Entertainment Units
Call for Free Estimate :
Sarbjit S Mangat 778-549-4740
#12 -13325 - 76 Ave. Surrey BC V2W 2V8 | F. 604-503-0058

KENNEDY MECHANICAL LTD.
Plumbing & Radiant Heat
Bob Dhesi 778-709-1115
Sukhi Johal 604-339-8717
7985 133 A Street Surrey, BC V3W 4R4
Plumbing . Gas Fitting . Radiant Heat

Kulwant S. Dhesi ( Kelly)
President & CEO
DHESI Enterprises
Specialize in: Flatbed, Stepdeck
RGN & Multiple Axle
: (604) 501-3934
: (604) 501-3953
: (604) 780-6115
: kelly@dhesient.com
: www.dhesient.com
12454 - 110 Avenue
Surrey, BC V3V 3J6
Toll Free 1-866-501-3101
Fax Free 1-866-501-3102

# ਨਕਸਲਬਾੜੀ ਲਹਿਰ ਦੇ ਸ਼ਹੀਦ ਬਖਸ਼ੀਸ਼ ਸਿੰਘ ਮੋਰਕਰੀਮਾਂ ਦੀ 55ਵੀਂ ਬਰਸੀ ਮਨਾਈ



ਸਾਥੀ ਬਖਸੀਸ ਸਿੰਘ ਮੋਰਕਰੀਮਾ ਦੀ ਸਲਾਨਾ ਬਰਸੀ ਨੂੰ ਸੰਬੋਧਨ ਕਰਦੇ ਹੋਏ ਗੁਰਮੇਲ ਸਿੰਘ ਭਰੋਵਾਲ ਪ੍ਰਧਾਨ ਸਹਿਕਾਰਤਾ ਮੰਚ ਪੰਜਾਬ

- ਬਲਜਿੰਦਰ ਸਿੰਘ -

ਨਕਸਲਬਾੜੀ ਲਹਿਰ ਦੇ ਸ਼ਹੀਦ ਬਖਸ਼ੀਸ਼ ਸਿੰਘ ਮੋਰਕਰੀਮਾਂ ਦੀ 55ਵੀਂ ਬਰਸੀ ਅੱਜ ਉਨ੍ਹਾਂ ਦੇ ਪਿੰਡ ਵਿਖੇ ਸ਼ਹੀਦੀ ਯਾਦਗਾਰ ਤੇ ਮਨਾਈ ਗਈ। ਇਨਕਲਾਬੀ ਕੇਂਦਰ ਪੰਜਾਬ ਵਲੋਂ ਕਰਵਾਏ ਬਰਸੀ ਸਮਾਗਮ ਵਿੱਚ ਚੜਣ ਵਾਲਿਓ ਹੱਕਾਂ ਦੀ ਭੇਟ ਉਤੇ ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆਂ ਦੇ ਸ਼ਰਧਾਂਜਲੀ ਗੀਤ ਦੌਰਾਨ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਲਖਵੀਰ ਸਿਧੂ ਨੇ ਗੀਤ ਸੰਗੀਤ ਪੇਸ਼ ਕੀਤਾ। ਇਸ ਸਮੇਂ ਅਪਣੇ ਸੰਬੋਧਨ ਚ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਜਸਵੰਤ ਜੀਰਖ, ਰਜਿੰਦਰ ਸਿੰਘ, ਹਰਜਿੰਦਰ ਕੌਰ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕਾਮਰੇਡ ਸੁਰਿੰਦਰ ਸਿੰਘ, ਸਾਬਕਾ ਅਧਿਆਪਕ ਆਗੂ ਜਸਦੇਵ ਸਿੰਘ ਲਲਤੋਂ, ਡੀ ਟੀ ਐਫ ਆਗੂ ਕੁਲਵਿੰਦਰ ਸਿੰਘ, ਕਿਸਾਨ ਆਗੂਆਂ ਇੰਦਰਜੀਤ ਸਿੰਘ ਧਾਲੀਵਾਲ, ਗੁਰਮੇਲ ਸਿੰਘ ਭਰੋਵਾਲ, ਸ਼ਹੀਦ ਦੇ ਵੱਡੇ ਭਰਾ ਮਾਸਟਰ ਸੁਰਜੀਤ ਸਿੰਘ ਨੇ ਕਿਹਾ ਕਿ ਗਰੀਬ ਕਿਸਾਨਾਂ ਮਜਦੂਰਾਂ ਦੀ ਮੁਕਤੀ ਲਈ ਹਥਿਆਰਬੰਦ ਇਨਕਲਾਬ ਦੇ ਰਾਹ ਤੁਰੇ ਇਨਕਲਾਬੀਆਂ ਦੇ ਬਾਦਲ ਹਕੂਮਤ ਵਲੋਂ ਝੂਠੇ ਪੁਲਸ ਮੁਕਾਬਲੇ ਬਣਾ ਕੇ 80 ਦੇ ਕਰੀਬ ਸ਼ਹੀਦ ਕੀਤਾ ਸੀ। ਇਹ ਨੌਜਵਾਨ ਅਪਣੀ ਨਿਜੀ ਜਿੰਦਗੀ ਤਿਆਗ ਕੇ ਲੁੱਟ ਰਹਿਤ ਸਮਾਜ ਦੀ ਸਥਾਪਨਾ ਲਈ ਘਰਾਂ ਤੋ ਨਿਕਲੇ ਸਨ ਪਰ ਲੁਟੇਰੀਆਂ ਹਕੂਮਤਾਂ ਨੇ ਪੁਲਸ ਜਬਰ ਰਾਹੀਂ ਖਪਾ ਕੇ ਅਪਣੇ ਰਾਜ ਦੀ ਉਮਰ ਲੰਮੀ ਕਰ ਲਈ। ਉਨ੍ਹਾਂ ਕਿਹਾ ਕਿ ਉਸ ਦੌਰ ਚ ਨਵਾਂਸ਼ਹਿਰ ਰੇਲਵੇ ਸਟੇਸ਼ਨ ਤੇ ਹੋਇਆ ਇਕੋ ਇਕ ਸਿਧਾ ਮੁਕਾਬਲਾ ਸੀ ਜਿਸ ਵਿਚ ਗੁਰੂਨਾਨਕ ਇੰਜ ਕਾਲਜ 'ਚ ਪੜ੍ਹਦਾ ਬਖਸ਼ੀਸ਼ ਸ਼ਹੀਦ ਹੋਇਆ ਸੀ। ਬੁਲਾਰਿਆਂ ਨੇ ਕਿਹਾ ਕਿ ਚਿਹਰੇ ਬਦਲਣ ਨਾਲ ਸਿਸਟਮ ਨਹੀ ਬਦਲਣ ਵਾਲਾ ਹੈ। ਇਸ ਸਮੇਂ ਸ਼ਹੀਦੀ ਯਾਦਗਾਰ ਤੇ ਸ਼ਹੀਦ ਦੇ ਵਡੇ ਭਾਈ ਵਲੋਂ ਸ਼ਹੀਦੀ ਯਾਦਗਾਰ ਤੇ ਨਾਰਿਆਂ ਦੀ ਗੂੰਜ 'ਚ ਝੰਡਾ ਝੁਲਾਉਣ ਦੀ ਰਸਮ ਅਦਾ ਕੀਤੀ ਗਈ। ਇਸ ਸਮੇਂ ਤੇਈ ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੜ੍ਹ, ਸੁਖਦੇਵ ਦੇ ਸ਼ਹੀਦੀ ਦਿਨ ਤੇ ਸਵੇਰੇ ਦਸ ਵਜੇ ਰੇਲਵੇ ਸਟੇਸ਼ਨ ਜਗਰਾਂਓ ਵਿਖੇ ਇਕੱਤਰ ਹੋ ਕੇ ਕੀਤੇ ਜਾ ਰਹੇ ਸ਼ਰਧਾਂਜਲੀ ਮਾਰਚ ਕੀਤਾ ਗਿਆ।

# ਕੈਨੇਡਾ ਦੇ ਵਿਦਿਆਰਥੀ ਸੰਘਰਸ਼ ਦੀ ਅੰਸ਼ਿਕ ਜਿੱਤ ਪਰ ਸੰਘਰਸ਼ ਜਾਰੀ




**ਅਦਾਰਾ ਸਰੋਕਾਰਾਂ ਦੀ ਅਵਾਜ਼**

ਮੌਂਟਰੀਅਲ ਦੇ ਤਿੰਨ ਕਾਲਜਾਂ ਦੇ ਬੰਦ ਹੋਣ ਨਾਲ ਭਾਰਤ ਅਤੇ ਕੈਨੇਡਾ ਦੇ ਸੈਂਕੜੇ ਵਿਦਿਆਰਥੀਆਂ ਲਗਾਤਾਰ ਸੰਘਰਸ਼ ਦੇ ਰਾਹ ਪਏ ਹੋਏ ਹਨ। ਅੱਜ ਪ੍ਰੈੱਸ ਨਾਲ ਗੱਲਬਾਤ ਕਰਦਿਆਂ 'ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ' ਦੇ ਆਗੂ ਵਰੁਣ ਖੰਨਾ, ਹਰਿੰਦਰ ਸਿੰਘ ਅਤੇ ਮਨਜੋਤ ਸਿੰਘ ਨੇ ਕਿਹਾ ਕਿ ਬੀਤੀ 14 ਮਾਰਚ ਨੂੰ ਮੌਂਟਰੀਅਲ ਦੀ ਅਦਾਲਤ ਵੱਲੋਂ ਵਿਦਿਆਰਥੀਆਂ, ਤਿੰਨ ਕਾਲਜਾਂ ਦੇ ਪ੍ਰਬੰਧਕਾਂ (ਰਾਈਸਿੰਗ ਫੀਨਿਕਸ ਗਰੁੱਪ) ਅਤੇ ਦੋਹਾਂ ਧਿਰਾਂ ਦੀ ਦੇ ਵਕੀਲਾਂ ਦੀ ਮਾਣਯੋਗ ਜੱਜ ਨਾਲ ਵਰਚੂਅਲ ਸੁਣਵਾਈ ਹੋਈ। ਲੰਮੀ ਵਿਚਾਰ-ਚਰਚਾ ਵਿੱਚੋਂ ਸੰਘਰਸ਼ ਕਰ ਰਹੇ ਵਿਦਿਆਰਥੀਆਂ ਦੇ ਹੱਕ ਵਿੱਚ ਕੁਝ ਫੈਸਲੇ ਸਾਹਮਣੇ ਆਏ ਹਨ। (1) ਬੰਦ ਹੋਏ ਤਿੰਨ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਪੜ੍ਹਾਈ ਪੂਰੀ ਕਰਵਾਈ ਜਾਵੇਗੀ। ਪੜ੍ਹਾਈ ਮਾਰਚ ਦੇ ਅਖੀਰਲੇ ਹਫਤੇ ਸ਼ੁਰੂ ਹੋ ਜਾਵੇਗੀ। (2) ਕੈਨੇਡਾ ਦੇ ਇਹਨਾਂ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਸੀਏਕਿਊ (Quebec Acceptance Certificate) ਅਤੇ ਸਟੱਡੀ ਪਰਮਿਟ ਜਲਦ ਹੀ ਮਨਜ਼ੂਰ ਕਰ ਦਿੱਤੇ ਜਾਣਗੇ।(3) ਵਿਦਿਆਰਥੀਆਂ ਨੂੰ ਹਫਤੇ ਵਿੱਚ 20 ਘੰਟੇ ਕੰਮ ਕਰਨ ਦੀ ਪਾਬੰਧੀ ਖਤਮ ਕਰ ਦਿੱਤੀ ਗਈ ਹੈ। (4) ਭਾਰਤ ਵਿੱਚ ਜਿੰਨ੍ਹਾਂ ਵਿਦਿਆਰਥੀਆਂ (308) ਨੇ ਹਜ਼ਾਰਾਂ ਡਾਲਰ ਫੀਸ ਜਮ੍ਹਾ ਕਰਵਾਈ ਸੀ ਪਰ ਵੀਜਾ ਨਹੀਂ ਸੀ ਮਿਲਿਆ, ਉਹਨਾਂ ਨੂੰ ਪੂਰੀ ਫੀਸ ਵਾਪਸ ਮਿਲੇਗੀ। ਇਸਤੋਂ ਬਿਨਾਂ ਭਾਰਤ ਵਿੱਚ ਰਹਿੰਦੇ 502 ਵਿਦਿਆਰਥੀਆਂ ਨੂੰ ਪੂਰੀ ਫੀਸ ਵਾਪਸ ਦੇਣ ਦੀ ਬਜਾਇ ਸਟੱਡੀ ਵੀਜਾ ਦੁਬਾਰਾ ਅਪਲਾਈ ਕਰਨ ਲਈ ਕਿਹਾ ਗਿਆ। ਪਰੰਤੂ ਇਹ 502 ਵਿਦਿਆਰਥੀ ਪੂਰੀ ਫੀਸ ਵਾਪਸੀ ਦੀ ਮੰਗ ਉੱਤੇ ਅੜੇ ਹੋਏ ਹਨ। ਇਸਦੀ ਅਗਲੀ ਸੁਣਵਾਈ ਮਾਰਚ ਮਹੀਨੇ ਦੇ ਅਖੀਰ ਤੇ ਹੋਵੇਗੀ। ਭਾਰਤ ਵਿੱਚ ਇਹ ਵਿਦਿਆਰਥੀ 24 ਮਾਰਚ ਨੂੰ ਜਲੰਧਰ ਵਿੱਚ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ। ਇਸਦੇ ਨਾਲ ਹੀ ਕੈਨੇਡਾ ਦੀ ਵਿਦਿਆਰਥੀਆਂ ਦੀ ਜੱਥੇਬੰਦੀ 'ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ' ਵੱਲੋਂ ਭਾਰਤ ਦੇ 502 ਵਿਦਿਆਰਥੀਆਂ ਦੀ ਪੂਰੀ ਫੀਸ ਵਾਪਸੀ ਤੱਕ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਪਿਛਲੇ ਦਿਨੀਂ ਮੌਂਟਰੀਅਲ ਤੋਂ ਕਲਾਸਾਂ ਲਾ ਕੇ ਬਰੈਪਟਨ ਪਰਤ ਰਹੇ ਵਿਦਿਆਰਥੀ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਇਸਤੇ ਵਿਦਿਆਰਥੀ ਆਰਗੇਨਾਈਜੇਸ਼ਨ ਵੱਲੋਂ ਉਹਨਾਂ ਵਿਦਿਆਰਥੀਆਂ ਦੇ ਕਾਲਜ ਵਿੱਚ ਰੱਖੇ ਸੋਗ ਸਮਾਗਮ ਵਿੱਚ ਸ਼ਾਮਲ ਹੋਕੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਇਸੇ ਤਰਾਂ ਯੂਕਰੇਨ ਵਿੱਚ ਕੌਮਾਂਤਰੀ ਵਿਦਿਆਰਥੀ ਘੋਰ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਨ। ਉਹਨਾਂ ਕਿਹਾ ਕਿ ਕੌਮਾਂਤਰੀ ਵਿਦਿਆਰਥੀਆਂ ਦਾ ਸੰਕਟ ਵਿਸ਼ਵਵਿਆਪੀ ਹੈ ਅਤੇ ਵਿਦਿਆਰਥੀਆਂ ਨੂੰ ਕੌਮਾਂਤਰੀ ਪੱਧਰ ਦੀ ਜੱਥੇਬੰਦੀ ਬਣਾਕੇ ਵਿਦਿਆਰਥੀ ਹੱਕਾਂ ਲਈ ਅਵਾਜ਼ ਉਠਾਉਣ ਦੀ ਜਰੂਰਤ ਹੈ।

**ਵਰੁਣ ਖੰਨਾ** +1 (514) 546-8202,
**ਹਰਿੰਦਰ ਸਿੰਘ** : +1 (647) 804-2419












# ਕਾਮਾ ਇਸਤਰੀਆਂ ਦੀ ਨਿੱਘਰ ਰਹੀ ਆਰਥਿਕ ਦਸ਼ਾ

(ਸਫ਼ਾ 9 ਦੀ ਬਾਕੀ)

ਪ੍ਰਕਿਰਿਆ ਨੇ ਆਰਥਿਕ ਤੇ ਸਮਾਜਿਕ ਦੋਹਾਂ ਖੇਤਰਾਂ ਵਿਚ ਲਿੰਗਕ ਸ਼ੋਸ਼ਣ ਦੇ ਨਵੇਂ ਰੂਪ ਲੈ ਆਂਦੇ ਹਨ। ਇਸ ਦੇ ਫਲ-ਸਰੂਪ ਇਸਤਰੀਆਂ ਵਿਰੁੱਧ ਹਰ ਵਰਗ ਅੰਦਰ ਸ਼ੋਸ਼ਣ ਵਿਚ ਵਾਧਾ ਹੋ ਰਿਹਾ ਹੈ।

ਇਸ ਵਿਚ ਕਿੰਨੀ ਕੁ ਸਚਾਈ ਹੈ, 'ਸਾਨੂੰ ਪਿਛਲੇ ਯੁਗਾਂ-ਕਬੀਲਦਾਰੀ, ਗੁਲਾਮਦਾਰੀ, ਜਾਗੀਰਦਾਰੀ ਅਤੇ ਅੱਜ ਦੀ ਸੁਰਮਾਏਦਾਰੀ ਯੁਗ ਦਾ ਵਿਸ਼ਲੇਸ਼ਣ ਵੀ ਕਰਨਾ ਪਏਗਾ? ਕੁਝ ਸਮੇਂ ਪਹਿਲਾਂ ਸਾਡੇ ਪਹਿਲੇ ਵਿਗਿਆਨੀਆਂ ਨੇ ਦੱਖਣੀ ਅਮਰੀਕਾ ਦੀ "ਇੰਡੀਜ਼ ਪ੍ਰਬਤਮਲਾ" 'ਚ ਨੌ ਹਜ਼ਾਰ (9000 ਸਾਲ) ਸਾਲ ਪੁਰਾਣੀ ਇਕ ਅਜਿਹੀ ਜਗ੍ਹਾ ਦੀ ਖੋਜ ਕੀਤੀ ਸੀ ਜਿਥੇ ਸ਼ਿਕਾਰੀ ਇਸਤਰੀਆਂ ਨੂੰ ਦਫ਼ਨਾਇਆ ਜਾਂਦਾ ਸੀ। ਇਸ ਖੋਜ ਨੇ ਉਨ੍ਹਾਂ ਸਾਰੀਆਂ ਹੀ ਵਿਚਾਰਧਾਰਾਵਾਂ (ਦੰਦ ਕਥਾਵਾਂ) ਤੇ ਧਾਰਨਾਵਾਂ ਨੂੰ ਚੁਣੌਤੀ ਦਿੱਤੀ ਹੈ। ਜਿਸ ਰਾਹੀ ਕੇਵਲ ਇਸਤਰੀਆਂ ਨੂੰ ਸਰੀਰਕ ਰੂਪ ਕਰ ਕੇ ਕਮਜ਼ੋਰ ਸਮਝਿਆ ਜਾਂਦਾ ਰਿਹਾ ਹੈ। ਬਲਕਿ ਇਸ ਸੱਚ ਨੂੰ ਵੀ ਨਿਕਾਰ ਦਿੱਤਾ ਹੈ ਕਿ ਜਿਸ ਵਿਚ ਇਹ ਕਿਹਾ ਜਾਂਦਾ ਹੈ, 'ਕਿ ਸ਼ੁਰੂ ਵਿਚ ਜਦੋਂ ਮਨੁੱਖ ਨੂੰ ਭੋਜਨ ਦੀ ਲੋੜ ਪਈ ਤਾਂ! ਮਰਦ ਸ਼ਿਕਾਰ ਕਰਦੇ ਸੀ ਅਤੇ ਇਸਤਰੀਆਂ ਭੋਜਨ ਇਕੱਠਾ ਕਰਦਿਆਂ ਸਨ।' 'ਸਾਇੰਸ ਐਡਵਾਂਸ ਜਨਰਲ' ਵਿਚ ਛੱਪਿਆ ਇਹ ਲੇਖ ਉਹਨਾਂ ਧਾਰਨਾਵਾਂ ਦੇ ਬਿਲਕੁਲ ਉਲਟ ਹੈ। ਜਿਸ ਦੇ ਹਿਸਾਬ ਨਾਲ ਇਹ ਮਨਿਆਂ ਜਾਂਦਾ ਸੀ, ਕਿ ਉਸ ਸਮੇਂ ਸਮਾਜ ਦਾ ਢਾਂਚਾ ਇਕ, 'ਹੰਟਰ ਗੈਦਰਰ ਸੋਸਾਇਟੀ' ਦੇ ਰੂਪ ਵਿਚ ਸੀ। ਭਾਵ! ਭੋਜਨ ਲਈ ਮਿਲ ਕੇ ਸਾਰਾ ਟੱਬਰ (ਪ੍ਰੀਵਾਰ) ਕੰਮ ਕਰਦਾ ਸੀ।

ਸ਼ੋਧ ਕਰਤਾ ਇਸ ਅਧਾਰ 'ਤੇ ਕਹਿੰਦੇ ਹਨ ਕਿ ਲਿੰਗਕ ਕੰਮ ਦੀ ਵੰਡ ਕੋਈ ਇਹੋ ਜਿਹੀ ਗੱਲ ਨਹੀਂ ਹੈ, ਵਾਸਤਵਿਕ ਵਿਚ ਇਹ ਹੁਣ ਕੰਮ ਦੀ ਵੰਡ ਲਿੰਗ ਦੇ ਭਿੰਨ-ਭੇਦ 'ਚ ਕਿਸੇ ਪ੍ਰਾਕ੍ਰਿਤੀ ਦੇ ਅਧਾਰ ਦਾ ਕੋਈ ਕਾਰਨ ਨਹੀਂ ਹੈ। ਇਹ ਤਾਂ ਸਿਰਫ ਰਾਜ ਸੱਤਾ ਤੇ ਕਾਬਜ ਸਮਾਜਿਕ ਢਾਂਚੇ ਦੀ ਅਤੇ ਦੇਸ਼ ਦੇ ਹਾਕਮਾਂ ਦੀ ਸੌੜੀ ਰਾਜਨੀਤੀ ਦੀ ਹੀ ਦੇਣ ਹੈ! ਜਿਥੇ ਮੂਲ ਮਕਸਦ ਇਸਤਰੀਆਂ ਪਾਸੋ ਸੱਤਾ ਹਥਿਆਣਾ ਹੀ ਹੈ। ਸਭ ਤੋਂ ਦੁੱਖਦਾਈ ਗੱਲ ਇਹ ਹੈ, 'ਕਿ ਅੱਜ ਵੀ ਲਿੰਗਕ ਵਿਤਕਰੇ ਜਾਰੀ ਹਨ ਅਤੇ ਇਹ ਘਟਣ ਦੀ ਵਜਾਏ ਤੇਜੀ ਨਾਲ ਵੱਧ-ਫੁੱਲ ਰਹੇ ਹਨ।

ਪਹਿਲੇ ਸੰਸਾਰ ਯੁੱਧ ਤੋਂ ਪਹਿਲਾਂ ਭਾਵ! 18ਵੀ ਸਦੀ ਦੇ ਅੰਤ ਤੱਕ ਇਸਤਰੀਆਂ ਸਿਰਫ ਕੱਪੜੇ ਬੁਣਨ ਜਾਂ ਕੱਪੜਿਆਂ ਦੇ ਕੰਮ ਕਾਜ, ਸੀਨ-ਪ੍ਰੋਣ ਜਿਹੇ ਕੰਮ ਅਤੇ ਘਰੇਲੂ ਕੰਮਾਂ 'ਚ ਹੀ ਸਰਗਰਮ ਰਹਿੰਦੀਆਂ ਸਨ। ਉਨ੍ਹਾਂ ਨੂੰ ਘੱਟ ਤਨਖਾਹਾਂ ਤੇ ਜੋਖਮ-ਭਰੇ ਤੇ ਘੱਟੀਆ ਕੰਮ ਹੀ ਕਰਨੇ ਪੈਂਦੇ ਸਨ। ਪ੍ਰੰਤੂ! ਪਹਿਲੇ ਵਿਸ਼ਵ ਯੁੱਧ ਦੌਰਾਨ ਇਸਤਰੀਆਂ ਨੂੰ ਪਹਿਲਾਂ ਤੋਂ ਹੀ ਚਲੇ ਆ ਰਹੇ ਕੰਮਾਂ ਤੇ ਕੰਮ ਕਰਨ ਲਈ ਪ੍ਰੇਰਿਆ। ਕਿਉਂਕਿ ਰਿਸ਼ਟ-ਪੁਸ਼ਟ ਮਰਦ ਸੈਨਾਂ ਵਿਚ ਭਰਤੀ ਹੋਣ ਕਰ ਕੇ ਉਨ੍ਹਾਂ ਦੀ ਥਾਂ ਇਸਤਰੀਆਂ ਨੇ ਪਹਿਲੇ ਕੰਮਾਂ ਨੂੰ ਹੀ ਤਰਜ਼ੀਹ ਦਿੱਤੀ। ਜਦ ਕਿ ਪੁਰਾਣੀ ਧਾਰਨਾ ਅਨੁਸਾਰ ਉਸ ਸਮੇ ਇਸਤਰੀਆਂ ਨੂੰ ਇਹੀ ਕਿਹਾ ਜਾਂਦਾ ਸੀ ਕਿ ਤੁਹਾਡਾ ਸਥਾਨ (ਜਗ੍ਹਾ) ਘਰਾਂ ਵਿਚ ਹੀ ਰਹਿਣ ਦਾ ਹੈ। ਬੱਚਿਆਂ ਤੇ ਬਜ਼ੁਰਗਾਂ ਦੀ ਪਰਵਰਿਸ਼ ਤੇ ਘਰੇਲੂ ਕੰਮ ਕੀਤਾ ਜਾਵੇ। ਪਰ! ਸਮਾਜ ਅੰਦਰ ਹਾਲਾਤਾਂ ਕਾਰਨ ਉਭਰੀਆਂ ਆਪਣੀਆਂ ਮਜਬੂਰੀਆਂ ਨੇ ਉਨ੍ਹਾਂ ਦਾ ਅਹਿਸਾਸ ਵੀ ਕਰਾਇਆ ਗਿਆ।

ਆਪਣੇ ਘਰਾਂ ਦੀ ਵਿਗੜ ਰਹੀ ਆਰਥਿਕ ਵਿਵਸਥਾ ਨੂੰ ਸੁਧਾਰਨ ਲਈ ਇਸਤਰੀਆਂ ਨੂੰ ਉਸ ਸਮੇਂ ਵੀ ਆਵਾਜਾਈ, ਹਸਪਤਾਲ, ਉਦਯੋਗਿਕ ਖੇਤਰਾਂ ਵਿਚ ਅਤੇ ਹਥਿਆਰਾਂ ਦੀਆਂ ਫੈਕਟਰੀਆਂ ਵਿਚ ਵੀ ਕੰਮ ਕਰਨਾ ਪਿਆ। ਇਸਤਰੀਆਂ ਨੂੰ, ਇਥੋਂ ਤਕ ਖ਼ਤਰਨਾਕ ਥਾਵਾਂ, ਵਿਸਫੋਟਕ ਫੈਕਟਰੀਆਂ ਜਿਥੇ ਯੁੱਧ ਲਈ ਲੜਾਈ ਲੜੇ ਜਾਣ ਲਈ ਗੋਲੀ ਸਿੱਕਾ ਤਿਆਰ ਕੀਤਾ ਜਾਂਦਾ ਸੀ ਦੇ ਸਮੇਂ ਵੀ ਆਪਣੀ ਜ਼ਿੰਦਗੀ ਨੂੰ ਜੋਖ਼ਮ 'ਚ ਪਾ ਕੇ ਕੰਮ ਕਰਨਾ ਪਿਆ। ਇਹੋ ਜਿਹੇ ਖ਼ਤਰਨਾਕ ਥਾਵਾਂ ਤੇ ਜਾ ਕੇ ਉਨ੍ਹਾਂ ਕਾਰਖਾਨਿਆਂ ਵਿਚ ਜਿਥੇ ਖ਼ਤਰਨਾਕ ਜ਼ਹਿਰੀਲੀਆਂ ਰਸਾਇਣਾਂ ਹੁੰਦੀਆਂ ਸਨ ਜਿਥੇ ਮਜ਼ਦੂਰ ਇਸਤਰੀਆਂ ਦੀ ਸਰੀਰਕ ਚਮੜੀ ਇਨ੍ਹਾਂ ਜ਼ਹਿਰੀਲੀਆਂ ਰਸਾਇਣਾਂ ਕਾਰਨ ਪੀਲੀ ਹੋਣ ਲੱਗ ਪਈ 'ਤੇ ਕੰਮ ਕਰਨਾ ਪਿਆ, ਜਿਸ ਕਰਕੇ ਉਨ੍ਹਾਂ ਦੀ ਸਿਹਤ ਖ਼ਰਾਬ ਹੋਣ ਲੱਗ ਪਈ ਅਤੇ ਇਹੋ ਜਿਹੀਆਂ ਖਰਾਬ ਚਮੜੀ ਵਾਲੀਆਂ ਇਸਤਰੀਆਂ ਨੂੰ "ਕੈਨਰੀ" ਦਾ ਨਾਂ ਦਿੱਤਾ ਗਿਆ ਸੀ। "ਇਸਤਰੀਆਂ ਦੀ ਘੱਟ ਤਾਕਤ ਤੇ ਵਿਸ਼ੇਸ਼ ਸਿਹਤ ਸੱਮਸਿਆਵਾਂ ਦਾ ਉਲਾਹਮਾਂ ਦੇਣ ਵਾਲੀ ਵਿਵਸਥਾ 1919-ਵਿਚ "ਦੀ ਸੈਕਸ ਡਿਸਕੁਐਲੀਫਿਕੇਸ਼ਨ ਕਾਨੂੰਨ" ਪਾਸ ਕਰਨਾ ਪਿਆ। ਇਸ ਕਾਨੂੰਨ ਅੰਦਰ ਲਿੰਗ ਭੇਦ-ਭਾਵ ਦੇ ਕਾਰਨ ਇਸਤਰੀਆਂ ਨੂੰ ਨੌਕਰੀ ਤੋਂ ਬਾਹਰ ਕਰਨਾ ਗੈਰ ਕਾਨੂੰਨੀ ਹੋਵੇਗਾ, ਪ੍ਰੰਤੂ! ਠੀਕ ਉਸ ਸਮੇ ਹੀ ਮਰਦਾਂ ਨੇ ਇਸ ਕਾਨੂੰਨ ਜਾਂ ਨਿਯਮ ਤੋਂ ਆਪਣੇ ਆਪ ਨੂੰ ਬਚਾਉਣ ਲਈ, "ਮਰਦ ਪ੍ਰਧਾਨ ਸੱਤਾ ਕੇਂਦਰਤ ਵਿਚਾਰਧਾਰਾ ਅਧੀਨ, "ਦੀ ਰੈਸਟੋਰੇਸ਼ਨ ਆਫ ਪਰੀ-ਵਾਰ ਪ੍ਰੈਕਟਿਸ ਐਕਟ 1919" ਨੂੰ ਪਾਸ ਕਰਵਾ ਲਿਆ।"

ਇਸ ਕਾਨੂੰਨ ਦੇ ਬਣਨ ਨਾਲ ਬਹੁਤ ਸਾਰੀਆਂ ਫੈਕਟਰੀਆਂ, ਕਾਰਖਾਨਿਆਂ ਅਤੇ ਹੋਰ ਥਾਵਾਂ ਤੇ ਮਿਹਨਤ-ਮਜ਼ਦੂਰੀ ਕਰਨ ਵਾਲਿਆਂ ਇਸਤਰੀਆਂ ਨੂੰ ਯੁੱਧ ਦੇ ਸਮੇ ਤੇ ਕੰਮ ਕਰਨ ਵਾਲੀਆਂ ਥਾਵਾਂ ਨੂੰ ਛੱਡਣ ਲਈ ਮਜ਼ਬੂਰ ਕੀਤਾ ਗਿਆ, ਤਾਂ ਜੋ ਯੁੱਧ ਖ਼ਤਮ ਹੋਣ ਤੋਂ ਬਾਦ ਆਉਣ ਵਾਲੇ ਮਰਦ ਉਨ੍ਹਾਂ ਦੀ ਥਾਂਵਾਂ ਤੇ ਕੰਮਾਂ ਤੇ ਲਗ ਸਕਣ। ਇਹ ਇਸਤਰੀ ਵਰਗ ਨਾਲ ਇਕ ਵੱਡਾ ਖਿਲਵਾੜ ਕੀਤਾ ਗਿਆ, ਜੋ ਉਨ੍ਹਾਂ ਨਾਲ ਵਧੀਕੀ ਸੀ। ਇਸਤਰੀਆਂ ਨੂੰ ਉਹ ਕੰਮ ਮਰਦਾਂ ਨੂੰ ਦੇਣ ਕਰਕੇ ਫਿਰ ਰੁਜ਼ਗਾਰ ਤੋਂ ਹੱਥ ਧੋਣੇ ਪਏ ਜਦਕਿ ਇਸਤਰੀਆਂ ਪਹਿਲੇ ਵਿਸ਼ਵ ਯੁੱਧ ਵਿਚ "ਬਟਾਲੀਅਨ ਆਫ ਡੈਥ" ਵਿਚ ਹਿੱਸਾ ਰਹੀਆਂ। ਉਨ੍ਹਾਂ ਉੱਪਰ ਹਮਲਾਵਰ ਤੇ ਹਿੰਸਕ ਜਿਹੀਆਂ ਹੋਣ ਦੇ ਵੀ ਦੋਸ਼ ਲਾ ਕੇ ਕੰਮਾਂ ਤੋਂ ਕੱਢਿਆ ਗਿਆ। ਪ੍ਰੰਤੂ ਦੂਸਰੇ ਵਿਸ਼ਵ ਯੁੱਧ ਵਿਚ ਉਨ੍ਹਾਂ ਦੀ ਕਾਰਖਾਨਿਆਂ ਤੇ ਫੈਕਟਰੀਆਂ ਵਿਚ ਫਿਰ ਇਸਤਰੀਆਂ ਦੇ ਕੰਮ ਕਰਨ ਦੀ ਜਰੂਰਤ ਪਈ ਤਾਂ ਦੂਜੇ ਵਿਸ਼ਵ ਯੁੱਧ ਵਿਚ ਅਮਰੀਕੀ ਸੈਨਾ ਨੂੰ ਇਕ ਥਾਂ ਤੋਂ ਦੂਸਰੀ ਥਾਂ ਤੇ ਲਿਆਉਣ ਤੇ ਜਾਣ ਲਈ '27 ਇਸਤਰੀ ਪਾਇਲਟਾਂ' ਨੂੰ ਭਰਤੀ ਕੀਤਾ ਗਿਆ ਸੀ। ਸੋਵੀਅਤ ਰੂਸ ਵਿਚ ਵੀ ਚਾਰ ਲੱਖ ਤੋਂ ਵੱਧ ਇਸਤਰੀਆਂ ਨੂੰ "ਰੈਡ ਆਰਮੀ ਗਰਲਜ" ਦੇ ਰੂਪ 'ਚ ਸੈਨਾ 'ਚ ਭਰਤੀ ਕੀਤਾ ਗਿਆ ਤਾਂ ਜੋ ਉਹ ਡਾਕਟਰ ਤੇ ਨਰਸਾਂ ਤੋਂ ਇਲਾਵਾ ਲੜਾਕੂ ਸੈਨਿਕਾਂ ਦੇ ਰੂਪ ਵਿਚ ਵੀ ਕੰਮ ਕਰ ਸਕਣ। ਇਹ ਸਮਾਂ ਹਰ ਤਰ੍ਹਾਂ ਦੇ ਕੰਮ ਕਾਜ ਅੰਦਰ ਇਸਤਰੀ ਵਰਗ ਦੀ ਸ਼ਮੂਲੀਅਤ ਦਾ ਤੇਜੀ ਨਾਲ ਫੈਲਣਾ ਸੀ।

ਦੂਸਰੇ ਵਿਸ਼ਵ ਯੁੱਧ ਵਿਚ ਲੱਗ-ਭੱਗ 60 ਲੱਖ ਇਸਤਰੀਆਂ ਨੇ ਉਹ ਸਾਰੀਆਂ ਹੀ ਭੂਮਿਕਾਵਾਂ ਸੁਚੱਜੇ ਢੰਗ ਨਾਲ ਨਿਭਾਈਆਂ ਜਿਹਨਾਂ 'ਤੇ ਸਿਰਫ ਮਰਦ ਕਬਜਾ ਜਮਾਈ ਬੈਠੇ ਸਨ। ਪ੍ਰੰਤੂ! ਦੂਸਰਾ ਵਿਸ਼ਵ ਯੁੱਧ ਖਤਮ ਹੋਣ ਤੋਂ ਬਾਅਦ ਇਸਤਰੀਆਂ ਉੱਪਰ ਫਿਰ ਦਬਾਉ ਪਾਇਆ ਗਿਆ, ਕਿ ਉਹ ਆਪਣੀਆਂ ਨੌਕਰੀਆਂ (ਪਦਵੀਆਂ) ਫੌਜ ਵਿਚੋਂ ਵਾਪਸ ਆਏ ਫੌਜੀਆਂ/ਮਰਦਾਂ ਲਈ ਛੱਡ ਦੇਣ। ਉਹਨਾਂ ਉੱਪਰ ਇਹ ਦਬਾਉ ਬਰਕਰਾਰ ਰਿਹਾ ਤੇ ਇਸਤਰੀਆਂ ਨੂੰ ਉਹ ਨੌਕਰੀਆਂ ਤੋਂ ਛਾਂਟੀ ਜਾਂ ਛੱਡਣ ਲਈ ਮਜ਼ਬੂਰ ਕੀਤਾ ਗਿਆ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਲੱਗ-ਭੱਗ ਤਿੰਨ -ਚੌਥਾਈ ਤੋਂ ਜਿਆਦਾ ਇਸਤਰੀਆਂ ਨੂੰ ਆਪਣਾ ਰੁਜਗਾਰ ਛੱਡਣ ਲਈ ਮਜਬੂਰ ਹੋਣਾ ਪਿਆ।

ਭਾਰਤ ਵਿਚ ਨੋਟ ਬੰਦੀ ਦੇ ਬਾਅਦ ਬੇ-ਰੁਜਗਾਰੀ 'ਚ ਬੇ-ਪਨਾਹ ਵਾਧਾ ਹੋਇਆ ਤਾਂ! ਇਸਤਰੀਆਂ ਨੂੰ ਕੰਮ ਦੇ ਸਥਾਨ ਤੋਂ ਕੱਢ ਦਿੱਤਾ ਗਿਆ। ਇਹ ਕੋਈ ਪਹਿਲੀ ਵਾਰ ਨਹੀਂ ਹੈ! ਜਦੋਂ ਵੀ ਦੇਸ਼ ਵਿਚ ਬੇ-ਰੁਜਗਾਰੀ ਵਧਦੀ ਹੈ ਤਾਂ! ਕੰਮ ਦੇ ਸਥਾਨ ਤੇ ਛਾਂਟੀ ਦਾ ਕੁਹਾੜਾ ਸਭ ਤੋਂ ਪਹਿਲਾਂ ਇਸਤਰੀਆਂ ਤੇ ਹੀ ਪੈਂਦਾ ਹੈ। ਇਹ ਨੋਟ ਬੰਦੀ ਸਮੇਂ ਵੀ ਹੋਇਆ ਅਤੇ ਨੋਟ ਬੰਦੀ ਬਾਅਦ ਵੀ! ਉਨ੍ਹਾਂ ਪਰਿਵਾਰਾਂ ਦੀ ਫੀਸਦ ਗਿਣਤੀ ਜਿਨ੍ਹਾਂ ਵਿਚ ਪ੍ਰੀਵਾਰਾਂ ਦੇ ਦੋ ਜਾਂ ਦੋ ਤੋਂ ਵੱਧ ਮੈਂਬਰ ਕੰਮ ਕਰਦੇ ਸਨ ਦੀ ਹਿੱਸੇਦਾਰੀ 34.8 ਫੀਸਦ ਤੋਂ ਘਟ ਕੇ 31.8 ਫੀਸਦ ਤੱਕ ਹੀ ਰਹਿ ਗਈ ਹੈ, ਜੋ ਕਿੰਨੀ ਹੈਰਾਨੀਜਨਕ ਗੱਲ ਹੈ। ਇਹ ਵੀ ਬਹੁਤ ਹੀ ਅਫਸੋਸ ਜਨਕ ਹੈ! ਕਿ ਸਾਡੀਆਂ ਸਰਕਾਰਾਂ ਵੀ ਇਸਤਰੀਆਂ ਨੂੰ ਸਿਰਫ ਸਿਹਨਤ ਮਜ਼ਦੂਰੀ ਜਾਂ ਦਿਹਾੜੀ ਕਰਨ ਵਾਲੀਆਂ ਮਸ਼ੀਨਾਂ ਹੀ ਸਮਝਦੀਆਂ ਹਨ! ਜਿਥੇ ਉਹਨਾਂ ਨੂੰ ਮਰਦ ਨਾਲੋਂ ਤਨਖਾਹ ਜਾਂ ਦਿਹਾੜੀ ਵੀ ਘਟ ਦਿੱਤੀ ਜਾਂਦੀ ਹੈ ਅਤੇ ਸਮਾਂ ਆਉਣ ਦੇ ਮਰਦ ਤੋਂ ਪਹਿਲਾਂ ਹੀ ਕੰਮ ਤੋਂ ਛਾਂਟੀ ਕਰ ਦਿੱਤੀ ਜਾਂਦੀ ਹੈ। 21ਵੀ ਸਦੀ ਵਿਚ ਵੀ ਇਹ ਸ਼ੋਸ਼ਣ ਇਸਤਰੀਆਂ ਨਾਲ ਹੋ ਰਿਹਾ ਹੈ ਤੇ ਇਸ ਤੋਂ ਪਹਿਲਾਂ ਵੀ ਸੀ। ਅੱਜ! ਵੀ ਲਿੰਗਕ ਵਿਤਕਰੇ ਦਾ ਸਭ ਤੋਂ ਵੱਧ ਸ਼ਿਕਾਰ ਇਸਤਰੀ ਵਰਗ ਹੀ ਹੋ ਰਿਹਾ ਹੈ।

ਦੇਸ਼ ਅੰਦਰ ਕਮਾਈ ਦੇ ਸਾਧਨਾ ਵਿਚ ਇਸਤਰੀਆਂ ਦੀ ਭਾਗੀਦਾਰੀ ਸਿਰਫ 18 ਫੀਸਦ ਹੀ ਹੈ। "ਗਲੋਬਲ ਜੈਂਡਰ ਇਨਕੁਆਲਿਟੀ" ਦੀ ਰਿਪੋਰਟ ਮੁਤਾਬਿਕ ਭਾਰਤ ਦੀ ਕਿਰਤ ਆਮਦਨ ਵਿਚ ਮਰਦ ਦੀ ਹਿੱਸੇਦਾਰੀ 82 ਫੀਸਦ ਹੈ ਜਦ ਕਿ ਪਿਛਲੇ 15 ਸਾਲਾਂ ਤੋਂ ਇਸਤਰੀ ਦੀ ਕੰਮ ਕਰਨ ਦੇ ਸਥਾਨ 'ਤੇ ਵਰਕ ਫੋਰਸ (ਗਿਣਤੀ) ਵੀ ਘਟੀ ਹੈ ਤੇ ਉਨ੍ਹਾਂ ਦੀ ਕਮਾਈ 'ਚ 12000 ਰੁਪਏ ਹਰ ਮਹੀਨੇ ਦੀ ਆਮਦਨ ਵੀ ਘਟੀ ਹੈ। "ਲੇਟੈਸਟ ਮਾਨਸਟਰ ਸੈਲਰੀ ਇੰਡੈਕਸ-2020" ਦੇ ਅਨੁਸਾਰ ਭਾਰਤ 'ਚ ਮਰਦਾਂ ਦੇ ਮੁਕਾਬਲੇ ਇਸਤਰੀਆਂ ਨੂੰ 19 ਫੀਸਦ ਤਨਖਾਹ ਘੱਟ ਮਿਲਦੀ ਹੈ।"

ਕੋਵਿਡ-19 ਦੇ ਕਾਰਨ ਬਿਮਾਰੀ, ਅਰਥ ਵਿਵਸਥਾ ਅਤੇ ਬੇਰੁਜਗਾਰੀ ਨਾਲ ਫੈਲੀ ਉੱਦਾਸੀਨਤਾ, ਇੱਕਲਾਪਨ ਆਦਿ ਅਜਿਹੀਆਂ ਚੁਣੌਤੀਆਂ ਦਾ ਸਭ ਤੋਂ ਵੱਧ ਸ਼ਿਕਾਰ ਕਿਰਤੀ ਇਸਤਰੀਆਂ ਹੀ ਹੋਈਆਂ ਹਨ। ਬੇਰੁਜਗਾਰੀ ਤੇ ਕਰਜੇ ਦੇ ਬੋਝ ਹੇਠ ਤਿੰਨਾ ਸਾਲਾ ਅੰਦਰ 50 ਹਾਜ਼ਰ ਤੋਂ ਵੱਧ ਲੋਕਾਂ ਨੇ ਆਤਮਹਤਿੱਆਵਾਂ ਕੀਤੀਆਂ ਹਨ (ਐਨ.ਸੀ.ਬੀ. ਕੇਂਦਰੀ ਰਾਜ ਮੰਤਰੀ) "ਸੀ.ਐਮ. ਆਈ.ਈ." ਦੀ ਰਿਪੋਰਟ ਅਨੁਸਾਰ ਇਕ ਸਤੰਬਰ, 2021 ਤੋਂ 31 ਦਸੰਬਰ 2021 ਤੱਕ ਬੇਰੁਜਗਾਰੀ ਦੀ ਦਰ 7.91 ਫੀਸਦ ਰਹੀ। ਇਕ ਤਿਹਾਈ ਤੋਂ ਵੱਧ ਇਸਤਰੀਆਂ ਇਸ ਬੇ-ਰੁਜਗਾਰੀ ਦਾ ਸ਼ਿਕਾਰ ਹੋਈਆਂ। 'ਆਈ.ਐਲ.ਓ' ਦੀ ਰਿਪੋਰਟ ਮੁਤਾਬਿਕ ਕੋਵਿਡ-19 ਦੌਰਾਨ ਪੈਦਾ ਹੋਈ ਬੇ-ਰੁਜਗਾਰੀ ਦੀ ਮਾਰ ਮਰਦਾਂ ਦੇ ਮੁਕਾਬਲੇ ਇਸਤਰੀਆਂ ਉਪੱਰ ਇਸ ਦਾ ਵੱਧ ਅਸਰ ਹੋਇਆ ਹੈ। ਰੁਜ਼ਗਾਰ ਖੁਸਣ ਕਾਰਨ ਸਭ ਤੋਂ ਵੱਧ ਸੰਕਟ ਦਾ ਸ਼ਿਕਾਰ ਇਸਤਰੀ ਵਰਗ ਹੀ ਹੋਇਆ ਹੈ। ਨਤੀਜਾ ਇਹ ਨਿਕਲਿਆ ਕਿ ਮਿਹਨਤ ਮਜ਼ਦੂਰੀ ਕਰ ਕੇ ਘਰ ਚਲਾਉਣ ਵਾਲੀਆਂ ਕੰਮ ਕਾਜੀ ਇਸਤਰੀਆਂ ਦੀ ਆਰਥਿਕ ਦਸ਼ਾ ਵਿਗੜਨ ਕਾਰਨ ਉਹ ਹਾਸ਼ੀਏ ਤੇ ਚਲੀਆਂ ਗਈਆਂ। ਇਸੇ ਰਿਪੋਰਟ ਮੁਤਾਬਿਕ ਸਾਲ 2019 ਦੇ ਮੁਕਾਬਲੇ 2021 'ਚ ਮਰਦ ਕਿਰਤੀਆਂ ਦੇ ਮੁਕਾਬਲੇ ਇਸਤਰੀ ਕਿਰਤ ਸ਼ਕਤੀ ਲੱਗ-ਭੱਗ ਇਕ ਕਰੋੜ 30 ਲੱਖ ਇਸਤਰੀਆਂ ਮੁੜ ਰੁਜਗਾਰ ਪ੍ਰਾਪਤ ਨਹੀਂ ਕਰ ਸਕੀਆਂ ਹਨ ਅਤੇ 4.2 ਫੀਸਦ ਦਾ ਰੁਜਗਾਰ ਖੁਸ ਗਿਆ ਹੈ।ਇਹ ਕਿੱਡੀ ਵੱਡੀ ਤਰਾਸਦੀ ਹੈ ਕਿ ਰੁਜਗਾਰ ਖੁਸ ਜਾਣ ਤੇ ਭੁੱਖੇ ਮਰਨ ਲਈ ਮਜ਼ਬੂਰ ਹੋ ਜਾਣਾ!

ਪਿੱਛਲੇ ਸਾਲ (2021) ਦੁਨੀਆਂ ਦੀ ਕੁੱਲ ਕ੍ਰਿਆਸ਼ੀਲ ਇਸਤਰੀ ਕਿਰਤ ਸ਼ਕਤੀ ਵਿਚੋਂ 43 ਫੀਸਦ ਨੂੰ ਹੀ ਰੁਜਗਾਰ ਮਿਲ ਸਕਿਆ ਸੀ। ਜਦ ਕਿ ਇਸ ਦੇ ਸਨਮਾਨ ਉਮਰ ਵਰਗ ਦੇ 69 ਫ਼ੀਸਦ ਮਰਦ ਕਿਰਤੀ ਰੁਜਗਾਰ ਪ੍ਰਾਪਤ ਕਰਨ ਵਿਚ ਕਾਮਯਾਬ ਰਹੇ। ਬਰਾਬਰ ਕੰਮ ਵਿਚ ਬਰਾਬਰ ਹਿੱਸਾ ਪਾਉਣ ਲਈ ਮਰਦ ਤੇ ਇਸਤਰੀ ਕਿਰਤ ਸ਼ਕਤੀ ਵਿਚਕਾਰ ਕਿੰਨ੍ਹਾ ਲਿੰਗਕ ਵਿਤਕਰਾ ਹੈ? ਜਦਕਿ "ਸੰਯੁਕਤ ਰਾਸ਼ਟਰ" ਨੇ 2030 ਤੱਕ ਸਾਰੇ ਹੀ ਖੇਤਰਾਂ ਵਿਚ ਲਿੰਗਕ ਅਸਮਾਨਤਾ ਨੂੰ ਦੂਰ ਕਰਨ ਦਾ ਟੀਚਾ ਨੀਯਤ ਕੀਤਾ ਹੋਇਆ ਹੈ। ਪਰ! ਮੌਜੂਦਾ ਸਮੇ ਤੇ ਜੋ ਸਥਿਤੀ ਹੈ ਉਸ ਤੋਂ ਇਹ ਅਨੁਭਵ ਹੁੰਦਾ ਹੈ ਕਿ ਮਿੱਥੇ ਸਮੇ ਤਕ ਅਸੀਂ ਲਿੰਗਕ ਸਮਾਨਤਾ ਨਹੀਂ ਪ੍ਰਾਪਤ ਕਰ ਸਕਾਗੇ! ਇਸਤਰੀ ਵਰਗ ਨਾਲ ਕੋਵਿਡ-19 ਮਹਾਮਾਰੀ ਤੋਂ ਪਹਿਲਾਂ ਵੀ ਲਿੰਗਕ ਵਿਤਕਰਾ ਸੀ। ਕੰਮ ਕਰਨ ਦੇ ਘੰਟੇ, ਰੁਜਗਾਰ ਪ੍ਰਾਪਤੀ, ਘਰਾਂ ਦੇ ਕੰਮ-ਕਾਰ ਕਰਕੇ ਰੁਜ਼ਗਾਰ ਤੇ ਜਾਣਾ, ਮਰਦਾਂ ਤੋਂ ਬਾਅਦ ਕੰਮ ਤੇ ਰੱਖਣਾ, ਸਭ ਤੋਂ ਪਹਿਲਾਂ ਛਾਂਟੀ ਦਾ ਕੁਹਾੜਾ ਚਲਣਾ, ਆਦਿ ਅਜਿਹੀਆਂ ਵਿਵਸਥਾਵਾਂ ਵਿਚੋਂ ਲੰਘਣਾ ਪੈਂਦਾ ਸੀ। ਪਰ! ਇਸ ਮਹਾਂਮਾਰੀ ਦੁਰਾਨ ਅਤੇ ਹੁਣ ਵੀ ਇਸਤਰੀ ਕਾਮੇਂ ਨੂੰ ਦੋਹਰੀ ਮਾਰ ਪਈ ਹੈ ? ਸਮਾਜ ਵੀ ਤੇ ਹਾਕਮ ਵੀ ਸਭ ਚੁੱਪ ਹਨ?

ਦੇਸ਼ ਅੰਦਰ ਪ੍ਰਤੀ ਵਿਅਕਤੀ ਸਲਾਨਾ ਆਮਦਨ 2,04,200 ਰੁਪਏ ਹੈ । ਉੱਪਰਲੀ ਆਮਦਨ ਵਾਲੇ 10 ਫ਼ੀਸਦ ਲੋਕਾਂ ਦੀ ਆਮਦਨ 11,67,000 ਰੁਪਏ ਤੇ ਹੇਠਲੇ 50 ਫ਼ੀਸਦ ਵਸੋਂ ਦੀ ਆਮਦਨ ਸਿਰਫ 53,610 ਰੁਪਏ ਹੀ ਹੈ। ਜੋ ਉੱਪਰਲੇ ਵਰਗ ਨਾਲੋਂ 20 ਗੁਣਾ ਘੱਟ ਹੈ । ਇਸ ਕਾਣੀ ਵੰਡ ਅੰਦਰ ਸਮਾਜਿਕ-ਆਰਥਿਕ ਵਾਂਝੇ ਰਾਜਸੀ ਪ੍ਰਬੰਧ ਅੰਦਰ ਆਮਦਨ ਨਾ-ਬਰਾਬਰੀਆਂ ਦੇ ਸਿੱਟੇ ਵਜੋਂ ਆਰਥਿਕ ਅਸਮਾਨਤਾ ਕਾਰਨ ਕਾਮਾਂ ਇਸਤਰੀਆਂ ਦੀ ਆਮਦਨ ਘੱਟਣ ਕਾਰਨ ਹੁਣ ਉਨ੍ਹਾਂ ਨੂੰ ਆਪਣੀਆਂ ਮੁਢਲੀਆਂ ਜੀਵਨ ਲੋੜਾਂ ਵੀ ਪੂਰੀਆਂ ਕਰਨੀਆਂ ਮੁਸ਼ਕਿਲ ਹੋ ਗਈਆਂ ਹਨ। ਸਿਹਤ ਸਹੂਲਤਾਂ, ਬੱਚਿਆਂ ਦੀ ਸਿਖਿਆ ਤਾਂ ਦੂਰ ਦੀ ਗੱਲ ਹੈ, ਹੁਣ ਢੰਗ ਦੀ ਰੋਟੀ ਵੀ ਪੂਰੀ ਕਰਨੀ ਮੁਸ਼ਕਿਲ ਹੋ ਰਹੀ ਹੈ। ਇਸਤਰੀ ਵਰਗ ਨੂੰ ਆਪਣੀ ਮੁਕਤੀ ਲਈ, 'ਇਸ ਗਰੀਬੀ-ਅਮੀਰੀ ਦੇ ਪਾੜੇ ਨੂੰ ਦੂਰ ਕਰਨ ਲਈ ਦੇਸ਼ ਦੀ ਕਿਰਤੀ ਜਮਾਤ ਨਾਲ ਮਿਲ ਕੇ ਸਮਾਜਿਕ ਪ੍ਰੀਵਰਤਨ ਲਈ ਵਿਚਾਰਧਾਰਕ ਸਿਆਸੀ ਸੰਘਰਸ਼ ਕਰਨੇ ਪੈਣਗੇ। ਤਾਂ ਹੀ ਉਹ ਇਨ੍ਹਾਂ ਦੁਸ਼ਵਾਰੀਆਂ ਤੋਂ ਛੁਟਕਾਰਾ ਪਾ ਸਕਦੀ ਹੈ।

# ਭਗਵੇਂ ਪ੍ਰਚਾਰਤੰਤਰ ਦਾ ਨਵਾਂ ਫਿਰਕੂ ਹਮਲਾ: 'ਦ ਕਸ਼ਮੀਰ ਫ਼ਾਈਲਜ਼'

(ਸਫ਼ਾ 18 ਦੀ ਬਾਕੀ)

ਚਾਹੇ ਦਿੱਲੀ ਕਤਲੇਆਮ 1984 ਸੀ ਜਾਂ ਗੁਜਰਾਤ ਕਤਲੇਆਮ 2002, ਕੋਵਿਡ ਮਹਾਮਾਰੀ ਸਮੇਂ ਲੌਕਡਾਊਨ ਵੱਲੋਂ ਕੀਤੀ ਤਬਾਹੀ ਸੀ ਜਾਂ ਕਾਰਪੋਰੇਟ ਹਿਤੈਸ਼ੀ ਨੀਤੀਆਂ ਰਾਹੀਂ ਜੰਗਲਾਂ-ਪਹਾੜਾਂ ਵਿੱਚੋਂ ਆਦਿਵਾਸੀ ਲੋਕਾਂ ਦਾ ਕਤਲੇਆਮ, ਕਸ਼ਮੀਰੀਆਂ ਅਤੇ ਭਾਰਤ ਦੇ ਹੋਰ ਲੋਕਾਂ ਦੀ ਨਸਲਕੁਸ਼ੀ ਦੀਆਂ ਸਮੂਹ ਫ਼ਾਈਲਾਂ ਈਮਾਨਦਾਰੀ ਨਾਲ ਖੁੱਲ੍ਹਣੀਆਂ ਹੀ ਚਾਹੀਦੀਆਂ ਹਨ। ਕਸ਼ਮੀਰ ਬਾਰੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਨੇ ਤੱਥ ਖੋਜ ਰਿਪੋਰਟਾਂ ਰਾਹੀਂ ਹਾਲਾਤ ਦਾ ਦਸਤਾਵੇਜ਼ੀਕਰਨ ਕਰਕੇ ਬਹੁਤ ਵੱਡਮੁੱਲਾ ਕੰਮ ਕੀਤਾ ਹੋਇਆ ਹੈ ਜਿਸ ਨੂੰ ਦਬਾਉਣ ਲਈ ਗੌਤਮ ਨਵਲਖਾ, ਖ਼ੁਰਮ ਪਰਵੇਜ਼ ਵਰਗੇ ਮਨੁੱਖੀ ਹੱਕਾਂ ਦੇ ਸਿਰਕੱਢ ਘੁਲਾਟੀਆਂ ਨੂੰ ਝੂਠੇ ਕੇਸਾਂ ਵਿਚ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਦਰਅਸਲ, ਭਗਵੀਂ ਹਕੂਮਤ ਦੇ ਹਿਤ ਕਸ਼ਮੀਰ ਦੇ ਸਮੂਹ ਲੋਕਾਂ ਵੱਲੋਂ ਝੱਲੇ ਜਾ ਰਹੇ ਸੰਤਾਪ, ਇਸੇ ਤਰ੍ਹਾਂ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਰਾਜ ਵਿਚ ਲੋਕਾਂ ਦੇ ਉਜਾੜੇ ਅਤੇ ਨਸਲਕੁਸ਼ੀ ਉੱਪਰ ਪਰਦਾ ਬਣਾਈ ਰੱਖਣ 'ਚ ਹਨ। ਇਸੇ ਲਈ ਫਿਲਮ ਕਸ਼ਮੀਰੀ ਪੰਡਿਤ ਭਾਈਚਾਰੇ ਦੇ ਦੁੱਖ-ਤਕਲੀਫ਼ਾਂ ਨੂੰ ਇਨਸਾਨੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਨ ਦੀ ਬਜਾਏ ਉਨ੍ਹਾਂ ਦੇ ਸੰਤਾਪ ਨੂੰ ਭਗਵੇਂ ਰੰਗ 'ਚ ਰੰਗ ਕੇ ਪੇਸ਼ ਕਰਦੀ ਹੈ। ਮੋਦੀ ਹਕੂਮਤ ਦਾ ਫਿਲਮ ਦੀ ਰਾਜਕੀ ਪੁਸ਼ਤਪਨਾਹੀ ਕਰਨਾ ਅਤੇ ਸਮੁੱਚੇ ਭਗਵੇਂ ਤੰਤਰ ਦਾ ਫਿਲਮ ਦੇ ਪ੍ਰਚਾਰ 'ਚ ਜੁੱਟਣਾ ਹੈਰਾਨੀਜਨਕ ਨਹੀਂ ਹੈ। ਇਹ ਆਰ.ਐੱਸ.ਐੱਸ.-ਬੀ.ਜੇ.ਪੀ. ਵੱਲੋਂ ਜੰਮੂ-ਕਸ਼ਮੀਰ ਬਾਰੇ ਤੱਥਾਂ ਨੂੰ ਆਪਣੇ ਫਾਸ਼ੀਵਾਦੀ ਨਜ਼ਰੀਏ ਅਨੁਸਾਰ ਪ੍ਰਸੰਗ ਨਾਲੋਂ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਖ਼ਾਸ ਤੱਥਾਂ ਨੂੰ ਦਬਾ ਕੇ ਆਪਣੀ ਪਸੰਦ ਦਾ ਝੂਠਾ ਬਿਰਤਾਂਤ ਸਿਰਜਣ ਦਾ ਸਿੱਕੇਬੰਦ ਨਮੂਨਾ ਹੈ। ਹਿੰਦੂ ਫਿਰਕੇ ਦੇ ਮਨਾਂ 'ਚ ਇਹ ਜ਼ਹਿਰ ਭਰੀ ਜਾ ਰਹੀ ਹੈ ਕਿ ਧਰਮਨਿਰਪੱਖਤਾ ਦੀ ਗੱਲ ਕਰਨ ਵਾਲੀਆਂ ਤਾਕਤਾਂ ਕੱਟੜ ਜਹਾਦੀਆਂ ਦੀਆਂ ਹਮਾਇਤੀ ਅਤੇ ਹਿੰਦੂਆਂ ਦੀਆਂ ਦੁਸ਼ਮਣ ਹਨ। ਬੁੱਧੀਜੀਵੀ ਵਰਗ ਨੇ ਕਸ਼ਮੀਰੀ ਪੰਡਿਤਾਂ ਦੇ ਸੰਤਾਪ ਵੱਲ ਘੱਟ ਧਿਆਨ ਦਿੱਤਾ ਹੋ ਸਕਦਾ ਹੈ। ਪਰ ਉਹ ਕਦੇ ਵੀ ਕੱਟੜਪੰਥੀ ਦਹਿਸ਼ਤਵਾਦ ਦੇ ਹਮਾਇਤੀ ਨਹੀਂ ਰਹੇ ਜਿਵੇਂ ਫਿਲਮ ਤੱਥਾਂ ਨਾਲ ਖਿਲਵਾੜ ਕਰਦੀ ਹੈ। ਜੇ.ਐੱਨ.ਯੂ. 'ਚ 2016 'ਚ ਕਸ਼ਮੀਰ ਬਾਰੇ ਚਰਚਾ ਨੂੰ ਕਸ਼ਮੀਰੀ ਪੰਡਿਤ ਭਾਈਚਾਰੇ ਦੇ ਸੰਤਾਪ ਨਾਲ ਇਸ ਲਈ ਜੋੜਿਆ ਗਿਆ ਹੈ ਤਾਂ ਜੁ ਉਸ ਰੌਸ਼ਨਖ਼ਿਆਲ ਬੁੱਧੀਜੀਵੀ ਹਿੱਸੇ ਬਾਰੇ ਨਫ਼ਰਤ ਭੜਕਾਈ ਜਾ ਸਕੇ ਜੋ ਕਸ਼ਮੀਰ ਮਸਲੇ ਦੇ ਰਾਜਨੀਤਕ ਹੱਲ ਦੀ ਗੱਲ ਕਰਦਾ ਹੈ। ਫਿਲਮ ਵਿਚ ਕਿਰਦਾਰ ਇਸ ਮਨੋਰਥ ਨਾਲ ਸਿਰਜੇ ਗਏ ਹਨ ਤਾਂ ਜੁ ਕਸ਼ਮੀਰੀ ਅਵਾਮ ਦੇ ਹੱਕ 'ਚ ਨਿਧੜਕ ਹੋ ਕੇ ਬੋਲਣ ਵਾਲੀਆਂ ਆਵਾਜ਼ਾਂ ਜੇ.ਐੱਨ.ਯੂ. ਦੀ ਪ੍ਰੋਫੈਸਰ ਨਿਵੇਦਿਤਾ ਮੈਨਨ ਅਤੇ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਵਿਰੁੱਧ ਨਫ਼ਰਤ ਦਾ ਮਾਹੌਲ ਭੜਕਾ ਕੇ ਜਨੂੰਨੀ ਹਜੂਮਾਂ ਨੂੰ ਉਨ੍ਹਾਂ ਉੱਪਰ ਹਮਲੇ ਕਰਨ ਲਈ ਉਕਸਾਇਆ ਜਾ ਸਕੇ। ਭਗਵੀਂ ਪ੍ਰਚਾਰ ਮਸ਼ੀਨਰੀ ਵੱਲੋਂ ਇਸ ਮਨੋਰਥ ਨਾਲ ਆਰ.ਐੱਸ.ਐੱਸ. ਪੱਖੀ ਟੀ.ਵੀ. ਚੈਨਲਾਂ ਉੱਪਰ ਸਿੱਧੇ ਰੂਪ 'ਚ ਠੱਪਾ ਲਾਇਆ ਜਾ ਰਿਹਾ ਹੈ ਕਿ ਫਿਲਮ ਦਾ ਫਲਾਣਾ ਕਿਰਦਾਰ ਨਿਵੇਦਿਤਾ ਮੈਨਨ ਅਤੇ ਅਰੁੰਧਤੀ ਰਾਏ ਹੈ ਅਤੇ ਕਸ਼ਮੀਰ ਦੇ ਸਵੈਨਿਰਣੇ ਦੀ ਗੱਲ ਕਰਨ ਵਾਲੇ ਇਹ ਬੁੱਧੀਜੀਵੀ ਪਾਕਿਸਤਾਨੀ ਏਜੰਸੀਆਂ ਅਤੇ ਇਸਲਾਮਿਕ ਜਹਾਦੀ ਗਰੁੱਪਾਂ ਦੇ ਏਜੰਟ ਹਨ।

ਕਸ਼ਮੀਰੀ ਪੰਡਿਤਾਂ ਸਮੇਤ ਸਮੂਹ ਕਸ਼ਮੀਰੀਆਂ ਨੂੰ ਨਿਆਂ ਮਿਲਣਾ ਚਾਹੀਦਾ ਹੈ ਪਰ ਆਰ.ਐੱਸ.ਐੱਸ.-ਬੀ.ਜੇ.ਪੀ. ਜਾਂ ਹੋਰ ਕਿਸੇ ਵੀ ਲੋਕ ਵਿਰੋਧੀ ਰਾਜਨੀਤਕ ਤਾਕਤ ਨੂੰ ਇਸ ਬਹਾਨੇ ਕਸ਼ਮੀਰੀ ਪੰਡਤਾਂ ਦੇ ਸੰਤਾਪ ਉੱਪਰ ਰਾਜਨੀਤਕ ਰੋਟੀਆਂ ਸੇਕਣ ਅਤੇ ਨਫ਼ਰਤ ਫੈਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਹ ਚੰਗੀ ਗੱਲ ਹੈ ਕਿ ਕਸ਼ਮੀਰੀ ਪੰਡਿਤਾਂ ਦੇ ਜਾਗਰੂਕ ਹਿੱਸਿਆਂ ਨੇ ਇਸ ਝੂਠੇ ਬਿਰਤਾਂਤ ਨੂੰ ਰੱਦ ਕੀਤਾ ਹੈ। ਪਰ ਸਿਨੇਮਾ ਘਰਾਂ ਦੇ ਅੰਦਰ ਅਤੇ ਬਾਹਰ ਇਸ ਫਿਲਮ ਰਾਹੀਂ ਭੜਕਾਈ ਜਾ ਰਹੀ ਫਿਰਕੂ ਨਫ਼ਰਤ ਅਤੇ ਹਿੰਦੂ ਰਾਸ਼ਟਰ ਦਾ ਜਨੂੰਨ ਬੇਹੱਦ ਚਿੰਤਾਜਨਕ ਹੈ। ਸਿਨਮਿਆਂ ਦੇ ਅੰਦਰ ਅਤੇ ਬਾਹਰ ਮੁਸਲਿਮ ਫਿਰਕੇ ਵਿਰੁੱਧ ਜ਼ਹਿਰ ਉਗਲ਼ ਰਹੇ ਹਿੰਦੂ ਔਰਤਾਂ-ਮਰਦਾਂ ਦੇ ਹਜੂਮ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਖੁੱਲ੍ਹੇਆਮ ਵਕਾਲਤ ਕਰ ਰਹੇ ਹਨ ਅਤੇ ਐਸੀਆਂ ਹੋਰ ਫਿਲਮਾਂ ਬਣਾਏ ਜਾਣ ਦੀ ਮੰਗ ਕਰ ਰਹੇ ਹਨ। ਉਨ੍ਹਾਂ ਨੂੰ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਆਗੂ ਖ਼ਾਸ ਤੌਰ 'ਤੇ ਲਾਮਬੰਦ ਕਰਕੇ ਲਿਆਉਂਦੇ ਹਨ ਤਾਂ ਜੁ ਇਹ ਪ੍ਰਭਾਵ ਪੈਦਾ ਕੀਤਾ ਜਾ ਸਕੇ ਕਿ ਕਿੰਨੀ ਵਿਸ਼ਾਲ ਤਾਦਾਦ 'ਚ ਹਿੰਦੂ ਇਸ ਫਿਲਮ ਦੀ ਹਮਾਇਤ ਕਰ ਰਹੇ ਹਨ। ਪਿਛਲੇ ਸਾਲਾਂ ਤੋਂ ਸੋਸ਼ਲ ਮੀਡੀਆ ਉੱਪਰ ਫੈਲਾਈ ਜਾ ਰਹੀ ਫਿਰਕੂ ਨਫ਼ਰਤ ਨੂੰ ਹੁਣ ਜਨਤਕ ਸੰਵਾਦ ਦੇ ਖੇਤਰ 'ਚ ਪਹੁੰਚਾ ਦਿੱਤਾ ਗਿਆ ਹੈ। ਇਸ ਪਾਟਕਪਾਊ ਵਰਤਾਰੇ ਦਾ ਕਾਰਗਰ ਵਿਰੋਧ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਵਕਤ 'ਚ ਇਸ ਦੇ ਬਹੁਤ ਹੀ ਖ਼ਤਰਨਾਕ ਨਤੀਜੇ ਸਾਹਮਣੇ ਆਉਣਗੇ।

ਕਸ਼ਮੀਰ ਫ਼ਾਈਲਜ਼ ਉੱਪਰ ਚਰਚਾਵਾਂ ਆਯੋਜਤ ਕਰਕੇ ਇਸ ਕਥਿਤ ਫਿਲਮ ਪਿੱਛੇ ਕੰਮ ਕਰਦੀ ਘਿਣਾਉਣੀ ਹਿੰਦੂਤਵੀ ਸਿਆਸਤ ਦਾ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਸਾਰੀਆਂ ਹੀ ਤਾਕਤਾਂ ਦੇ ਚਿਹਰੇ ਨੰਗੇ ਕਰਨੇ ਚਾਹੀਦੇ ਹਨ ਜੋ ਕਸ਼ਮੀਰ ਪੰਡਤਾਂ ਅਤੇ ਹੋਰ ਕਸ਼ਮੀਰੀਆਂ ਦੇ ਦਰਦਨਾਕ ਹਾਲਾਤ ਲਈ ਜ਼ਿੰਮੇਵਾਰ ਹਨ।

# ਕੀ 'ਆਪ' ਦੀ ਸਰਕਾਰ ਮੁੱਖ ਸਵਾਲਾਂ ਨੂੰ ਮੁਖਾਤਿਬ ਹੋਵੇਗੀ?

ਉੱਪਰ ਹਮਲੇ ਤਿੱਖੇ ਕੀਤੇ ਜਾਣਗੇ।

ਪੰਜਾਬ ਵਿਚ 'ਆਮ ਆਦਮੀ ਪਾਰਟੀ' ਨੇ ਭਾਰੀ ਬਹੁਮੱਤ ਨਾਲ ਸਰਕਾਰ ਬਣਾ ਲਈ ਹੈ ਜਿਸ ਨੇ ਇਹ ਦਾਅਵਾ ਕਰਕੇ ਵੋਟਾਂ ਪ੍ਰਾਪਤ ਕੀਤੀਆਂ ਕਿ ਅਸੀਂ ਜਿੱਤਣ ਲਈ ਸਿਆਸਤ ਕਰਨ ਨਹੀਂ ਸਗੋਂ ਸਿਆਸਤ ਨੂੰ ਬਦਲਣ ਲਈ ਆਏ ਹਾਂ। 117 ਸੀਟਾਂ ਵਿੱਚੋਂ ਕਾਂਗਰਸ ਨੂੰ ਮਹਿਜ਼ 18, ਬਾਦਲ ਦਲ ਨੂੰ 3 ਅਤੇ ਬੀ.ਜੇ.ਪੀ. ਨੂੰ 2 ਸੀਟਾਂ ਮਿਲੀਆਂ। ਬਾਦਲਕਿਆਂ ਨਾਲ ਗੱਠਜੋੜ ਕਰਕੇ ਬਸਪਾ ਨੂੰ 27 ਸਾਲ ਬਾਅਦ ਇਕਲੌਤੀ ਸੀਟ ਹਾਸਲ ਹੋਈ ਹੈ। ਪੰਜਾਬ ਦੇ ਅਵਾਮ ਨੇ ਰਵਾਇਤੀ ਹਾਕਮ ਜਮਾਤੀ ਧੜਿਆਂ ਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ ਵੋਟ ਪਾਈ ਹੈ। ਇਹ ਵੀ ਧਿਆਨ 'ਚ ਰੱਖਣਾ ਹੋਵੇਗਾ ਕਿ ਇਸ ਜਿੱਤ 'ਚ 'ਦਿੱਲੀ ਮਾਡਲ' ਨੂੰ ਇਸ਼ਤਿਹਾਰਬਾਜ਼ੀ ਉੱਪਰ ਕਰੋੜਾਂ ਰੁਪਏ ਖ਼ਰਚ ਕੇ ਪ੍ਰਚਾਰੇ ਜਾਣ ਦੀ ਵੀ ਵੱਡੀ ਭੂਮਿਕਾ ਹੈ। ਕਾਂਗਰਸ, ਬਾਦਲ ਦਲ ਅਤੇ ਬਸਪਾ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਭਾਜਪਾ ਨਾਲ ਗੱਠਜੋੜ ਕਰਨ ਵਾਲੇ ਕੈਪਟਨ ਅਤੇ ਢੀਂਡਸਾ ਧੜਿਆਂ ਨੂੰ ਵੋਟਰਾਂ ਨੇ ਬੁਰੀ ਤਰ੍ਹਾਂ ਦੁਰਕਾਰ ਦਿੱਤਾ। ਬਾਦਲ, ਸੁਖਬੀਰ, ਕੈਪਟਨ, ਚੰਨੀ, ਸਿੱਧੂ ਵਰਗੇ ਪ੍ਰਮੁੱਖ ਚਿਹਰੇ ਬੁਰੀ ਤਰ੍ਹਾਂ ਹਾਰੇ। ਪਾਰਲੀਮੈਂਟਰੀ ਕਮਿਊਨਿਸਟ ਅਤੇ ਚੋਣਾਂ ਲੜਨ ਵਾਲੇ ਨਕਸਲੀ ਗਰੁੱਪਾਂ ਨੂੰ ਵੀ ਹੁੰਗਾਰਾ ਨਹੀਂ ਮਿਲਿਆ, ਇਸ ਦੇ ਬਾਵਜੂਦ ਕਿ ਉਹ ਲੋਕ ਹੱਕਾਂ ਲਈ ਕਿਸੇ ਨਾ ਕਿਸੇ ਰੂਪ 'ਚ ਸੰਘਰਸ਼ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਨੇ ਕਿਸਾਨ ਅੰਦੋਲਨ 'ਚ ਵੀ ਸਰਗਰਮ ਭੂਮਿਕਾ ਨਿਭਾਈ। ਕਿਸਾਨ ਅੰਦੋਲਨ 'ਚ ਬਣੇ ਰਸੂਖ਼ ਦਾ ਲਾਹਾ ਲੈਣ ਦਾ ਭਰਮ ਪਾਲ ਕੇ ਜਿਨ੍ਹਾਂ ਨੇ 'ਸੰਯੁਕਤ ਸਮਾਜ ਮੋਰਚਾ' ਬਣਾਇਆ ਉਨ੍ਹਾਂ ਨੂੰ ਵੀ ਪੰਜਾਬ ਦੇ ਲੋਕਾਂ ਨੇ ਹਾਕਮ ਜਮਾਤੀ ਸਿਆਸਤ ਦੇ ਬਦਲ ਵਜੋਂ ਸਵੀਕਾਰ ਨਹੀਂ ਕੀਤਾ। ਵੈਸੇ ਵੀ ਇਸ ਦਾ ਨਾਮ ਹੀ 'ਸੰਯੁਕਤ ਸਮਾਜ ਮੋਰਚਾ' ਸੀ। ਸਿਰਫ਼ ਕਿਸਾਨ ਜਥੇਬੰਦੀਆਂ 'ਤੇ ਆਧਾਰਿਤ ਇਸ ਸਿਆਸੀ ਮੋਰਚੇ 'ਚ ਕਿਸਾਨੀ ਤੋਂ ਸਿਵਾਏ ਸਮਾਜ ਦੇ ਬਾਕੀ ਹਿੱਸਿਆਂ ਦੀ ਕੋਈ ਗਿਣਨਯੋਗ ਨੁਮਾਇੰਦਗੀ ਨਹੀਂ ਸੀ। ਕੇਜਰੀਵਾਲ ਨੇ ਚੋਣਾਂ ਲੜਨ ਲਈ ਤਾਹੂ ਰਾਜੇਵਾਲ ਅਤੇ ਹੋਰ ਕਿਸਾਨ ਆਗੂਆਂ ਨੂੰ ਸੀਟਾਂ ਦੇ ਲੈਣ-ਦੇਣ 'ਚ ਉਲਝਾ ਕੇ ਕਿਸਾਨ ਅੰਦੋਲਨ ਦੇ ਰਸੂਖ਼ ਅਤੇ ਮੁੱਖ ਪਾਰਟੀਆਂ ਵਿਰੁੱਧ ਕਿਸਾਨਾਂ ਦੇ ਗੁੱਸੇ ਨੂੰ ਝਾੜੂ ਲਈ ਵੋਟਾਂ 'ਚ ਢਾਲਣਾ ਅਤੇ ਸੰਯੁਕਤ ਸਮਾਜ ਮੋਰਚੇ ਦੇ ਉਮੀਦਵਾਰਾਂ ਨੂੰ ਖ਼ੋਰਾ ਲਾਉਣਾ ਯਕੀਨੀਂ ਬਣਾ ਲਿਆ। ਸਿਮਰਨਜੀਤ ਸਿੰਘ ਮਾਨ ਦੀ ਸਿਆਸਤ ਪ੍ਰਤੀ ਵੀ ਸਿੱਖ ਅਵਾਮ ਨੇ ਕੋਈ ਖਿੱਚ ਨਹੀਂ ਦਿਖਾਈ। ਦੀਪ ਸਿੱਧੂ ਦੀ ਮੌਤ ਨਾਲ ਸਿੱਖ ਨੌਜਵਾਨਾਂ ਦੇ ਇਕ ਹਿੱਸੇ 'ਚ ਬਣੀ ਹਮਦਰਦੀ ਵੀ ਕੰਮ ਨਹੀਂ ਆਈ।

ਚੋਣਾਂ ਨਾ ਲੜਨ ਵਾਲੀਆਂ ਕਿਸਾਨ ਜਥੇਬੰਦੀਆਂ ਵੱਲੋਂ ਪ੍ਰਚਾਰੇ 'ਬੁਨਿਆਦੀ ਬਦਲਾਓ' ਵਾਲੇ ਬਦਲ 'ਚ ਵੀ ਅਵਾਮ ਨੂੰ ਭਰੋਸਾ ਨਹੀਂ ਬੱਝਿਆ। ਅਵਾਮ ਦੀ ਰਾਜਨੀਤਕ ਚੇਤਨਾ ਅਜੇ ਇਸ ਮੁਕਾਮ 'ਤੇ ਨਹੀਂ ਪਹੁੰਚੀ ਕਿ ਇਸ ਰਾਜ ਪ੍ਰਬੰਧ ਨੂੰ ਰੱਦ ਕਰਦੇ ਹੋਏ ਯੁਗ ਪਲਟਾਊ ਬਦਲਾਓ ਲਿਆਉਣ ਦੇ ਮਹੱਤਵ ਨੂੰ ਸਮਝ ਲੈਣ। ਉਹ ਅਜੇ ਇਸੇ ਅਨਿਆਂਕਾਰੀ ਰਾਜ ਪ੍ਰਬੰਧ ਦੇ ਅੰਦਰ ਵੋਟਾਂ ਪਾ ਕੇ ਸਰਕਾਰਾਂ ਬਦਲਣ ਨੂੰ ਹੀ ਬਦਲਾਓ ਤਸੱਵਰ ਕਰਦੇ ਹਨ। ਉਨ੍ਹਾਂ ਦੀ ਰਾਜਨੀਤਕ ਸੋਚ ਅਜੇ ਇਹ ਫ਼ਰਕ ਸਮਝਣ ਦੇ ਪੱਧਰ 'ਤੇ ਨਹੀਂ ਪਹੁੰਚੀ ਹੈ ਕਿ ਨਾਬਰਾਬਰੀ ਵਾਲੇ ਸਮਾਜ ਵਿਚ ਰਾਜਨੀਤਕ ਪਾਰਟੀਆਂ ਸਮੁੱਚੇ ਸਮਾਜ ਦੇ ਹਿਤਾਂ ਦੀ ਨੁਮਾਇੰਦਗੀ ਨਹੀਂ ਕਰਦੀਆਂ ਅਤੇ ਨਾ ਹੀ ਕਰ ਸਕਦੀਆਂ ਹਨ। ਵੋਟਾਂ ਲੈਣ ਲਈ ਪਾਰਟੀਆਂ ਦੇ ਮੈਨੀਫੈਸਟੋ ਚਾਹੇ ਕੋਈ ਵੀ ਦਾਅਵੇ ਕਰਨ, ਉਹ ਕਿੰਨੇ ਵੀ ਲੋਕ-ਲੁਭਾਊ ਵਾਅਦੇ ਕਰਨ, ਮਲਕ ਭਾਗੋਆਂ ਦੇ ਹਿਤਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਪਾਰਟੀਆਂ ਭਾਈ ਲਾਲੋਆਂ ਦੇ ਜ਼ਿੰਦਗੀ ਦੇ ਹਾਲਾਤ ਬਦਲਣ ਲਈ ਸੁਹਿਰਦ ਨਹੀਂ ਹੋ ਸਕਦੀਆਂ। ਲਿਹਾਜ਼ਾ, ਅਵਾਮ ਅੱਗੇ ਅਜੇ ਠੋਸ ਰੂਪ 'ਚ ਐਸਾ ਕੋਈ ਸੱਚਾ ਬਦਲ ਨਹੀਂ ਹੈ ਜੋ ਉਨ੍ਹਾਂ ਦਾ ਭਰੋਸਾ ਜਿੱਤ ਸਕਦਾ। ਕਾਂਗਰਸ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਵੱਲੋਂ ਮਚਾਈ ਮਾਰਧਾੜ ਅਤੇ ਜਬਰ ਤੋਂ ਬੁਰੀ ਤਰ੍ਹਾਂ ਅੱਕੇ ਅਵਾਮ ਨੇ 'ਚੋਰਾਂ ਵਿੱਚੋਂ ਸਭ ਤੋਂ ਛੋਟੇ ਚੋਰ ਨੂੰ ਇਕ ਮੌਕਾ ਦੇਣ' ਦੀ ਸੋਚ ਨਾਲ 'ਆਪ' ਨੂੰ ਚੁਣਿਆ। ਸੰਯੁਕਤ ਸਮਾਜ ਮੋਰਚੇ ਦੇ ਅਤੇ ਹੋਰ ਉਮੀਦਵਾਰਾਂ ਨੂੰ ਲੋਕਾਂ ਨੇ ਇਹ ਸੋਚ ਕੇ ਵੋਟ ਨਹੀਂ ਪਾਈ ਕਿ ਇਨ੍ਹਾਂ ਨੇ ਜਿੱਤਣਾ ਤਾਂ ਹੈ ਨਹੀਂ, ਵੋਟ ਪਾ ਕੇ 'ਖ਼ਰਾਬ' ਕਿਉਂ ਕਰਨੀ ਹੈ! ਉਨ੍ਹਾਂ ਨੂੰ ਵਿਸ਼ਵਾਸ ਸੀ ਕਿ 'ਆਪ' ਜਿੱਤ ਜਾਵੇਗੀ ਅਤੇ ਉਨ੍ਹਾਂ ਨੂੰ ਭਰਮ ਹੈ ਕਿ 'ਆਪ' ਦੀ ਸਰਕਾਰ ਬਣਨ 'ਤੇ ਕੁਝ ਨਾ ਕੁਝ ਬਦਲਾਓ ਜ਼ਰੂਰ ਹੋਵੇਗਾ। ਆਉਣ ਵਾਲੇ ਦਿਨਾਂ 'ਚ ਹਕੂਮਤ ਦਾ ਅਮਲ ਅਤੇ ਵਾਅਦਿਆਂ ਨੂੰ ਸਾਕਾਰ ਕਰਨ ਲਈ ਲਏ ਜਾਣ ਵਾਲੇ ਫ਼ੈਸਲੇ ਦੱਸਣਗੇ ਕਿ ਇਹ 'ਬਦਲਾਓ' ਕਿਸ ਤਰ੍ਹਾਂ ਦਾ ਹੋਵੇਗਾ। ਕੀ ਇਹ ਮਹਿਜ਼ ਦਫ਼ਤਰੀ ਰਿਸ਼ਵਤਖ਼ੋਰੀ ਨੂੰ ਨੱਥ ਪਾਉਣ ਲਈ ਪ੍ਰਸ਼ਾਸਨਿਕ ਫੇਰਬਦਲ ਹੋਵੇਗਾ ਜਾਂ ਇਸ ਤੋਂ ਕੁਝ ਅੱਗੇ ਵੀ ਹੋਵੇਗਾ? ਲਿਹਾਜ਼ਾ, ਉਨ੍ਹਾਂ ਵਾਅਦਿਆਂ ਨੂੰ ਚੇਤੇ ਰੱਖਣਾ ਜ਼ਰੂਰੀ ਹੈ ਜੋ ਚੋਣਾਂ ਤੋਂ ਪਹਿਲਾਂ ਕੀਤੇ ਗਏ। ਉਨ੍ਹਾਂ ਅਸਲ ਚੁਣੌਤੀਆਂ ਦੀ ਗੱਲ ਕਰਨੀ ਵੀ ਜ਼ਰੂਰੀ ਹੈ ਜੋ ਪੰਜਾਬ ਅਤੇ ਭਾਰਤ ਨੂੰ ਦਰਪੇਸ਼ ਹਨ।

ਚੋਣ ਮੁਹਿੰਮ 'ਚ ਕੇਜਰੀਵਾਲ ਨੇ ਹਿੱਕ ਥਾਪੜੀ ਸੀ ਕਿ ਦਿੱਲੀ ਵਾਲਾ ਮਾਡਲ ਲਾਗੂ ਕਰਕੇ ਪੰਜਾਬ ਨੂੰ ਐਨਾ ਖ਼ੁਸ਼ਹਾਲ ਬਣਾ ਦਿਆਂਗੇ ਕਿ ਰੋਜ਼ਗਾਰ ਖ਼ਾਤਰ ਕੈਨੇਡਾ ਗਏ ਨੌਜਵਾਨ ਅਗਲੇ ਪੰਜ ਸਾਲਾਂ 'ਚ ਵਾਪਸ ਆ ਜਾਣਗੇ। ਕਰੋੜਾਂ ਰੁਪਏ ਖ਼ਰਚ ਕੇ 'ਦਿੱਲੀ ਮਾਡਲ' ਨੂੰ ਪ੍ਰਚਾਰਿਆ ਗਿਆ। ਪਿਛਲੇ ਸੱਤ ਸਾਲਾਂ 'ਚ ਕੇਜਰੀਵਾਲ ਵੱਲੋਂ 'ਦਿੱਲੀ ਮਾਡਲ' ਦਾ ਪ੍ਰਚਾਰ ਕਰਨ ਉੱਪਰ ਹਜ਼ਾਰਾਂ ਕਰੋੜ ਰੁਪਏ ਖ਼ਰਚੇ ਗਏ ਹਨ। ਤਾਂ ਜੁ ਹੋਰ ਰਾਜਾਂ 'ਚ ਵੀ ਸੱਤਾ ਉੱਪਰ ਕਾਬਜ਼ ਹੋਣ ਲਈ ਆਮ ਲੋਕਾਂ ਨੂੰ ਭਰਮਾਇਆ ਜਾ ਸਕੇ। ਇਸ ਪ੍ਰਚਾਰ ਦੇ ਚੁੰਧਿਆਏ ਪੰਜਾਬ ਦੇ ਲੋਕਾਂ ਨੂੰ ਲੱਗਦਾ ਹੈ ਕਿ ਦਿੱਲੀ ਵਿਚ ਹਸਪਤਾਲਾਂ ਅਤੇ ਸਕੂਲਾਂ ਦੀ ਕਾਇਆਕਲਪ ਕਰ ਦਿੱਤੀ ਗਈ ਹੈ। ਜਿਸ ਦਿੱਲੀ ਮਾਡਲ ਦਾ 'ਆਪ' ਬਹੁਤ ਢੰਡੋਰਾ ਪਿੱਟਦੀ ਹੈ ਉਸ ਦਾ ਸੱਚ ਕੀ ਹੈ। ਦਿੱਲੀ ਸਰਕਾਰ ਦੇ ਮਾਤਹਿਤ 52000 ਖ਼ਾਲੀ ਪਈਆਂ ਅਸਾਮੀਆਂ ਭਰੀਆਂ ਨਹੀਂ ਗਈਆਂ। ਅੱਠ ਲੱਖ ਰੋਜ਼ਗਾਰ ਪੈਦਾ ਕਰਨ, ਠੇਕੇਦਾਰੀ ਸਿਸਟਮ ਖ਼ਤਮ ਕਰਨ ਅਤੇ ਕਿਰਤ ਕਾਨੂੰਨ ਲਾਗੂ ਕਰਨ ਦੇ ਵਾਅਦੇ ਵੀ ਪੂਰੇ ਨਹੀਂ ਕੀਤੇ ਗਏ। ਨਾਬਰਾਬਰੀ, ਗ਼ਰੀਬੀ, ਬੇਰੋਜ਼ਗਾਰੀ ਅਤੇ ਜਬਰ ਉਸੇ ਤਰ੍ਹਾਂ ਹੈ। ਦਿੱਲੀ ਦੀਆਂ 22000 ਆਂਗਨਵਾੜੀ ਵਰਕਰਾਂ ਨੇ ਆਪਣੀਆਂ ਮੰਗਾਂ

(ਸਫ਼ਾ 1 ਦੀ ਬਾਕੀ)

ਲਈ ਹੜਤਾਲ ਕੀਤੀ ਜੋ 38 ਦਿਨਾਂ ਤੱਕ ਚੱਲਦੀ ਰਹੀ। ਹੜਤਾਲ ਨੂੰ ਅਸਫ਼ਲ ਕਰਨ ਲਈ ਮੋਦੀ ਹਕੂਮਤ ਦੀ ਤਰਜ਼ 'ਤੇ ਨਜ਼ਰਅੰਦਾਜ਼ ਕਰਨ ਦਾ ਤਰੀਕਾ ਅਖ਼ਤਿਆਰ ਕੀਤਾ ਗਿਆ। ਫਿਰ ਦਹਿਸ਼ਤ ਪਾਉਣ ਲਈ ਲੈਫਟੀਨੈਂਟ ਗਵਰਨਰ ਕੋਲੋਂ ਕਾਲਾ ਕਾਨੂੰਨ ਐਸਮਾ ਲਾਗੂ ਕਰਵਾ ਕੇ ਹੜਤਾਲ ਦਬਾ ਦਿੱਤੀ ਗਈ।

ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਤਰੱਕੀ ਦਾ ਰੋਡ ਮੈਪ ਕੀ ਹੈ ਅਤੇ ਇਸ ਲਈ ਪੈਸਾ ਕਿੱਥੋਂ ਆਵੇਗਾ? 24 ਘੰਟੇ ਬਿਜਲੀ ਸਪਲਾਈ, ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ, ਬਿਜਲੀ ਦੇ ਪੁਰਾਣੇ ਘਰੇਲੂ ਬਕਾਇਆ ਬਿੱਲਾਂ ਦੀ ਮਾਫ਼ੀ, ਦਿੱਲੀ ਦੀ ਤਰਜ਼ 'ਤੇ ਪੰਜਾਬ ਦੇ ਹਰ ਪਿੰਡ ਤੇ ਸ਼ਹਿਰ ਵਿਚ 16,000 ਮੁਹੱਲਾ ਕਲੀਨਿਕਾਂ ਰਾਹੀਂ ਸਸਤਾ, ਵਧੀਆ ਅਤੇ ਮੁਫ਼ਤ ਇਲਾਜ, ਸਮਾਰਟ ਸਕੂਲ, ਕਿਸਾਨਾਂ ਲਈ ਕਰਜ਼ਾ ਮਾਫ਼ੀ, ਹਰ ਬਾਲਗ ਔਰਤ ਨੂੰ ਹਰ ਮਹੀਨੇ ਇਕ ਹਜ਼ਾਰ ਰੁਪਏ ਸਹਾਇਤਾ, ਬੁਢਾਪਾ ਪੈਨਸ਼ਨ 2500 ਰੁਪਏ ਵਗੈਰਾ ਵਾਅਦੇ ਪੂਰੇ ਕਰਨ ਲਈ ਪੈਸਾ ਕਿੱਥੋਂ ਆਵੇਗਾ? ਪੰਜਾਬ ਦੇ ਸਿਰ ਪਹਿਲਾਂ ਹੀ 3 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਉੱਪਰ 18000 ਕਰੋੜ ਰੁਪਏ ਸਾਲਾਨਾ ਵਿਆਜ ਦੇਣਾ ਪੈਂਦਾ ਹੈ। ਜਦੋਂ ਰਾਜ ਦੇ ਵਸੀਲੇ ਧੜਵੈਲ ਕਰਜ਼ੇ ਦੇ ਵਿਆਜ 'ਚ ਨਿਚੋੜੇ ਜਾ ਰਹੇ ਹਨ ਤਾਂ ਤਮਾਮ ਲੋਕ-ਲੁਭਾਊ ਵਾਅਦਿਆਂ ਦੀ ਪੂਰਤੀ ਲਈ ਲੋੜੀਂਦਾ ਬਜਟ ਮੁਹੱਈਆ ਕਰਨ ਦਾ ਸਰੋਤ ਕੀ ਹੈ। ਇਕੱਲਾ ਮੁਫ਼ਤ ਬਿਜਲੀ ਦਾ ਵਾਅਦਾ ਪੂਰਾ ਕਰਨ ਲਈ ਹੀ ਹਕੂਮਤ ਨੂੰ ਬਿਜਲੀ ਮਹਿਕਮੇ ਨੂੰ 5000 ਕਰੋੜ ਰੁਪਏ ਸਬਸਿਡੀ ਦੇ ਦੇਣੇ ਪੈਣਗੇ। ਮੁਫ਼ਤ ਇਲਾਜ, ਚੰਗੀ ਪੜ੍ਹਾਈ, ਕਰਜ਼ਾ ਮਾਫ਼ੀ ਅਤੇ ਬੁਢਾਪਾ ਪੈਨਸ਼ਨ ਦੇ ਵਾਅਦੇ ਲਾਗੂ ਕਰਨ ਲਈ ਵੱਡੇ ਬਜਟ ਦਰਕਾਰ ਹਨ। ਠੋਸ ਟੈਕਸ ਨੀਤੀ ਬਣਾਏ ਤੋਂ ਬਗ਼ੈਰ ਰਾਜ ਦੀ ਆਮਦਨੀ ਵਧਾਉਣਾ ਸੰਭਵ ਨਹੀਂ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ ਕੇਜਰੀਵਾਲ ਟੀਮ ਆਮਦਨੀ ਵਧਾਉਣ ਲਈ ਕੀ ਨੀਤੀ ਅਖ਼ਤਿਆਰ ਕਰਦੀ ਹੈ। ਇਹ ਨਿਬੇੜਾ ਅਮਲਾਂ ਨਾਲ ਹੋਵੇਗਾ ਕਿ 'ਆਪ' ਦੀ ਸਰਕਾਰ ਸਤੱਹੀ ਸੁਧਾਰਾਂ ਤੱਕ ਮਹਿਦੂਦ ਰਹਿੰਦੀ ਹੈ ਜਾਂ ਮੁੱਖ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਠੋਸ ਕਦਮ ਵੀ ਚੁੱਕਦੀ ਹੈ। ਸੱਚੇ ਬਦਲਾਓ ਲਈ ਸਰਕਾਰੀ ਦਫ਼ਤਰਾਂ 'ਚ ਸ਼ਹੀਦ ਭਗਤ ਸਿੰਘ ਅਤੇ ਡਾ. ਅੰਬੇਡਕਰ ਦੀਆਂ ਤਸਵੀਰਾਂ ਟੰਗਣ ਦੇ ਹੁਕਮ ਦੇਣ ਅਤੇ ਕਰੋੜਾਂ ਰੁਪਏ ਪਾਣੀ ਵਾਂਗ ਵਹਾ ਕੇ ਸਹੁੰ-ਚੁੱਕ ਆਡੰਬਰ ਰਚਣ ਦੀ ਬਜਾਏ ਠੋਸ ਕਾਰਵਾਈ ਯੋਜਨਾ ਜ਼ਰੂਰੀ ਹੈ। ਇਹ ਚੰਗੀ ਗੱਲ ਹੈ ਕਿ ਇਕ ਵਿਧਾਇਕ-ਇਕ ਪੈਨਸ਼ਨ ਦਾ ਫਾਰਮੂਲਾ ਲਾਗੂ ਕਰਨ ਦਾ ਫ਼ੈਸਲਾ ਲਿਆ ਗਿਆ ਹੈ ਜਿਸ ਨਾਲ ਸਰਕਾਰੀ ਖ਼ਜ਼ਾਨੇ ਉੱਪਰ ਬੋਝ ਥੋੜ੍ਹਾ ਘਟੇਗਾ। ਇਸ ਤੋਂ ਅੱਗੇ, ਬਜਟ ਦੀ ਉਸ ਵਿਵਸਥਾ ਦੀ ਨਿਸ਼ਾਨਦੇਹੀ ਕਰਨਾ ਜ਼ਰੂਰੀ ਹੈ ਜਿਸ ਨਾਲ ਰੱਜਿਆਂ ਨੂੰ ਰਜਾਇਆ ਜਾਂਦਾ ਹੈ। ਭ੍ਰਿਸ਼ਟਾਚਾਰ ਨੂੰ ਰੋਕਣ ਲਈ ਮੁੱਖ ਮੰਤਰੀ ਵੱਲੋਂ ਐਂਟੀ-ਕੁਰੱਪਸ਼ਨ ਹੈਲਪਲਾਈਨ ਨੰਬਰ ਜਾਰੀ ਕੀਤਾ ਗਿਆ ਹੈ। ਜੇ ਇਸ ਨੂੰ ਗੰਭੀਰਤਾ ਨਾਲ ਲਾਗੂ ਕੀਤਾ ਜਾਵੇ ਤਾਂ ਆਮ ਲੋਕਾਂ ਨੂੰ ਰਿਸ਼ਵਤਖ਼ੋਰੀ ਤੋਂ ਕੁਝ ਰਾਹਤ ਮਿਲ ਸਕਦੀ ਹੈ ਜਦਕਿ ਕਾਰਪੋਰੇਟ ਸਰਮਾਏਦਾਰੀ ਨੂੰ ਰਾਹਤਾਂ ਅਤੇ ਛੋਟਾਂ ਰਾਹੀਂ ਲੋਕਾਂ ਦੇ ਟੈਕਸਾਂ ਦਾ ਪੈਸਾ ਲੁਟਾਉਣ ਦਾ ਭ੍ਰਿਸ਼ਟਾਚਾਰ ਇਸ ਤੋਂ ਕਿਤੇ ਵੱਡਾ ਮਸਲਾ ਹੈ ਜਿਸ ਦੀ 'ਆਪ' ਦੇ ਆਗੂ ਗੱਲ ਹੀ ਨਹੀਂ ਕਰਦੇ।

ਨਸ਼ੇ ਅਤੇ ਮਾਫ਼ੀਆ ਰਾਜ ਦਾ ਖ਼ਾਤਮਾ ਵੀ ਵੱਡੇ ਮਸਲੇ ਹਨ ਅਤੇ ਇਨ੍ਹਾਂ ਉੱਪਰ 'ਆਪ' ਦੇ ਮੁੱਖ ਆਗੂ ਲਗਾਤਾਰ ਬਿਆਨਬਾਜ਼ੀ ਵੀ ਕਰਦੇ ਰਹੇ ਹਨ। ਗੁਰਦਾਸਪੁਰ 'ਚ ਚੋਣ ਮੁਹਿੰਮ ਦੌਰਾਨ ਕੇਜਰੀਵਾਲ ਨੇ ਕਿਹਾ ਸੀ ਕਿ ਛੇ ਮਹੀਨਿਆਂ 'ਚ ਪੰਜਾਬ 'ਚੋਂ ਨਸ਼ੇ ਖ਼ਤਮ ਕਰ ਦਿੱਤੇ ਜਾਣਗੇ। ਮਜੀਠੀਏ ਤੋਂ ਮਾਫ਼ੀ ਮੰਗਣ ਵਾਲਾ ਕੇਜਰੀਵਾਲ ਕੀ ਨਸ਼ਾ ਮਾਫ਼ੀਆ ਅਤੇ ਭੌਂ-ਇ-ਰੇਤਾ/ਬਜਰੀ-ਟਰਾਂਸਪੋਰਟ-ਕੇਬਲ ਮਾਫ਼ੀਆ ਦੇ ਮੁੱਖ ਭਾਈਵਾਲ ਕਾਂਗਰਸੀ-ਅਕਾਲੀ ਆਗੂਆਂ ਨੂੰ ਸੀਖ਼ਾਂ ਪਿੱਛੇ ਭੇਜਣ ਦੀ ਹਿੰਮਤ ਕਰੇਗਾ? ਕੀ ਬੇਅਦਬੀ ਕਾਂਡਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ? ਅਜੇ ਤੱਕ ਇਸ ਪਾਸੇ ਕੋਈ ਵੀ ਸੰਕੇਤ ਨਹੀਂ ਹਨ।

ਬੇਹੱਦ ਮਹੱਤਵਪੂਰਨ ਸਵਾਲ ਦਰਿਆਈ ਪਾਣੀਆਂ ਉੱਪਰ ਪੰਜਾਬ ਦੇ ਹੱਕ ਸਮੇਤ ਖੇਤਰੀ ਹੱਕਾਂ ਦੀ ਰਾਖੀ ਲਈ ਅਤੇ ਫਾਸ਼ੀਵਾਦੀ ਕੇਂਦਰੀਕਰਨ ਵਿਰੁੱਧ ਡੱਟਣ ਦਾ ਹੈ। ਹਾਲ ਹੀ ਵਿਚ ਮੋਦੀ ਵਜ਼ਾਰਤ ਨੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਅਤੇ ਹਰਿਆਣੇ ਦੀ ਪੱਕੀ ਮੈਂਬਰੀ ਖ਼ਤਮ ਕਰ ਦਿੱਤੀ ਹੈ। ਮੈਂਬਰਾਂ ਦੀ ਨਿਯੁਕਤੀ ਦੀਆਂ ਸ਼ਰਤਾਂ ਵਿਚ ਤਬਦੀਲੀ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਅਤੇ ਇਸੇ ਤਰ੍ਹਾਂ ਦੇ ਕੁਝ ਹੋਰ ਕਦਮ ਚੁੱਕ ਕੇ ਆਰ.ਐੱਸ.ਐੱਸ.-ਬੀ.ਜੇ.ਪੀ. ਨੇ ਹਰ ਹੀਲੇ ਕੇਂਦਰੀਕਰਨ ਥੋਪਣ ਦੇ ਆਪਣੇ ਮਨਸ਼ੇ ਸਪਸ਼ਟ ਕਰ ਦਿੱਤੇ ਹਨ। 1967 ਤੋਂ ਲੈ ਕੇ ਮੈਂਬਰ (ਬਿਜਲੀ) ਪੰਜਾਬ ਤੋਂ ਲਗਾਇਆ ਜਾਂਦਾ ਸੀ, ਇਹ ਨਿਯਮ ਬਦਲ ਦਿੱਤਾ ਗਿਆ ਹੈ। ਨਵੇਂ ਨੋਟੀਫਿਕੇਸ਼ਨ ਅਨੁਸਾਰ ਨਿਯੁਕਤੀ ਦਾ ਪੈਮਾਨਾ ਐਸਾ ਬਣਾ ਦਿੱਤਾ ਗਿਆ ਹੈ, ਜਿਸ ਦੇ ਕਾਰਨ ਭਵਿੱਖ ਵਿਚ ਪੰਜਾਬ ਤੋਂ ਮੈਂਬਰ (ਬਿਜਲੀ) ਲਗਾਏ ਜਾਣ ਦਾ ਰਾਹ ਬੰਦ ਹੋ ਜਾਵੇਗਾ। 1967 ਤੋਂ ਹੁਣ ਤੱਕ ਦੀ ਰਵਾਇਤ ਅਨੁਸਾਰ ਬੀ.ਬੀ.ਐੱਮ.ਬੀ. ਦਾ ਮੈਂਬਰ (ਬਿਜਲੀ) ਪੰਜਾਬ ਤੋਂ ਅਤੇ ਮੈਂਬਰ (ਸਿੰਚਾਈ) ਹਰਿਆਣਾ ਤੋਂ ਲੱਗਦਾ ਰਿਹਾ ਹੈ। ਚੇਅਰਮੈਨ ਸੰਬੰਧਤ ਰਾਜਾਂ ਤੋਂ ਬਾਹਰੋਂ ਲੱਗਦਾ ਸੀ। ਸਭ ਤੋਂ ਵੱਡਾ ਹਿੱਸੇਦਾਰ ਹੋਣ ਕਰਕੇ ਮੈਂਬਰ (ਬਿਜਲੀ) ਤੋਂ ਇਲਾਵਾ ਚੇਅਰਮੈਨ ਵੀ ਪੰਜਾਬ ਦਾ ਹੋਣਾ ਚਾਹੀਦਾ ਹੈ। ਚੰਡੀਗੜ੍ਹ ਪ੍ਰਸ਼ਾਸਨ ਦੇ ਸਾਰੇ ਮੁਲਾਜ਼ਮਾਂ ਉੱਪਰ ਹੁਣ ਤੱਕ ਪੰਜਾਬ ਦੇ ਸਰਵਿਸ ਰੂਲ ਲਾਗੂ ਹੁੰਦੇ ਸਨ ਉਨ੍ਹਾਂ ਦੀ ਥਾਂ ਹਾਲ ਹੀ ਵਿਚ ਕੇਂਦਰ ਦੇ ਸਰਵਿਸ ਰੂਲ ਲਾਗੂ ਕਰ ਦਿੱਤੇ ਗਏ ਹਨ। ਚੰਡੀਗੜ੍ਹ ਪੰਜਾਬ ਦਾ ਹੈ ਪਰ ਇਸ ਉੱਪਰੋਂ ਪੰਜਾਬ ਦੀ ਦਾਅਵੇਦਾਰੀ ਖ਼ਤਮ ਕੀਤੀ ਜਾ ਰਹੀ ਹੈ। ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਵੱਲੋਂ ਪੰਜਾਬ ਵਿਚ ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ ਵਧਾ ਕੇ 50 ਕਿਲੋਮੀਟਰ ਕਰ ਦਿੱਤਾ ਗਿਆ ਸੀ। ਪਹਿਲੀ ਸਥਿਤੀ ਮੁੜ-ਬਹਾਲ ਕਰਾਉਣ ਦੀ ਕੋਈ ਗੱਲ ਨਹੀਂ ਹੋ ਰਹੀ। ਇਨ੍ਹਾਂ ਤਮਾਮ ਮਹੱਤਵਪੂਰਨ ਸਵਾਲਾਂ ਬਾਰੇ ਕੇਜਰੀਵਾਲ ਅਤੇ ਭਗਵੰਤ ਮਾਨ ਚੁੱਪ ਹਨ। ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਕੇਂਦਰੀਕਰਨ ਦੀ ਧੁੱਸ ਦੇ ਹਮਾਇਤੀ ਕੇਜਰੀਵਾਲ ਤੋਂ ਸੰਘੀ ਢਾਂਚੇ ਦੇ ਹੱਕ ਵਿਚ ਡਟਣ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਫੈਡਰਲ ਢਾਂਚੇ ਲਈ ਲੜਨਾ ਕੇਜਰੀਵਾਲ ਦੀ ਸੋਚ ਨਹੀਂ ਹੈ ਉਸ ਨੇ ਤਾਂ ਖ਼ੁਦ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਦੇ ਹਿੱਸੇ ਵਜੋਂ ਜੰਮੂ-ਕਸ਼ਮੀਰ ਨੂੰ ਤੋੜਨ ਦੀ ਹਮਾਇਤ ਕੀਤੀ, ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਲੜ ਰਹੇ ਮੁਸਲਿਮ ਫਿਰਕੇ ਉੱਪਰ ਹਮਲਿਆਂ ਸਮੇਂ ਚੁੱਪ ਰਿਹਾ ਅਤੇ ਚੋਣ ਮੁਹਿੰਮ 'ਚ 'ਪੰਜਾਬ ਮੇਂ ਹਿੰਦੂ ਖ਼ਤਰੇ ਮੇਂ ਹੈ' ਦੀ ਦੁਹਾਈ ਦਿੰਦਾ ਰਿਹਾ। ਕੀ ਉਹ ਪੰਜਾਬ ਸਰਕਾਰ ਫੈਡਰਲ ਢਾਂਚੇ ਅਤੇ ਪੰਜਾਬ ਦੇ ਹਿਤਾਂ ਅਤੇ ਘੱਟਗਿਣਤੀਆਂ ਦੇ ਹਿਤਾਂ ਦੀ ਰਾਖੀ ਲਈ ਡੱਟਣ ਦੀ ਇਜਾਜ਼ਤ ਦੇਵੇਗਾ?

ਹਾਲ ਹੀ ਵਿਚ ਪੰਜਾਬ ਵਿੱਚੋਂ 'ਆਪ' ਨੇ ਪੰਜ 'ਖ਼ਾਸ ਆਦਮੀ' ਨਾਮਜ਼ਦ ਕਰਕੇ ਰਾਜ ਸਭਾ 'ਚ ਭੇਜੇ ਹਨ - ਲਵਲੀ ਯੂਨੀਵਰਸਿਟੀ ਦਾ ਚਾਂਸਲਰ/ਮਾਲਕ ਅਸ਼ੋਕ ਮਿੱਤਲ ਜੋ ਕੈਂਪਸ ਵਿਚ ਸੰਘ ਦੀਆਂ ਸ਼ਾਖਾਵਾਂ ਲਗਾਉਂਦਾ ਰਿਹਾ, ਬੀ.ਜੇ.ਪੀ. ਨਾਲ ਜੁੜਿਆ ਕਾਰੋਬਾਰੀ ਸੰਜੀਵ ਅਰੋੜਾ, ਬੀ.ਜੇ.ਪੀ. ਪੱਖੀ ਕ੍ਰਿਕਟਰ ਹਰਭਜਨ ਜਿਸ ਨੇ ਤਿੰਨ ਖੇਤੀ ਕਾਨੂੰਨਾਂ ਦੀ ਹਮਾਇਤ ਕੀਤੀ ਸੀ, ਕੇਜਰੀਵਾਲ ਟੀਮ ਦੇ ਫ਼ੈਸਲੇ ਤਹਿਤ ਟਿਕਟਾਂ ਵੇਚਣ ਵਾਲਾ ਰਾਘਵ ਚੱਢਾ ਜੋ ਪੰਜਾਬ ਦਾ ਕੋ-ਇਨਚਾਰਜ ਹੈ ਅਤੇ ਆਈ.ਆਈ.ਟੀ. ਦਿੱਲੀ ਦਾ ਪ੍ਰੋਫੈਸਰ ਸੰਦੀਪ ਪਾਠਕ ਜੋ ਚੋਣ ਯੁੱਧਨੀਤੀ ਘੜਨ 'ਚ ਕੇਜਰੀਵਾਲ ਦਾ ਨਜ਼ਦੀਕੀ ਸਾਥੀ ਹੈ। ਇਨ੍ਹਾਂ ਦੀ ਪੰਜਾਬ ਨੂੰ ਕੀ ਦੇਣ ਹੈ? ਇਨ੍ਹਾਂ ਵਿੱਚੋਂ ਪੰਜਾਬ ਲਈ ਆਵਾਜ਼ ਉਠਾਉਣ ਵਾਲਾ ਅਤੇ ਲੋਕ ਮੁੱਦਿਆਂ ਦੀ ਗੱਲ ਕਰਨ ਵਾਲਾ ਕੋਈ ਵੀ ਨਹੀਂ ਹੈ। ਪੰਜਾਬ ਵਿੱਚੋਂ ਇਨ੍ਹਾਂ ਨਾਮਜ਼ਦਗੀਆਂ ਦੀ ਤਿੱਖੀ ਆਲੋਚਨਾ ਹੋਈ, ਪਰ ਕੇਜਰੀਵਾਲ ਨੇ ਇਸ ਵਿਰੋਧ ਨੂੰ ਕੋਈ ਮਹੱਤਵ ਨਹੀਂ ਦਿੱਤਾ। ਕੇਜਰੀਵਾਲ ਦੇ ਵਿਹਾਰ ਤੋਂ ਸਪਸ਼ਟ ਹੈ ਕਿ ਭ੍ਰਿਸ਼ਟਾਚਾਰ ਅਤੇ 'ਸਿਆਸਤ ਨੂੰ ਬਦਲਣ' ਦੇ ਨਾਂ ਹੇਠ ਰਾਜ-ਭਾਗ ਹਾਸਲ ਕਰਨ ਲਈ ਐਸੀ ਪਾਰਟੀ ਬਣਾਉਣਾ ਹੋਰ ਗੱਲ ਹੈ ਜੋ ਬਕੌਲ ਕੇਜਰੀਵਾਲ 'ਸ਼ਿਵ ਜੀ ਦੀ ਬਰਾਤ' ਵਾਂਗ ਹੈ ਜਿਸ ਵਿਚ ਹਰ ਤਰ੍ਹਾਂ ਦੇ ਲੋਕ ਸ਼ਾਮਿਲ ਹਨ। ਸੱਚੇ ਮਾਅਨਿਆਂ 'ਚ ਬਦਲਾਓ ਲਈ ਕੰਮ ਕਰਨਾ ਬਿਲਕੁਲ ਵੱਖਰੀ ਗੱਲ ਹੈ। 'ਆਪ' ਦੀ ਲੀਡਰਸ਼ਿਪ ਦੀ ਰਾਜਨੀਤਕ ਸੋਚ ਅਤੇ ਵਿਹਾਰ ਸ਼ਹੀਦ ਭਗਤ ਸਿੰਘ ਦੇ ਸੁਪਨੇ ਨਾਲ ਬੇਮੇਲ ਹਨ। ਭਗਤ ਸਿੰਘ ਦਾ ਸੁਪਨਾ ਸਮਾਜਵਾਦੀ ਇਨਕਲਾਬ ਰਾਹੀਂ ਹਰ ਤਰ੍ਹਾਂ ਦੀ ਨਾਬਰਾਬਰੀ ਨੂੰ ਖ਼ਤਮ ਕਰਕੇ ਸਮਾਜੀ ਨਿਆਂ ਦੇਣ ਦਾ ਸੀ। ਕੇਜਰੀਵਾਲ-ਭਗਵੰਤ ਮਾਨ ਭਗਤ ਸਿੰਘ ਦਾ ਚਿੰਨ੍ਹ ਵਰਤ ਕੇ ਲੋਟੂ ਪ੍ਰਬੰਧ ਦੀ ਉਮਰ ਲੰਮੀ ਕਰ ਰਹੇ ਹਨ। ਜਿਸ ਤਰ੍ਹਾਂ ਦੀਆਂ 'ਆਪ' ਦੀਆਂ ਨੀਤੀਆਂ ਅਤੇ ਅਮਲ ਹੈ, ਸ਼ਹੀਦ ਭਗਤ ਸਿੰਘ ਦੇ ਇਨਕਲਾਬ ਦੇ ਸੁਪਨੇ 'ਚ ਇਨ੍ਹਾਂ ਲਈ ਕੋਈ ਜਗ੍ਹਾ ਨਹੀਂ ਹੈ।

ਜਦੋਂ ਇਨਕਲਾਬ ਅਤੇ ਬਦਲਾਓ ਦੇ ਸੁਪਨੇ ਸਾਕਾਰ ਹੁੰਦੇ ਨਜ਼ਰ ਨਹੀਂ ਆਉਣਗੇ ਤਾਂ ਸਵਾਲ ਉੱਠਣਗੇ। ਕੇਜਰੀਵਾਲ ਦੀ ਤਾਨਾਸ਼ਾਹ ਅਗਵਾਈ ਹੇਠ ਭਗਵੰਤ ਮਾਨ ਸਰਕਾਰ ਨੇ ਵਾਅਦਿਆਂ ਸੰਬੰਧੀ ਕਾਰਗੁਜ਼ਾਰੀ ਉੱਪਰ ਉੱਠਣ ਵਾਲੇ ਸਵਾਲਾਂ ਤੋਂ ਬਚਣ ਦਾ ਰਸਤਾ ਪਹਿਲਾਂ ਹੀ ਤਿਆਰ ਕਰ ਲਿਆ ਹੈ। 'ਆਮ ਆਦਮੀ' ਦੀ ਸਰਕਾਰ ਵੱਲੋਂ ਮੋਦੀ ਦੀ ਤਰਜ਼ 'ਤੇ ਮੁੱਖ ਮੰਤਰੀ ਸਕੱਤਰੇਤ ਵਿਚ ਸਰਕਾਰੀ ਸਟੂਡੀਓ ਤਿਆਰ ਕਰਨ ਦੀਆਂ ਰਿਪੋਰਟਾਂ ਆ ਰਹੀਆਂ ਹਨ। ਸਰਕਾਰੀ ਐਲਾਨ ਅਧਿਕਾਰਕ ਪ੍ਰੈੱਸ ਕਾਨਫਰੰਸਾਂ 'ਚ ਕਰਨ ਅਤੇ ਪੱਤਰਕਾਰਾਂ ਦੇ ਸਵਾਲਾਂ ਦਾ ਸਾਹਮਣਾ ਕਰਨ ਦੀ ਬਜਾਏ ਸਰਕਾਰੀ ਸਟੂਡੀਓ ਵਿੱਚੋਂ ਵੀਡੀਓ ਰਿਕਾਰਡ ਕਰਕੇ ਐਲਾਨ ਕੀਤੇ ਜਾਣਗੇ। ਪਿਛਲੇ ਦਿਨਾਂ 'ਚ ਤਿੰਨੇ ਮੁੱਖ ਐਲਾਨ - ਐਂਟੀ ਕੁਰੱਪਸ਼ਣ ਹੈਲਪਲਾਈਨ ਨੰਬਰ ਜਾਰੀ ਕਰਨਾ, ਇਕ ਵਿਧਾਇਕ-ਇਕ ਪੈਨਸ਼ਨ ਅਤੇ 35000 ਕੱਚੇ ਕਾਮਿਆਂ ਨੂੰ ਪੱਕੇ ਕਰਨਾ - ਇਸੇ ਤਰ੍ਹਾਂ ਕੀਤੇ ਗਏ। ਇਹ ਪ੍ਰੈੱਸ ਦੀ ਆਲੋਚਕ ਭੂਮਿਕਾ ਨੂੰ ਦਰਕਿਨਾਰ ਕਰਕੇ ਨਿਰੰਕੁਸ਼ ਰਾਜ ਵੱਲ ਵਧਣ ਦੇ ਸੰਕੇਤ ਹਨ।

ਚੋਣਾਂ 'ਚ ਜਿੱਤ ਤੋਂ ਬਾਦ ਦਰਬਾਰ ਸਾਹਿਬ ਨਤ-ਮਸਤਕ ਹੋਣ ਲਈ 1200 ਸਰਕਾਰੀ ਬੱਸਾਂ ਦੀ ਦੁਰਵਰਤੋਂ, ਖਟਕੜ ਕਲਾਂ 'ਚ ਸਹੁੰ-ਚੁੱਕ ਸਮਾਗਮ ਦੇ ਆਯੋਜਨ ਲਈ ਸਰਕਾਰੀ ਖ਼ਜ਼ਾਨੇ ਉੱਪਰ ਕਰੋੜਾਂ ਰੁਪਏ ਦਾ ਬੋਝ ਅਤੇ 150 ਏਕੜ 'ਚ ਪਾਰਕਿੰਗ ਬਣਾਉਣ ਲਈ ਹਰੀ ਕਣਕ ਦਾ ਉਜਾੜਾ ਅਤੇ ਸ਼ਹੀਦ ਭਗਤ ਸਿੰਘ ਪ੍ਰਤੀ ਸ਼ਰਧਾ ਦੇ ਬਹਾਨੇ ਬਸੰਤੀ ਪੱਗਾਂ-ਚੁੰਨੀਆਂ ਵਾਲੇ ਹਜੂਮਾਂ ਦਾ ਸ਼ਕਤੀ-ਪ੍ਰਦਰਸ਼ਨ, ਇਹ ਸਿਆਸਤ ਨੂੰ ਬਦਲਣਾ ਨਹੀਂ ਹੈ। ਇਹ ਪਹਿਲੀ ਹੁਕਮਰਾਨ ਪ੍ਰੰਪਰਾ ਦਾ ਹੀ ਨਵਾਂ ਰੂਪ ਹੈ। ਫ਼ਰਕ ਸਿਰਫ਼ ਇਹ ਹੈ ਕਿ ਇਹ ਸ਼ਹੀਦ ਭਗਤ ਸਿੰਘ ਦੇ ਨਾਂ ਹੇਠ ਕੀਤਾ ਜਾ ਰਿਹਾ ਹੈ।

ਬਦਲਾਓ ਦੇ ਨਾਂ ਹੇਠ ਕਿਸੇ ਨੂੰ ਵੀ ਇਹ ਭਰਮ ਨਹੀਂ ਪਾਲਣਾ ਚਾਹੀਦਾ ਕਿ ਬਾਕੀ ਰਾਜਾਂ 'ਚ ਫਿਰਕੂ ਪਾਲਾਬੰਦੀ ਦੀ ਸਿਆਸਤ ਦੀ ਮਜ਼ਬੂਤੀ ਅਤੇ ਪੰਜਾਬ ਵਿਚ ਇਸ ਸਿਆਸਤ ਨੂੰ ਮੂੰਹ ਨਾ ਲਾਏ ਜਾਣ ਦੀ ਵਿਰੋਧਾਭਾਸੀ ਹਾਲਤ 'ਚ ਕੇਜਰੀਵਾਲ ਟੀਮ ਕਿਸ ਪਾਸੇ ਖੜ੍ਹੇਗੀ? ਕੀ ਇਹ ਪਾਰਟੀ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਨਿਸ਼ਾਨੇ ਵਾਲੀ ਫਾਸ਼ੀਵਾਦੀ ਆਰ.ਐੱਸ.ਐੱਸ.-ਬੀ.ਜੇ.ਪੀ. ਨਾਲ ਮੱਥਾ ਲਾ ਸਕਦੀ ਹੈ ਜਿਸ ਨੂੰ ਸੰਘ ਬਰਗੇਡ ਦੀ ਬੀ-ਟੀਮ ਸਮਝਿਆ ਜਾਂਦਾ ਹੈ? ਆਉਣ ਵਾਲਾ ਵਕਤ ਐਨ ਸਪਸ਼ਟ ਕਰ ਦੇਵੇਗਾ ਕਿ 'ਆਪ' ਇਨ੍ਹਾਂ ਚੁਣੌਤੀਆਂ ਅਤੇ ਮਸਲਿਆਂ ਦੇ ਸਵਾਲ ਉੱਪਰ ਕਿਸ ਪਾਲ਼ੇ 'ਚ ਖੜ੍ਹਦੀ ਹੈ।

# ਹਿਜਾਬ ਵਾਲਾ ਇਕ ਸੁਪਨਾ...

(ਸਫ਼ਾ 7 ਦੀ ਬਾਕੀ)

ਜ਼ਿਆਦਾਤਰ ਪਹਿਲੀ ਪੀੜ੍ਹੀ ਦੀਆਂ ਕਾਲਜ ਜਾਣ ਵਾਲੀਆਂ ਕੁੜੀਆਂ ਹਨ। ਸੱਚਰ ਕਮੇਟੀ ਦੀ ਰਿਪੋਰਟ ਅਨੁਸਾਰ ਮੁਸਲਮਾਨਾਂ ਵਿਚ 20 ਸਾਲ ਤੋਂ ਵੱਧ ਉਮਰ ਦੀਆਂ ਸਿਰਫ਼ 2 ਫ਼ੀਸਦੀ ਕੁੜੀਆਂ ਹੀ ਗ੍ਰੈਜੂਏਟ ਹਨ। ਇਸੇ ਪ੍ਰਸੰਗ 'ਚ ਪ੍ਰਸਿੱਧ ਦਲਿਤ ਲੇਖਿਕਾ ਮੀਨਾ ਕੰਡਾਸਾਮੀ ਨੇ ਇਸ ਗੱਲ ਨੂੰ ਰੇਖਾਂਕਿਤ ਕੀਤਾ ਹੈ ਕਿ ਭਾਜਪਾ ਦੀ ਵਿਚਾਰਧਾਰਾ ਔਰਤਾਂ ਦੀ ਸਿੱਖਿਆ ਤੋਂ ਸਖ਼ਤ ਮਨਾਹੀ ਕਰਦੀ ਹੈ ਅਤੇ ਜੇਕਰ ਔਰਤਾਂ ਮੁਸਲਮਾਨ ਹਨ ਤਾਂ ਉਸ ਲਈ ਇਹ ਸੁਭਾਵਿਕ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਬਹਾਨੇ ਸਿੱਖਿਆ ਤੋਂ ਵਾਂਝੀਆਂ ਰੱਖਿਆ ਜਾਵੇ।

ਪਿਛਲੀ ਸਦੀ ਦੇ ਸ਼ੁਰੂ 'ਚ ਜਦੋਂ ਅਮਰੀਕਾ ਵਿਚ ਕਾਲੇ ਲੋਕਾਂ ਨੂੰ ਬਹੁਤ ਸੰਘਰਸ਼ਾਂ ਤੋਂ ਬਾਦ ਪਹਿਲੀ ਵਾਰ ਗੋਰਿਆਂ ਨਾਲ ਪੜ੍ਹਨ ਦਾ ਹੱਕ ਮਿਲਿਆ ਤਾਂ ਗੋਰੇ ਨਸਲਵਾਦੀ ਲੋਕ ਪਹਿਲੀ ਵਾਰ ਸਕੂਲ ਜਾਣ ਵਾਲੀਆਂ ਕਾਲੀਆਂ ਕੁੜੀਆਂ ਦੇ ਮੂੰਹ 'ਤੇ ਥੁੱਕ ਦਿੰਦੇ ਸਨ, ਰਾਹ ਵਿਚ ਉਨ੍ਹਾਂ ਉੱਪਰ ਹਮਲੇ ਕਰਦੇ ਸਨ। ਇਸੇ ਪ੍ਰਸੰਗ 'ਚ ਉਹ ਤਸਵੀਰ ਬਹੁਤ ਮਸ਼ਹੂਰ ਹੈ ਜਿਸ ਵਿਚ ਇਕ ਪੰਜ ਸਾਲ ਦੀ ਕਾਲੀ ਬੱਚੀ ਸਰਕਾਰ ਵੱਲੋਂ ਮੁਹੱਈਆ ਕਰਵਾਏ ਗਏ ਦੋ ਮਾਰਸ਼ਲਾਂ ਨਾਲ ਸਕੂਲ ਜਾ ਰਹੀ ਹੈ ਕਿਉਂਕਿ 'ਕੂ ਕਲਕਸ ਕਲਾਨ' (ਗੋਰੇ ਨਸਲਵਾਦੀਆਂ ਦੀ ਆਰ.ਐੱਸ.ਐੱਸ. ਵਰਗੀ ਜਥੇਬੰਦੀ) ਨੇ ਉਸ ਨੂੰ ਰਾਹ ਵਿਚ ਮਾਰ ਦੇਣ ਦੀ ਧਮਕੀ ਦਿੱਤੀ ਸੀ। ਇੱਥੇ ਤਾਂ ਹਾਲਾਤ ਹੋਰ ਵੀ ਭਿਆਨਕ ਹਨ ਕਿਉਂਕਿ ਮੂੰਹਾਂ 'ਤੇ ਥੁੱਕਣ ਵਾਲੇ ਲੋਕ ਅੱਜ ਸੱਤਾ ਵਿਚ ਹਨ।

ਇਸ ਲਈ ਅੱਜ ਸਵਾਲ ਹਿਜਾਬ ਦਾ ਨਹੀਂ ਹੈ। ਸਵਾਲ ਤਾਂ ਉਸ ਹਿਜਾਬ ਵਿੱਚੋਂ ਝਾਕਦੀਆਂ ਖ਼ੂਬਸੂਰਤ ਅੱਖਾਂ ਵਿਚ ਸੰਜੋਏ ਸੁਪਨੇ ਦਾ ਹੈ। ਇਹੀ ਵਜ੍ਹਾ ਹੈ ਕਿ ਭੋਪਾਲ 'ਚ ਬੁਰਕਾ ਪਾ ਕੇ ਫੁੱਟਬਾਲ ਖੇਡਦੀਆਂ ਲੜਕੀਆਂ ਦਾ ਨਜ਼ਾਰਾ ਓਨਾ ਹੀ ਖ਼ੂਬਸੂਰਤ ਹੈ ਜਿੰਨਾ ਕਿ ਕੁੜੀਆਂ ਦਾ ਬੁਰਕਾ ਉਤਾਰ ਕੇ ਸਟੇਡੀਅਮ 'ਚ ਲੜਕੀਆਂ ਦੇ ਭੇਸ 'ਚ ਫੁੱਟਬਾਲ ਦੇਖਣ ਦਾ ਦ੍ਰਿਸ਼। ਦੋਵਾਂ ਥਾਵਾਂ 'ਤੇ ਕੁੜੀਆਂ ਆਪਣੇ ਭਵਿੱਖ ਦੇ ਸੁਪਨੇ ਬੁਣ ਰਹੀਆਂ ਹਨ। ਇਕ ਥਾਂ ਹਿਜਾਬ ਵਿਚ ਅਤੇ ਦੂਜੀ ਥਾਂ ਬਿਨਾਂ ਹਿਜਾਬ।

ਮੌਜੂਦਾ ਸੱਤਾ ਇਸ ਸੁਪਨੇ ਨੂੰ ਕੁਚਲਣਾ ਚਾਹੁੰਦੀਆਂ ਹਨ, ਭਾਵੇਂ ਇਹ ਹਿਜਾਬ ਵਿਚ ਹੋਵੇ ਜਾਂ ਬਿਨਾਂ ਹਿਜਾਬ ਦੇ। ਇਸ ਲਈ ਸਾਡੇ ਲਈ ਵੀ ਸਵਾਲ ਉਸ ਸੁਪਨੇ ਨੂੰ ਬਚਾਉਣ ਅਤੇ ਉਸ ਦੀ ਖ਼ਾਤਰ ਲੜਨ ਦਾ ਹੈ। ਚਾਹੇ ਉਹ ਸੁਪਨਾ ਹਿਜਾਬ ਪਾ ਕੇ ਲਿਆ ਜਾ ਰਿਹਾ ਹੋਵੇ ਜਾਂ ਬਿਨਾਂ ਹਿਜਾਬ ਦੇ।


www.malwatires.ca
NOW OPEN AT
MALWA
TIRES & SERVICES LTD
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com


HOMELIFE SILVERCITY
REALTY INC., BROKERAGE
(Independently Owned and Operated)
#7 CANADA WIDE
BROKERAGE WITH HOMELIFE BRAND
2017 GROSS COMMISSION WISE
New Head Office
905-913-8500
50 COTTRELLE BLVD., UNIT 29, BRAMPTON
TEAM OF OVER 600 REALTORS
HOMELIFE SILVERCITY
REALTY INC., BROKERAGE (INDEPENDENTLY OWNED & OPERATED)
NOW HIRING NEW / EXPERIENCED REAL ESTATE PROFESSIONALS
*Not intended to solicit anyone under contract
JOIN ONE OF FASTEST GROWING BROKERAGE
CALL HEAD OFFICE TODAY
905.913.8500
www.HomelifeSilvercityTeam.com
BALJIT GARCHA
BROKER OF RECORD
647.500.6500
AJIT GARCHA
BROKER / PRESIDENT
647.204.9500
Address:
11775 Bramalea Rd. Brampton
Team over 775..
SILVERCITY

# ਇੱਕ ਰੋਜ਼ਾ ਪੁਸਤਕ ਮੇਲਾ

10 ਅਪ੍ਰੈਲ 2022
ਐਤਵਾਰ ਨੂੰ



ਸਥਾਨ: ਗਰੀਨ ਪਲਾਜ਼ਾ (ਡਾ. ਭੁੱਲਰ)
ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ
(ਟੈੱਲਸ ਸਟੋਰ ਦੇ ਮੂਹਰੇ ਵਰਾਂਡੇ ਵਿੱਚ)

4818 WESTWINDS DR. (NE) CALGARY AB. T3J 3Z5
(Infront of Telus Store)

ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ 403-455-4220 ਅਤੇ ਹਰਚਰਨ ਪਰਹਾਰ 403-681-8689 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਨੋਟ: ਪਾਠਕਾਂ ਦੀ ਮੰਗ 'ਤੇ ਬਹੁਤ ਸਾਰੀਆਂ ਨਵੀਂਆਂ ਅਤੇ ਸਟਾਕ ਵਿੱਚੋਂ ਖ਼ਤਮ ਪੁਰਾਣੀਆਂ ਕਿਤਾਬਾਂ ਦੀ ਸ਼ਿਪਮੈਂਟ ਸਾਡੇ ਕੋਲ ਪਹੁੰਚ ਚੁੱਕੀ ਹੈ।

## Shaheed Bhagat Singh Book Centre Calgary

**Master Bhajan Singh: 403-455-4220**
**Harcharan Parhar: 403-681-8689**

# AMAR Developments

-Fully serviced 1/4, 1/2 Acre lots.
-Watch For upcoming Commercial Retail

CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627




#2 park Drive
T. 403-272-7665 |
F. 403-235-1977
www.amarltd.com

Box 36, Site 6, RR6 | Calgary, Alberta. T2M 4L5



HARPINDER SIDHU
(403) 404-3500

Pii Punjab Insurance Inc.

# Super Visa Insurance

Your Expert Advisor for SUPER VISA INSURANCE

• Life Insurance • Mortgage Insurance • Critical Illness Insurance • Disability Insurance • RESP, RRSP

303, 7- Westwinds Cres. NE Calgary AB, Canada T3J5H2
Website : www.calgaryinsurancequotes.com

